**Reo-Bankowned Properties**

From San Jose to Sacramento

JASSI GILL Broker/Owner

510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969


Jassi Gill

CA DRE# 00966763

**Hardeep S.Rai**

ਇੰਮੇਗਰੇਸ਼ਨ ਵਕੀਲ Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੇਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication | ਕੈਲੇਫੋਰਨੀਆ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 6, February 5, 2011 | 20451 N Plum Grove Rd. Palatine, IL 60074 | Ph:847-359-0746, Fax:847-705-9388


## ਯੂ.ਪੀ.ਏ. ਸਰਕਾਰ ਕਾਲੇ ਧਨ ਦੇ ਮਾਮਲੇ ‘ਤੇ ਕਸੂਤੀ ਫਸੀ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਦੌਰਾਨ ਵਿਦੇਸ਼ਾਂ ‘ਚ ਛੁਪਾਇਆ ਧਨ ਵਾਪਸ ਲਿਆਉਣ ਦੇ ਕੀਤੇ ਵਾਅਦੇ ਤੋਂ ਯੂ.ਪੀ.ਏ. ਸਰਕਾਰ ਮੁਕਰਨ ਦੀ ਕੋਸ਼ਿਸ਼ ‘ਚ ਹੈ ਪਰ ਸੁਪਰੀਮ ਕੋਰਟ ਦੀਆਂ ਫਿਟਕਾਰਾਂ ਤੋਂ ਇਲਾਵਾ ਅੰਦਰੂਨੀ ਤੇ ਬਾਹਰੀ ਦਬਾਅ ਕਾਰਨ ਸਰਕਾਰ ਦੀ ਹਾਲਤ ਕਸੂਤੀ ਬਣ ਗਈ ਹੈ। ਸੁਪਰੀਮ ਕੋਰਟ ਨੇ ਸਰਕਾਰ ਨੂੰ ਪੁੱਛਿਆ ਹੈ ਕਿ ਉਸ ਨੇ ਉਨ੍ਹਾਂ ਫਰਮਾਂ ਤੇ ਵਿਅਕਤੀਆਂ ਖ਼ਿਲਾਫ਼ ਕੀ ਕਾਰਵਾਈ ਕੀਤੀ ਹੈ ਜਿਨ੍ਹਾਂ ਨੇ ਕਾਲਾ ਧਨ ਵਿਦੇਸ਼ਾਂ ਵਿਚ ਰੱਖਿਆ ਹੋਇਆ ਹੈ। ਇਸ ਦੇ ਨਾਲ ਅਦਾਲਤ ਨੇ ਚਿੰਤਾ ਜ਼ਾਹਰ ਕੀਤੀ ਕਿ ਕਿਤੇ ਇਹ ਕਾਲਾ ਧਨ ਹਥਿਆਰਾਂ ਦੀ ਸੌਦੇਬਾਜ਼ੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਸਮਗਲਿੰਗ ਤੋਂ ਤਾਂ ਨਹੀਂ ਕਮਾਇਆ ਗਿਆ। ਇਸ ਲਈ ਸਰਕਾਰ ਇਸ ਕਾਲੇ ਧਨ ਦੇ ਸਰੋਤਾਂ ਦਾ ਪਤਾ ਲਗਾਏ।

ਉਧਰ ਕਾਲੇ ਧਨ ਬਾਰੇ ਛਿੜੀ ਬਹਿਸ ਵਿਚ ਸ਼ਾਮਲ ਹੁੰਦਿਆਂ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਭ੍ਰਿਸ਼ਟਾਚਾਰ ਵਿਰੁਧ ਤੇਜ਼ੀ ਨਾਲ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਵਿਦੇਸ਼ਾਂ ਵਿਚ ਪਿਆ ਭਾਰਤੀ ਧਨ ਦੇਸ਼ ਵਿਚ ਵਾਪਸ ਲਿਆਂਦਾ ਜਾਵੇ। ਰਾਹੁਲ ਗਾਂਧੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਨਾਲ ਸਾਂਝੇ ਤੌਰ ‘ਤੇ ਨਜਿੱਠਣਾ ਚਾਹੀਦਾ ਹੈ। ਭ੍ਰਿਸ਼ਟਾਚਾਰੀਆਂ ਨੂੰ 20 ਸਾਲਾਂ ਦੀ ਥਾਂ ਛੇ ਮਹੀਨੇ ਦੇ ਵਿਚ-ਵਿਚ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਫੈਲਣ ਦਾ ਇਕ ਕਾਰਨ ਇਹ ਵੀ ਹੈ ਕਿ ਚੰਗੇ ਲੋਕਾਂ ਲਈ ਰਾਜਨੀਤੀ ਦੇ ਦਰਵਾਜ਼ੇ ਬੰਦ ਹਨ ਤੇ ਆਮ ਆਦਮੀ ਜੇ ਕੋਈ ਚੰਗਾ ਕੰਮ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

ਇਸ ਦੇ ਨਾਲ ਹੀ ਜਸਟਿਸ ਬੀ. ਸੁਦਰਸ਼ਨ ਰੈਡੀ ਦੀ ਅਗਵਾਈ ਹੇਠਲੇ ਬੈਂਚ ਨੇ ਸਰਕਾਰ ਨੂੰ ਜਵਾਬ ਪੇਸ਼ ਕਰਨ ਲਈ ਕਿਹਾ ਹੈ। ਅਦਾਲਤ ਨੇ ਪਟੀਸ਼ਨ ਦੀ ਸੁਣਵਾਈ ਕਰਦਿਆਂ ਭਾਰਤੀ ਰਿਜ਼ਰਵ ਬੈਂਕ ਤੇ ਸੀ.ਵੀ.ਸੀ. ਤੋਂ ਵੀ ਜਵਾਬ ਮੰਗਿਆ ਹੈ ਜਿਸ ਵਿਚ ਸਰਕਾਰ ਨੂੰ ਸੰਯੁਕਤ ਰਾਸ਼ਟਰ ਦੀ ਭ੍ਰਿਸ਼ਟਾਚਾਰ ਨਾਲ ਸਬੰਧਿਤ ਸੰਧੀ ਨੂੰ ਅਮਲ ਵਿਚ ਲਿਆਉਣ ਦਾ ਹੁਕਮ ਦੇਣ ਦੀ ਅਪੀਲ ਕੀਤੀ ਗਈ ਹੈ। ਇਸ ਨਾਲ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਨੂੰ ਵਾਪਸ ਲਿਆਉਣ ਵਿਚ ਮਦਦ ਮਿਲ ਸਕਦੀ ਹੈ। ਬੈਂਚ ਨੇ ਕਿਹਾ ਕਿ ਸਰਕਾਰ ਆਪਣੀ ਜਾਂਚ ਨੂੰ ਸਿਰਫ਼ ਕਰ ਚੋਰੀ ਤੱਕ ਹੀ ਸੀਮਤ ਨਾ ਕਰੇ ਸਗੋਂ ਕਾਲੇ ਧਨ ਦੇ ਸਰੋਤਾਂ ਦਾ ਵੀ ਪਤਾ ਲਗਾਏ। ਉਸ ਨੇ ਕਿਹਾ ਕਿ ਅਸੀਂ ਜਾਣਨਾ

*(ਬਾਕੀ ਸਫਾ 6 ’ਤੇ)*



*ਮਨਪ੍ਰੀਤ ਸਿੰਘ ਬਾਦਲ ਉਨ੍ਹਾਂ ਨਾਲ ਆ ਡਟੇ ਸ. ਬਾਜਵਾ ਅਤੇ ਹੋਰਨਾਂ ਨਾਲ*

## ਮਨਪ੍ਰੀਤ ਸਿੰਘ ਬਾਦਲ ਵੱਲੋਂ ਅਕਾਲੀ ਦਲ ‘ਚ ਵੱਡੀ ਸੰਨ੍ਹ

### ਬਾਜਵਾ ਤੇ ਸੰਦਲ ਵੱਲੋਂ ‘ਜਾਗੋ ਪੰਜਾਬ ਯਾਤਰਾ’ ਦੀ ਹਮਾਇਤ

**ਹੁਸ਼ਿਆਰਪੁਰ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ‘ਜਾਗੋ ਪੰਜਾਬ’ ਯਾਤਰਾ ਨੂੰ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਵਰਿੰਦਰ ਸਿੰਘ ਬਾਜਵਾ ਆਪਣੇ ਸਾਥੀਆਂ ਸਮੇਤ ਉਨ੍ਹਾਂ ਨਾਲ ਜਾ ਰਲੇ। ਹੁਸ਼ਿਆਰਪੁਰ ਸਥਿਤ ਆਪਣੀ ਰਿਹਾਇਸ਼ ‘ਤੇ ਸ. ਬਾਜਵਾ ਨੇ ਰਸਮੀ ਤੌਰ ‘ਤੇ ਮਨਪ੍ਰੀਤ ਨਾਲ ਹੱਥ ਮਿਲਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸੰਦਲ ਵੀ ਮਨਪ੍ਰੀਤ ਦੇ ਹੱਕ ‘ਚ ਨਿੱਤਰ ਆਏ ਹਨ।

ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਹਿ ਚੁੱਕੇ ਸ. ਬਾਜਵਾ ਨੇ ਕਿਹਾ ਕਿ ਉਹ ਲੰਮੇ ਅਰਸੇ ਤੋਂ ਪਾਰਟੀ ਵਿਚ ਘੁਟਣ ਮਹਿਸੂਸ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਨਾਲ ਨਾ ਕੋਈ ਨਾਰਾਜ਼ਗੀ ਹੈ ਤੇ ਨਾ

*(ਬਾਕੀ ਸਫਾ 11 ’ਤੇ)*

## ਸਰਕਾਰ ਵੱਲੋਂ ਸਪੈਕਟ੍ਰਮ ਨੀਤੀ ‘ਚ ਵੱਡੇ ਫੇਰ-ਬਦਲ ਦਾ ਸੰਕੇਤ

**ਨਵੀਂ ਦਿੱਲੀ:** ਨਵੇਂ ਬਣੇ ਦੂਰਸੰਚਾਰ ਮੰਤਰੀ ਕਪਿਲ ਸਿੱਬਲ ਨੇ ਸਪੈਕਟ੍ਰਮ ਨੀਤੀ ‘ਚ ਵੱਡੇ ਫੇਰ-ਬਦਲ ਕਰਨ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਸਪਸ਼ਟ ਕੀਤਾ ਹੈ ਕਿ ਟੈਲੀਕਾਮ ਅਪਰੇਟਰਾਂ ਨੂੰ ਅੱਗੇ ਤੋਂ ਸ਼ੁਰੂਆਤੀ ਤੇ ਵਾਧੂ ਸਪੈਕਟ੍ਰਮ ਲਈ ਮਾਰਕੀਟ ਕੀਮਤ ਅਦਾ ਕਰਨੀ ਪਵੇਗੀ ਤੇ ਨੀਤੀ ਵਿਚ ਇਸ ਤਬਦੀਲੀ ਕਾਰਨ ਮੋਬਾਈਲ ਫੋਨ ਸੇਵਾਵਾਂ ਮਹਿੰਗੀਆਂ ਹੋ ਸਕਦੀਆਂ ਹਨ।

2-ਜੀ ਘੁਟਾਲੇ ਦੇ ਮੱਦੇਨਜ਼ਰ ਸਪੈਕਟ੍ਰਮ ਨੂੰ ਲਾਇਸੈਂਸਾਂ ਤੋਂ ਵੱਖ ਕਰਦਿਆਂ ਸ੍ਰੀ ਸਿੱਬਲ ਨੇ ਕਿਹਾ ਕਿ ਭਵਿੱਖ ਵਿਚ ਸਪੈਕਟ੍ਰਮ ਨੂੰ ਲਾਇਸੈਂਸ ਨਾਲ ਨੱਥੀ ਨਹੀਂ ਕੀਤਾ ਜਾਵੇਗਾ। ਟੈਲੀਕਾਮ ਅਪਰੇਟਰਾਂ ਨੂੰ ‘ਇਕਜੁੱਟ ਲਾਇਸੈਂਸ’ ਜਾਰੀ ਕੀਤਾ ਜਾਵੇਗਾ ਤੇ ਲਾਇਸੈਂਸਧਾਰਕ ਵੱਖ-ਵੱਖ ਤਰ੍ਹਾਂ ਦੀਆਂ ਟੈਲੀਕਾਮ ਸੇਵਾਵਾਂ ਦੇਣ ਲਈ ਆਜ਼ਾਦ ਹੋਵੇਗਾ। ਜੇ ਲਾਇਸੈਂਸਧਾਰਕ ਵਾਇਰਲੈਸ ਸੇਵਾਵਾਂ ਦੇਣਾ ਚਾਹੇਗਾ ਤਾਂ ਉਸ ਨੂੰ ਮਾਰਕੀਟ ਵਾਲੀ ਪ੍ਰਕਿਰਿਆ ਰਾਹੀਂ ਸਪੈਕਟ੍ਰਮ ਪ੍ਰਾਪਤ ਕਰਨਾ ਹੋਵੇਗਾ। ਇਸ ਵੇਲੇ ਟੈਲੀਕਾਮ ਅਪਰੇਟਰ ਟੈਲੀਕਾਮ ਲਾਇਸੈਂਸ ਦੇ ਨਾਲ ਹੀ ਸਪੈਕਟ੍ਰਮ ਹਾਸਲ ਕਰਦੇ ਹਨ ਜਿਸ ਕਰਕੇ ਸਰਵਿਸ ਦੇਣ ਵਾਲਿਆਂ ਦਰਮਿਆਨ ਜ਼ਬਰਦਸਤ ਮੁਕਾਬਲੇਬਾਜ਼ੀ ਹੋਣ ਕਾਰਨ ਗਾਹਕਾਂ ਨੂੰ ਸਸਤੀਆਂ ਦਰਾਂ ‘ਤੇ ਮੋਬਾਈਲ ਸੇਵਾਵਾਂ ਮਿਲ ਰਹੀਆਂ ਹਨ ਪਰ ਹੁਣ ਨਵੇਂ ਅਪਰੇਟਰਾਂ ਨੂੰ ਆਪਣੇ ਲਾਇਸੈਂਸ ਸਹੀ ਹੋਣ ਦੀ ਸੂਰਤ ਵਿਚ ਵਾਧੂ 1.8 ਮੈਗਾਹਰਟਜ਼ ਦੇ 2-ਜੀ ਸਪੈਕਟ੍ਰਮ ਲਈ ਮਾਰਕੀਟ ਕੀਮਤ ਦੇਣੀ

*(ਬਾਕੀ ਸਫਾ 6 ’ਤੇ)*


**Mann Tax Services**

Individual, Trucking or Business Taxes

CTEC California Tax Education Council Approved Tax Preparer

e-file


Gurdawar S. Mann

For Fast Refund:
For Appointments.

Ph:(510) 487-1000
(510) 468-9381

Email: manntaxservices@gmail.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ


Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582, Fax: 510-217-6847

Sacramento Office
Call For Appointments
Ph. 916-924-1617
Email:manpreet@gahralaw.com

# Pacific Coast Law Firm P.C.

Lance V Friel, Attorney at Law    Kirandeep K Sihota, Attorney at Law

## Over 10 Years of experience

> Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ

> Bankruptcy (Ch 7) ਬੈਂਕਰਪਸੀ (ਚੈਪਟਰ 7)

> Family Law (Divorce, Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

**Unlawful Detainer/Eviction**
ਕਿਰਾਏਦਾਰ ਦਾ ਕਬਜ਼ਾ/ਬੇਦਖਲੀ

**Probate (Wills & Trusts)**
ਪਰੋਬੇਟ (ਵਸੀਅਤਾਂ ਅਤੇ ਟਰੱਸਟ)

**Business Formation and Tax**
(installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ
(ਕਿਸ਼ਤਨਾਮਾ)

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

*Free Consultation ਮੁਫਤ ਸਲਾਹ-ਮਸ਼ਵਰਾ*



*Kirandeep K Sihota and Lance V Friel*

# Ph. 209-475-6001

Pacific Coast Law Firm
2351 W. March Lane Suite A, Stockton, CA 95207

## ਬੇਕਰਜ਼ਫੀਲਡ ਵਿਚ 24 ਘੰਟੇ ਚਲਣ ਵਾਲਾ ਪੰਜਾਬੀ ਰੇਡੀਓ ਅਗਲੇ ਹਫਤੇ ਤੋਂ

ਫਰੀਮਾਂਟ: ਪਿਛਲੇ ਕੁਝ ਹੀ ਸਮੇਂ ਵਿਚ ਕੈਲੀਫੋਰਨੀਆ ਅਤੇ ਹੋਰਨੀਂ ਥਾਂਈਂ ਸਰੋਤਿਆਂ ਵਿਚ ਬਹੁਤ ਮਕਬੂਲ ਹੋ ਚੁਕਾ ਪੰਜਾਬੀ ਰੇਡੀਓ ਪ੍ਰੋਗਰਾਮ 'ਪੰਜਾਬੀ ਰੇਡੀਓ' ਅਗਲੇ ਹਫਤੇ ਤੋਂ ਬੇਕਰਜ਼ਫੀਡ ਵਿਚ ਵੀ 24 ਘੰਟੇ ਸੁਣਿਆ ਜਾ ਸਕੇਗਾ। ਇਸ ਰੇਡੀਓ ਦੇ ਪ੍ਰਸਾਰਣ ਦੌਰਾਨ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਤੋਂ ਖਬਰਾਂ, ਗੁਰਬਾਣੀ




ਕੀਰਤਨ, ਟਾਕ ਸ਼ੋਅ, ਪੰਜਾਬੀ ਗੀਤ-ਸੰਗੀਤ ਤੋਂ ਇਲਾਵਾ ਗੁਰਦੁਆਰਾ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਸੁਣਿਆ ਜਾ ਸਕੇਗਾ।

ਪੰਜਾਬੀ ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਆਮ ਰੇਡੀਓ ਪ੍ਰੋਗਰਾਮਾਂ ਤੋਂ ਹਟ ਕੇ ਇਸ ਰੇਡੀਓ ਪ੍ਰੋਗਰਾਮ ਵਿਚ ਕੁਝ ਵੱਖਰਾ ਅਤੇ ਵਧੀਆ ਸੁਣਨ ਨੂੰ ਮਿਲੇਗਾ। ਬੇਕਰਜ਼ਫੀਲਡ ਅਤੇ ਇਸ ਦੇ ਨਾਲ ਲਗਦੇ ਸ਼ਹਿਰਾਂ ਵਿਚ ਇਹ ਰੇਡੀਓ ਪ੍ਰੋਗਰਾਮ ਅਗਲੇ ਹਫਤੇ ਤੋਂ ਪੰਜਾਬੀ ਸਰੋਤਿਆਂ ਤੱਕ 24 ਘੰਟੇ ਪਹੁੰਚੇਗਾ। ਬਿਆਨ ਅਨੁਸਾਰ ਰੇਡੀਓ ਦੀ ਕੀਮਤ ਵੀ ਬੜੀ ਵਾਜਬ ਰੱਖੀ ਗਈ ਹੈ ਜੋ ਕਿ ਸਿਰਫ 25 ਡਾਲਰ ਦੀ ਕੀਮਤ ਉਪਰ ਪੰਜਾਬੀ ਸਟੋਰਾਂ ਉਤੇ ਉਪਲਬਧ ਹੋਵੇਗਾ। ਹੋਰ ਜਾਣਕਾਰੀ ਲਈ ਫੋਨ 408-722-7698 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*To Advertise with us*
*Call: 847-359-0746*
*Fax:847-705-9388*

# ਮਾਣਹਾਨੀ ਦੇ ਕੇਸ 'ਚ ਪੰਜਾਬ ਟਾਈਮਜ਼ ਦੀ ਅਪੀਲ ਰੱਦ

**ਸ਼ਿਕਾਗੋ:** ਕੈਲੀਫੋਰਨੀਆ ਅਪੀਲ ਕੋਰਟ ਨੇ ਪੰਜਾਬ ਟਾਈਮਜ਼ ਦੀ ਉਹ ਅਪੀਲ ਰੱਦ ਕਰ ਦਿਤੀ ਹੈ ਜੋ ਅਖਬਾਰ ਅਤੇ ਇਸਦੇ ਸੰਪਾਦਕ ਅਮੋਲਕ ਸਿੰਘ ਜੰਮੂ ਵਿਰੁਧ ਸ੍ਰੀ ਹਰਦੇਵ ਗਰੇਵਾਲ ਵਲੋਂ ਕੀਤੇ ਗਏ ਮਾਣਹਾਨੀ ਦੇ ਕੇਸ ਨੂੰ ਰੱਦ ਕਰਨ ਲਈ ਪਾਈ ਗਈ ਮੋਸ਼ਨ ਹੇਠਲੀ ਅਦਾਲਤ ਵਲੋਂ ਨਾਮੰਜ਼ੂਰ ਕੀਤੇ ਜਾਣ ਵਿਰੁਧ ਕੀਤੀ ਗਈ ਸੀ। ਇਸ ਫੈਸਲੇ ਉਪਰੰਤ ਮਾਣਹਾਨੀ ਦੇ ਇਸ ਕੇਸ ਦੇ ਸਿੱਧਾ ਟਰਾਇਲ 'ਤੇ ਜਾਣ ਲਈ ਰਾਹ ਪੱਧਰਾ ਹੋ ਗਿਆ ਹੈ।

ਇਸ ਤੋਂ ਪਹਿਲਾਂ ਪੰਜਾਬ ਟਾਈਮਜ਼ ਨੇ ਕੈਲੀਫੋਰਨੀਆ ਦੇ ਐਂਟੀ ਸਲੈਪ ਕਾਨੂੰਨ ਅਤੇ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ (ਫਰੀਡਮ ਆਫ ਐਕਸਪਰੈਸ਼ਨ) ਦੇ ਬੁਨਿਆਦੀ ਹੱਕ ਅਧੀਨ ਅਖਬਾਰਾਂ ਨੂੰ ਮਿਲਦੀ ਖੁਲ੍ਹ ਨੂੰ ਆਧਾਰ ਬਣਾ ਕੇ ਹੇਠਲੀ ਅਦਾਲਤ ਐਲਾਮੀਡਾ ਸੁਪੀਰੀਅਰ ਕੋਰਟ ਵਿਚ ਇਸ ਕੇਸ ਨੂੰ ਮੁਢੋਂ ਹੀ ਰੱਦ ਕਰਨ ਲਈ 'ਮੋਸ਼ਨ ਟੂ ਸਟਰਾਈਕ' ਦਾਇਰ ਕੀਤੀ ਸੀ ਜੋ ਕਿ ਮਾਣਯੋਗ ਜੱਜ ਜੋ ਲੀ ਨੇ ਰੱਦ ਕਰ ਦਿਤੀ ਸੀ।

ਗੁਰਦੁਆਰਾ ਫਰੀਮਾਂਟ ਦੀ ਸਿਆਸਤ ਵਿਚ ਇਕ ਧੜੇ ਦੇ ਆਗੂ ਅਤੇ ਇਸ ਗੁਰੂਘਰ ਦੇ ਇਕ ਸਾਬਕਾ ਪ੍ਰਧਾਨ ਸ੍ਰੀ ਹਰਦੇਵ ਸਿੰਘ ਗਰੇਵਾਲ ਵਲੋਂ ਦਾਇਰ ਕੀਤੇ ਗਏ ਮਾਣਹਾਨੀ ਦੇ ਕੇਸ ਵਿਚ ਦੋਸ਼ ਲਾਇਆ ਗਿਆ ਸੀ ਕਿ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਅਤੇ ਰੈਫਰੈਂਡਮ ਦੇ ਪ੍ਰਚਾਰ ਦੌਰਾਨ ਸੰਨ 2005 ਵਿਚ ਪੰਜਾਬ ਟਾਈਮਜ਼ ਵਿਚ ਦੋ ਮਜ਼ਮੂਨ ਛਪੇ ਜਿਨ੍ਹਾਂ ਵਿਚ ਲਾਏ ਗਏ ਦੋਸ਼ਾਂ ਨਾਲ ਉਨ੍ਹਾਂ ਦੀ ਵਡੀ ਮਾਣਹਾਨੀ ਹੋਈ ਹੈ ਅਤੇ ਉਨ੍ਹਾਂ ਲਈ ਸਮਾਜ ਵਿਚ ਵਿਚਰਨਾ ਮੁਸ਼ਕਿਲ ਹੋ ਗਿਆ ਹੈ। ਪੰਜਾਬ ਟਾਈਮਜ਼ ਦੀ ਦਲੀਲ ਹੈ ਕਿ ਇਹ ਮਜ਼ਮੂਨ ਗੁਰਦੁਆਰਾ ਚੋਣ ਪ੍ਰਚਾਰ ਦੌਰਾਨ ਇਸ਼ਤਿਹਾਰ ਦੇ ਤੌਰ 'ਤੇ ਛਾਪੇ ਗਏ ਸਨ ਜਦੋਂਕਿ ਗਰੇਵਾਲ ਦਾ ਕਹਿਣਾ ਹੈ ਇਹ ਮਜ਼ਮੂਨ ਅਖਬਾਰ ਵਲੋਂ ਲੇਖਾਂ ਜਾਂ ਰਿਪੋਰਟਾਂ ਦੇ ਤੌਰ 'ਤੇ ਫਰੀਮਾਂਟ ਗੁਰੂਘਰ ਚੋਣਾਂ ਵਿਚ ਇਕ ਧਿਰ ਦੇ ਆਗੂ ਭਾਈ ਗੁਰਮੀਤ ਸਿੰਘ ਖਾਲਸਾ ਨੂੰ ਮੂਲ ਸਰੋਤ ਬਣਾ ਕੇ ਛਾਪੇ ਗਏ। ਇਸ ਕੇਸ ਵਿਚ ਇਸ਼ਤਿਹਾਰ ਦੇਣ ਵਾਲੇ ਵਿਅਕਤੀਆਂ ਦਵਿੰਦਰ ਸਿੰਘ, ਸੁਖਦੇਵ ਸਿੰਘ, ਅਵਤਾਰ ਸਿੰਘ, ਪਲਵਿੰਦਰ ਸਿੰਘ, ਹਰਜਿੰਦਰ ਸਿੰਘ ਵਗੈਰਾ ਤੋਂ ਇਲਾਵਾ ਗੁਰਮੀਤ ਸਿੰਘ ਖਾਲਸਾ ਨੂੰ ਵੀ ਧਿਰ ਬਣਾਇਆ ਗਿਆ ਹੈ।

ਮੁਦੱਈ ਗਰੇਵਾਲ ਵਲੋਂ ਆਪਣੇ ਕੇਸ ਵਿਚ 24 ਮਈ 2008 ਨੂੰ ਕੁਝ ਪੰਥਕ ਜਥੇਬੰਦੀਆਂ ਦੇ ਬਿਆਨ ਦੇ ਆਧਾਰ ਉਤੇ ਛਪੀ ਖਬਰ ਨੂੰ ਵੀ ਇਸ ਮਾਣਹਾਨੀ ਦੇ ਕੇਸ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਖਬਰ ਵਿਚ ਕੁਝ ਪੰਥਕ ਜਥੇਬੰਦੀਆਂ ਵਲੋਂ ਆਪਣੇ ਬਿਆਨ ਵਿਚ ਦੋਸ਼ ਲਾਇਆ ਗਿਆ ਸੀ ਕਿ ਹਰਦੇਵ ਸਿੰਘ ਗਰੇਵਾਲ ਅਤੇ ਉਸਦੇ ਸਾਥੀਆਂ ਨੇ ਗੁਰਦੁਆਰਾ ਫਰੀਮਾਂਟ ਦੀਆਂ 2006 ਦੀਆਂ ਚੋਣਾਂ ਦੌਰਾਨ ਗੁਰੂਘਰ ਵਿਚ ਚਲਦੇ ਖਾਲਸਾ ਸਕੂਲ ਨੂੰ ਮਦਰੱਸਾ ਅਤੇ ਇਸ ਵਿਚਲੇ ਵਿਦਿਆਰਥੀਆਂ ਨੂੰ ਤਾਲਿਬਾਨ ਕਿਹਾ ਸੀ। ਇਸ ਖਬਰ ਦੇ ਛਪਣ ਪਿਛੋਂ ਸ੍ਰੀ ਗਰੇਵਾਲ ਦੇ ਇਸ ਸਬੰਧੀ ਇਤਰਾਜ਼ ਨੂੰ ਵੀ ਅਖਬਾਰ ਵਿਚ ਛਾਪਿਆ ਗਿਆ ਸੀ।

ਅਪੀਲ ਕੋਰਟ ਦੇ ਫੈਸਲੇ ਵਿਚ ਪੰਜਾਬ ਟਾਈਮਜ਼ ਦੀ ਅਪੀਲ ਨੂੰ ਰੱਦ ਕਰ ਕੇ ਕੇਸ ਦੀ ਸੁਣਵਾਈ ਤੱਥਾਂ ਅਤੇ ਦਲੀਲਾਂ ਦੇ ਆਧਾਰ ਉਤੇ ਬਾਕਾਇਦਾ ਟਰਾਇਲ ਉਤੇ ਪਾ ਦਿਤੀ ਗਈ ਹੈ। ਪੰਜਾਬ ਟਾਈਮਜ਼ ਦੀ ਪੈਰਵਾਈ ਵਕੀਲ ਮਾਰਕ ਕੋਹਨ ਵਲੋਂ ਅਤੇ ਗਰੇਵਾਲ ਧਿਰ ਦੀ ਪੈਰਵੀ ਵਕੀਲ ਨਜੈਲਟਾ ਵਲੋਂ ਕੀਤੀ ਗਈ।

ਟਰਾਇਲ ਦੌਰਾਨ ਮੁੱਦਈ ਅਤੇ ਵਿਰੋਧੀ ਪੱਖ ਦੀਆਂ ਦਲੀਲਾਂ ਤੋਂ ਬਾਅਦ ਅਦਾਲਤ ਕੀ ਫੈਸਲਾ ਕਰਦੀ ਹੈ, ਇਹ ਤਾਂ ਸਮਾਂ ਹੀ ਦਸੇਗਾ ਪਰ ਜਿਸ ਤਰੀਕੇ ਨਾਲ ਇਸ ਖਬਰ ਨੂੰ ਕੁਝ ਪੰਜਾਬੀ ਅਖਬਾਰਾਂ ਵਲੋਂ ਪਿਛਲੇ ਹਫਤੇ ਛਾਪਿਆ ਗਿਆ ਹੈ, ਉਸ ਤੋਂ ਜਿਥੇ ਪੰਜਾਬੀ ਪੱਤਰਕਾਰੀ ਵਿਚ ਗੈਰ-ਜ਼ਿੰਮੇਵਾਰ ਲੋਕਾਂ ਦੇ ਆ ਜਾਣ ਦੇ ਸੰਕੇਤ ਮਿਲਦੇ ਹਨ ਉਥੇ ਇਹ ਵੀ ਸਾਫ ਜਾਹਰ ਹੁੰਦਾ ਹੈ ਕਿ ਪੰਜਾਬ ਟਾਈਮਜ਼ ਦੇ ਵਿਰੋਧੀ ਇਸ ਫੈਸਲੇ ਤੋਂ ਕਿੰਨਾ ਖੁਸ਼ ਹੋਏ ਅਤੇ ਇਸ ਖੁਸ਼ੀ ਦੌਰਾਨ ਉਹ ਇਹ ਵੀ ਭੁਲ ਗਏ ਕਿ ਅਦਾਲਤ ਦੀ ਸੁਣਵਾਈ ਅਧੀਨ ਕਿਸੇ ਮਾਮਲੇ ਉਪਰ ਟਿਪਣੀ ਸੀਮਤ ਹੱਦ ਅੰਦਰ ਰਹਿ ਕੇ ਹੀ ਕੀਤੀ ਜਾ ਸਕਦੀ ਹੈ ਵਰਨਾ ਇਸ ਨੂੰ ਅਦਾਲਤੀ ਕਾਰਵਾਈ ਵਿਚ ਦਖਲ ਸਮਝਿਆ ਜਾ ਸਕਦਾ ਹੈ ਜਿਸਨੂੰ ਅਦਾਲਤੀ ਭਾਸ਼ਾ ਵਿਚ ਮਾਮਲੇ ਦਾ ਸਬਜੂਡਿਸ ਹੋਣਾ ਕਿਹਾ ਜਾਂਦਾ ਹੈ। ਕੁਝ ਅਖਬਾਰਾਂ ਨੇ ਤਾਂ ਇਸ ਗੱਲ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਿਵੇਂ ਪੰਜਾਬ ਟਾਈਮਜ਼ ਅਤੇ ਇਸਦੇ ਸੰਪਾਦਕ ਵਿਰੁਧ ਅਦਾਲਤ ਨੇ ਕੋਈ ਅੰਤਿਮ ਫੈਸਲਾ ਦੇ ਦਿਤਾ ਹੋਵੇ। ਖਬਰ ਲਿਖਦਿਆਂ ਅਜਿਹੀਆਂ ਟਿਪਣੀਆਂ ਕੀਤੀਆਂ ਜਿਵੇਂ ਅਦਾਲਤ ਨੇ ਗਰੇਵਾਲ ਦੀ ਵਿਰੋਧੀ ਧਿਰ ਨੂੰ ਹਰ ਮਾਮਲੇ ਦਾ ਦੋਸ਼ੀ ਠਹਿਰਾ ਦਿਤਾ ਹੋਵੇ। ਇਹ ਵੀ ਸਹੀ ਹੈ ਕਿ ਪੰਜਾਬ ਟਾਈਮਜ਼ ਪਹਿਲਾ ਪੰਜਾਬੀ ਅਖਬਾਰ ਨਹੀਂ ਹੈ ਜਿਸ ਵਿਰੁਧ ਮਾਣਹਾਨੀ ਦਾ ਕੋਈ ਕੇਸ ਕੀਤਾ ਗਿਆ ਹੋਵੇ ਹਾਲਾਂਕਿ ਇਕ ਅਖਬਾਰ ਨੇ ਇਹ ਗੱਲ ਬੜੀ ਠੋਕ ਕੇ ਕਹੀ ਕਿ ਪੰਜਾਬ ਟਾਈਮਜ਼ ਅਜਿਹਾ ਪਹਿਲਾ ਪੰਜਾਬੀ ਅਖਬਾਰ ਹੈ। ਇਸ ਗੱਲ ਵਿਚ ਉਕਾ ਹੀ ਕੋਈ ਸ਼ੱਕ ਨਹੀਂ ਕਿ "ਸੱਚ ਤਾਂ ਸੱਚ ਹੈ, ਇਸ ਨੇ ਇਕ ਦਿਨ ਤਾਂ ਸਾਹਮਣੇ ਆਉਣਾ ਹੀ ਹੈ।" ਇਕ ਅਖਬਾਰ ਨੇ ਤਾਂ ਇਥੋਂ ਤਕ ਫੈਸਲਾ ਦੇ ਦਿਤਾ ਕਿ ਅਖਬਾਰ ਵਿਚ ਝੂਠੇ ਦੋਸ਼ ਲਾਏ ਗਏ। ਇਥੇ ਦੱਸਣ ਦੀ ਲੋੜ ਨਹੀਂ ਕਿ ਕੀ ਸੱਚ ਹੈ ਤੇ ਕੀ ਝੂਠ, ਇਸ ਗੱਲ ਦਾ ਨਿਤਾਰਾ ਕਿਸੇ ਅਖਬਾਰ ਨੇ ਨਹੀਂ ਸਗੋਂ ਅਦਾਲਤ ਨੇ ਕਰਨਾ ਹੈ।

ਪੰਜਾਬ ਟਾਈਮਜ਼ ਦੇ ਪਾਠਕ ਜਾਣਦੇ ਹਨ ਕਿ ਵਿਰੋਧੀ ਸਮਕਾਲੀ ਅਖਬਾਰਾਂ ਨੇ ਅਦਾਲਤ ਵਿਚ ਅਪੀਲ ਰੱਦ ਹੋਣ ਉਪਰ ਚੜਗਿਲੀ ਇਸ ਕਰ ਕੇ ਮਚਾਈ ਹੈ ਕਿ ਜਦੋਂ ਪਾਠਕ ਕਹਿੰਦੇ ਹਨ ਕਿ ਪੰਜਾਬ ਟਾਈਮਜ਼ ਆਪਣੇ ਮਿਆਰੀ ਕਾਲਮਾਂ, ਸਾਹਿਤਕ ਸਾਮਗਰੀ, ਨਿਰਪੱਖ ਅਤੇ ਨਿਧੱੜਕ ਪਹੁੰਚ ਕਰ ਕੇ ਅਮਰੀਕਾ ਦਾ ਨੰਬਰ ਇਕ ਪੰਜਾਬੀ ਅਖਬਾਰ ਹੈ ਤਾਂ ਵਿਰੋਧੀਆਂ ਨੂੰ ਇਹ ਗੱਲ ਫੁਟੀ ਕੌੜੀ ਨਹੀਂ ਭਾਉਂਦੀ। ਸ਼ਾਇਦ ਇਸ ਖਬਰ ਨੂੰ ਲਿਖਣ ਵੇਲੇ ਉਨ੍ਹਾਂ ਦੇ ਮਨ ਵਿਚ ਇਹੋ ਈਰਖਾ ਭਾਰੂ ਸੀ।

ਇਸੇ ਦੌਰਾਨ ਸੂਤਰਾਂ ਅਨੁਸਾਰ ਮਾਣਹਾਨੀ ਦੇ ਇਸ ਕੇਸ ਦੇ ਕੁਝ ਪ੍ਰਤੀਵਾਦੀਆਂ ਵਲੋਂ ਇਸ ਖਬਰ ਨੂੰ ਗਲਤ ਰੰਗ ਦੇ ਕੇ ਛਾਪਣ ਵਾਲੀਆਂ ਪੰਜਾਬੀ ਅਖਬਾਰਾਂ ਵਿਰੁਧ ਅਦਾਲਤੀ ਕਾਰਵਾਈ ਬਾਰੇ ਵੀ ਵਿਚਾਰ ਕੀਤੀ ਜਾ ਰਹੀ ਹੈ।

## ਕੈਂਟਨ ਸਕੂਲ ਦੇ ਸਿੱਖ ਬੱਚਿਆਂ ਨੂੰ ਕਿਰਪਾਨ ਪਹਿਨਣ ਦੀ ਇਜਾਜ਼ਤ ਮਿਲੀ

**ਕੈਂਟਨ, ਮਿਸ਼ੀਗਨ:** ਪਲਿਮਥ-ਕੈਂਟਨ ਸਕੂਲ ਡਿਸਟ੍ਰਿਕਟ ਦੇ ਅਧਿਕਾਰੀਆਂ ਨੇ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਕਿਰਪਾਨ ਪਾ ਕੇ ਸਕੂਲ ਜਾਣ ਦੀ ਇਜਾਜ਼ਤ ਦੇਣ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਦਸੰਬਰ ਮਹੀਨੇ ਕੈਂਟਨ ਦੇ ਬੈਂਟਲੀ ਐਲੀਮੈਂਟਰੀ ਸਕੂਲ ਦੇ ਚੌਥੀ ਕਲਾਸ ਦੇ ਇਕ ਬੱਚੇ ਕੋਲੋਂ ਕਿਰਪਾਨ ਮਿਲਣ ਉਪਰੰਤ ਕਿਰਪਾਨ ਉਪਰ ਪਾਬੰਦੀ ਲਾ ਦਿੱਤੀ ਸੀ। ਸਕੂਲ ਡਿਸਟ੍ਰਿਕਟ ਅਧਿਕਾਰੀਆਂ ਨੇ ਇਹ ਗੱਲ ਪ੍ਰਵਾਨ ਕੀਤੀ ਹੈ ਕਿ ਅੰਮ੍ਰਿਤਧਾਰੀ ਸਿੱਖ ਬੱਚਿਆਂ ਲਈ ਕਿਰਪਾਨ ਪਹਿਨਣਾ ਜ਼ਰੂਰੀ ਰਵਾਇਤ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਲੰਘੇ ਸ਼ੁੱਕਰਵਾਰ ਸਕੂਲ ਅਧਿਕਾਰੀਆਂ ਨੇ ਬੱਚਿਆਂ ਦੇ ਮਾਪਿਆਂ ਨੂੰ ਭੇਜੀ ਇਕ ਚਿੱਠੀ ਵਿਚ ਦੱਸਿਆ ਕਿ ਅੱਜ ਤੋਂ ਹੀ ਸਿੱਖ ਬੱਚੇ ਕਿਰਪਾਨ ਪਹਿਨ ਕੇ ਸਕੂਲ ਆ ਸਕਦੇ ਹਨ। ਸਕੂਲ ਵਿਚ ਲੈਜਾਈ ਜਾ ਸਕਣ ਵਾਲੀ ਕਿਰਪਾਨ ਦੀ ਲੰਬਾਈ ਸਵਾ ਦੋ ਇੰਚ ਤੋਂ ਵੱਧ ਨਹੀਂ ਹੋਣੀ ਚਾਹੀਦੀ, ਇਸ ਦੀ ਧਾਰ ਬਿਲਕੁਲ ਖੁੰਡੀ ਹੋਣੀ ਚਾਹੀਦੀ ਹੈ ਅਤੇ ਇਸ ਤੋਂ ਇਲਾਵਾ ਇਹ ਮਿਆਨ ਵਿਚ ਇਸ ਤਰ੍ਹਾਂ ਫਿੱਟ ਕੀਤੀ ਹੋਵੇ ਕਿ ਉਸ ਵਿਚੋਂ ਬਾਹਰ ਨਾ ਨਿਕਲ ਸਕੇ। ਕਿਰਪਾਨ ਕੱਪੜਿਆਂ ਦੇ ਹੇਠਾਂ ਹੀ ਰੱਖਣੀ ਹੋਵੇਗੀ ਅਤੇ ਬਾਹਰ ਪਹਿਨਣ ਦੀ ਇਜਾਜ਼ਤ ਨਹੀਂ ਹੋਵੇਗੀ। ਕਿਰਪਾਨ ਦਾ ਆਕਾਰ ਮਿਥਣ ਨਾਲ ਇਸ ਨੂੰ ਸਕੂਲ ਕੋਡ ਮੁਤਾਬਕ ਚਾਕੂ ਜਾਂ ਖਤਰਨਾਕ ਹਥਿਆਰ ਨਹੀਂ ਸਮਝਿਆ ਜਾਵੇਗਾ। ਸਕੂਲ ਦਾ ਸਟਾਫ ਗਾਹੇ-ਬਗਾਹੇ ਕਿਰਪਾਨ ਲਈ ਬੱਚਿਆਂ ਦੀ ਤਲਾਸ਼ੀ ਵੀ ਲੈ ਸਕੇਗਾ ਅਤੇ ਹਦਾਇਤਾਂ ਦੀ ਉਲੰਘਣਾ ਹੋਣ 'ਤੇ ਬੱਚੇ ਵਿਰੁਧ ਜ਼ਾਬਤਾ ਕਾਰਵਾਈ ਹੋ ਸਕੇਗੀ ਜਿਸ ਵਿਚ ਬੱਚੇ ਨੂੰ ਕਿਰਪਾਨ ਪਹਿਨਣ ਦੀ ਮਨਾਹੀ ਵੀ ਸ਼ਾਮਲ ਹੈ।

ਅਧਿਕਾਰੀਆਂ ਵਲੋਂ ਕਿਹਾ ਗਿਆ ਹੈ ਕਿ ਅਸੀਂ ਸਭ ਬੱਚਿਆਂ ਲਈ ਸਕੂਲ ਵਿਚ ਸੁਰੱਖਿਅਤ ਵਾਤਾਵਰਣ ਦੇਣ ਲਈ ਪ੍ਰਤੀਬੱਧ ਹਾਂ ਪਰ ਨਾਲ ਹੀ ਅਸੀਂ ਕਿਸੇ ਵੀ ਭਾਈਚਾਰੇ ਦੀ ਧਾਰਮਿਕ ਰਹੁ-ਰੀਤ ਵਿਚ ਦਖਲ ਨਹੀਂ ਦੇਣਾ ਚਾਹੁੰਦੇ।

**Sikh Religious Society of Chicago**

**Looking for Keertani Singh**
**(Sevadar who can do Keertan)**

**Sikh Religious Society of Chicago is the largest Gurdwaara Sahib of Midwest America at 1280 Winnetka Street, Palatine Illinois USA. It is on a Campus spread over 14 Acres of land at a prime location in Chicago's metropolitan area. In a 7 days a week religious program, more than 4000 devotees visit the Gurdwaara Sahib for making prayers, listening to the Keertan and discourses on Spirituality.**

***Qualifications for Keertni Singh:***

- He should be an Amritdhari Sikh
- Should be a Graduate from India or High School Graduate from US or Canada
- Should have some formal Sikh Religious Education from Taksal, University or any other religious foundation approved by SGPC.
- Well versed in Gurbani recitation & Keertan
- Should be able to speak and write English & Punjabi Fluently
- Job Requirements
- Perform Keertan on daily basis.
- Teach Keertan & Sikh music traditions to students on regular basis
- Ensure Rehat Maryada is followed in the Gurdwara Sahib
- Attend local Sikh Sangat as per need basis
- Work with management to ensure that day to day needs of Sikh Sangat and Gurdwara Sahib are met.

***Experience Required***

**Minimum 3 years or more of Performing Keertan Experience is required. Reference will be required.**

**Please send your profile at jobs@srschicago.com**
**Last date to apply is Feb 19th, 2011**
**From : President Sikh Religious Society**

**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 736-5203, (408) 940-6065**
**Email: gill@ghfirm.com Web: www.ghfirm.com**
**830 Stewart Drive, Suite#231, Sunnyvale, CA 94085**

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.
Credit card terminals -Verifone, Hypercom...
Transfer existing CC processing to us for lower rates.
*99% approved same day.* We specialize in high risk businesses.
ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*
*Need Money?* We provide cash advance against credit card processing with NO collateral or personal guarantee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: 773-416-8526
or 773-935-VISA, SagarATM@yahoo.com
www.GoldCoastATM.com



# ਤਖਤ ਸ਼੍ਰੀ ਕੇਸਗੜ ਸਾਹਿਬ ਤੇ ਤਿਰੰਗਾ ਲਹਿਰਾਉਣਾ ਸਿੱਖ ਕੌਮ ਲਈ ਨਵੀਂ ਵੰਗਾਰ:ਏ. ਐਸ.ਓ.

**ਨਿਊ ਯਾਰਕ:** ਸਿੱਖ ਜਥੇਬੰਦੀ ਅਮੈਰੀਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਹਾਲ ਹੀ ਵਿਚ ਭਾਰਤੀ ਜਨਤਾ ਪਾਰਟੀ ਦੀ ਅਖੌਤੀ ਏਕਤਾ ਯਾਤਰਾ ਦੌਰਾਨ ਭਾਜਪਾ ਵਰਕਰਾਂ ਵਲੋਂ ਤਖਤ ਸ਼੍ਰੀ ਕੇਸਗੜ੍ਹ ਸਾਹਿਬ 'ਤੇ ਤਿਰੰਗਾ ਲਹਿਰਾਏ ਜਾਣ ਦੀ ਸਖਤ ਨਿਖੇਧੀ ਕਰਦਿਆਂ ਇਸਨੂੰ ਹਿੰਦੂ-ਰਾਸ਼ਟਰਵਾਦ ਦੇ ਏਜੰਡੇ ਨੂੰ ਲਾਗੂ ਕਰਨ ਦੀ ਘਿਨਾਉਣੀ ਹਰਕਤ ਕਰਾਰ ਦਿਤਾ ਹੈ।

ਜਥੇਬੰਦੀ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਦੁੱਖ ਇਸ ਗੱਲ ਦਾ ਹੈ ਕਿ ਸਿੱਖ ਕੌਮ ਨੂੰ ਜਿਥੇ ਇਸ ਵਰਤਾਰੇ ਦਾ ਜੋਰਦਾਰ ਤਰੀਕੇ ਨਾਲ ਵਿਰੋਧ ਕਰਨਾ ਚਾਹੀਦਾ ਸੀ, ਉਥੇ ਕੌਮ ਨੇ ਇਸਨੂੰ ਮਹਿਸੂਸ ਤੱਕ ਵੀ ਨਾ ਕੀਤਾ ਅਤੇ ਜਾਪਦਾ ਹੈ ਕਿ ਸਿੱਖਾਂ ਨੇ ਗੁਰੂ-ਚਿੰਤਨ ਛੱਡ ਕੇ ਧਰਮ ਦੇ ਮੌਲਿਕ ਸਿਧਾਂਤਾਂ ਤੋ ਮੂੰਹ ਫੇਰ ਲਿਆ ਹੈ। ਸਿੱਖਾਂ ਅੰਦਰੋਂ ਕੌਮ, ਕੌਮੀਅਤ ਅਤੇ ਸਿੱਖ ਰਾਸ਼ਟਰਵਾਦ ਦੀ ਭਾਵਨਾ ਮਰ ਚੁੱਕੀ ਹੈ, ਬਿਪਰ ਦੇ ਹਰ ਹਮਲੇ ਤੋਂ ਬਾਅਦ ਕੌਮ ਦੇ ਚੁੱਪ ਰਹਿਣ ਨੂੰ ਇਸ ਪ੍ਰਸੰਗਕਿਤਾ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਤਖਤਾਂ ਦੇ ਜਥੇਦਾਰ ਵੀ ਬਿਪਰ ਪ੍ਰਭਾਵ ਕਬੂਲ ਕਰ ਚੁੱਕੇ ਹਨ। ਇਸ ਵਰਤਾਰੇ ਦਾ ਗੰਭੀਰਤਾ ਨਾਲ ਮੁਲਾਂਕਣ ਕਰਦਿਆਂ ਇਹ ਸਵਾਲ ਵੀ ਆਪਣੇ ਆਪ ਖੜਾ ਹੋ ਜਾਂਦਾ ਹੈ ਕਿ ਭਾਜਪਾ ਦੇ ਇਸ ਸਿਧਾਂਤਕ ਹਮਲੇ ਵੇਲੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੂੰ ਇਸਦਾ ਕੋਈ ਇਲਮ ਨਹੀਂ ਹੋਵੇਗਾ? ਜੇਕਰ ਉਹ ਇੱਕ ਤਖਤ ਦਾ ਪ੍ਰਬੰਧ ਕਰਨ ਤੋਂ ਅਸਫਲ ਹਨ ਤਾਂ ਕੌਮ ਦੇ ਵੱਡੇ ਫੈਸਲਿਆਂ ਦੀ ਉਨ੍ਹਾਂ ਤੋਂ ਉਮੀਦ ਕਿਵੇਂ ਰੱਖੀ ਜਾ ਸਕਦੀ ਹੈ? ਸਾਡੇ ਜਥੇਦਾਰਾਂ ਨੂੰ ਕੌਮ ਦੀ ਕਿਸਮਤ ਨਾਲੋਂ ਆਪਣੀ ਕਿਸਮਤ ਦਾ ਜਿਆਦਾ ਫਿਕਰ ਹੈ। ਭਾਵੇਂ ਪੰਥ ਦੋਖੀ ਤਖਤਾਂ ਤੇ ਤਿਰੰਗੇ ਲਹਿਰਾਉਣ, ਭਾਵੇਂ ਕੌਮ ਦੇ ਸਿਧਾਂਤਾਂ ਨਾਲ ਖਿਲਵਾੜ ਹੁੰਦਾ ਹੋਵੇ, ਇਨ੍ਹਾਂ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਹੈ, ਇਨ੍ਹਾਂ ਨੂੰ ਫਿਕਰ ਹੈ ਆਪਣੀਆਂ ਲਾਲ ਬੱਤੀ ਵਾਲੀਆਂ ਕਾਰਾਂ ਅਤੇ ਸਰਕਾਰ ਵਲੋਂ ਮਿਲੀਆਂ ਵੀ. ਆਈ. ਪੀ. ਸਹੂਲਤਾਂ ਦੀ।

ਜਥੇਬੰਦੀ ਨੇ ਕਿਹਾ ਹੈ ਕਿ ਭਾਜਪਾ ਦੀ ਇਸ ਹਰਕਤ ਤੋਂ ਬਾਅਦ ਮੀਡੀਏ ਵਲੋਂ ਸੰਪਰਕ ਕਰਨ ਤੇ ਜਿਥੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਣਜਾਣਤਾ ਪ੍ਰਗਟਾਉਂਦਿਆਂ ਕੋਈ ਵੀ ਗੱਲ ਕਰਨ ਤੋਂ ਪਾਸਾ ਵੱਟਿਆ, ਉਥੇ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਗਿਆਨੀ ਤਰਲੋਚਨ ਸਿੰਘ ਵਲੋਂ ਵੀ ਕੋਈ ਪ੍ਰਤੀਕਰਮ ਨਹੀਂ ਹੋਇਆ। ਇਨ੍ਹਾਂ ਵਰਤਾਰਿਆਂ ਨੂੰ ਠੱਲ ਪਾਉਣ ਲਈ ਪੰਥਕ ਧਿਰਾਂ ਇਕੱਠੀਆਂ ਹੋ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਅਤੇ ਸਿੱਖ ਗੁਰਧਾਮਾਂ ਤੇ ਕਬਜਾ ਕਰੀ ਬੈਠੀ ਬਾਦਲ ਜੁੰਡਲੀ ਨੂੰ ਖਦੇੜਨ।



ਗੁਰਦੁਆਰਾ ਮਾਡੈਸਟੋ ਵਿਚ ਭਾਈ ਦਵਿੰਦਰ ਸਿੰਘ ਸੋਢੀ ਅਤੇ ਜਥਾ ਪ੍ਰਬੰਧਕ ਕਮੇਟੀ ਤੇ ਹੋਰਨਾਂ ਨਾਲ

# ਮਾਡੈਸਟੋ ਵਿਚ ਭਾਈ ਦਵਿੰਦਰ ਸਿੰਘ ਸੋਢੀ ਦਾ ਸਨਮਾਨ

**ਮਾਡੈਸਟੋ (ਮਹਿੰਦਰ ਕੰਡਾ):** ਇਥੇ ਗੁਰਦੁਆਰਾ ਮਾਡੈਸਟੋ ਵਿਚ ਕਰਵਾਏ ਗਏ ਮਹਾਨ ਕੀਰਤਨ ਦਰਬਾਰ ਦੌਰਾਨ ਪੰਥ ਪ੍ਰਸਿਧ ਰਾਗੀ ਭਾਈ ਦਵਿੰਦਰ ਸਿੰਘ ਸੋਢੀ ਨੇ ਆਪਣੇ ਜਥੇ ਨਾਲ ਲਗਾਤਾਰ ਪੰਜ ਦਿਨ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ।

ਇਸ ਮੌਕੇ ਗੁਰਦੁਆਰਾ ਪਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਮਨਜੀਤ ਸਿੰਘ ਅਤੇ ਭਾਈ ਅਮਰਜੀਤ ਸਿੰਘ ਵਲੋਂ ਭਾਈ ਦਵਿੰਦਰ ਸਿੰਘ ਸੋਢੀ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਨਿਰੰਜਣ ਸਿੰਘ ਸਮਰਾ ਨੇ ਆਈਆਂ ਸਮੂਹ ਸੰਗਤਾਂ ਅਤੇ ਕੀਰਤਨ ਦਰਬਾਰ ਕਰਵਾਉਣ ਵਿਚ ਸਹਿਯੋਗ ਦੇਣ ਲਈ ਭਾਈ ਦੁਪਿੰਦਰ ਸਿੰਘ ਬਾਜਵਾ, ਸੰਜੀਵ ਸਿੰਘ ਬਾਠ, ਬਿੰਦਰ ਚਾਹਲ ਅਤੇ ਸੁਰਜੀਤ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਬੇਕਰਜ਼ਫੀਲਡ ਦੇ ਡਾਕਟਰ ਜੋੜੇ ਦੀ ਸੜਕ ਹਾਦਸੇ ਵਿਚ ਮੌਤ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਡਾਕਟਰ ਰਘਵਿੰਦਰਾ ਸਿੰਘ ਅਤੇ ਉਨ੍ਹਾਂ ਦੀ ਡਾਕਟਰ ਪਤਨੀ ਸ੍ਰੀਮਤੀ ਸ਼ਕੁੰਤਲਾ ਦੇਵੀ ਦੀ ਵੀਰਵਾਰ ਰਾਤੀਂ ਉਸ ਸਮੇਂ ਇਕ ਹੌਲਨਾਕ ਹਾਦਸੇ ਵਿਚ ਮੌਤ ਹੋ ਗਈ ਜਦੋਂ ਉਹ ਆਪਣੇ ਕੰਮ ਤੋਂ ਆਪਣੇ ਘਰ ਵਾਪਸ ਜਾ ਰਹੇ ਸਨ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਹ ਵੈਨ ਜਿਸ ਵਿਚ ਉਹ ਜਾ ਰਹੇ ਸਨ, ਅਚਾਨਕ ਯੂ ਟਰਨ ਮਾਰ ਰਹੇ ਇਕ ਟਰੱਕ ਵਿਚ ਜਾ ਟਕਰਾਈ। ਦੋਹਾਂ ਦੀ ਮੌਕੇ ਉਤੇ ਮੌਤ ਹੋ ਗਈ।

ਇਥੇ ਜ਼ਿਕਰਯੋਗ ਹੈ ਕਿ ਪੋਲੀਓ ਕਾਰਨ ਡਾ. ਰਘਵਿੰਦਰਾ ਸਿੰਘ ਦੀਆਂ ਲੱਤਾਂ ਕੰਮ ਨਹੀਂ ਸਨ ਕਰਦੀਆਂ ਅਤੇ ਉਹ ਹੋਰਨਾਂ ਲਈ ਇਕ ਮਿਸਾਲ ਸਨ। ਉਨ੍ਹਾਂ ਸਖਤ ਮਿਹਨਤ ਕਰਕੇ ਡਾਕਟਰੀ ਦੀ ਡਿਗਰੀ ਹਾਸਲ ਕੀਤੀ ਅਤੇ ਮਨੁੱਖਤਾ ਦੀ ਸੇਵਾ ਵਿਚ ਲੀਨ ਹੋ ਗਏ। ਉਹ 1981 ਵਿਚ ਅਮਰੀਕਾ ਆਏ ਸਨ ਅਤੇ ਡਾਕਟਰੀ ਦੀ ਡਿਗਰੀ ਉਨ੍ਹਾਂ 1997 ਵਿਚ ਹਾਸਲ ਕੀਤੀ।

49 ਸਾਲਾ ਡਾ. ਸਿੰਘ ਅਤੇ ਉਨ੍ਹਾਂ ਦੀ ਪਤਨੀ ਆਪਣੇ ਪਿਛੇ 10 ਅਤੇ 12 ਸਾਲ ਉਮਰ ਦੀਆਂ ਦੋ ਮਾਸੂਮ ਬੱਚੀਆਂ ਛੱਡ ਗਏ ਹਨ ਜਿਨ੍ਹਾਂ ਨੂੰ ਅਜੇ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਮਾਤਾ-ਪਿਤਾ ਉਥੇ ਚਲੇ ਗਏ ਹਨ ਜਿਥੋਂ ਕੋਈ ਵਾਪਸ ਨਹੀਂ ਆਉਂਦਾ। ਇਸ ਡਾਕਟਰ ਜੋੜੇ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ ਹੈ ਅਤੇ ਸਸਕਾਰ ਮੌਕੇ ਵੱਡੀ ਗਿਣਤੀ 'ਚ ਸਥਾਨਕ ਭਾਈਚਾਰੇ ਦੇ ਲੋਕ ਹਾਜ਼ਰ ਸਨ।

## ਫਰੀਮਾਂਟ ਗੁਰੂ ਘਰ ਦੇ ਸਾਬਕਾ ਖਜ਼ਾਨਚੀ ਭੁਪਿੰਦਰ ਸਿੰਘ ਦੇ ਮਾਤਾ ਸੁਰਗਵਾਸ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਖਜ਼ਾਨਚੀ ਭੁਪਿੰਦਰ ਸਿੰਘ ਪਰਮਾਰ ਦੇ ਮਾਤਾ ਬੀਬੀ ਹਰਭਜਨ ਕੌਰ ਲੰਘੀ 30 ਜਨਵਰੀ ਨੂੰ ਆਪਣੇ ਜੱਦੀ ਘਰ ਜਲੰਧਰ ਵਿਚ ਸੁਰਗਵਾਸ ਹੋ ਗਏ। ਉਹ ਪਿਛਲੇ ਵੀਹ ਸਾਲ



ਬੀਬੀ ਹਰਭਜਨ ਕੌਰ

ਤੋਂ ਗੁਰਦੁਆਰਾ ਫਰੀਮਾਂਟ ਨਾਲ ਜੁੜੇ ਚਲੇ ਆ ਰਹੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਪੰਜਾਬ ਗਏ ਹੋਏ ਸਨ। ਸ. ਭੁਪਿੰਦਰ ਸਿੰਘ ਅਜੇ ਪਿਛਲੇ ਹਫਤੇ ਹੀ ਉਨ੍ਹਾਂ ਨੂੰ ਮਿਲ ਕੇ ਪਰਤੇ ਹਨ।

ਮਾਤਾ ਹਰਭਜਨ ਕੌਰ, ਬੀਬੀ ਜਸਵਿੰਦਰ ਕੌਰ ਧਨੋਆ (ਨਾਟਕਕਾਰ ਸੁਰਿੰਦਰ ਧਨੋਆ ਦੇ ਧਰਮਪਤਨੀ) ਦੇ ਵੀ ਮਾਤਾ ਜੀ ਸਨ। ਬੀਬੀ ਜਸਵਿੰਦਰ ਕੌਰ ਧਨੋਆ ਜਲੰਧਰ ਰਵਾਨਾ ਹੋ ਗਏ ਹਨ। ਸ. ਭੁਪਿੰਦਰ ਸਿੰਘ ਪਰਮਾਰ ਨਾਲ ਸੰਪਰਕ ਫੋਨ 510-793-0918 ਉਤੇ ਕੀਤਾ ਜਾ ਸਕਦਾ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service




ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law
Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

TAJ
INSURANCE SERVICES
*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available
To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available



Gurdawar S. Mann
Lic#0F34231

# ਮਿਸਰ ਵਿਚ ਲੋਕ ਰੋਹ ਅੱਗੇ ਟਿਕ ਨਹੀਂ ਸਕੇ ਤਾਨਾਸ਼ਾਹ

**ਕਾਹਿਰਾ:** ਮਿਸਰ ਦੇ ਰਾਸ਼ਟਰਪਤੀ ਹੁਸਨੀ ਮੁਬਾਰਕ ਦਾ 30 ਸਾਲਾਂ ਤੋਂ ਚਲਿਆ ਆ ਰਿਹਾ ਰਾਜ ਖ਼ਤਮ ਕਰਾਉਣ ਦੇ ਮਕਸਦ ਨਾਲ ਇੱਥੇ ਤਹਿਰੀਰ ਚੌਕ ਵਿਚ ਲੱਖਾਂ ਲੋਕ ਇਕੱਠੇ ਹੋਏ। ਉਧਰ ਇਸ ਡਾਢੇ ਪ੍ਰਦਰਸ਼ਨ ਕਾਰਨ ਰਾਸ਼ਟਰਪਤੀ ਦਾ ਵਿਰੋਧੀ ਧੜਿਆਂ ਵੱਲ ਵਿਹਾਰ ਵਾਹਵਾ ਹੀ ਨਰਮ ਹੋ ਗਿਆ। ਉਂਜ ਰਾਸ਼ਟਰਪਤੀ ਦੀ ਮੁਸ਼ਕਲ ਉਦੋਂ ਹੋਰ ਵਧ ਗਈ ਜਦੋਂ ਫੌਜ ਨੇ ਲੋਕਾਂ ਦੀ ਮੰਗ ਨੂੰ 'ਜਾਇਜ਼' ਕਰਾਰ ਦਿੰਦਿਆਂ ਐਲਾਨ ਕਰ ਦਿੱਤਾ ਕਿ ਇਹ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਹੀਂ ਕਰੇਗੀ। ਯਾਦ ਰਹੇ ਕਿ ਹਿੰਸਕ ਪ੍ਰਦਰਸ਼ਨ ਕਾਰਨ ਸੈਕੜੇ ਬੰਦੇ ਮਾਰੇ ਜਾ ਚੁੱਕੇ ਹਨ ਅਤੇ ਹਜ਼ਾਰਾਂ ਫੱਟੜ ਹੋਏ ਹਨ। ਸਰਕਾਰ ਵੱਲੋਂ ਸੈਂਕੜੇ ਪ੍ਰਦਰਸ਼ਨਕਾਰੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ।

ਇੱਥੇ ਤਹਿਰੀਰ ਚੌਕ ਵਿਚ ਲੱਖਾਂ ਲੋਕ ਇਕੱਤਰ ਹੋ ਗਏ ਤਾਂ 82 ਸਾਲਾ ਰਾਸ਼ਟਰਪਤੀ ਮੁਬਾਰਕ ਦੇ ਨਵ-ਨਿਯੁਕਤ ਉਪ ਰਾਸ਼ਟਰਪਤੀ ਉਮਰ ਸੁਲੇਮਾਨ ਨੂੰ ਸਰਕਾਰੀ ਟੀ.ਵੀ. ਉਪਰ ਐਲਾਨ ਕਰਨਾ ਪੈ ਗਿਆ, "ਰਾਸ਼ਟਰਪਤੀ ਹੁਸਨੀ ਮੁਬਾਰਕ ਨੇ ਮੈਨੂੰ ਸਿਆਸੀ ਦਲਾਂ ਨਾਲ ਤੁਰੰਤ ਗੱਲਬਾਤ ਸ਼ੁਰੂ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ ਤਾਂ ਜੋ ਸੰਵਿਧਾਨਕ ਤੇ ਵਿਧਾਨਕ ਸੁਧਾਰਾਂ ਨਾਲ ਸਬੰਧਤ ਮਾਮਲਿਆਂ ਉਪਰ ਖੁੱਲ੍ਹੀ ਗੱਲਬਾਤ ਹੋ ਸਕੇ।"

ਅਲ ਅਰਬੀਆ ਚੈਨਲ ਨੇ ਆਪਣੀ ਰਿਪੋਰਟ ਵਿਚ ਸੁਲੇਮਾਨ ਦੇ ਹਵਾਲੇ ਨਾਲ ਦੱਸਿਆ ਕਿ ਅਪੀਲੀ ਅਦਾਲਤਾਂ ਦੇ ਫੈਸਲੇ ਲਾਗੂ ਕਰਨ ਲਈ ਵੀ ਕਦਮ ਪੁੱਟੇ ਜਾ ਰਹੇ ਹਨ। ਸਰਕਾਰ ਬੇਰੁਜ਼ਗਾਰੀ, ਗਰੀਬੀ ਅਤੇ ਭ੍ਰਿਸ਼ਟਾਚਾਰ ਨਾਲ ਲੜਨ ਅਤੇ ਮਜ਼ਦੂਰੀ ਤੇ ਕੀਮਤਾਂ ਵਿਚਾਲੇ ਸੰਤੁਲਨ ਕਾਇਮ ਕਰਨ ਲਈ ਪਹਿਲ ਦੇ ਆਧਾਰ ਉਪਰ ਛੇਤੀ ਤੋਂ ਛੇਤੀ ਕੰਮ ਕਰਨ ਦੇ ਵਾਅਦੇ ਕਰ ਰਹੀ ਹੈ।

## ਮੱਧ-ਪੂਰਬੀ ਏਸ਼ੀਆ ਦੇ ਹੋਰ ਦੇਸ਼ਾਂ ਵਿਚ ਵੀ ਰੋਹ ਦੇ ਦਰ ਖੁੱਲ੍ਹੇ

ਇਸੇ ਦੌਰਾਨ ਤਹਿਰੀਰ ਚੌਕ ਵਿਚ ਪ੍ਰਦਰਸ਼ਨਕਾਰੀਆਂ ਦੇ 'ਹੜ੍ਹ' ਨੂੰ ਦੇਖਦਿਆਂ ਫੌਜ ਨੇ ਸਪਸ਼ਟ ਕੀਤਾ ਹੈ ਕਿ ਉਹ ਕੋਈ ਸਖ਼ਤੀ ਨਹੀਂ ਕਰੇਗੀ ਕਿਉਂਕਿ ਜਨਤਾ ਦੀਆਂ ਮੰਗਾਂ ਜਾਇਜ਼ ਹਨ। ਫੌਜੀ ਤਰਜਮਾਨ ਨੇ ਸਰਕਾਰੀ ਟੀ.ਵੀ. ਉਪਰ ਕਿਹਾ ਕਿ ਮਿਸਰ ਦੇ ਲੋਕਾਂ ਦੀਆਂ ਮੰਗਾਂ ਨੂੰ ਫ਼ੌਜ ਜਾਇਜ ਮੰਨਦੀ ਹੈ। ਵਿਰੋਧ ਪ੍ਰਦਰਸ਼ਨਾਂ 'ਚ ਕਈ ਸੈਨਿਕ ਵੀ ਆਪਣੀਆਂ ਵਰਦੀਆਂ ਲਾਹ ਕੇ ਸ਼ਾਮਿਲ ਹੋ ਗਏ ਹਨ ਅਤੇ ਪ੍ਰਦਰਸ਼ਨਕਾਰੀਆਂ ਨੇ ਕਾਹਿਰਾ ਦੇ ਮਾਲ ਅਤੇ ਵੱਡੇ ਬਾਜ਼ਾਰਾਂ 'ਚ ਰੱਜ ਕੇ ਲੁੱਟ-ਖੋਹ ਕੀਤੀ। ਲੁਟੇਰਿਆਂ ਨੇ ਕਰਫਿਊ ਦੀ ਉਲੰਘਣਾ ਕਰਦਿਆਂ ਵੱਡੀ ਗਿਣਤੀ 'ਚ ਤਾਇਨਾਤ ਸੁਰੱਖਿਆ ਕਰਮੀਆਂ ਨੂੰ ਟਿੱਚ ਜਾਣਦਿਆਂ ਵੱਡੇ ਮਾਲਾਂ ਤੇ ਬਾਜ਼ਾਰਾਂ 'ਚੋਂ ਟੀ. ਵੀ. ਸੈਟ, ਫਰਨੀਚਰ, ਇਲੈਕਟ੍ਰਾਨਿਕਸ ਦਾ ਸਾਮਾਨ ਅਤੇ ਕੱਪੜਿਆਂ ਦੀ ਲੁੱਟ ਕੀਤੀ। ਇਸ ਤੋਂ ਇਲਾਵਾ ਕਈ ਹਥਿਆਰਬੰਦ ਬੰਦਿਆਂ ਦੇ ਗਰੋਹਾਂ ਨੇ ਜੇਲ੍ਹਾਂ 'ਚ ਬੰਦ ਕੈਦੀ ਛੁਡਵਾ ਲਏ।

ਆਪਣੀ 30 ਸਾਲਾਂ ਦੀ ਹਕੂਮਤ ਵਿਚ ਪਹਿਲੀ ਵਾਰ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੇ ਮੁਬਾਰਕ ਨੇ ਮੰਤਰੀ ਮੰਡਲ 'ਚ ਫੇਰਬਦਲ ਵੀ ਕੀਤਾ ਅਤੇ ਗ੍ਰਹਿ ਮੰਤਰੀ ਨੂੰ ਹਟਾ ਦਿੱਤਾ। ਇਹੀ ਨਹੀਂ ਵਿਰੋਧੀਆਂ ਨੂੰ ਸ਼ਾਂਤ ਕਰਨ ਲਈ ਮੁਰਾਦ ਮੁਵਾਫੀ ਨੂੰ ਨਵਾਂ ਖੁਫੀਆ ਮੁਖੀ ਲਗਾ ਦਿੱਤਾ। ਚੇਤੇ ਰਹੇ ਕਿ ਰਾਸ਼ਟਰਪਤੀ ਨੇ ਸੱਤਾ ਛੱਡਣ ਤੋਂ ਇਨਕਾਰ ਕਰਦਿਆਂ ਕੈਬਨਿਟ ਭੰਗ ਕਰ ਦਿੱਤੀ ਸੀ ਅਤੇ ਨਾਲ ਹੀ ਵਾਅਦਾ ਕੀਤਾ ਸੀ ਕਿ ਉਹ ਛੇਤੀ ਦੇਸ਼ ਵਿਚ ਆਰਥਿਕ ਸੁਧਾਰ ਕਰਨ ਲਈ ਕਦਮ ਚੁੱਕਣਗੇ।

ਟਿਊਨਿਸ਼ੀਆ ਤੋਂ ਬਾਅਦ ਮਿਸਰ ਦੂਜਾ ਅਰਬ ਮੁਲਕ ਹੈ ਜਿਥੋਂ ਦੇ ਰਾਸ਼ਟਰਪਤੀ ਨੂੰ ਦੇਸ਼-ਵਿਆਪੀ ਮੁਜ਼ਾਹਰਿਆਂ ਤੇ ਜਲਸੇ-ਜਲੂਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਬਦਲਾਅ ਜ਼ਰੂਰ ਆਵੇਗਾ: ਅਲਬਰਦਈ**

ਵਿਰੋਧ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੇ ਨੋਬੇਲ ਪੁਰਸਕਾਰ ਜੇਤੂ ਅਤੇ ਕੌਮਾਂਤਰੀ ਐਟਮੀ ਊਰਜਾ ਏਜੰਸੀ ਦੇ ਸਾਬਕਾ ਮੁਖੀ ਮੁਹੰਮਦ ਅਲਬਰਦਈ ਪ੍ਰਦਰਸ਼ਨਕਾਰੀਆਂ ਨੂੰ ਲਗਾਤਾਰ ਮਿਲ ਰਹੇ ਹਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੇ ਪ੍ਰਦਰਸ਼ਨਾਂ ਨਾਲ ਦੇਸ਼ ਵਿਚ ਬਦਲਾਅ ਜ਼ਰੂਰ ਆਵੇਗਾ। ਤਹਿਰੀਰ ਚੌਕ 'ਚ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਅਲਬਰਦਈ ਨੇ ਕਿਹਾ, "ਅਸੀਂ ਅੱਜ ਜਿਹੜੀ ਸ਼ੁਰੂਆਤ ਕੀਤੀ ਹੈ, ਉਸ ਤੋਂ ਪਿੱਛੇ ਨਹੀਂ ਹਟਾਂਗੇ।"

**ਓਬਾਮਾ ਵੱਲੋਂ ਕਈ ਆਗੂਆਂ ਨਾਲ ਗੱਲਬਾਤ**

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਤੁਰਕੀ, ਇਜ਼ਰਾਈਲ, ਸਾਊਦੀ ਅਰਬ ਅਤੇ ਬਰਤਾਨੀਆ ਦੇ ਨੇਤਾਵਾਂ ਨਾਲ ਮਿਸਰ ਵਿਚ ਹੋ ਰਹੀ ਉਥਲ-ਪੁਥਲ ਬਾਬਤ ਗੱਲ ਕੀਤੀ। ਉਨ੍ਹਾਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ, ਤੁਰਕੀ ਦੇ ਪ੍ਰਧਾਨ ਮੰਤਰੀ ਰੇਸੇਪ ਤਈਪ ਐਡੋਰਗਨ, ਇਸਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਿਨਯਾਹੂ ਅਤੇ ਸਾਊਦੀ ਅਰਬ ਦੇ ਬਾਦਸ਼ਾਹ ਅਬਦੁੱਲਾ ਨਾਲ ਗੱਲਬਾਤ ਕੀਤੀ।

## ਭਾਰਤੀ ਵਤਨ ਪਰਤੇ

**ਨਵੀਂ ਦਿੱਲੀ:** ਮਿਸਰ 'ਚ ਰਾਸ਼ਟਰਪਤੀ ਹੋਸਨੀ ਮੁਬਾਰਕ ਦੇ ਖ਼ਿਲਾਫ਼ ਜਾਰੀ ਹਿੰਸਾ ਦਰਮਿਆਨ ਭਾਰਤੀ ਨਾਗਰਿਕ ਏਅਰ ਇੰਡੀਆ ਦੇ ਵਿਸ਼ੇਸ਼ ਜਹਾਜ਼ ਰਾਹੀਂ ਭਾਰਤ ਪਰਤ ਆਏ।

ਏਅਰ ਇੰਡੀਆ ਦੇ ਮੈਨੇਜਰ ਅਭੈ ਪਾਠਕ ਨੇ ਦੱਸਿਆ ਕਿ ਮਿਸਰ ਦੀ ਰਾਜਧਾਨੀ ਕਾਹਿਰਾ ਤੋਂ ਭਾਰਤੀ ਮੁਸਾਫ਼ਿਰਾਂ ਨੂੰ ਲੈ ਕੇ ਬੋਇੰਗ 747 ਜਹਾਜ਼ ਮੁੰਬਈ ਹਵਾਈ ਅੱਡੇ 'ਤੇ ਉਤਰਿਆ। ਉਨ੍ਹਾਂ ਕਿਹਾ ਕਿ ਜੇ ਜ਼ਰੂਰਤ ਪਈ ਤਾਂ ਮਿਸਰ 'ਚ ਫਸੇ ਭਾਰਤੀਆਂ ਨੂੰ ਵਤਨ ਵਾਪਸ ਲਿਆਉਣ ਲਈ ਹੋਰ ਜਹਾਜ਼ ਵੀ ਕਾਹਿਰਾ ਭੇਜੇ ਜਾਣਗੇ।

**ਭਾਰਤ ਦਾ ਰਵੱਈਆ:** ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਹੈ ਕਿ ਭਾਰਤ ਮਿਸਰ ਦੇ ਹਾਲਾਤ ਨੂੰ ਨੇੜਿਓਂ ਵਾਚ ਰਿਹਾ ਹੈ। ਭਾਰਤ ਸਰਕਾਰ ਦਾ ਵਿਚਾਰ ਹੈ ਕਿ ਮਿਸਰ ਵਿਚ ਹੋ ਰਹੀਆਂ ਘਟਨਾਵਾਂ ਉਸ ਦੇਸ਼ ਦਾ ਅੰਦਰੂਨੀ ਮਾਮਲਾ ਹੈ। ਭਾਰਤ ਦੇ ਸਬੰਧ ਮਿਸਰ ਸਰਕਾਰ ਨਾਲ ਬੜੇ ਵਧੀਆ ਰਹੇ ਹਨ। ਇਸ ਲਈ ਉਸ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇਣ ਦਾ ਕੋਈ ਮਤਲਬ ਨਹੀਂ ਬਣਦਾ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਮਿਸਰ ਵਿਚ ਫਸੇ ਭਾਰਤੀਆਂ ਦੀ ਹਰ ਹੀਲੇ ਇਮਦਾਦ ਕਰਨ ਲਈ ਵਚਨਬੱਧ ਹੈ। ਭਾਰਤੀਆਂ ਨੂੰ ਇੱਧਰ ਲਿਆਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਸਬੰਧੀ ਵਿਚ ਮਿਸਰ ਵਿਚ ਭਾਰਤ ਦੇ ਰਾਜਦੂਤ ਨਾਲ ਵੀ ਲਗਾਤਾਰ ਸੰਪਰਕ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਿਸਰ ਵਿਚ ਤਕਰੀਬਨ 3200 ਭਾਰਤੀ ਹਨ। ਇਨ੍ਹਾਂ ਵਿਚ ਦੋ ਹਜ਼ਾਰ ਦੇ ਲਗਪਗ ਮਿਸਰ ਦੀ ਰਾਜਧਾਨੀ ਕਾਹਿਰਾ ਵਿਚ ਹਨ ਅਤੇ ਇਹ ਸਾਰੇ ਸੁਰੱਖਿਅਤ ਹਨ।

**ਸਪੀਕਰ ਦਾ ਦੌਰਾ ਮੁਲਤਵੀ:** ਭਾਰਤ ਦੀ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਮਿਸਰ ਦੌਰਾ ਮੁਲਤਵੀ ਕਰ ਦਿੱਤਾ ਹੈ। ਉਨ੍ਹਾਂ ਮਿਸਰ ਜਾਣ ਵਾਲੇ ਸਰਬ ਪਾਰਟੀ ਵਫ਼ਦ ਦੀ ਅਗਵਾਈ ਕਰਨੀ ਸੀ। ਸਰਕਾਰੀ ਸੂਤਰਾਂ ਅਨੁਸਾਰ ਸ੍ਰੀਮਤੀ ਮੀਰਾ ਕੁਮਾਰ ਦੀ ਅਗਵਾਈ ਵਿਚ ਵਫ਼ਦ ਨੇ ਸ਼ੁੱਕਰਵਾਰ 29 ਜਨਵਰੀ ਦੀ ਰਾਤ ਨੂੰ ਕਾਹਿਰਾ ਲਈ ਰਵਾਨਾ ਹੋਣਾ ਸੀ ਪਰ ਮਿਸਰ ਵਿਚ ਉਥਲ-ਪੁਥਲ ਤੋਂ ਬਾਅਦ ਇਹ ਫੈਸਲਾ ਕੀਤਾ ਹੈ।

# ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀਆਂ ਨੂੰ ਅਤਿਵਾਦ ਖ਼ਿਲਾਫ਼ ਡਟਣ ਦਾ ਸੱਦਾ

**ਨਵੀਂ ਦਿੱਲੀ:** ਸੱਜੇ ਪੱਖੀ ਸੰਗਠਨਾਂ ਦੇ ਨਾਂ ਲੈਣ ਤੋਂ ਪੂਰੀ ਤਰ੍ਹਾਂ ਸੰਜਮ ਵਰਤਦਿਆਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਧਾਰਮਿਕ ਮੂਲਵਾਦ ਤੇ ਅਤਿਵਾਦ ਖ਼ਿਲਾਫ਼ ਸਖ਼ਤੀ ਵਰਤਣ ਦਾ ਸੱਦਾ ਦਿੱਤਾ ਹੈ। ਪਹਿਲੀ ਫਰਵਰੀ ਨੂੰ ਹੋਈ ਅੰਦਰੂਨੀ ਸੁਰੱਖਿਆ ਬਾਰੇ ਮੁੱਖ ਮੰਤਰੀਆਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਉਨ੍ਹਾਂ ਸੱਜੇਪੱਖੀ ਧੜਿਆਂ ਦਾ ਸਿੱਧਾ ਹਵਾਲਾ ਦੇਣੋਂ ਪ੍ਰਹੇਜ਼ ਕੀਤਾ ਜੋ ਮਾਲੇਗਾਓਂ, ਸਮਝੌਤਾ ਐਕਸਪ੍ਰੈਸ, ਮੱਕਾ ਮਸਜਿਦ ਤੇ ਅਜਮੇਰ ਧਮਾਕਿਆਂ ਜਿਹੇ ਮਾਮਲਿਆਂ 'ਚ ਸ਼ਮੂਲੀਅਤ ਕਾਰਨ ਕੇਂਦਰੀ ਜਾਂਚ ਏਜੰਸੀਆਂ ਦੀ ਨਿਗ੍ਹਾ ਹੇਠ ਹਨ। ਪ੍ਰਧਾਨ ਮੰਤਰੀ ਨੇ ਆਪਣੇ ਉਦਘਾਟਨੀ ਭਾਸ਼ਨ 'ਚ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਗੱਲੋਂ ਬੇਹੱਦ ਸਚੇਤ ਹੋਣ ਦੀ ਲੋੜ ਹੈ ਕਿ ਗਰਮਖਿਆਲੀ ਖੱਬੇਪੱਖੀ ਧਿਰਾਂ, ਸਰਹੱਦ ਪਾਰਲੀ ਦਹਿਸ਼ਤਗਰਦੀ, ਧਾਰਮਿਕ ਮੂਲਵਾਦ ਤੇ ਨਸਲੀ ਹਿੰਸਾ ਜਿਹੇ ਵੱਖ-ਵੱਖ ਗੰਭੀਰ ਖ਼ਤਰੇ ਤੇ ਚੁਣੌਤੀਆਂ ਹਾਲੇ ਵੀ ਮੌਜੂਦ ਹਨ।

ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ 26/11 ਦੇ ਮੁੰਬਈ ਹਮਲਿਆਂ ਮਗਰੋਂ ਕਾਇਮ ਕੀਤੀ ਗਈ ਕੌਮੀ ਜਾਂਚ ਏਜੰਸੀ ਨਵੇਂ ਦਹਿਸ਼ਤਗਰਦੀ ਸੰਗਠਨਾਂ ਦੀਆਂ ਸਰਗਰਮੀਆਂ ਦੀ ਥਾਹ ਪਾਉਣ ਤੇ ਸੀਮਾ ਪਾਰੋਂ ਚਲਾਏ ਜਾਂਦੇ ਨਕਲੀ ਕਰੰਸੀ ਦੇ ਨੈਟਵਰਕ ਨੂੰ ਫੜਨ 'ਚ ਸਫਲ ਹੋ ਰਹੀ ਹੈ। ਪ੍ਰਧਾਨ ਮੰਤਰੀ ਨੇ ਅੰਦਰੂਨੀ ਸੁਰੱਖਿਆ ਦੀ ਬਿਹਤਰ ਹਾਲਤ ਲਈ ਗ੍ਰਹਿ ਮੰਤਰੀ ਦੀ ਬੇਬਾਕੀ ਨਾਲ ਸ਼ਲਾਘਾ ਕੀਤੀ। ਉਨ੍ਹਾਂ ਨੇ ਕੇਂਦਰੀ ਏਜੰਸੀਆਂ ਤੇ ਰਾਜਾਂ ਦੀ ਪੁਲੀਸ ਵਿਚਾਲੇ ਵਿਆਪਕ ਤਾਲਮੇਲ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਦੇਸ਼ 'ਚ ਬਹੁਤ ਤਰ੍ਹਾਂ ਦੇ ਅਨਸਰ ਕੰਮ ਕਰ ਰਹੇ ਹਨ ਤੇ ਨਵੇਂ ਸੰਗਠਨ ਸਿਰ ਚੁੱਕ ਰਹੇ ਹਨ ਜੋ ਪਿਛਲੇ ਕੁਝ ਸਾਲਾਂ ਦੌਰਾਨ ਹੋਏ ਕੁਝ ਅਤਿਵਾਦੀ ਹਮਲਿਆਂ ਪਿੱਛੇ ਜ਼ਿੰਮੇਵਾਰ ਵੀ ਸਮਝੇ ਜਾ ਰਹੇ ਹਨ। ਸ੍ਰੀ ਚਿਦੰਬਰਮ ਨੇ ਕਿਹਾ ਕਿ ਇਨ੍ਹਾਂ ਸੰਗਠਨਾਂ ਦੇ ਮਨਸੂਬੇ ਜ਼ਾਹਰ ਕਰਨ ਤੋਂ ਜਾਂ ਉਨ੍ਹਾਂ ਦੇ ਨਾਂ ਲੈਣੋਂ ਪ੍ਰਹੇਜ਼ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਭਾਵੇਂ ਕੋਈ ਧਰਮ ਹੋਵੇ ਪਰ ਉਹ ਉਨ੍ਹਾਂ ਸੰਗਠਨਾਂ ਦੀ ਨਿੰਦਾ ਕਰਨੋਂ ਕਦੇ ਨਹੀਂ ਝਿਜਕਣਗੇ ਜੋ ਦਹਿਸ਼ਤਗਰਦੀ ਨੂੰ ਆਪਣੇ ਸ਼ੱਕੀ ਧਾਰਮਿਕ ਮਨਸੂਬਿਆਂ ਤੇ ਮੂਲਵਾਦੀ ਟੀਚਿਆਂ ਲਈ ਵਰਤਦੇ ਹਨ। ਉਨ੍ਹਾਂ ਕਿਹਾ ਕਿ ਇਸ ਬਾਰੇ ਸਾਡੀ ਨੀਤੀ ਬਿਲਕੁਲ ਸਪਸ਼ਟ ਹੈ ਕਿ ਹਰੇਕ ਅਤਿਵਾਦੀ ਤੇ ਹਰੇਕ ਦਹਿਸ਼ਤੀ ਸੰਗਠਨ ਨੂੰ ਕਾਨੂੰਨ ਦੀ ਗ੍ਰਿਫ਼ਤ 'ਚ ਲਿਆ ਕੇ ਸਜ਼ਾ ਦਿੱਤੀ ਜਾਵੇ।




Guaranteed! Save $5,000
on Your Home Purchase Or I Will Pay You $1,000 Cash
CALL 1-888-450-6603, ID # 4008
For FREE list of homes go to www.FreeHotListings.net
Call:AMARDEEP SINGH Realtor/Loan Broker Ph:(916) 712-2735l, Fax:(916) 679-5986 (DRE # 01357217)

**Antelope $139,000**



**$4865 Down! $782 Payment**
Quite street. Bright living & family room. Perfect home.Unique. Shaded backyard. Cozy fireplace. Patio.
**FREE INFO:1-888-450-6603**
ID#4201

**Sacramento $165,000**



**$5600 Down. $837 Payment**
Big family house. One Bed and Bath downstairs. Formal Dining. 3 Car Garage. Safe neighborhood.
**FREE INFO: 1-888-450-6603**
ID # 4204

**Sacramento $229,000**



**$8015 Down $1,198 PMT**
Anatolia Beauty. New community. Good Schools. Walking distance to park.
**FREE INFO: 1-888-450-6603**
ID # 4222

**Sacramento $99,000**



**$3,465 Down $647 Payment**
Great Location. 3 Beds. Separate Dining and Family Room. Family house. Private backyard.
**FREE INFO: 1-888-450-660**
ID # 4224

**Antelope $148,000**



**$5,180 Down $774 Payment**
Beautiful 3 bedroom. Cozy fire. Lovely home. Excellent School. Payment less than rent.
**FREE INFO: 1-888-450-6603**
ID # 4212

**Elk Grove $270000**



**$9450 Down $1329 Payment**
Walking distance to school, park and shopping plazas. Lovely home. Clean. Private Yard.
**FREE INFO: 1-888-450-6603**
ID # 4226

**Sacramento $128,000**



**$4,480 Down $613 Payment**
Eat in Kitchen, family house, clean, private backyard. Quite neighborhood. Bright rooms
**FREE INFO: 1-888-450-6603**
ID # 4217

**Elk Grove $230000**



**$7350 Down $1,089PMT**
Lovely home. Beautiful 4 bedroom. Great schools. Private yard. Perfect for family.
**FREE INFO: 1-888-450-6603**
ID #4221

**Elk Grove $238000**



**$8,830 Down $1,245 Payment**
Quite Street. Great neighborhood. Perfect. Cozy Fireplace. Open Lay Out. Den. Bright rooms
**FREE INFO: 1-888-450-6603**
ID # 4228

**Sacramento $22,0000**



**$7700 Down $1152 Payment**
Peaceful. Family home. Lovely. 2005 Built. Shaded huge backyard. Newer Area.Spacious.
**FREE INFO: 1-888-450-6603**
ID #4229

**For Short Sale I received over $4,500**




**FREE** cash back money when we did our short sale. Both my first, second loans, utility bills and property taxes were forgiven by the lenders. I got enough time to relocate to next home. Amardeep had his whole team negotiated with the lenders and protected our rights. Thanks for saving my credit and being foreclosed… Mike and family

# ਯੂ.ਪੀ.ਏ. ਸਰਕਾਰ ਕਾਲੇ ਧਨ ਦੇ ਮਾਮਲੇ 'ਤੇ ਕਸੂਤੀ ਫਸੀ




ਚਾਹੁੰਦੇ ਹਾਂ ਕਿ ਵਿਦੇਸ਼ਾਂ ਵਿਚ ਕਾਲਾ ਧਨ ਜਮ੍ਹਾਂ ਕਰਾਉਣ ਵਾਲੇ ਲੋਕਾਂ ਜਾਂ ਫਰਮਾਂ ਖ਼ਿਲਾਫ਼ ਕੀ ਕਾਰਵਾਈ ਕੀਤੀ। ਇਸ ਧਨ ਦਾ ਸਰੋਤ ਕੀ ਹੈ।

ਬੈਂਚ ਨੇ ਕਿਹਾ ਕਿ ਦੇਸ਼ ਵਿਚ ਇਹ ਉਹ ਲੋਕ ਹਨ ਜੋ ਕਾਨੂੰਨ ਪ੍ਰਤੀ ਜਵਾਬਦੇਹ ਹਨ। ਜਦੋਂ ਸਰਕਾਰ ਨੂੰ ਇਹ ਪਤਾ ਲੱਗਿਆ ਕਿ ਉਨ੍ਹਾਂ ਨੇ ਵਿਦੇਸ਼ੀ ਬੈਂਕਾਂ ਵਿਚ ਕਾਲਾ ਧਨ ਜਮ੍ਹਾਂ ਕਰਵਾਇਆ ਹੈ ਤਾਂ ਉਨ੍ਹਾਂ ਖ਼ਿਲਾਫ਼ ਕੀ ਕਦਮ ਚੁੱਕੇ? ਅਦਾਲਤ ਨੇ ਕਿਹਾ ਕਿ ਇਹ ਬੜਾ ਗੰਭੀਰ ਮਾਮਲਾ ਹੈ। ਸਰਕਾਰ ਕਾਲਾ ਧਨ ਵਿਦੇਸ਼ਾਂ ਵਿਚ ਰੱਖਣ ਵਾਲਿਆਂ ਦੇ ਨਾਂ ਜਾਣਦੀ ਹੈ। ਸਰਕਾਰ ਜਾਣਦੀ ਹੈ ਕਿ ਪੈਸਾ ਕਿੱਥੇ ਰੱਖਿਆ ਹੋਇਆ ਹੈ। ਇਸ ਦੇ ਬਾਵਜੂਦ ਸਿਰਫ਼ ਕਰ ਚੋਰੀ ਬਾਰੇ ਗੱਲ ਹੋ ਰਹੀ ਹੈ।

ਅਦਾਲਤ ਨੇ ਇਹ ਗੱਲ ਉਦੋਂ ਕਹੀ ਜਦੋਂ ਸਾਲਿਸਟਰ ਜਨਰਲ ਗੋਪਾਲ ਸੁਬਰਾਮਨੀਅਮ ਨੇ ਹਲਫ਼ਨਾਮਾ ਦਾਇਰ ਕੀਤਾ ਕਿ ਸਰਕਾਰ ਕਰ ਚੋਰੀ ਬਾਰੇ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਕਰ ਚੋਰੀ ਇਸ ਮਾਮਲੇ ਦਾ ਇਕ ਪਹਿਲੂ ਹੈ ਤੇ ਗੰਭੀਰ ਮਾਮਲਾ ਤਾਂ ਕਾਲੇ ਧਨ ਦਾ ਹੈ। ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਉਹ ਕੌਮਾਂਤਰੀ ਸਮਝੌਤੇ ਤਹਿਤ ਕਾਰਵਾਈ ਕਰ ਰਹੀ ਹੈ। ਕਈ ਏਜੰਸੀਆਂ ਇਸ ਮਾਮਲੇ ਦੀ ਘੋਖ ਵਿਚ ਜੁਟੀਆਂ ਹੋਈਆਂ ਹਨ। ਪਟੀਸ਼ਨਰ ਰਾਮ ਜੇਠਮਲਾਨੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਨਿਲ ਦੀਵਾਨ ਨੇ ਦੋਸ਼ ਲਾਇਆ ਕਿ ਸਰਕਾਰ ਇਸ ਮਾਮਲੇ ਪ੍ਰਤੀ ਗੰਭੀਰ ਨਹੀਂ ਹੈ। ਪੁਣੇ ਦਾ ਕਾਰੋਬਾਰੀ ਹਸਨ ਅਲੀ, ਜੋ ਜਾਅਲੀ ਬੈਂਕ ਖ਼ਾਤਿਆਂ ਦੇ ਮਾਮਲੇ ਦੀ ਜਾਂਚ ਦਾ ਸਾਹਮਣਾ ਕਰ ਰਿਹਾ ਹੈ, ਮੁਲਕ ਵਿਚੋਂ ਫਰਾਰ ਹੋ ਚੁੱਕਿਆ ਹੈ। ਇਸ ਮਗਰੋਂ ਅਦਾਲਤ ਨੇ ਸਰਕਾਰ ਨੂੰ ਕਿਹਾ ਕਿ ਉਹ ਪਤਾ ਲਗਾਏ ਕਿ ਅਲੀ ਕਿਸ ਮੁਲਕ ਵਿਚ ਹੈ।

### ਨਾਂ ਨਸ਼ਰ ਕਰਨਾ ਸੁਪਰੀਮ ਕੋਰਟ 'ਤੇ ਨਿਰਭਰ: ਮੋਇਲੀ

ਉਧਰ ਕੇਂਦਰੀ ਕਾਨੂੰਨ ਮੰਤਰੀ ਐਮ. ਵੀਰੱਪਾ ਮੋਇਲੀ ਨੇ ਕਿਹਾ ਹੈ ਕਿ ਵਿਦੇਸ਼ਾਂ ਵਿਚ ਪਏ ਕਾਲੇ ਧਨ ਦੇ ਮੁੱਦੇ 'ਤੇ ਕੌਮੀ ਪ੍ਰਗਤੀਸ਼ੀਲ ਗਠਜੋੜ ਦੀ ਸਰਕਾਰ ਕੋਲ ਛੁਪਾਉਣ ਲਈ ਕੁਝ ਵੀ ਨਹੀਂ ਹੈ। ਵਿਦੇਸ਼ਾਂ ਵਿਚ ਪਏ ਕਾਲੇ ਧਨ ਨਾਲ ਸਬੰਧਿਤ ਲੋਕਾਂ ਦੇ ਨਾਂ ਸੁਪਰੀਮ ਕੋਰਟ ਨੂੰ ਸੀਲਬੰਦ ਲਿਫਾਫੇ ਵਿਚ ਸੌਂਪੇ ਜਾ ਚੁੱਕੇ ਹਨ ਤੇ ਹੁਣ ਨਾਂ ਨਸ਼ਰ ਕਰਨਾ ਸੁਪਰੀਮ ਕੋਰਟ 'ਤੇ ਨਿਰਭਰ ਕਰਦਾ ਹੈ। ਇਸ ਮਾਮਲੇ 'ਤੇ ਵਿਰੋਧੀ ਧਿਰ ਭਾਜਪਾ ਵੱਲੋਂ ਕੀਤੇ ਜਾ ਰਹੇ ਹਮਲਿਆਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕਰਨਾਟਕ ਵਿਚ ਸੱਤਾਧਾਰੀ ਭਾਜਪਾ ਨੇ ਭ੍ਰਿਸ਼ਟਾਚਾਰ ਦਾ ਰਿਕਾਰਡ ਕਾਇਮ ਕਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਕਰਨਾਟਕਾ ਵਿਚ ਚਰਚਾਂ 'ਤੇ ਹਮਲਿਆਂ ਦੀ ਜਾਂਚ ਲਈ ਸੀ.ਬੀ.ਆਈ. ਨੂੰ ਹੁਕਮ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਾਲੇ ਧਨ ਨੂੰ ਦੇਸ਼ ਵਿਚ ਵਾਪਸ ਲਿਆਉਣ ਬਾਰੇ ਕਿਹਾ ਕਿ ਇਸ ਮਾਮਲੇ ਵਿਚ ਸੰਧੀ ਤੋਂ ਇਲਾਵਾ ਸਰਕਾਰ ਨੇ ਪਹਿਲਾਂ ਹੀ ਕਈ ਕਦਮ ਚੁੱਕੇ ਹਨ। ਸੰਧੀ ਦੇ ਨਿਯਮ ਅਨੁਸਾਰ ਦੂਜੇ ਦੇਸ਼ਾਂ ਵਿਚ ਪਏ ਧਨ ਦੇ ਮਾਮਲੇ ਵਿਚ ਜਾਣਕਾਰੀ ਤਾਂ ਹੀ ਮੰਗੀ ਜਾ ਸਕਦੀ ਹੈ ਜੇ ਟੈਕਸ ਚੋਰੀ ਹੋਵੇ ਜਾਂ ਵਿਦੇਸ਼ੀ ਪੂੰਜੀ ਤਬਾਦਲਾ ਨਿਯਮਾਂ ਦੀ ਉਲੰਘਣਾ ਹੋਵੇ। ਭਾਜਪਾ ਦੇ ਹਮਲੇ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਨੇ ਕੌਮੀ ਜਮਹੂਰੀ ਗਠਜੋੜ ਦੀ ਆਪਣੀ ਸਰਕਾਰ ਮੌਕੇ ਕਾਲੇ ਧਨ ਨੂੰ ਦੇਸ਼ 'ਚ ਲਿਆਉਣ ਲਈ ਕਦਮ ਕਿਉਂ ਨਹੀਂ ਚੁੱਕੇ। ਹੁਣ ਉਹ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਵਿਰੁਧ ਕਿਉਂ ਹੋ-ਹੱਲਾ ਮਚਾ ਰਹੇ ਹਨ ਜਦੋਂ ਕਿ ਸਰਕਾਰ ਗੰਭੀਰ ਯਤਨ ਕਰ ਰਹੀ ਹੈ। ਕਰਨਾਟਕ ਵਿਚ ਕਮਿਸ਼ਨ ਵੱਲੋਂ ਆਪਣੀ ਜਾਂਚ ਦੌਰਾਨ ਕਿਸੇ ਜਥੇਬੰਦੀ ਦਾ ਨਾਂ ਨਸ਼ਰ ਨਾ ਕਰਨ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਇਹ ਮਾਮਲਾ ਸੀ.ਬੀ.ਆਈ. ਨੂੰ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ।

*2-ਜੀ ਸਪੈਕਟ੍ਰਮ ਵੰਡ ਵਿਚ ਵੱਡੀਆਂ ਖ਼ਾਮੀਆਂ*

# ਸਾਬਕਾ ਮੰਤਰੀ ਰਾਜਾ ਤੇ ਉਸ ਦੇ ਕਰੀਬੀ ਜ਼ਿੰਮੇਵਾਰ ਕਰਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸਾਲ 2001 ਤੋਂ 2009 ਤਕ 2-ਜੀ ਸਪੈਕਟ੍ਰਮ ਦੀ ਵੰਡ ਦੀ ਪ੍ਰਕਿਰਿਆ ਬਾਰੇ ਜਾਂਚ ਕਰਨ ਵਾਲੇ ਪੈਨਲ ਨੇ ਲਾਇਸੈਂਸ ਜਾਰੀ ਕਰਨ ਵਿਚ ਅਣਗਹਿਲੀ ਲਈ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਤੇ ਉਸ ਦੇ ਕੁਝ ਨੇੜਲੇ ਅਧਿਕਾਰੀਆਂ ਸਣੇ ਸੱਤਾਂ ਵਿਅਕਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਕੈਗ ਰਿਪੋਰਟ ਦੇ ਮੱਦੇਨਜ਼ਰ ਟੈਲੀਕਾਮ ਮੰਤਰੀ ਕਪਿਲ ਸਿੱਬਲ ਵੱਲੋਂ ਨਵੰਬਰ 2010 ਵਿਚ ਪ੍ਰਕਿਰਿਆ ਦੀ ਜਾਂਚ ਲਈ ਸੇਵਾਮੁਕਤ ਜਸਟਿਸ ਸ਼ਿਵਰਾਜ ਪਾਟਿਲ ਨੂੰ ਨਿਯੁਕਤ ਕੀਤਾ ਗਿਆ ਸੀ। ਜਸਟਿਸ ਪਾਟਿਲ ਨੇ 31 ਜਨਵਰੀ ਨੂੰ ਰਿਪੋਰਟ ਸੌਂਪ ਦਿੱਤੀ ਹੈ। ਰਿਪੋਰਟ ਜਮ੍ਹਾਂ ਕਰਵਾਉਣ ਮਗਰੋਂ ਉਨ੍ਹਾਂ ਨੇ ਖੁਲਾਸਾ ਕੀਤਾ ਕਿ ਅਣਗਹਿਲੀ ਵਰਤਣ ਵਾਲੇ ਅਧਿਕਾਰੀਆਂ ਦੀ ਸ਼ਨਾਖ਼ਤ ਕਰ ਲਈ ਗਈ ਹੈ। ਸੂਤਰਾਂ ਅਨੁਸਾਰ ਰਿਪੋਰਟ ਵਿਚ ਏ. ਰਾਜਾ ਸਮੇਤ ਤਤਕਾਲੀ ਟੈਲੀਕਾਮ ਸਕੱਤਰ ਸਿਧਾਰਥ ਬੇਹੁਰਾ ਤੇ ਉਸ ਦੇ ਸਾਥੀ ਆਰ. ਕੇ. ਚੰਦੋਲੀਆ ਉਤੇ ਅਣਗਹਿਲੀ ਵਰਤਣ ਦਾ ਦੋਸ਼ ਲਗਾਇਆ ਗਿਆ ਹੈ ਪਰ ਇਸ ਤੋਂ ਪਹਿਲੀ ਸਰਕਾਰ ਦੇ ਮੰਤਰੀਆਂ ਤੇ ਅਧਿਕਾਰੀਆਂ ਦੇ ਨਾਂ ਸ਼ਾਮਲ ਹੋਣ ਬਾਰੇ ਪਤਾ ਨਹੀਂ ਲੱਗ ਸਕਿਆ। ਜਸਟਿਸ ਪਾਟਿਲ ਨੇ ਕਿਹਾ ਕਿ ਉਹ ਕਿਸੇ ਵਿਸ਼ੇਸ਼ ਨਾਂ ਬਾਰੇ ਟਿੱਪਣੀ ਨਹੀਂ ਕਰਨਾ ਚਾਹੁੰਦੇ। ਉਨ੍ਹਾਂ ਕਿਹਾ ਕਿ ਮਾਮਲੇ ਦੇ ਅਪਰਾਧਕ ਪੱਖ ਬਾਰੇ ਜਾਂਚ ਸੀ. ਬੀ. ਆਈ. ਕਰ ਰਹੀ ਹੈ ਤੇ ਇਹ ਵੱਖਰਾ ਮਾਮਲਾ ਹੈ। ਉਨ੍ਹਾਂ ਦੀ ਰਿਪੋਰਟ ਸਾਲ 2001 ਤੇ 2009 ਦਰਮਿਆਨ ਲਾਇਸੈਂਸ ਜਾਰੀ ਕਰਨ ਤੇ ਸਪੈਕਟ੍ਰਮ ਵੰਡਣ ਲਈ ਟੈਲੀਕਾਮ ਵਿਭਾਗ ਵੱਲੋਂ ਅਪਨਾਈ ਪ੍ਰਕਿਰਿਆ ਨਾਲ ਸਬੰਧਤ ਹੈ। ਦੂਜੇ ਪਾਸੇ ਸ੍ਰੀ ਸਿੱਬਲ ਨੇ ਰਿਪੋਰਟ ਦੇ ਵੇਰਵੇ ਤਾਂ ਨਹੀਂ ਦਿੱਤੇ ਪਰ ਕਿਹਾ ਕਿ ਉਹ ਰਿਪੋਰਟ ਨੂੰ ਘੋਖਣਗੇ।

ਉਧਰ 2-ਜੀ ਸਪੈਕਟ੍ਰਮ ਘੁਟਾਲੇ ਵਿਚ ਜਾਂਚ ਅੱਗੇ ਵਧਾਉਂਦਿਆਂ ਸੀ.ਬੀ.ਆਈ. ਨੇ ਟੈਲੀਕਾਮ ਵਿਭਾਗ ਨੂੰ ਵਿੱਤੀ ਲੈਣ-ਦੇਣ ਤੇ ਵਿਭਾਗ, ਵੱਖ-ਵੱਖ ਬੈਂਕਾਂ ਤੇ 122 ਟੈਲੀਕਾਮ ਕੰਪਨੀਆਂ (ਜਿਨ੍ਹਾਂ ਨੂੰ ਸਾਲ 2008 ਵਿਚ ਲਾਇਸੈਂਸ ਜਾਰੀ ਕੀਤੇ ਗਏ) ਦਰਮਿਆਨ ਹੋਏ ਤਿੰਨ ਪੱਖੀ ਸਮਝੌਤਿਆਂ ਬਾਰੇ ਸਾਰੀ ਜਾਣਕਾਰੀ ਪਹਿਲ ਦੇ ਆਧਾਰ ਉਤੇ ਮੁਹੱਈਆ ਕਰਵਾਉਣ ਲਈ ਕਿਹਾ ਹੈ। ਚਿੱਠੀ ਵਿਚ ਸੀ.ਬੀ.ਆਈ. ਨੇ ਕਿਹਾ ਹੈ ਕਿ ਆਈਡੀਆ ਸੈਲੂਲਰ, ਸਪਾਈਸ ਟੈਲੀਕਾਮ ਤੇ ਸ਼ਿਆਮ ਟੈਲੀਲਿੰਕ ਬਾਰੇ ਦਸਤਾਵੇਜ਼ ਇਸ ਨੂੰ ਨਹੀਂ ਸੌਂਪੇ ਗਏ।

ਗੌਰਤਲਬ ਹੈ ਕਿ ਵਿਭਾਗ ਨੇ ਸਾਲ 2007-08 ਵਿਚ ਇਨ੍ਹਾਂ ਤਿੰਨਾਂ ਕੰਪਨੀਆਂ ਨੂੰ 2-ਜੀ ਲਾਇਸੈਂਸ ਜਾਰੀ ਕੀਤੇ ਸਨ। ਜਸਟਿਸ ਪਾਟਿਲ ਨੇ 6 ਹਫ਼ਤਿਆਂ ਦੀ ਜਾਂਚ ਪਿੱਛੋਂ 150 ਸਫ਼ਿਆਂ ਦੀ ਜਾਂਚ ਰਿਪੋਰਟ ਸੌਂਪਣ ਪਿੱਛੋਂ ਕਿਹਾ ਕਿ 2-ਜੀ ਸਪੈਕਟ੍ਰਮ ਅਲਾਟਮੈਂਟ ਤੇ ਲਾਇਸੈਂਸ ਜਾਰੀ ਕਰਦੇ ਸਮੇਂ ਪ੍ਰਕਿਰਿਆ ਵਿਚ ਕਿਥੇ ਗ਼ਲਤੀ ਹੋਈ, ਇਸ ਲਈ ਕੌਣ ਜ਼ਿੰਮੇਵਾਰ ਹੈ, ਉਸ ਦੀ ਉਨ੍ਹਾਂ ਨੇ ਸ਼ਨਾਖ਼ਤ ਕੀਤੀ ਹੈ। ਇਸ ਦੇ ਨਾਲ ਇਹ ਵੀ ਸੁਝਾਅ ਦਿੱਤਾ ਕਿ ਇਸ ਵਿਚ ਕਿੱਥੇ ਸੁਧਾਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 9 ਸਾਲਾਂ ਦੌਰਾਨ ਸਪੈਕਟ੍ਰਮ ਅਲਾਟਮੈਂਟ ਪ੍ਰਕਿਰਿਆ ਦੀ ਜਾਂਚ ਕੀਤੀ ਹੈ ਤੇ ਇਸ ਵਿਚ ਜਿਹੜੀਆਂ ਖ਼ਾਮੀਆਂ ਸਾਹਮਣੇ ਆਈਆਂ ਹਨ, ਉਨ੍ਹਾਂ ਨੂੰ ਸਰਕਾਰ ਦੇ ਸਾਹਮਣੇ ਰੱਖ ਦਿੱਤਾ ਹੈ। ਰਿਪੋਰਟ ਪ੍ਰਾਪਤ ਕਰਨ ਪਿੱਛੋਂ ਸ੍ਰੀ ਸਿੱਬਲ ਨੇ ਕਿਹਾ ਕਿ ਰਿਪੋਰਟ ਵਿਚ ਕੁਝ ਅਧਿਕਾਰੀਆਂ ਦੇ ਨਾਂ ਦਾ ਜ਼ਿਕਰ ਹੈ ਤੇ ਹੋਰ ਗੱਲਾਂ ਬਾਰੇ ਵੀ ਟਿੱਪਣੀਆਂ ਕੀਤੀਆਂ ਗਈਆਂ ਹਨ। ਭਵਿੱਖ ਵਿਚ ਕੀ ਸੁਧਾਰ ਕਰਨੇ ਚਾਹੀਦੇ ਹਨ, ਇਸ ਬਾਰੇ ਵੀ ਸੁਝਾਅ ਦਿੱਤੇ ਗਏ ਹਨ।

ਦੱਸਣਯੋਗ ਹੈ ਕਿ ਕੇਂਦਰ ਸਰਕਾਰ ਦੇ ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਨੇ 2-ਜੀ ਸਪੈਕਟ੍ਰਮ ਅਲਾਟਮੈਂਟ ਦੀਆਂ ਖ਼ਾਮੀਆਂ ਬਾਰੇ ਪੇਸ਼ ਕੀਤੀ ਆਪਣੀ ਰਿਪੋਰਟ ਵਿਚ ਸਰਕਾਰੀ ਖ਼ਜ਼ਾਨੇ ਨੂੰ 1.76 ਲੱਖ ਕਰੋੜ ਰੁਪਏ ਨੁਕਸਾਨ ਹੋਣ ਦਾ ਅਨੁਮਾਨ ਲਾਇਆ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੀ.ਬੀ.ਆਈ. ਜਿਹੜੀ ਇਸ ਸਪੈਕਟ੍ਰਮ ਘੁਟਾਲੇ ਵਿਚ ਜਾਂਚ-ਪੜਤਾਲ ਕਰ ਰਹੀ ਹੈ, ਵੱਲੋਂ ਉਨ੍ਹਾਂ (ਜਸਟਿਸ ਪਾਟਿਲ) ਨੂੰ ਪੇਸ਼ ਕੀਤੇ ਦਸਤਾਵੇਜ਼ ਬਹੁਤ ਹੀ ਅਸਪੱਸ਼ਟ ਸਨ। ਉਨ੍ਹਾਂ ਦੀਆਂ ਫੋਟੋ ਕਾਪੀਆਂ ਪੜ੍ਹੀਆਂ ਨਹੀਂ ਜਾ ਸਕਦੀਆਂ ਸਨ।

### ਸਰਕਾਰ ਵੱਲੋਂ ਸਪੈਕਟ੍ਰਮ ਨੀਤੀ 'ਚ ਵੱਡੇ ਫੇਰ-ਬਦਲ ਦਾ ਸੰਕੇਤ

ਪਵੇਗੀ ਤੇ ਇਵੇਂ ਉਨ੍ਹਾਂ ਦਾ ਕੰਮਕਾਰ ਵਿੱਤੀ ਤੌਰ 'ਤੇ ਲਾਹੇਵੰਦ ਨਹੀਂ ਰਹੇਗਾ।

ਭਾਰਤੀ, ਵੋਡਾਫੋਨ ਤੇ ਆਇਡੀਆ ਜਿਹੇ ਪੁਰਾਣੇ ਅਪਰੇਟਰਾਂ, ਜਿਨ੍ਹਾਂ ਕੋਲ 6.2 ਮੈਗਾਹਰਟਜ਼ ਤੋਂ ਜ਼ਿਆਦਾ ਸਪੈਕਟ੍ਰਮ ਹੈ, ਨੂੰ ਵਾਧੂ ਏਅਰਵੇਵਜ਼ ਲਈ ਮਾਰਕਿਟ ਅਨੁਸਾਰ ਕੀਮਤ ਅਦਾ ਕਰਨੀ ਪਵੇਗੀ।

ਸ੍ਰੀ ਸਿੱਬਲ ਨੇ ਆਖਿਆ ਕਿ ਇਹ ਤਬਦੀਲੀਆਂ ਫੌਰੀ ਤੌਰ 'ਤੇ ਲਾਗੂ ਕੀਤੀਆਂ ਜਾ ਰਹੀਆਂ ਹਨ। ਨਵੇਂ ਅਪਰੇਟਰਾਂ ਅਨੁਸਾਰ ਨਵੀਂ ਪ੍ਰਣਾਲੀ ਸਦਕਾ ਪੁਰਾਣੇ ਅਪਰੇਟਰਾਂ ਨੂੰ ਵੱਡਾ ਫਾਇਦਾ ਮਿਲਿਆ ਹੈ। ਉਨ੍ਹਾਂ ਨੂੰ 6.2 ਮੈਗਾਹਰਟਜ਼ ਦਾ ਸਪੈਕਟ੍ਰਮ ਰੱਖਣ ਦੀ ਆਗਿਆ ਦਿੱਤੀ ਗਈ ਹੈ, ਜਦਕਿ ਨਵੇਂ ਅਪਰੇਟਰਾਂ ਨੂੰ 1.8 ਮੈਗਾਹਰਟਜ਼ ਦੇ ਸਪੈਕਟ੍ਰਮ ਲਈ ਮਾਰਕਿਟ ਕੀਮਤ ਅਦਾ ਕਰਨੀ ਪਵੇਗੀ ਤੇ ਇਵੇਂ ਇਨ੍ਹਾਂ ਦੇ ਨੁਕਸਾਨ 'ਚ ਰਹਿਣ ਦੇ ਆਸਾਰ ਹਨ। ਨਵੇਂ ਅਪਰੇਟਰ ਨਵੇਂ ਗਾਹਕਾਂ ਨੂੰ ਖਿਚਣ ਲਈ ਜ਼ੋਰ-ਅਜ਼ਮਾਈ ਕਰ ਰਹੇ ਹਨ ਤੇ ਅਜਿਹੇ ਸਮੇਂ ਇਸ ਵਾਧੂ ਭਾਰ ਨਾਲ ਉਨ੍ਹਾਂ 'ਤੇ ਮਾਰ ਪਵੇਗੀ।

## ਸਰਕਾਰ ਜੇ.ਪੀ.ਸੀ. ਦੀ ਮੰਗ ਬਾਰੇ ਨਰਮ

ਨਵੀਂ ਦਿੱਲੀ: ਕੇਂਦਰ ਸਰਕਾਰ ਵੱਲੋਂ ਬਜਟ ਸੈਸ਼ਨ ਨੂੰ ਵਿਰੋਧੀ ਧਿਰ ਦੀ ਨਰਾਜ਼ਗੀ ਤੋਂ ਬਚਾਉਣ ਲਈ ਕੋਸ਼ਿਸ਼ਾਂ ਜਾਰੀ ਹਨ ਤੇ ਇਸ ਤਹਿਤ ਸਰਕਾਰ ਵਿਰੋਧੀ ਧਿਰ ਵੱਲੋਂ ਰੱਖੀ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਦੀ ਮੰਗ ਨੂੰ ਮੰਨ ਸਕਦੀ ਹੈ। ਇਸ ਬਾਰੇ ਅੱਠ ਫਰਵਰੀ ਨੂੰ ਵਿੱਤ ਮੰਤਰੀ ਪ੍ਰਣਬ ਮੁਖਰਜੀ ਵੱਲੋਂ ਸਰਬ ਪਾਰਟੀ ਮੀਟਿੰਗ ਸੱਦੀ ਜਾ ਰਹੀ ਹੈ।

ਦੱਸਣਯੋਗ ਹੈ ਕਿ 2-ਜੀ ਸਪੈਕਟ੍ਰਮ ਘਪਲੇ ਦੀ ਜਾਂਚ ਜੇ.ਪੀ.ਸੀ. ਤੋਂ ਕਰਾਉਣ ਦੀ ਮੰਗ 'ਤੇ ਅੜੀ ਵਿਰੋਧੀ ਧਿਰ ਨੇ ਸਰਦ ਰੁੱਤ ਸੈਸ਼ਨ ਨਹੀਂ ਸੀ ਚੱਲਣ ਦਿੱਤਾ। ਯੂ.ਪੀ.ਏ. ਦੇ ਇਕ ਸੀਨੀਅਰ ਆਗੂ ਨੇ ਦੱਸਿਆ "ਜੇਕਰ ਵਿਰੋਧੀ ਧਿਰ ਨੇ ਬਜਟ ਸੈਸ਼ਨ ਨਾ ਚੱਲਣ ਦਿੱਤਾ ਤਾਂ ਹੋ ਸਕਦਾ ਹੈ ਕਿ ਸਰਕਾਰ ਜੇ.ਪੀ.ਸੀ. ਬਣਾਉਣ ਦੀ ਮੰਗ ਮੰਨ ਲਏ।" ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਆਖ ਚੁੱਕੇ ਹਨ ਕਿ ਉਹ ਸੰਸਦੀ ਕਾਰਵਾਈ ਚਲਾਉਣ ਲਈ ਹਰ ਮੁੱਦਾ ਵਿਚਾਰ ਸਕਦੇ ਹਨ। ਸ੍ਰੀ ਮੁਖਰਜੀ ਵੱਲੋਂ ਕੀਤੀ ਜਾ ਰਹੀ ਮੀਟਿੰਗ ਵਿਚ ਵਿਰੋਧੀ ਧਿਰਾਂ ਨੂੰ ਭਰੋਸੇ ਵਿਚ ਲਿਆ ਜਾਵੇਗਾ ਤਾਂ ਜੋ ਸੰਸਦੀ ਕਾਰਵਾਈ ਨਿਰਵਿਘਨ ਚਲਾਈ ਜਾ ਸਕੇ। ਇਸ ਵਾਸਤੇ ਜੇ.ਪੀ.ਸੀ. ਦੀ ਮੰਗ ਵੀ ਮੰਨੇ ਜਾਣ ਦੀ ਆਸ ਹੈ।

ਰਾਸ਼ਟਰਪਤੀ ਪ੍ਰਤਿਭਾ ਪਾਟਿਲ ਵੱਲੋਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਦਿੱਤੇ ਭਾਸ਼ਣ ਵਿਚ ਕਿਹਾ ਸੀ ਕਿ ਸੰਸਦ ਦੀ ਕਾਰਵਾਈ ਸ਼ਾਂਤੀ ਨਾਲ ਚਲਾਉਣ ਦੀ ਜ਼ਿੰਮੇਵਾਰੀ ਦੋਵਾਂ ਧਿਰਾਂ ਦੀ ਹੈ। ਇਸ ਤੋਂ ਸੰਕੇਤ ਮਿਲਦੇ ਹਨ ਕਿ ਜੇ.ਪੀ.ਸੀ. ਦੀ ਮੰਗ ਮੰਨੀ ਜਾ ਸਕਦੀ ਹੈ। ਸੰਸਦ ਦਾ ਤਿੰਨ ਮਹੀਨਿਆਂ ਵਾਲਾ ਬਜਟ ਸੈਸ਼ਨ ਅਪਰੈਲ ਦੇ ਅਖੀਰ ਤਕ ਚੱਲੇਗਾ।

**Punjab Times**

**Established in 2000**
**11th Year in Publication**

Published every Saturday by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

**ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
**ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।**

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਹਾਈ ਕੋਰਟ ਵੱਲੋਂ ਉਪਲ ਤੇ ਵਿਰਕ ਦੀਆਂ ਪਟੀਸ਼ਨਾਂ 'ਤੇ ਪੰਜਾਬ ਸਰਕਾਰ ਨੂੰ ਨੋਟਿਸ


**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲੀਸ ਦੇ ਇੰਸਪੈਕਟਰ ਜਨਰਲ ਬਰਜਿੰਦਰ ਕੁਮਾਰ ਉੱਪਲ ਤੇ ਸੇਵਾਮੁਕਤ ਆਈ.ਪੀ.ਐਸ. ਅਧਿਕਾਰੀ ਸੁਰਿੰਦਰਪਾਲ ਸਿੰਘ ਵਿਰਕ ਵੱਲੋਂ ਦਾਇਰ ਪਟੀਸ਼ਨਾਂ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਇਸ ਮਾਮਲੇ 'ਤੇ 28 ਜਨਵਰੀ ਨੂੰ ਜਸਟਿਸ ਰਾਜਨ ਗੁਪਤਾ ਦੀ ਅਦਾਲਤ ਵਿਚ ਸਰਕਾਰ ਤੇ ਪਟੀਸ਼ਨਰ ਦੇ ਵਕੀਲਾਂ ਵੱਲੋਂ ਦਿੱਤੀਆਂ ਦਲੀਲਾਂ ਤੋਂ ਬਾਅਦ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ। ਜਸਟਿਸ ਗੁਪਤਾ ਨੇ 31 ਜਨਵਰੀ ਨੂੰ ਫੈਸਲਾ ਸੁਣਾਉਂਦਿਆਂ ਇਸ ਮਾਮਲੇ ਦੀ ਅਗਲੀ ਸੁਣਵਾਈ 9 ਮਾਰਚ ਨੂੰ ਤੈਅ ਕੀਤੀ ਹੈ ਤੇ ਕਿਹਾ ਹੈ ਕਿ ਮੁਹਾਲੀ ਦੀ ਅਦਾਲਤ ਵੱਲੋਂ ਉਕਤ ਦੋਵਾਂ ਵਿਅਕਤੀਆਂ ਵਿਰੁੱਧ ਜੋ ਫੈਸਲਾ ਸੁਣਾਇਆ ਗਿਆ ਹੈ ਉਸ 'ਤੇ ਰੋਕ ਲਾਉਣ ਦੇ ਮੁੱਦੇ 'ਤੇ ਬਹਿਸ ਹੋਵੇਗੀ।

ਉੱਪਲ ਤੇ ਵਿਰਕ ਨੇ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਪਹਿਲੀ ਅਕਤੂਬਰ 2010 ਨੂੰ ਸੁਣਾਏ ਫੈਸਲੇ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਆਪਣੇ ਉਸ ਮਹੱਤਵਪੂਰਨ ਫੈਸਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਮੁੱਖ ਮੰਤਰੀ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਤੇ ਹੋਰਾਂ ਨੂੰ ਤਾਂ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਬਾਇੱਜ਼ਤ ਬਰੀ ਕਰ ਦਿੱਤਾ ਸੀ ਜਦੋਂਕਿ ਆਈ.ਜੀ. ਬਰਜਿੰਦਰ ਕੁਮਾਰ ਉੱਪਲ ਜੋ ਕਿ ਮੁੱਖ ਮੰਤਰੀ ਤੇ ਹੋਰਾਂ ਵਿਰੁੱਧ ਦਰਜ ਮਾਮਲੇ ਵਿਚ ਨਿਗਰਾਨ ਅਧਿਕਾਰੀ ਸਨ ਤੇ ਸੁਰਿੰਦਰਪਾਲ ਸਿੰਘ ਤਫ਼ਤੀਸ਼ੀ ਅਫਸਰ ਸਨ, ਵਿਰੁੱਧ ਪਰਜਰੀ ਦਾ ਮਾਮਲਾ ਚਲਾਉਣ ਦੇ ਆਦੇਸ਼ ਦਿੱਤੇ ਸਨ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਵਿਸ਼ੇਸ਼ ਅਦਾਲਤ ਵੱਲੋਂ ਦੋਸ਼ੀ ਠਹਿਰਾਇਆ ਜਾਣਾ ਗਲਤ ਹੈ। ਜ਼ਿਕਰਯੋਗ ਹੈ ਕਿ ਤਫਤੀਸ਼ੀ ਅਫਸਰ ਤੇ ਹੋਰ ਸਾਰੇ ਗਵਾਹ ਇਸ ਅਹਿਮ ਮਾਮਲੇ ਵਿਚ ਆਪਣੀਆਂ ਗਵਾਹੀਆਂ ਤੋਂ ਮੁੱਕਰ ਗਏ ਸਨ।

ਮਹੱਤਵਪੂਰਨ ਤੱਥ ਇਹ ਹੈ ਕਿ ਸਾਬਕਾ ਤੇ ਮੌਜੂਦਾ ਪੁਲੀਸ ਅਧਿਕਾਰੀ ਦੇ ਇਸ ਮਾਮਲੇ 'ਤੇ ਸਰਕਾਰ ਤੇ ਪੰਜਾਬ ਵਿਜੀਲੈਂਸ ਬਿਊਰੋ ਦੀਆਂ ਵੀ ਨਜ਼ਰਾਂ ਟਿਕੀਆਂ ਹੋਈਆਂ ਹਨ।ਸ੍ਰੀ ਬੀ.ਕੇ. ਉੱਪਲ ਨੇ ਹਾਈ ਕੋਰਟ ਵਿਚ ਦਾਇਰ ਪਟੀਸ਼ਨ ਰਾਹੀਂ ਸਭ ਤੋਂ ਵੱਡਾ ਸਵਾਲ ਇਹੀ ਉਠਾਇਆ ਹੈ ਕਿ ਵਿਸ਼ੇਸ਼ ਅਦਾਲਤ ਨੇ ਇਸ ਮਾਮਲੇ ਵਿਚ ਫੈਸਲਾ ਸੁਣਾਉਣ ਲੱਗਿਆਂ ਜਲਦਬਾਜ਼ੀ ਤੋਂ ਕੰਮ ਲਿਆ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਪੜਤਾਲੀਆ ਅਫਸਰ ਸੁਰਿੰਦਰਪਾਲ ਸਿੰਘ ਦੀ ਭੂਮਿਕਾ ਨੂੰ ਵੀ ਚੰਗੀ ਤਰ੍ਹਾਂ ਨਹੀਂ ਜਾਂਚਿਆ ਗਿਆ। ਇਸ ਪੁਲੀਸ ਅਧਿਕਾਰੀ ਦਾ ਦਾਅਵਾ ਹੈ ਕਿ ਜ਼ਿਆਦਾਤਰ ਗਵਾਹਾਂ ਨੂੰ ਠੀਕ ਤਰ੍ਹਾਂ ਨਾਲ ਨਹੀਂ ਜਾਂਚਿਆ ਗਿਆ ਜਿਹੜੇ ਬਿਆਨ ਉਨ੍ਹਾਂ ਦੁਆਰਾ ਸੈਕਸ਼ਨ 161 ਸੀ.ਆਰ.ਪੀ.ਸੀ. ਅਧੀਨ ਦਿੱਤੇ ਗਏ ਸਨ। ਬਰਜਿੰਦਰ ਕੁਮਾਰ ਉੱਪਲ ਵੱਲੋਂ ਨੁਕਤਾ ਉਠਾਇਆ ਗਿਆ ਹੈ ਕਿ ਗਵਾਹ ਪ੍ਰੀਜ਼ਾਇਡਿੰਗ ਅਫਸਰ ਦੀਆਂ ਅੱਖਾਂ ਸਾਹਮਣੇ ਮੁੱਕਰ ਗਏ ਤੇ ਉਨ੍ਹਾਂ ਦੇ ਬਿਆਨਾਂ 'ਤੇ ਬਹਿਸ ਕਰਨ ਦਾ ਕੋਈ ਵੀ ਯਤਨ ਨਾ ਹੋਇਆ।



## ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਜੁਰਮਾਨਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਤਰੀਕਾਂ ਮੰਗ ਕੇ ਮਾਮਲੇ ਨੂੰ ਲਮਕਾਉਣ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਨੂੰ 10 ਹਜ਼ਾਰ ਰੁਪਏ ਜੁਰਮਾਨਾ ਕਰ ਦਿੱਤਾ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਰੰਜਨ ਗੋਗੋਈ 'ਤੇ ਆਧਾਰਿਤ ਬੈਂਚ ਨੇ ਰਾਜ ਸਰਕਾਰ ਵੱਲੋਂ ਆਂਗਨਵਾੜੀਆਂ ਦੇ ਮਾਮਲੇ 'ਤੇ ਤਰੀਕਾਂ ਮੰਗਣ ਦੇ ਮਾਮਲੇ 'ਤੇ ਇਹ ਹੁਕਮ ਸੁਣਾਇਆ ਹੈ। ਪੰਜਾਬ ਵਿਚ ਆਂਗਨਵਾੜੀਆਂ ਦੀ ਮੰਦੀ ਹਾਲਤ ਤੇ ਬੱਚਿਆਂ ਨੂੰ ਦਿੱਤੇ ਜਾਂਦੇ ਖਾਣੇ ਦਾ ਘਟੀਆ ਮਿਆਰ ਹੋਣ ਦੇ ਮੁੱਦੇ 'ਤੇ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਸਰਕਾਰ ਨੇ ਫਿਰ ਤਰੀਕ ਮੰਗੀ ਸੀ। ਇਸ ਤੋਂ ਪਹਿਲਾਂ ਪਿਛਲੇ ਵਰ੍ਹੇ 5 ਨਵੰਬਰ ਤੇ 29 ਨਵੰਬਰ ਨੂੰ ਵੀ ਤਰੀਕਾਂ ਮੰਗੀਆਂ ਗਈਆਂ ਸਨ। ਹਾਈ ਕੋਰਟ ਵੱਲੋਂ 4 ਅਕਤੂਬਰ ਨੂੰ ਰਾਜ ਦੀਆਂ ਆਂਗਨਵਾੜੀਆਂ ਤੇ ਇਨ੍ਹਾਂ ਵਿਚ ਬੱਚਿਆਂ ਨੂੰ ਦਿੱਤੇ ਜਾਂਦੇ ਖਾਣੇ ਦੀ ਪੜਤਾਲ ਲਈ ਵਕੀਲ ਮਧੂ ਪੀ. ਸਿੰਘ ਨੂੰ ਸਥਾਨਕ ਕਮਿਸ਼ਨਰ ਨਿਯੁਕਤ ਕਰਕੇ ਰਿਪੋਰਟ ਦੇਣ ਲਈ ਕਿਹਾ ਗਿਆ ਸੀ। ਅਦਾਲਤ ਨੂੰ ਹਾਲੇ ਤੱਕ ਇਹ ਰਿਪੋਰਟ ਨਹੀਂ ਮਿਲੀ ਤੇ ਸਰਕਾਰ ਵੱਲੋਂ ਤਰੀਕਾਂ ਮੰਗ ਕੇ ਇਹ ਮਾਮਲਾ ਲਗਾਤਰ ਲਮਕਾਇਆ ਜਾ ਰਿਹਾ ਹੈ।

# ਗਿਰਜਾਘਰਾਂ 'ਤੇ ਹਮਲਿਆਂ ਬਾਰੇ ਭਾਜਪਾ ਨੂੰ ਕਲੀਨ ਚਿੱਟ

**ਬੰਗਲੌਰ:** ਕਰਨਾਟਕ ਵਿਚ ਸਾਲ 2008 ਵਿਚ ਗਿਰਜਾਘਰਾਂ 'ਤੇ ਹੋਏ ਲੜੀਵਾਰ ਹਮਲਿਆਂ ਦੀ ਜਾਂਚ ਕਰ ਰਹੇ ਜਸਟਿਸ ਬੀ.ਕੇ. ਸੋਮਸ਼ੇਖ਼ਰ ਕਮਿਸ਼ਨ ਨੇ ਸੱਤਾਧਾਰੀ ਭਾਜਪਾ ਤੇ ਸੰਘ ਪਰਿਵਾਰ ਨਾਲ ਜੁੜੇ ਸੰਗਠਨਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਇਕ ਮੈਂਬਰੀ ਕਮਿਸ਼ਨ ਨੇ 28 ਜਨਵਰੀ ਨੂੰ ਸਰਕਾਰ ਨੂੰ ਸੌਂਪੀ ਰਿਪੋਰਟ ਵਿਚ ਕਿਹਾ ਹੈ ਕਿ "ਈਸਾਈਆਂ ਦੇ ਇਨ੍ਹਾਂ ਖਦਸ਼ਿਆਂ ਦਾ ਕੋਈ ਆਧਾਰ ਨਹੀਂ ਹੈ ਕਿ ਸਿਆਸਤਦਾਨ, ਭਾਜਪਾ, ਸੰਘ ਪਰਿਵਾਰ ਤੇ ਰਾਜ ਸਰਕਾਰ ਇਨ੍ਹਾਂ ਹਮਲਿਆਂ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਸ਼ਾਮਲ ਹੈ।"

ਮੁੱਖ ਮੰਤਰੀ ਬੀ.ਐਸ. ਯੇਡੀਯੁਰੱਪਾ ਨੂੰ ਸੌਂਪੀ ਰਿਪੋਰਟ ਮੁਤਾਬਕ ਹਿੰਦੂਆਂ ਖ਼ਿਲਾਫ਼ ਇਤਰਾਜ਼ਯੋਗ ਭਾਸ਼ਾ ਨਾਲ ਭੜਕਾਉਣ ਵਾਲੇ ਸਾਹਿਤ ਦੀ ਵੰਡ ਤੇ ਧਰਮ ਤਬਦੀਲੀ ਦਾ ਮੁੱਦਾ ਹਮਲੇ ਦਾ ਮੁੱਖ ਕਾਰਨ ਸਨ। ਸਤੰਬਰ 2008 ਵਿਚ ਰਾਜ ਦੇ 7 ਜ਼ਿਲ੍ਹਿਆਂ ਵਿਚਲੇ ਗਿਰਜਾਘਰਾਂ ਉਪਰ ਹਮਲੇ ਹੋਏ ਸਨ। ਕਮਿਸ਼ਨ ਨੇ ਪੂਜਾ ਸਥਾਨਾਂ ਵਿਚ ਤਾਲੇ ਲਾਉਣ ਤੇ ਸ਼ਰਧਾਲੂਆਂ ਨੂੰ ਪ੍ਰਾਰਥਨਾ ਕਰਨ ਤੋਂ ਰੋਕਣ ਦੀ ਪ੍ਰਸ਼ਾਸਨ ਦੀ ਕਾਰਵਾਈ ਨੂੰ ਪ੍ਰਸ਼ਾਸਨਿਕ ਪ੍ਰਤੀਕਿਰਿਆ ਕਰਾਰ ਦਿੱਤਾ। ਰਿਪੋਰਟ ਵਿਚ ਕਿਹਾ ਗਿਆ ਹੈ, "ਸੱਚੇ ਹਿੰਦੂਆਂ ਦੀ ਗਿਰਜਾਘਰਾਂ 'ਤੇ ਸਿੱਧੇ ਜਾਂ ਅਸਿੱਧੇ ਕਿਸੇ ਹਮਲੇ ਵਿਚ ਕੋਈ ਭੂਮਿਕਾ ਨਹੀਂ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਮਲਾ ਕਰਨ ਵਾਲੇ ਪਛਾਤੇ ਤੇ ਅਣਪਛਾਤੇ ਸੰਗਠਨਾਂ ਨਾਲ ਜੁੜੇ ਤੇ ਈਸਾਈ ਤੇ ਈਸਾਈਅਤ ਖ਼ਿਲਾਫ਼ ਗੁੰਮਰਾਹ ਕੱਟੜਪੰਥੀ ਸ਼ਰਾਰਤੀ ਤੱਤਾਂ ਨੂੰ ਇਸ ਗੱਲ ਦੀ ਗਲਤਫਹਿਮੀ ਸੀ ਕਿ ਉਨ੍ਹਾਂ ਨੂੰ ਸੱਤਾਧਾਰੀ ਪਾਰਟੀ ਵੱਲੋਂ ਥਾਪੜਾ ਦਿੱਤਾ ਜਾਵੇਗਾ।ਰਿਪੋਰਟ ਵਿਚ ਰੋਮਨ ਕੈਥੋਲਿਕ ਗਿਰਜਾਘਰਾਂ ਉਪਰ ਧਰਮ ਤਬਦੀਲੀ ਬਾਰੇ ਲੱਗੇ ਦੋਸ਼ਾਂ ਨੂੰ ਖਾਰਜ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਵਿਆਹ ਜਾਂ ਸਵੈ-ਇਛੁਕ ਮਾਮਲਿਆਂ ਨੂੰ ਛੱਡ ਦਿੱਤਾ ਜਾਵੇ ਤਾਂ ਰੋਮਨ ਕੈਥੋਲਿਕ ਗਿਰਜਾਘਰਾਂ ਜਾਂ ਇਨ੍ਹਾਂ ਦੇ ਮੈਂਬਰਾਂ ਵੱਲੋਂ ਧਰਮ ਬਦਲਾਉਣ ਦਾ ਮਾਮਲਾ ਸਾਹਮਣੇ ਨਹੀਂ ਆਇਆ।

# ਆਸਟਰੇਲੀਆ ਵਿਚ ਭਾਰਤੀ ਪਾੜ੍ਹਿਆਂ ਦਾ ਭਵਿੱਖ ਦਾਅ 'ਤੇ

**ਮੈਲਬਰਨ:** ਵਿੱਤੀ ਘਾਟੇ ਕਾਰਨ ਇੱਥੋਂ ਦਾ ਪ੍ਰਾਈਵੇਟ ਕਾਲਜ ਬੰਦ ਹੋਣ ਕਿਨਾਰੇ ਹੈ। ਇਸ ਨਾਲ ਭਾਰਤੀ ਵਿਦਿਆਰਥੀਆਂ ਸਮੇਤ ਕੁੱਲ ਚਾਰ ਹਜ਼ਾਰ ਵਿਦਿਆਰਥੀਆਂ ਦਾ ਭਵਿੱਖ ਦਾਅ ਉਤੇ ਲੱਗਿਆ ਹੋਇਆ ਹੈ। ਪ੍ਰਾਈਵੇਟ ਕਾਲਜ 'ਕੈਰਿਕ' ਨੇ ਵਿਕਟੋਰੀਆ ਸਰਕਾਰ ਤੋਂ ਮਦਦ ਮੰਗੀ ਹੈ।

'ਦਿ ਆਸਟਰੇਲੀਅਨ' ਦੀ ਰਿਪੋਰਟ ਮੁਤਾਬਕ ਹੁਣ ਇਹ ਅਦਾਰਾ ਵਿਕਟੋਰੀਅਨ ਰਾਜ ਦੀ ਕੰਪਨੀ ਟੈਫੀ ਹੋਮਜ਼ਗਲੈੱਨ ਨਾਲ ਇਕ ਕਰੋੜ ਅਮਰੀਕੀ ਡਾਲਰ ਵਾਲੇ ਇਕਰਾਰਨਾਮੇ ਉਤੇ ਨਿਰਭਰ ਹੈ। ਇਸ ਤਹਿਤ ਹੋਮਜ਼ਗਲੈੱਨ ਦੀ ਕੈਰਿਕ ਵਿਚ 80 ਫੀਸਦੀ ਹਿੱਸੇਦਾਰੀ ਹੋਵੇਗੀ। ਵੱਖ-ਵੱਖ ਕੋਰਸ ਚਲਾ ਰਹੇ ਕੈਰਿਕ ਇੰਸਟੀਚਿਊਟ ਦੇ ਬੰਦ ਹੋਣ ਨਾਲ ਪੰਜ ਸੌ ਕਰਮਚਾਰੀਆਂ ਤੇ ਚਾਰ ਹਜ਼ਾਰ ਵਿਦਿਆਰਥੀਆਂ ਨੂੰ ਨੁਕਸਾਨ ਪੁੱਜੇਗਾ। ਇਸ ਮਹੀਨੇ ਕੈਰਿਕ ਇੰਸਟੀਚਿਊਟ ਆਫ਼ ਐਜੂਕੇਸ਼ਨ ਵੱਲੋਂ ਆਸਟਰੇਲੀਅਨ ਸਕਿਉਰਟੀਜ਼ ਐਂਡ ਇਨਵੈਸਟਮੈਂਟ ਕਮਿਸ਼ਨ ਵਿਚ ਦਾਖਲ ਕੀਤੇ ਵਿੱਤੀ ਨਤੀਜਿਆਂ ਤੋਂ ਖੁਲਾਸਾ ਹੋਇਆ ਕਿ ਸਾਲ 2009-10 ਵਿਚ ਇਸ ਨੂੰ 1.38 ਕਰੋੜ ਅਮਰੀਕੀ ਡਾਲਰ ਦਾ ਘਾਟਾ ਪਿਆ। ਕਾਲਜ ਅਮਰੀਕਾ ਦੇ ਵਾਸ਼ਿੰਗਟਨ ਪੋਸਟ ਦੀ ਵਿੱਦਿਅਕ ਸੰਸਥਾ ਕੈਪਲਨ ਨਾਲ ਸਾਂਝੇਦਾਰੀ ਕਾਰਨ ਚਰਚਾ ਵਿਚ ਰਿਹਾ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



For Buying & Selling Residential And For Loans

*Call: Sohanpreet 'Sam' Chahal*

@916-612-5773

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਖਾਲੜਾ ਕਤਲ ਕੇਸ ਦਾ ਲਾਪਤਾ ਗਵਾਹ ਲੱਭਿਆ

**ਅੰਮ੍ਰਿਤਸਰ:** ਮਨੁੱਖੀ ਅਧਿਕਾਰਾਂ ਦੇ ਰਾਖੇ ਤੇ ਲਾਵਾਰਿਸ ਲਾਸ਼ਾਂ ਦਾ ਮਾਮਲਾ ਉਭਾਰਨ ਵਾਲੇ ਜਸਵੰਤ ਸਿੰਘ ਖਾਲੜਾ ਦੇ ਕਤਲ ਕੇਸ ਦੇ ਮੁੱਖ ਗਵਾਹ ਕੁਲਦੀਪ ਸਿੰਘ ਬਚੜੇ ਨੂੰ ਤਰਨਤਾਰਨ ਪੁਲਿਸ ਨੇ ਬਟਾਲਾ ਸਥਿਤ ਗੁਰਦੁਆਰਾ ਕੰਧ ਸਾਹਿਬ ਤੋਂ ਲੱਭ ਲਿਆ ਹੈ। ਸ. ਕੁਲਦੀਪ ਸਿੰਘ ਦੇ ਸ਼ੁੱਕਰਵਾਰ ਸ਼ਾਮ ਨੂੰ ਲਾਪਤਾ ਹੋਣ ਬਾਰੇ ਤਰਨਤਾਰਨ ਪੁਲਿਸ ਵਲੋਂ ਕੇਸ ਦਰਜ ਕੀਤਾ ਗਿਆ ਸੀ।

ਇਸ ਵੇਲੇ ਕੁਲਦੀਪ ਸਿੰਘ ਨੂੰ ਸੀ.ਆਰ.ਪੀ.ਐਫ. ਵਲੋਂ ਸੁਰੱਖਿਆ ਮੁਹੱਈਆ ਕੀਤੀ ਗਈ ਹੋਈ ਹੈ। ਉਸ ਕੋਲ ਸੀ.ਆਰ.ਪੀ.ਐਫ. ਦੇ ਅੱਠ ਅੰਗ ਰੱਖਿਅਕ ਮੌਜੂਦ ਹਨ ਜੋ ਉਸ ਨੂੰ ਹਰ ਵੇਲੇ ਸੁਰੱਖਿਆ ਮੁਹੱਈਆ ਕਰਦੇ ਹਨ। ਇਥੇ ਦੱਸਣਯੋਗ ਹੈ ਕਿ ਜਸਵੰਤ ਸਿੰਘ ਖਾਲੜਾ ਕਤਲ ਕੇਸ, ਜਿਸ ਵਿਚ ਮੁੱਖ ਗਵਾਹ ਕੁਲਦੀਪ ਸਿੰਘ ਹੈ, ਵਿਚ ਪੁਲਿਸ ਦੇ ਕਈ ਉਚ ਅਧਿਕਾਰੀਆਂ ਦਾ ਨਾਂ ਸ਼ਾਮਲ ਹੈ। ਇਹ ਕੇਸ ਇਸ ਵੇਲੇ ਅਦਾਲਤ ਦੇ ਵਿਚਾਰ ਅਧੀਨ ਹੈ।

ਇਸ ਬਾਰੇ ਤਰਨਤਾਰਨ ਪੁਲਿਸ ਦੇ ਐਸ.ਐਸ.ਪੀ. ਪ੍ਰਿਤਪਾਲ ਸਿੰਘ ਵਿਰਕ ਨੇ ਦੱਸਿਆ ਕਿ ਕੁਲਦੀਪ ਸਿੰਘ ਬਚੜੇ ਨੂੰ ਪੁਲਿਸ ਨੇ 30 ਜਨਵਰੀ ਦੀ ਸ਼ਾਮ ਨੂੰ ਬਟਾਲਾ ਤੋਂ ਲੱਭਿਆ ਹੈ। ਉਸ ਨੇ ਪੁਲਿਸ ਨੂੰ ਦੱਸਿਆ ਕਿ ਉਹ ਇਥੇ ਗੁਰਦੁਆਰਾ ਕੰਧ ਸਾਹਿਬ ਵਿਖੇ ਮੱਥਾ ਟੇਕਣ ਆਇਆ ਸੀ। ਸ੍ਰੀ ਵਿਰਕ ਮੁਤਾਬਕ ਕੁਲਦੀਪ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਹ ਡਰਿਆ ਹੋਇਆ ਮਹਿਸੂਸ ਕਰ ਰਿਹਾ ਹੈ। ਉਸ ਨੂੰ ਲੱਗਦਾ ਹੈ ਕਿ ਪੰਜਾਬ ਵਿਚ ਉਸ ਦੇ ਆਲੇ-ਦੁਆਲੇ ਅਤਿਵਾਦੀ ਘੁੰਮ ਰਹੇ ਹਨ ਤੇ ਹਾਲਤ ਬਹੁਤ ਗੰਭੀਰ ਹੈ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਕੁਲਦੀਪ ਨਸ਼ਿਆਂ ਦਾ ਆਦੀ ਵੀ ਹੋ ਗਿਆ ਸੀ ਤੇ ਨਸ਼ਿਆਂ ਦੀ ਇਸ ਆਦਤ ਨੂੰ ਹਟਾਉਣ ਲਈ ਉਸ ਨੇ ਕੁਝ ਦਵਾਈਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਦਵਾਈਆਂ ਦੇ ਸਿੱਟੇ ਵਜੋਂ ਉਹ ਕੁਝ ਪ੍ਰੇਸ਼ਾਨ ਵੀ ਦਿਖਾਈ ਦਿੰਦਾ ਹੈ।

# ਰੋਕਾਂ ਦੇ ਬਾਵਜੂਦ ਜਥੇਦਾਰ ਝੀਂਡਾ ਅਕਾਲ ਤਖ਼ਤ 'ਤੇ ਅਰਦਾਸ ਕਰਨ 'ਚ ਸਫਲ

## ਸ਼੍ਰੋਮਣੀ ਕਮੇਟੀ 'ਤੇ ਭਾਈ ਗੁਰਦਾਸ ਹਾਲ ਦੇ ਦਰਵਾਜ਼ੇ ਬੰਦ ਕਰਨ ਦਾ ਦੋਸ਼

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਲਈ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਗਦੀਸ਼ ਸਿੰਘ ਝੀਂਡਾ ਤੇ ਉਨ੍ਹਾਂ ਦੇ ਹਮਾਇਤੀ ਕਈ ਰੋਕਾਂ ਦੇ ਬਾਵਜੂਦ 30 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸੁਖਮਨੀ ਸਾਹਿਬ ਦਾ ਪਾਠ ਤੇ ਅਰਦਾਸ ਕਰਨ 'ਚ ਸਫਲ ਰਹੇ। ਭਾਵੇਂ ਇਕ ਦਿਨ ਪਹਿਲਾਂ ਸ. ਝੀਂਡਾ ਤੇ ਉਸ ਦੇ ਹਮਾਇਤੀਆਂ ਦੇ ਭਾਈ ਗੁਰਦਾਸ ਹਾਲ ਵਿਖੇ ਦਾਖਲੇ ਨੂੰ ਰੋਕਣ ਲਈ ਪ੍ਰਬੰਧਕਾਂ ਵੱਲੋਂ ਦਰਵਾਜ਼ੇ ਬੰਦ ਕਰ ਦਿੱਤੇ ਗਏ ਸਨ ਅਤੇ ਸੁਰੱਖਿਆ ਲਈ ਪੁਲਿਸ ਤੇ ਟਾਸਕ ਫੋਰਸ ਵੀ ਤਾਇਨਾਤ ਕਰ ਦਿੱਤੀ ਗਈ ਸੀ ਪਰ ਬਾਅਦ 'ਚ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਸ. ਝੀਂਡਾ ਨੂੰ ਪੂਰਾ ਸਹਿਯੋਗ ਦਿੱਤਾ ਗਿਆ।

ਅਕਾਲ ਤਖ਼ਤ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਅਰੰਭ ਕਰਨ ਤੋਂ ਪਹਿਲਾਂ ਸ. ਝੀਂਡਾ ਤੇ ਉਨ੍ਹਾਂ ਦੇ ਸਮਰਥਕ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇਕੱਤਰ ਹੋਏ, ਜਿਥੇ ਸ. ਝੀਂਡਾ ਸਮੇਤ ਦਲ ਖਾਲਸਾ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਊਂਟਾ ਸਾਹਿਬ, ਖਾਲਸਾ ਐਕਸ਼ਨ ਕਮੇਟੀ ਦੇ ਚੇਅਰਮੈਨ ਭਾਈ ਮੋਹਕਮ ਸਿੰਘ, ਨਵੀਂ ਗਠਿਤ ਜਥੇਬੰਦੀ ਸਰਵ ਪ੍ਰਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਚੁੱਘ ਸਹਾਰਨਪੁਰ ਤੇ ਜੋਗਾ ਸਿੰਘ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਕਰਨ ਦਾ ਸਮਰਥਨ ਕਰਦਿਆਂ ਦੋਸ਼ ਲਾਇਆ ਕਿ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਠੀਕ ਨਹੀਂ ਹੈ। ਇਹ ਪ੍ਰਬੰਧ ਉਥੋਂ ਦੇ ਸਥਾਨਕ ਸਿੱਖਾਂ ਦੇ ਹੱਥਾਂ 'ਚ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਉਥੋਂ ਦੇ ਸਿੱਖਾਂ ਵੱਲੋਂ ਗੁਰਦੁਆਰਾ ਪ੍ਰਬੰਧ ਚਲਾਇਆ ਜਾ ਰਿਹਾ ਹੈ, ਉਸ ਨਾਲ ਉਥੋਂ ਦੇ ਸਿੱਖ ਵਧੇਰੇ ਮਜ਼ਬੂਤ ਹੋ ਕੇ ਉਭਰੇ ਹਨ ਤੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਵੀ ਸੁਧਾਰ ਆਇਆ ਹੈ। ਜੇਕਰ ਹਰਿਆਣਾ ਵਿਚ ਉਥੋਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਸਥਾਨਕ ਸਿੱਖਾਂ ਨੂੰ ਸੌਂਪਿਆ ਜਾਵੇਗਾ ਤਾਂ ਉਥੋਂ ਦੇ ਸਿੱਖ ਵਧੇਰੇ ਮਜ਼ਬੂਤ ਹੋਣਗੇ। ਕੁਝ ਬੁਲਾਰਿਆਂ ਨੇ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਚਲਾ ਰਹੀ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ (ਬ) ਦੀ ਆਲੋਚਨਾ ਕੀਤੀ।



ਸ੍ਰੀ ਅਕਾਲ ਤਖ਼ਤ 'ਤੇ ਅਰਦਾਸ ਕਰਦੇ ਹੋਏ ਜਥੇਦਾਰ ਝੀਂਡਾ ਅਤੇ ਹੋਰ

ਸ. ਝੀਂਡਾ ਦੇ ਹਮਾਇਤੀ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਪੁੱਜੇ ਜਿੱਥੇ ਸ਼੍ਰੋਮਣੀ ਕਮੇਟੀ ਵੱਲੋਂ ਦਰੀਆਂ ਵਿਛਾ ਕੇ ਇਨ੍ਹਾਂ ਦੇ ਬੈਠਣ ਦਾ ਪ੍ਰਬੰਧ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਸ. ਝੀਂਡਾ ਨਾਲ ਆਈਆਂ ਸੰਗਤਾਂ ਨੂੰ ਗੁਟਕੇ ਵੀ ਮੁਹੱਈਆ ਕੀਤੇ ਗਏ। ਇਥੇ ਸ. ਝੀਂਡਾ ਦੀ ਅਗਵਾਈ ਹੇਠ ਸੰਗਤਾਂ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਕਰਨ ਮਗਰੋਂ ਅਰਦਾਸ ਕੀਤੀ ਗਈ। ਅਰਦਾਸ ਦੌਰਾਨ ਇਨ੍ਹਾਂ ਆਗੂਆਂ ਨੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਸਥਾਪਤ ਕੀਤੇ ਜਾਣ ਦੀ ਮੰਗ ਦੁਹਰਾਈ। ਇਸ ਮੌਕੇ ਸ. ਝੀਂਡਾ ਨੇ ਕਿਹਾ ਕਿ ਹਰਿਆਣਾ ਦੀਆਂ ਸਿੱਖ ਸੰਗਤਾਂ ਨੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਾਮਲਾ ਗੁਰੂ ਦੇ ਆਸਰੇ ਛੱਡ ਦਿੱਤਾ ਹੈ। ਇਥੇ ਗੁਰੂ ਚਰਨਾਂ ਵਿਚ ਇਸ ਬਾਰੇ ਅਰਦਾਸ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਗੁਰਦੁਆਰੇ ਸਮੂਹ ਸਿੱਖ ਸੰਗਤ ਦੀ ਜਾਇਦਾਦ ਹਨ। ਇਹ ਕਿਸੇ ਇਕ ਵਿਅਕਤੀ ਦੀ ਜਗੀਰ ਨਹੀਂ। ਇਸ ਦਾ ਪ੍ਰਬੰਧ ਉਥੋਂ ਦੀ ਸਿੱਖ ਸੰਗਤ ਕੋਲ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਸਰਵ ਪ੍ਰਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ ਤੇ ਇਹ ਕਮੇਟੀ ਕੰਮ ਕਰਨਾ ਅਰੰਭ ਕਰ ਦੇਵੇਗੀ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੋਸ਼ ਲਾਇਆ ਕਿ ਜਥੇਦਾਰ ਝੀਂਡਾ ਵੱਲੋਂ ਵੱਖਰੀ ਕਮੇਟੀ ਦੀ ਸਥਾਪਨਾ ਲਈ ਕੀਤੇ ਜਾ ਰਹੇ ਸਟੰਟ ਦਾ ਇਹ ਆਖਰੀ ਸ਼ੋਅ ਹੈ ਜਿਸ ਵਿਚ ਉਨ੍ਹਾਂ ਨਾਲ ਬਹੁਤ ਥੋੜ੍ਹੇ ਲੋਕ ਪੁੱਜੇ ਹਨ। ਲੋਕਾਂ ਦੇ ਇਸ ਘੱਟ ਸਮਰਥਨ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਮੰਗ ਨਾਲ ਹਰਿਆਣਾ ਦੇ ਸਿੱਖ ਨਹੀਂ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਸ. ਝੀਂਡਾ ਨੇ ਇਸ ਪ੍ਰੋਗਰਾਮ ਲਈ ਹਰਿਆਣਾ ਸਮੇਤ ਵੱਖ-ਵੱਖ ਥਾਂਵਾਂ ਤੋਂ ਇਥੇ ਪੁੱਜਣ ਵਾਲੇ ਹਜ਼ਾਰਾਂ ਸਿੱਖਾਂ ਦਾ ਪ੍ਰਬੰਧ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਕਿਹਾ ਸੀ ਜਿਸ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤ ਲਈ ਵੱਡੇ ਪ੍ਰਬੰਧ ਕੀਤੇ ਗਏ ਸਨ ਪਰ ਸ੍ਰੀ ਝੀਂਡਾ ਦੇ ਨਾਲ ਪੰਜਾਹ ਤੋਂ ਵੱਧ ਸਮਰਥਕ ਨਹੀਂ ਪੁੱਜੇ। ਉਨ੍ਹਾਂ ਸ. ਝੀਂਡਾ ਨੂੰ ਸੁਝਾਅ ਦਿੱਤਾ ਕਿ ਉਹ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰ ਹਨ, ਇਸ ਲਈ ਅਜਿਹੇ ਸਟੰਟ ਬੰਦ ਕਰ ਦੇਣ। ਸਰਵ ਪ੍ਰਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਕਰਨ ਦੀ ਕਾਰਵਾਈ ਦਾ ਵਿਰੋਧ ਕਰਦਿਆਂ ਜਥੇਦਾਰ ਮੱਕੜ ਨੇ ਕਿਹਾ ਕਿ ਸ੍ਰੀ ਝੀਂਡਾ ਕੋਲ ਅਜਿਹਾ ਕੋਈ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਨਵੀਂ ਜਥੇਬੰਦੀ ਦੀ ਸਥਾਪਨਾ ਨਾਲ ਸ਼੍ਰੋਮਣੀ ਕਮੇਟੀ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ।

# ਬੰਜਰ ਹੋ ਰਿਹੈ ਪੰਜਾਬ:ਪਾਣੀ ਦਾ ਪੱਧਰ 20 ਮੀਟਰ ਤੋਂ ਥੱਲੇ ਡਿੱਗਿਆ

**ਚੰਡੀਗੜ੍ਹ:** ਪਿਛਲੇ ਸਾਲਾਂ ਦੌਰਾਨ ਚੰਗੇ ਮੀਂਹ ਪੈਣ ਦੇ ਬਾਵਜੂਦ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਖੇਤੀਬਾੜੀ ਵਿਭਾਗ ਵੱਲੋਂ ਸਾਲ 2010 ਦੌਰਾਨ ਮੌਨਸੂਨ ਤੋਂ ਪਹਿਲਾਂ ਤੇ ਬਾਅਦ 'ਚ ਧਰਤੀ ਹੇਠਲੇ ਪਾਣੀ ਬਾਰੇ ਇਕੱਠੇ ਕੀਤੇ ਤੱਥ ਬੇਹੱਦ ਹੈਰਾਨ ਕਰਨ ਵਾਲੇ ਹਨ। ਵਿਭਾਗ ਦੇ ਇਨ੍ਹਾਂ ਅੰਕੜਿਆਂ ਮੁਤਾਬਕ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਵਿਚ ਪਾਣੀ ਦਾ ਪੱਧਰ 20 ਮੀਟਰ ਤੋਂ ਵੀ ਹੇਠਾਂ ਚਲਿਆ ਗਿਆ ਹੈ। ਪੰਜਾਬ ਸਰਕਾਰ ਨੇ ਭਾਵੇਂ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾਣ ਤੋਂ ਭਵਿੱਖ ਵਿਚ ਪੈਦਾ ਹੋਣ ਵਾਲੇ ਖ਼ਤਰਿਆਂ ਤੋਂ ਬਚਣ ਲਈ ਝੋਨੇ ਦੀ ਲੁਆਈ 15 ਜੂਨ ਤੋਂ ਬਾਅਦ ਕਰਨ ਲਈ ਕਾਨੂੰਨ ਬਣਾਇਆ ਹੈ। ਸਰਕਾਰ ਦੇ ਉਪਰਾਲਿਆਂ ਅਤੇ ਭਾਰੀ ਬਾਰਸ਼ਾਂ ਦੇ ਬਾਵਜੂਦ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿਸ ਤਰੀਕੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ, ਇਹ ਰੁਝਾਨ ਭਵਿੱਖ ਲਈ ਬੇਹੱਦ ਖ਼ਤਰਨਾਕ ਹੈ।

ਪਿਛਲੇ ਸਾਲ ਦੌਰਾਨ ਭਰਵੇਂ ਮੀਂਹ ਤੇ ਹੜ੍ਹਾਂ ਕਾਰਨ ਦਰਿਆਵਾਂ ਨਾਲ ਲਗਦੇ ਕੁਝ ਹਿੱਸਿਆਂ ਵਿਚ ਭਾਵੇਂ ਸੁਧਾਰ ਦੇਖਣ ਨੂੰ ਮਿਲਿਆ ਹੈ ਪਰ ਪਟਿਆਲਾ, ਸੰਗਰੂਰ, ਬਰਨਾਲਾ ਸਮੇਤ ਲੁਧਿਆਣਾ ਤੇ ਮੋਗਾ ਦੇ ਕੁਝ ਹਿੱਸੇ ਵਿਚ ਹਰ ਸਾਲ ਇਕ ਮੀਟਰ ਪਾਣੀ ਹੇਠਾਂ ਜਾ ਰਿਹਾ ਹੈ। ਵਿਭਾਗ ਦਾ ਮੰਨਣਾ ਹੈ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾਣ ਕਾਰਨ ਕਿਸਾਨਾਂ ਨੂੰ ਹਰ ਸਾਲ ਅੰਦਾਜ਼ਨ 25,000 ਨਵੇਂ ਟਿਊਬਵੈਲ ਲਗਾਉਣੇ ਪੈ ਰਹੇ ਹਨ। ਇਕ ਲੱਖ ਟਿਊਬਵੈਲ ਡੂੰਘੇ ਕਰਨੇ ਪੈਂਦੇ ਹਨ ਜਿਸ ਨਾਲ ਹਰ ਸਾਲ ਕਿਸਾਨਾਂ 'ਤੇ 300 ਕਰੋੜ ਰੁਪਏ ਦਾ ਬੋਝ ਪੈਂਦਾ ਹੈ।

ਖੇਤੀਬਾੜੀ ਵਿਭਾਗ ਮੁਤਾਬਕ ਕੇਂਦਰੀ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਭੂਮੀ ਦਾ

### ਪਟਿਆਲਾ, ਸੰਗਰੂਰ, ਬਰਨਾਲਾ ਤੇ ਲੁਧਿਆਣਾ ਦੀ ਹਾਲਤ ਖ਼ਤਰਨਾਕ

9059 ਵਰਗ ਕਿਲੋਮੀਟਰ ਇਲਾਕਾ ਅਜਿਹਾ ਹੈ ਜਿੱਥੇ ਕਿਸਾਨਾਂ ਨੂੰ 20 ਮੀਟਰ ਤੋਂ ਡੂੰਘੇ ਟਿਊਬਵੈਲ ਲਗਾਉਣੇ ਪੈ ਰਹੇ ਹਨ। ਇਸੇ ਤਰ੍ਹਾਂ 4993 ਵਰਗ ਕਿਲੋਮੀਟਰ ਜ਼ਮੀਨ ਹੇਠਲੇ ਪਾਣੀ ਦਾ ਪੱਧਰ 10 ਤੋਂ 15 ਮੀਟਰ ਹੈ। ਕੁਝ ਸਾਲ ਪਹਿਲਾਂ ਤੱਕ 9058 ਵਰਗ ਕਿਲੋਮੀਟਰ ਜ਼ਮੀਨ ਵਿਚ 10 ਤੋਂ 15 ਮੀਟਰ ਪਾਣੀ ਦੀ ਡੂੰਘਾਈ ਦਰਜ ਕੀਤੀ ਗਈ ਸੀ। ਪੰਜਾਬ ਵਿਚ ਅਜਿਹਾ ਇਲਾਕਾ ਬਹੁਤ ਹੀ ਸੀਮਤ ਰਹਿ ਗਿਆ ਹੈ ਜਿੱਥੇ ਪਾਣੀ ਦਾ ਪੱਧਰ 5 ਮੀਟਰ ਤੋਂ ਉਪਰ ਹੈ। ਸੰਗਰੂਰ, ਬਰਨਾਲਾ, ਮੋਗਾ, ਪਟਿਆਲਾ ਤੇ ਜਲੰਧਰ ਵਿਚ ਹਾਲਤ ਇਹ ਬਣ ਗਈ ਹੈ ਕਿ ਇਨ੍ਹਾਂ ਦੇ ਵੱਡੇ ਹਿੱਸੇ ਵਿਚ ਟਿਊਬਵੈਲ 20 ਮੀਟਰ ਤੋਂ ਜ਼ਿਆਦਾ ਡੂੰਘੇ ਲੱਗ ਰਹੇ ਹਨ। ਵਿਭਾਗ ਨੇ ਆਉਣ ਵਾਲੇ ਸਾਲਾਂ ਦੌਰਾਨ ਰਾਜ ਦੇ ਬਾਕੀ ਕੇਂਦਰੀ ਜ਼ਿਲ੍ਹਿਆਂ ਵਿਚ ਵੀ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸੇ ਖ਼ਤਰਨਾਕ ਹੱਦ ਤੱਕ ਹੇਠਾਂ ਚਲੇ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਹੈ।



ਖੇਤੀਬਾੜੀ ਵਿਭਾਗ ਦੀ ਰਿਪੋਰਟ ਮੁਤਾਬਕ ਮੌਨਸੂਨ ਦੇ ਆਉਣ ਤੋਂ ਪਹਿਲਾਂ ਦੇ ਜੋ ਤੱਥ ਇਕੱਠੇ ਕੀਤੇ ਗਏ, ਉਨ੍ਹਾਂ ਮੁਤਾਬਕ ਪੂਰੇ ਪੰਜਾਬ ਵਿਚ ਪਾਣੀ ਦਾ ਪੱਧਰ ਔਸਤਨ 60 ਤੋਂ ਲੈ ਕੇ 250 ਮੀਟਰ ਤੱਕ ਹੇਠਾਂ ਚਲਿਆ ਗਿਆ ਹੈ। ਅੰਮ੍ਰਿਤਸਰ, ਤਰਨਤਾਰਨ, ਰੋਪੜ, ਬਠਿੰਡਾ, ਹੁਸ਼ਿਆਰਪੁਰ, ਫਰੀਦਕੋਟ ਤੇ ਮੁਹਾਲੀ ਜ਼ਿਲ੍ਹਿਆਂ ਵਿਚ ਪਾਣੀ ਔਸਤਨ 65 ਤੋਂ 85 ਮੀਟਰ ਜ਼ਮੀਨ ਤੋਂ ਹੇਠਾਂ ਦਰਜ ਕੀਤਾ ਗਿਆ ਹੈ। ਮੌਨਸੂਨ ਤੋਂ ਬਾਅਦ ਫਤਿਹਗੜ੍ਹ ਸਾਹਿਬ, ਜਲੰਧਰ, ਨਵਾਂਸ਼ਹਿਰ, ਗੁਰਦਾਸਪੁਰ, ਲੁਧਿਆਣਾ ਤੇ ਮਾਨਸਾ ਵਿਚ ਪਾਣੀ ਦਾ ਪੱਧਰ 50 ਤੋਂ 80 ਸੈਂਟੀਮੀਟਰ ਹੇਠਾਂ ਚਲਿਆ ਗਿਆ। ਹੜ੍ਹਾਂ ਕਾਰਨ ਜਿੱਥੇ ਕੁਝ ਹਾਲਤ ਸੁਧਰੀ ਹੈ ਉਨ੍ਹਾਂ ਵਿਚ ਸਤਲੁਜ ਦਰਿਆ ਨਾਲ ਲਗਦੀ ਜ਼ਮੀਨ ਤੇ ਪਟਿਆਲਾ, ਮੁਕਤਸਰ, ਫਿਰੋਜ਼ਪੁਰ, ਲੁਧਿਆਣਾ, ਮਾਨਸਾ ਤੇ ਬਠਿੰਡਾ ਜ਼ਿਲ੍ਹਿਆਂ ਦਾ ਕੁਝ ਹਿੱਸਾ ਹੈ। ਪਟਿਆਲਾ ਜਿੱਥੇ ਪਿਛਲੇ ਵਰ੍ਹੇ ਦੌਰਾਨ ਹੜ੍ਹਾਂ ਦੀ ਬਹੁਤ ਜ਼ਿਆਦਾ ਮਾਰ ਰਹੀ, ਦੇ ਕੁਝ ਇਲਾਕਿਆਂ ਵਿਚ ਪਾਣੀ ਦਾ ਪੱਧਰ ਭਾਵੇਂ ਦੋ ਮੀਟਰ ਤੱਕ ਉਪਰ ਵੀ ਆਇਆ ਪਰ ਖੇਤੀਬਾੜੀ ਵਿਭਾਗ ਦੇ ਇਨ੍ਹਾਂ ਅੰਕੜਿਆਂ ਮੁਤਾਬਕ ਹੜ੍ਹਾਂ ਦੀ ਮਾਰ ਹੇਠ ਆਉਣ ਵਾਲੇ ਇਸ ਜ਼ਿਲ੍ਹੇ ਦੇ ਕਾਫੀ ਹਿੱਸੇ ਵਿਚ ਪਾਣੀ ਦਾ ਪੱਧਰ ਇਕ ਮੀਟਰ ਤੱਕ ਹੇਠਾਂ ਚਲਿਆ ਗਿਆ ਹੈ। ਸੰਗਰੂਰ ਤੇ ਬਰਨਾਲਾ ਜ਼ਿਲ੍ਹਿਆਂ ਵਿਚ ਵੀ ਪਾਣੀ ਦਾ ਪੱਧਰ ਇਕ ਮੀਟਰ ਹੇਠਾਂ ਗਿਆ ਹੈ।

## ਪੁਲਿਸ ਮੁਕਾਬਲੇ 'ਚ ਦੋ ਨੌਜਵਾਨ ਹਲਾਕ

**ਹੁਸ਼ਿਆਰਪੁਰ:** ਥਾਣਾ ਮਹਿਤਪੁਰ ਅਧੀਨ ਪੈਂਦੇ ਪਿੰਡ ਉਮਰਵਾਲ ਬਿੱਲਾ ਮੋੜ ਨੇੜੇ ਪੁਲਿਸ ਮੁਕਾਬਲੇ ਵਿਚ ਦੋ ਵਿਅਕਤੀ ਹਲਾਕ ਹੋ ਗਏ ਜਿਨ੍ਹਾਂ ਬਾਰੇ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇਹ ਦੋਵੇਂ ਲੁੱਟਾਂ ਖੋਹਾਂ ਤੇ ਕਤਲਾਂ ਦੀਆਂ ਵਾਰਦਾਤਾਂ ਵਿਚ ਲੋੜੀਂਦੇ ਸਨ।

ਪੁਲਿਸ ਅਨੁਸਾਰ ਉਮਰਵਾਲ ਬਿੱਲਾ ਮੋੜ ਨੇੜੇ ਚਿੱਟੇ ਰੰਗ ਦੀ ਵਾਰਨਾ ਕਾਰ ਜਿਸ 'ਤੇ ਲਾਲ ਬੱਤੀ ਲੱਗੀ ਹੋਈ ਸੀ, ਨੂੰ ਰੁਕਣ ਦਾ ਇਸ਼ਾਰਾ ਕੀਤਾ। ਗੱਡੀ ਰੋਕਣ ਦੀ ਬਜਾਏ ਕਾਰ ਸਵਾਰਾਂ ਨੇ ਕਾਰ ਭਜਾ ਲਈ ਤੇ ਕਾਰ ਸਫੈਦੇ ਵਿਚ ਜਾ ਵੱਜੀ। ਇਸੇ ਦੌਰਾਨ ਕਾਰ ਵਿਚ ਸਵਾਰ ਵਿਅਕਤੀਆਂ ਨੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਪੁਲਿਸ ਦੀ ਜਵਾਬੀ ਫਾਇਰਿੰਗ ਵਿਚ ਕਾਰ ਸਵਾਰ ਦੋ ਵਿਅਕਤੀ ਮੌਕੇ 'ਤੇ ਮਾਰੇ ਗਏ। ਪੰਜਾਬ ਪੁਲਿਸ ਦੇ ਮੁਖੀ ਪੀ.ਐਸ. ਗਿੱਲ ਨੇ ਦੱਸਿਆ ਕਿ ਮੁਕਾਬਲੇ ਦੌਰਾਨ ਮਾਰੇ ਗਏ ਅੰਤਰਰਾਜੀ ਗਰੋਹ ਦੇ ਮੁਖੀ ਧਰਮਿੰਦਰ ਸਿੰਘ ਉਰਫ ਭਿੰਦਾ ਵਾਸੀ ਸਾਦੀਪੁਰ ਤੇ ਜਗਰੂਪ ਸਿੰਘ ਉਰਫ ਰੂਬੀ ਵਾਸੀ ਤਲਵਣ-ਦੋਵੇਂ ਹੀ ਪੇਸ਼ੇਵਰ ਅਪਰਾਧੀ ਸਨ। ਦੋਵਾਂ ਅਪਰਾਧੀਆਂ 'ਤੇ ਦੂਸਰੇ ਸੂਬਿਆਂ ਵਿਚ ਦਰਜ ਕੇਸਾਂ ਬਾਰੇ ਪੜਤਾਲ ਕਰਨ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ ਜਿਸ ਦੀ ਅਗਵਾਈ ਡੀ.ਐਸ.ਪੀ. ਨਕੋਦਰ ਰਜਿੰਦਰ ਸਿੰਘ ਕਰਨਗੇ ਤੇ ਇਸ ਤੋਂ ਇਲਾਵਾ ਇਸ ਮੁਕਾਬਲੇ ਦੇ ਨਿਆਇਕ ਜਾਂਚ ਵੀ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਦਿਹਾਤੀ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਮਹਿਤਪੁਰ ਦੇ ਇਲਾਕੇ ਵਿਚ ਗੱਡੀ 'ਤੇ ਲਾਲ ਰੰਗ ਦੀ ਬੱਤੀ ਲਾ ਕੇ ਘੁੰਮ ਰਹੇ ਹਨ ਤੇ ਕਿਸੇ ਵੱਡੀ ਵਾਰਦਾਤ ਨੂੰ ਅੰਜ਼ਾਮ ਦੇਣ ਦੀ ਤਾਕ ਵਿਚ ਸਨ। ਮਹਿਤਪੁਰ ਨੇੜਲੇ ਪਿੰਡ ਉਮਰੇਵਾਲ ਬਿੱਲਾ ਵਿਖੇ ਇਕ ਚਿੱਟੇ ਰੰਗ ਦੀ ਲਾਲ ਬੱਤੀ ਲੱਗੀ ਵਰਨਾ ਕਾਰ ਨੂੰ ਸੀ.ਆਈ.ਏ. ਸਟਾਫ ਦੀ ਪੁਲਿਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ।

ਘਟਨਾ ਵਾਲੀ ਥਾਂ ਤੋਂ ਕਾਰ ਦੀ ਤਲਾਸ਼ੀ ਦੌਰਾਨ ਪੁਲਿਸ ਨੂੰ ਦੋ ਪਿਸਤੌਲ 7.65 ਐਮ.ਐਮ., 17 ਕਾਰਤੂਸ, 11 ਖਾਲੀ ਕਾਰਤੂਸ, 14 ਰੌਂਦ 32 ਬੋਰ, 2 ਜਾਅਲੀ ਸ਼ਨਾਖਤੀ ਕਾਰਡ, ਕੁਝ ਨਕਦੀ, 2 ਗਰਾਮ ਹੈਰੋਇਨ ਤੇ 1 ਸ਼ਰਾਬ ਦੀ ਬੋਤਲ ਮਿਲੀ। ਪੁਲਿਸ ਨੇ ਦਾਅਵਾ ਕੀਤਾ ਕਿ ਦੋਵਾਂ ਨੇ ਭੋਗਪੁਰ ਦੇ ਐਨ.ਆਰ.ਆਈ. ਦੇ ਕਤਲ ਕੀਤਾ, ਬੋਨ ਬਰੈਡ ਡਕੈਤੀ ਲੁਧਿਆਣਾ ਵਿਚ 44 ਲੱਖ ਰੁਪਏ ਲੁੱਟੇ, ਲੁਧਿਆਣਾ ਦੇ ਵਪਾਰੀ ਤੇ ਉਸ ਦੇ ਪਰਿਵਾਰ ਨੂੰ ਅਗਵਾ ਕਰਕੇ ਬੰਦੀ ਬਣਾ ਕੇ ਉਸ ਦੇ ਘਰ ਵਿਚੋਂ ਲੁੱਟ ਕੀਤੀ ਸੀ। ਢੋਲੇਵਾਲ ਲੁਧਿਆਣਾ ਤੋਂ ਅਕਾਲ ਅੱਖਾਂ ਦੇ ਹਸਪਤਾਲ ਵਾਲੇ ਡਾਕਟਰ ਵੋਹਰਾ ਦੀ ਕਾਰ ਖੋਹੀ ਸੀ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਇਨ੍ਹਾਂ ਨੇ ਜਲੰਧਰ ਆ ਕੇ ਨਾਕੇ 'ਤੇ ਪੁਲਿਸ ਹੌਲਦਾਰ ਉਪਰ ਗੱਡੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਤੇ ਬਾਅਦ ਵਿਚ ਗੱਡੀ ਰਿਕਸ਼ੇ ਵਿਚ ਮਾਰੀ ਜਿਸ ਦੌਰਾਨ ਰਿਕਸ਼ਾ ਚਾਲਕ ਮਾਰਿਆ ਗਿਆ।

## ਸਿਆਸੀ ਆਗੂ ਚੌਧਰ ਦੀ ਲੜਾਈ 'ਚ ਰੁੱਝੇ:ਰਾਮੂਵਾਲੀਆ

**ਜੈਤੋ:** ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਹੈ ਕਿ ਰਾਜਨੀਤਕ ਆਗੂਆਂ ਨੂੰ ਲੋਕਾਂ ਦੇ ਦੁੱਖਾਂ, ਮਸਲਿਆਂ ਤੇ ਲੋੜਾਂ ਨਾਲ ਕੋਈ ਸਰੋਕਾਰ ਨਹੀਂ ਤੇ ਲੋਕਾਂ ਦੇ ਹਿੱਤਾਂ ਨੂੰ ਵਿਸਾਰ ਕੇ ਉਹ ਆਪਣੀ ਨਿੱਜੀ ਸ਼ਾਨ ਖਾਤਰ ਲੜਾਈ ਲੜਨ ਵਿਚ ਮਸ਼ਰੂਫ ਹਨ।

ਸ. ਰਾਮੂਵਾਲੀਆ ਨੇ ਕਿਹਾ ਪੰਜਾਬ ਦੀ ਤਰਾਸਦੀ ਹੈ ਕਿ ਵਿਦੇਸ਼ ਭੇਜਣ ਦੇ ਨਾਂ 'ਤੇ ਜੋ ਆਮ ਲੋਕਾਂ ਦੀ ਲੁੱਟ ਹੋ ਰਹੀ ਹੈ, ਉਹ ਭਾਰਤ ਜਾਂ ਦੁਨੀਆ ਦੇ ਹੋਰ ਕਿਸੇ ਵੀ ਕੋਨੇ ਵਿਚ ਨਹੀਂ। ਧੋਖੇਬਾਜ਼ ਏਜੰਟਾਂ ਤੇ ਵਿਦੇਸ਼ੀ ਠੱਗ ਪਤੀਆਂ ਕਾਰਨ ਪੰਜਾਬ ਦੀ ਢਾਈ ਲੱਖ ਏਕੜ ਜ਼ਮੀਨ ਗ਼ੈਰਾਂ ਦੀ ਝੋਲੀ ਵਿਚ ਪੈ ਚੁੱਕੀ ਹੈ। ਦੁੱਖ ਦੀ ਗੱਲ ਹੈ ਕਿ ਲੋੜੀਂਦੀ ਜਾਣਕਾਰੀ ਦੀ ਘਾਟ ਕਾਰਨ ਲੜਕੇ, ਲੜਕੀਆਂ ਦਾ ਆਰਥਿਕ, ਜਜ਼ਬਾਤੀ, ਸਰੀਰਕ ਤੇ ਪਰਿਵਾਰਕ ਸ਼ੋਸ਼ਣ ਪੰਜਾਬ ਵਿਚ ਆਮ ਗੱਲ ਹੋ ਗਈ ਹੈ। ਸ. ਰਾਮੂਵਾਲੀਆ ਨੇ ਕਿਹਾ ਕਿ ਸਿਆਸੀ ਪਾਰਟੀਆਂ ਨੌਜਵਾਨਾਂ ਨੂੰ ਮੰਗਤੇ ਬਣਾਉਣ ਦੇ ਰਾਹ ਪੈ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਮਹਿੰਗਾਈ ਨੇ ਅੱਜ ਗਰੀਬ ਵਰਗ ਦੇ ਹੱਥੋਂ ਰੋਟੀ ਖੋਹ ਲਈ ਹੈ ਤੇ ਰੋਜ਼ੀ ਦੀ ਬਰਕਤ ਵੀ ਖਤਮ ਕਰ ਦਿੱਤੀ ਹੈ।

FARMERS INSURANCE GROUP
Symbol of Superior Service
FARMERS®

**181 Metro Drive, Suite 290, San Jose, CA 95110**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business *Workers Compensation**

**Call for consultation**

**Ph: 408-771-2438**

***408-580-6063, 408-687-7566***

**Fax: 408-573-3829**

**ssingh6@farmeragent.com**

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

**We Specialize in Bankowned, Foreclosure and Short Sale Homes**


ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

**We Do Loan Modification and Credit Repair to Save Your Home From Forclosure**

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

**Right Time To Buy For Investers And First Time Home Buyers**

REALTY WORLD® Millennium



Gurbans Singh Gill
Realtor
12 Years Experiance in Real Estate
e-mail: gurbans@gotracy.com

Fax: 209-836-0706
www.gotracy.com

**Gurbans Gill 209-815-1869**

# ਬੇਕਰਜ਼ਫੀਲਡ ਤੇ ਰੀਨੋ 'ਚ ਬਹੁਤ ਜਲਦ

ਫਰਿਜ਼ਨੋ 'ਚ ਰੇਡੀਓ ਲੈਣ ਲਈ ਕਾਲ ਕਰੋ
**408.722.7698**

**11** ਸਟੇਸ਼ਨਾਂ ਤੋਂ ਚੱਲਣ ਵਾਲਾ
San Jose, Livermore, Berkeley, Sacramento, Yuba City, Tracy, Stocton, Modesto, Fresno, Bakersfield, Reno

ਪੰਜਾਬੀ ਰੇਡੀਓ
**Punjabi RADIO**
ON THE AIR

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25

ਜਿਨ੍ਹਾਂ ਕੋਲ ਪਹਿਲਾਂ ਵੀ ਚਿੱਪ ਵਾਲੇ ਰੇਡੀਓ ਹਨ, ਉਹ ਹੁਣ ਸਾਡੇ ਪ੍ਰੋਗਰਾਮ ਸੁਣ ਸਕਦੇ ਹਨ

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

4.00-9.00 AM ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ, ਨਿਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ
9.00-9.15 ਪੰਜਾਬ ਤੋਂ ਖ਼ਬਰਾਂ (ਜਸਵਿੰਦਰ ਸਿੰਘ ਬਿੱਟਾ)
9.30-10.00 ਅੰਗਰੇਜ਼ੀ ਵਿਚ ਦਰਬਾਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
10.00 ਪੰਜਾਬੀ ਖ਼ਬਰਾਂ ਪਾਕਿਸਤਾਨ (ਮਸੂਦ ਮੱਲੀ)
10.15-11.00 ਗੁਰਬਾਣੀ ਟਾਕ ਸ਼ੋਅ-ਡਾ. ਸਰਾਓ, ਡਾ. ਸੰਧੂ
11.00-1.00 ਪੰਜਾਬੀ ਗਾਣੇ
1.00-2.00 ਸੁਰ ਪੰਜਾਬ ਦੀ (ਰਾਣੀ ਕਾਹਲੋਂ ਅਤੇ ਅਲਮਾਜ਼ ਸ਼ਫ਼ੀ)
2.00-4.00 (ਪੁਰਾਣੇ ਅਤੇ ਨਵੇਂ ਗਾਣੇ)
4.00-6.00 (ਕੁਝ ਗੱਲਾਂ ਕੁਝ ਗੀਤ, ਗੁਰਜਸਪਾਲ ਸਿੰਘ ਤੇ ਰਾਜ ਕਰਨਬੀਰ ਸਿੰਘ)
6.00-6.30 ਗੁਰਦੁਆਰਾ ਸਾਹਿਬ ਐਲ ਸਬਰਾਂਟੇ
6.30-8.00 ਗੁਰਦੁਆਰਾ ਸਾਹਿਬ ਫਰਿਜ਼ਨੋ, ਨਾਨਕਸਰ ਸਾਹਿਬ
8.00-8.15 ਪੰਜਾਬੀ ਖ਼ਬਰਾਂ ਪਾਕਿਸਤਾਨ (ਮਸੂਦ ਮੱਲੀ)
8.15-9.00 ਖ਼ਬਰਨਾਮਾ
9.00-9.15 ਪੰਜਾਬੀ ਖ਼ਬਰਾਂ ਪੰਜਾਬ (ਜਸਵਿੰਦਰ ਸਿੰਘ ਬਿੱਟਾ)
9.15-10.00 ਗਾਣੇ ਜਾਂ ਟਾਕ ਸ਼ੋਅ
10.00-11.00 ਡਾ. ਜੀਤ ਅਤੇ ਹੋਰ
11.00-12.00 ਸੁਰ ਪੰਜਾਬ ਦੀ (Repeat)
12.00-2.00 AM ਕੁਝ ਗੱਲਾਂ ਕੁਝ ਗੀਤ (Repeat)
2.00-3.00AM ਗਾਣੇ
3.00-4.00 AM ਸ਼ਬਦ

ਹੋਰ ਜਾਣਕਾਰੀ ਲਈ **408.722.7698**
Listen LIVE
www.punjabiradiousa.com
Email: info@punjabiradiousa.com
3750 McKee Road, # B, San Jose CA 95127

# ਸ਼ਹੀਦਾਂ ਦੇ ਪਰਿਵਾਰਾਂ ਨੂੰ 91 ਵਰ੍ਹਿਆਂ ਬਾਅਦ ਸਹੂਲਤਾਂ ਦੀ ਆਸ ਬੱਝੀ

**ਜੱਲ੍ਹਿਆਂਵਾਲਾ ਬਾਗ਼ ਗੋਲੀ ਕਾਂਡ**

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਨੂੰ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਜਲ੍ਹਿਆਂਵਾਲਾ ਬਾਗ ਗੋਲੀ ਕਾਂਡ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੁਤੰਤਰਤਾ ਸੈਨਾਨੀਆਂ ਵਾਲੀਆਂ ਸਹੂਲਤਾਂ ਤੇ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਵਿਚ ਪ੍ਰਤੀਨਿਧਤਾ ਦੇਣ ਦੀਆਂ ਮੰਗਾਂ ਬਾਰੇ ਹਮਦਰਦੀ ਪੂਰਵਕ ਵਿਚਾਰ ਕੀਤਾ ਜਾਵੇਗਾ। ਇਸ ਨਾਲ ਸ਼ਹੀਦਾਂ ਦੇ ਪਰਿਵਾਰਾਂ ਨੂੰ 91 ਵਰ੍ਹਿਆਂ ਬਾਅਦ ਸਹੂਲਤਾਂ ਦੀ ਆਸ ਬੱਝ ਗਈ ਹੈ।

ਦਿੱਲੀ ਸਥਿਤ 7-ਏ ਰੇਸ ਕੋਰਸ ਰੋਡ ਵਿਖੇ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਮੁਲਾਕਾਤ ਤੋਂ ਬਾਅਦ ਸਮਿਤੀ ਦੇ ਪ੍ਰਧਾਨ ਭੂਸ਼ਨ ਬਹਿਲ ਦੱਸਿਆ ਕਿ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਵੀ ਸੌਂਪਿਆ ਹੈ। ਇਸ ਮੰਗ ਪੱਤਰ ਵਿਚ ਜਲ੍ਹਿਆਂਵਾਲਾ ਬਾਗ ਗੋਲੀ ਕਾਂਡ ਵਿਚ ਮਾਰੇ ਗਏ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੁਤੰਤਰ ਸੈਨਾਨੀਆਂ ਵਾਲੀਆਂ ਸਾਰੀਆਂ ਸਹੂਲਤਾਂ ਦੇਣ ਦੀ ਮੰਗ ਸ਼ਾਮਲ ਹੈ। ਇਸ ਤੋਂ ਇਲਾਵਾ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਵਿਚ ਇਨ੍ਹਾਂ ਪਰਿਵਾਰਕ ਮੈਂਬਰਾਂ ਨੂੰ ਪ੍ਰਤੀਨਿਧਤਾ ਦੇਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਇਨ੍ਹਾਂ ਮੰਗਾਂ ਨੂੰ ਬੜੇ ਗੌਰ ਨਾਲ ਸੁਣਿਆ ਤੇ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਉਨ੍ਹਾਂ ਦੀਆਂ ਇਹ ਦੋਵੇਂ ਮੰਗਾਂ ਬਾਰੇ ਹਮਦਰਦੀ ਪੂਰਵਕ ਵਿਚਾਰ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਦੇ ਚੇਅਰਮੈਨ ਵੀ ਹਨ। ਸ੍ਰੀ ਬਹਿਲ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਇਸ ਘਟਨਾ ਨੂੰ ਵਾਪਰਿਆਂ 91 ਸਾਲ ਬੀਤ ਚੁੱਕੇ ਹਨ ਪਰ ਹੁਣ ਤਕ ਕਿਸੇ ਵੀ ਸਰਕਾਰ ਨੇ ਪ੍ਰਭਾਵਿਤ ਪਰਿਵਾਰਾਂ ਦੀ ਸਾਰ ਨਹੀਂ ਲਈ। ਯੂ.ਪੀ.ਏ. ਸਰਕਾਰ ਵੱਲੋਂ ਹੀ 2008 ਵਿਚ ਸ਼ਹੀਦਾਂ ਦੇ ਪਰਿਵਾਰਾਂ ਨੂੰ ਸੁਤੰਤਰਤਾ ਸੈਨਾਨੀਆਂ ਦਾ ਦਰਜਾ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਪਰ ਹੁਣ ਤਕ ਇਨ੍ਹਾਂ ਪਰਿਵਾਰਾਂ ਨੂੰ ਸੁਤੰਤਰਤਾ ਸੈਨਾਨੀਆਂ ਵਾਲੀਆਂ ਸਹੂਲਤਾਂ ਨਹੀਂ ਦਿੱਤੀਆਂ ਗਈਆਂ। ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਵੱਲੋਂ ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਗਈ ਸੀ ਕਿ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਵਿਚ ਪੀੜਤ ਪਰਿਵਾਰਾਂ ਦੇ ਜੀਆਂ ਦੇ ਪ੍ਰਤੀਨਿਧ ਨੂੰ ਸ਼ਾਮਲ ਕੀਤਾ ਜਾਵੇ। ਹੁਣ ਤਕ ਇਸ ਟਰੱਸਟ ਵਿਚ ਅਜਿਹੇ ਪਰਿਵਾਰ ਦੇ ਪ੍ਰਤੀਨਿਧ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਇਸ ਪੱਤਰ ਦੇ ਜਵਾਬ ਵਿਚ ਸ੍ਰੀ ਬਹਿਲ ਨੂੰ ਮੁਲਾਕਾਤ ਲਈ ਸੱਦਾ ਪੱਤਰ ਭੇਜਿਆ ਗਿਆ ਸੀ।



*ਜੱਲਿਆਂ ਵਾਲੇ ਬਾਗ਼ 'ਚ ਬਣਾਈ ਸ਼ਹੀਦੀ ਲਾਟ ਦਾ ਦ੍ਰਿਸ਼।*

ਦੱਸਣਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜਿਹੇ ਸ਼ਹੀਦ ਪਰਿਵਾਰਾਂ ਨੂੰ ਸੁਤੰਤਰਤਾ ਸੈਨਾਨੀਆਂ ਦਾ ਦਰਜਾ ਦਿਵਾਉਣ ਲਈ ਇਸ ਬਾਰੇ ਇਕ ਕੇਸ 2008 ਵਿਚ ਪੰਜਾਬ ਸਰਕਾਰ ਨੂੰ ਭੇਜਿਆ ਸੀ ਜਿਸ ਨੂੰ ਅਗਾਂਹ ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਕੋਲ ਭੇਜ ਦਿੱਤਾ ਗਿਆ ਸੀ। ਕੇਂਦਰ ਸਰਕਾਰ ਨੇ 19 ਦਸੰਬਰ, 2008 ਨੂੰ ਅਜਿਹੇ ਪਰਿਵਾਰਾਂ ਨੂੰ ਸੁਤੰਤਰਤਾ ਸੈਨਾਨੀ ਦਾ ਦਰਜਾ ਦੇਣ ਦੀ ਮੰਗ ਨੂੰ ਪ੍ਰਵਾਨ ਕਰ ਲਿਆ ਸੀ। ਕੇਂਦਰ ਸਰਕਾਰ ਦੀ ਪ੍ਰਵਾਨਗੀ ਉਪਰੰਤ ਇਹ ਸਾਰੇ ਪਰਿਵਾਰ ਸੁਤੰਤਰਤਾ ਸੈਨਾਨੀਆਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਏ ਹਨ।

13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਵਿਚ ਸੈਂਕੜੇ ਵਿਅਕਤੀ ਮਾਰੇ ਗਏ ਸਨ ਪਰ ਇਹ ਇਕ ਵੱਡੀ ਤ੍ਰਾਸਦੀ ਹੈ ਕਿ ਹੁਣ ਤਕ ਸ਼ਹੀਦ ਹੋਏ ਵਿਅਕਤੀਆਂ ਦੀ ਇਕ ਮੁਕੰਮਲ ਸੂਚੀ ਤਿਆਰ ਨਹੀਂ ਹੋ ਸਕੀ। ਇਸ ਬਾਰੇ ਵੱਖ-ਵੱਖ ਸੂਚੀਆਂ ਹਨ ਅਤੇ ਇਹ ਸੂਚੀਆਂ ਵਿਚ ਵੱਖ-ਵੱਖ ਅੰਕੜੇ ਦਰਸਾਏ ਗਏ ਹਨ। ਜਲ੍ਹਿਆਂਵਾਲਾ ਬਾਗ ਸ਼ਹੀਦ ਪਰਿਵਾਰ ਸਮਿਤੀ ਕੋਲ ਮੌਜੂਦ ਸੂਚੀ ਵਿਚ 464 ਸ਼ਹੀਦ ਵਿਅਕਤੀਆਂ ਦੇ ਨਾਂ ਸ਼ਾਮਲ ਹਨ ਜੋ ਉਸ ਵੇਲੇ ਅੰਗਰੇਜ਼ੀ ਫੌਜ ਦੀ ਗੋਲੀ ਦਾ ਸ਼ਿਕਾਰ ਬਣੇ ਸਨ ਜਦੋਂਕਿ ਜ਼ਿਲਾ ਪ੍ਰਸ਼ਾਸਨ ਕੋਲ ਮੌਜੂਦ ਸੂਚੀ ਵਿਚ 505 ਸ਼ਹੀਦ ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਇਸੇ ਤਰ੍ਹਾਂ ਜਲ੍ਹਿਆਂਵਾਲਾ ਬਾਗ ਕੌਮੀ ਯਾਦਗਾਰ ਟਰੱਸਟ ਦੀ ਸੂਚੀ ਵਿਚ 388 ਵਿਅਕਤੀਆਂ ਦੇ ਨਾਂ ਸ਼ਾਮਲ ਹਨ।

## *ਹਾਈ ਕੋਰਟ ਵੱਲੋਂ ਬਾਦਲਾਂ ਖ਼ਿਲਾਫ਼ ਸਿਮਰਨਜੀਤ ਸਿੰਘ ਮਾਨ ਦੀ ਪਟੀਸ਼ਨ ਖਾਰਜ*

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ ਹੈ ਜਿਸ 'ਚ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦੇ ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਦੀ ਪਤਨੀ ਸੁਰਿੰਦਰ ਕੌਰ ਬਾਦਲ ਨੂੰ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਬਰੀ ਕਰਨ ਨੂੰ ਚੁਣੌਤੀ ਦਿੱਤੀ ਸੀ। ਇਸ ਮਾਮਲੇ ਨਾਲ ਹੀ ਸਬੰਧਤ ਚੱਲ ਰਹੇ ਇਕ ਹੋਰ ਕੇਸ ਜਿਸ ਵਿਚ ਪੰਜਾਬ ਪੁਲੀਸ ਦੇ ਆਈ.ਜੀ. ਬਰਜਿੰਦਰ ਕੁਮਾਰ ਉੱਪਲ ਤੇ ਬਾਦਲਾਂ ਵਿਰੁੱਧ ਕੇਸ ਵਿਚ ਤਫਤੀਸ਼ੀ ਅਧਿਕਾਰੀ ਰਹੇ ਸੁਰਿੰਦਰ ਪਾਲ ਸਿੰਘ ਵਿਰਕ ਨੇ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਦੇ ਫੈਸਲੇ ਵਿਰੁੱਧ ਜੋ ਅਪੀਲਾਂ ਦਾਇਰ ਕੀਤੀਆਂ ਹਨ, ਬਾਰੇ ਹਾਈ ਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਹੈ।





ਅਕਾਲੀ ਆਗੂ ਸਿਮਰਨਜੀਤ ਸਿੰਘ ਮਾਨ ਵੱਲੋਂ ਦਾਇਰ ਪਟੀਸ਼ਨ ਨੂੰ ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਏ.ਜੀ. ਮਸੀਹ 'ਤੇ ਆਧਾਰਤ ਬੈਂਚ ਨੇ ਪਟੀਸ਼ਨ ਖਾਰਜ ਕਰਦਿਆਂ ਕਿਹਾ ਕਿ ਇਸ ਮਾਮਲੇ 'ਤੇ ਜਨ ਹਿਤ ਪਟੀਸ਼ਨ ਦਾਇਰ ਕਰਨੀ ਉਚਿੱਤ ਨਹੀਂ। ਉੱਚ ਅਦਾਲਤ ਦਾ ਕਹਿਣਾ ਹੈ ਕਿ ਵਿਸ਼ੇਸ਼ ਜੱਜ ਦੇ ਫੈਸਲੇ ਨੂੰ ਚੁਣੌਤੀ ਅਪੀਲ ਦਾਇਰ ਕਰਕੇ ਹੀ ਦਿੱਤੀ ਜਾ ਸਕਦੀ ਹੈ। ਪਟੀਸ਼ਨਰ ਨੇ ਆਪਣੇ ਵਕੀਲ ਰੰਜਨ ਲਖਨਪਾਲ ਰਾਹੀਂ ਦਾਇਰ ਪਟੀਸ਼ਨ ਵਿਚ ਮੰਗ ਕੀਤੀ ਸੀ ਕਿ ਇਸ ਮਾਮਲੇ ਵਿਚ ਨਾਮਜ਼ਦ ਵਿਅਕਤੀ, ਕਿਉਂਕਿ ਪ੍ਰਭਾਵਸ਼ਾਲੀ ਅਹੁਦਿਆਂ 'ਤੇ ਬੈਠੇ ਸਨ ਜਿਸ ਕਾਰਨ ਜਾਂਚ ਏਜੰਸੀ ਨੇ ਪਹਿਲਾਂ ਤਾਂ ਆਪਣੇ ਚਲਾਨ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ, ਦੂਸਰੇ ਮਾਮਲੇ ਵਿਚ ਸਾਰੇ ਦੇ ਸਾਰੇ ਗਵਾਹ ਤੇ ਤਫਤੀਸ਼ੀ ਅਧਿਕਾਰੀ ਮੁੱਕਰ ਗਏ। ਪਟੀਸ਼ਨਰ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਜਾਂ ਕਿਸੇ ਹੋਰ ਨਿਰਪੱਖ ਏਜੰਸੀ ਤੋਂ ਕਰਾਈ ਜਾਵੇ।

ਹਾਈ ਕੋਰਟ ਦੇ ਸੀਨੀਅਰ ਵਕੀਲ ਤੇ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਆਰ.ਐਸ. ਚੀਮਾ ਨੇ 28 ਜਨਵਰੀ ਨੂੰ ਆਈ.ਜੀ. ਬਰਜਿੰਦਰ ਕੁਮਾਰ ਉੱਪਲ ਦਾ ਪੱਖ ਰਖਦਿਆਂ ਅਦਾਲਤ ਵਿਚ ਕਿਹਾ ਕਿ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵੱਲੋਂ ਜਿਸ ਮਾਮਲੇ ਵਿਚ ਉਨ੍ਹਾਂ ਦੇ ਮੁਵੱਕਲ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਉਹ ਦੋਸ਼ ਬਣਦਾ ਹੀ ਨਹੀਂ ਕਿਉਂਕਿ ਇਸ ਮਾਮਲੇ ਦੀ ਤਫਤੀਸ਼ ਹੀ ਸਹੀ ਢੰਗ ਨਾਲ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜਦੋਂ ਮਾਮਲੇ ਦੀ ਤਫਤੀਸ਼ ਸਹੀ ਢੰਗ ਨਾਲ ਨਹੀਂ ਹੋਈ ਤਾਂ ਨਿਗਰਾਨ ਅਧਿਕਾਰੀ ਦਾ ਕੀ ਦੋਸ਼ ਹੈ। ਸਰਕਾਰ ਵੱਲੋਂ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਐਨ.ਕੇ. ਸੰਘੀ ਨੇ ਵਿਸ਼ੇਸ਼ ਅਦਾਲਤ ਦੇ ਫੈਸਲੇ ਨੂੰ ਸਹੀ ਕਰਾਰ ਦਿੱਤਾ ਹੈ। ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਪਹਿਲੀ ਅਕਤੂਬਰ ਨੂੰ ਸੁਣਾਏ ਫੈਸਲੇ ਵਿਚ ਬਾਦਲ ਪਰਿਵਾਰ ਤੇ ਹੋਰ ਸਾਰੇ ਵਿਅਕਤੀਆਂ ਨੂੰ ਬਰੀ ਕਰ ਦਿੱਤਾ ਸੀ ਤੇ ਆਈ.ਜੀ. ਉੱਪਲ ਜੋ ਨਿਗਰਾਨ ਅਧਿਕਾਰੀ ਸਨ ਤੇ ਤਫਤੀਸ਼ੀ ਅਧਿਕਾਰੀ ਸੁਰਿੰਦਰ ਪਾਲ ਸਿੰਘ ਵਿਰਕ ਵਿਰੁੱਧ ਮਾਮਲਾ ਚਲਾਉਣ ਦੇ ਹੁਕਮ ਦਿੱਤੇ ਸਨ।

ਸ੍ਰੀ ਉੱਪਲ ਨੇ ਹਾਈ ਕੋਰਟ ਵਿਚ ਦਾਇਰ ਪਟੀਸ਼ਨ ਰਾਹੀਂ ਸਭ ਤੋਂ ਵੱਡਾ ਸਵਾਲ ਇਹੀ ਉਠਾਇਆ ਹੈ ਕਿ ਵਿਸ਼ੇਸ਼ ਅਦਾਲਤ ਨੇ ਇਸ ਮਾਮਲੇ ਵਿਚ ਫੈਸਲਾ ਸੁਣਾਉਣ ਲੱਗਿਆਂ ਜਲਦਬਾਜ਼ੀ ਤੋਂ ਕੰਮ ਲਿਆ ਹੈ। ਪੜਤਾਲੀਆ ਅਫਸਰ ਸੁਰਿੰਦਰ ਪਾਲ ਸਿੰਘ ਦੀ ਭੂਮਿਕਾ ਤੇ ਜ਼ਿਆਦਾਤਰ ਗਵਾਹਾਂ ਨੂੰ ਠੀਕ ਤਰ੍ਹਾਂ ਨਾਲ ਨਹੀਂ ਜਾਂਚਿਆ ਗਿਆ।

# ਟੌਹੜਾ ਦੀ ਯਾਦ 'ਚ ਯੂਨੀਵਰਸਿਟੀ ਬਣਾਉਣ ਦਾ ਐਲਾਨ

**ਮੁਹਾਲੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਐਲਾਨ ਕੀਤਾ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪਟਿਆਲਾ ਨੇੜਲੇ ਕਸਬਾ ਬਹਾਦਰਗੜ੍ਹ ਵਿਖੇ 10 ਏਕੜ ਜ਼ਮੀਨ ਵਿਚ ਧਾਰਮਿਕ ਯੂਨੀਵਰਸਿਟੀ ਸਥਾਪਤ ਕੀਤੀ ਜਾ ਰਹੀ ਹੈ ਜਿਸ ਦਾ ਨੀਂਹ ਪੱਥਰ ਛੇਤੀ ਹੀ ਰੱਖਿਆ ਜਾਵੇਗਾ। ਜਥੇਦਾਰ ਮੱਕੜ ਇਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਫੇਜ਼-8 ਵਿਖੇ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ 'ਚ ਪਹੁੰਚੇ ਸਨ।



ਜਥੇਦਾਰ ਮੱਕੜ ਨੇ ਕਿਹਾ ਕਿ ਇਸ ਯਾਦਗਾਰ ਦਾ ਨੀਂਹ ਪੱਥਰ ਬੀਤੀ 27 ਜਨਵਰੀ ਨੂੰ ਰੱਖਿਆ ਜਾਣਾ ਤੈਅ ਸੀ ਪਰ ਐਨ ਮੌਕੇ ਜਥੇਦਾਰ ਟੌਹੜਾ ਦੀ ਪਤਨੀ ਬੀਬੀ ਜੋਗਿੰਦਰ ਕੌਰ ਟੌਹੜਾ ਦਾ ਅਚਾਨਕ ਦੇਹਾਂਤ ਹੋ ਗਿਆ ਜਿਸ ਕਾਰਨ ਇਹ ਕੰਮ ਥੋੜ੍ਹਾ ਪੱਛੜ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਵਿਚ ਧਾਰਮਿਕ ਸਿੱਖਿਆ ਮੁਹੱਈਆ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ, ਮਿਸ਼ਨਰੀ ਕਾਲਜ ਤੇ ਹੋਰ ਧਾਰਮਿਕ ਕਾਲਜ ਲਈ ਖੋਜ ਕਰਨ ਦੇ ਕਾਰਜ ਵੀ ਹੋਇਆ ਕਰਨਗੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਗੁਆਂਢੀ ਸੂਬੇ ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਮੰਗ 'ਤੇ ਬਜ਼ਿੱਦ ਜਗਦੀਸ਼ ਸਿੰਘ ਝੀਂਡਾ ਵੱਲੋਂ ਵਿਸ਼ਵ ਪੱਧਰੀ ਧਰਮ ਪ੍ਰਚਾਰ ਕਮੇਟੀ ਸਥਾਪਤ ਕਰਨ ਦੇ ਐਲਾਨ ਬਾਰੇ ਜਥੇਦਾਰ ਮੱਕੜ ਨੇ ਕਿਹਾ ਕਿ ਜਦੋਂ ਹਰਿਆਣਾ ਦੇ ਸਿੱਖ ਹੀ ਉਥੇ ਵੱਖਰੀ ਕਮੇਟੀ ਨਹੀਂ ਚਾਹੁੰਦੇ ਤਾਂ ਫਿਰ ਸੌੜੀ ਰਾਜਨੀਤੀ ਕਰਨ ਵਾਲੇ ਇੱਕਾ-ਦੁੱਕਾ ਵਿਅਕਤੀਆਂ ਦੇ ਕਹਿਣ ਨਾਲ ਵੱਖਰੀ ਕਮੇਟੀ ਨਹੀਂ ਬਣ ਸਕਦੀ। ਉਨ੍ਹਾਂ ਕਿਹਾ ਕਿ ਸ੍ਰੀ ਝੀਂਡਾ ਤੇ ਸ੍ਰੀ ਸਰਨਾ ਦਾ ਕੋਈ ਵਜੂਦ ਨਹੀਂ ਬਲਕਿ ਉਹ ਕਾਂਗਰਸ ਦੇ ਇਸ਼ਾਰੇ 'ਤੇ ਫੜਾਂ ਮਾਰ ਰਹੇ ਹਨ ਤੇ ਉਨ੍ਹਾਂ ਦੇ ਸਾਰੇ ਭਰਮ-ਭੁਲੇਖੇ ਆ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਦੂਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿਚ ਸਿੱਖਾਂ ਨੂੰ ਧਰਮ ਪਰਿਵਰਤਨ ਕਰਨ ਜਾਂ ਕਸ਼ਮੀਰ ਛੱਡਣ ਬਾਰੇ ਜੋ ਵੱਖਵਾਦੀ ਤਾਕਤਾਂ ਵੱਲੋਂ ਫਰਮਾਨ ਜਾਰੀ ਹੋਇਆ ਸੀ, ਉਸ ਦੇ ਵਿਰੁੱਧ ਪਰਮਜੀਤ ਸਿੰਘ ਸਰਨਾ ਨੇ ਕੋਈ ਬਿਆਨ ਤੱਕ ਨਹੀਂ ਦਿੱਤਾ ਜਦਕਿ ਉਹ ਪਹਿਲਾਂ ਇਸ ਬਾਰੇ ਪ੍ਰਧਾਨ ਮੰਤਰੀ ਨੂੰ ਮਿਲੇ ਤੇ ਬਾਅਦ 'ਚ ਉਹ ਦੋ ਦਿਨ ਜੰਮੂ ਵਿਖੇ ਸਿੱਖਾਂ ਕੋਲ ਰਹੇ ਤੇ ਉਨ੍ਹਾਂ ਦਾ ਹੌਂਸਲਾ ਵਧਾਇਆ।

ਜਥੇਦਾਰ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਅਮਰੀਕਾ ਵਿਖੇ ਕੈਲੇਫੋਰਨੀਆ 'ਚ ਪੰਜ ਏਕੜ ਤੇ ਵਾਸ਼ਿੰਗਟਨ ਡੀ.ਸੀ. ਵਰਗੀ ਮਹਿੰਗੀ ਥਾਂ 'ਤੇ ਡੇਢ ਏਕੜ ਜ਼ਮੀਨ ਦਾਨ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੂੰ ਅਪੀਲ ਕੀਤੀ ਗਈ ਸੀ ਕਿ ਸ਼੍ਰੋਮਣੀ ਕਮੇਟੀ ਦੇ 10 ਮੈਂਬਰ ਵਿਦੇਸ਼ਾਂ ਤੋਂ ਵੀ ਬਣਾਏ ਜਾਣ ਪਰ ਸਰਕਾਰ ਨੇ ਅਜੇ ਤੱਕ ਇਸ ਮੰਗ ਵੱਲ ਧਿਆਨ ਨਹੀਂ ਦਿੱਤਾ। ਇਸ ਲਈ ਹੁਣ ਉਨ੍ਹਾਂ ਵੱਲੋਂ ਵਿਦੇਸ਼ਾਂ ਵਿਚੋਂ 21 ਮੈਂਬਰੀ ਸਲਾਹਕਾਰ ਕਮੇਟੀ ਗਠਿਤ ਕੀਤੀ ਜਾ ਰਹੀ ਹੈ।

# ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ 1048 ਕਰੋੜ ਦੀ ਕੇਂਦਰੀ ਗ੍ਰਾਂਟ ਰੁਕੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਸੂਬੇ ਨੂੰ ਮਿਲਣ ਵਾਲੀ 1048 ਕਰੋੜ ਦੀ ਕੇਂਦਰੀ ਗ੍ਰਾਂਟ ਰੁਕ ਗਈ ਹੈ। ਦਿਵਾਲੀਆ ਹੋਈ ਪੰਜਾਬ ਸਰਕਾਰ ਕੇਂਦਰ ਤੋਂ ਮਿਲਣ ਵਾਲੀ 1047.50 ਕਰੋੜ ਰੁਪਏ ਦੀ ਆਰਥਿਕ ਸਹਾਇਤਾ ਪ੍ਰਾਪਤ ਕਰਨ ਵਿਚ ਵੀ ਬੁਰੀ ਤਰ੍ਹਾਂ ਅਸਫ਼ਲ ਰਹੀ ਹੈ ਕਿਉਂਕਿ ਉਹ ਆਪਣਾ ਬਣਦਾ ਹਿੱਸਾ ਨਹੀਂ ਪਾ ਸਕੀ।

ਮਾਰਚ 2011 ਤਕ ਕੇਂਦਰ ਸਰਕਾਰ ਨੇ ਪੰਜਾਬ ਨੂੰ 712.22 ਕਰੋੜ ਰੁਪਏ ਜਾਰੀ ਕਰਨੇ ਸਨ ਪਰ 354.50 ਕਰੋੜ ਰੁਪਏ ਹੀ ਜਾਰੀ ਹੋ ਸਕੇ ਕਿਉਂਕਿ ਪੰਜਾਬ ਸਰਕਾਰ ਤੇ ਮਿਉਂਸਪਲ ਕਾਰਪੋਰੇਸ਼ਨਾਂ ਆਪਣਾ ਹਿੱਸਾ ਨਾ ਪਾ ਸਕੀਆਂ। ਜਵਾਹਰ ਲਾਲ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ ਅਧੀਨ ਅੰਮ੍ਰਿਤਸਰ, ਲੁਧਿਆਣਾ ਤੇ ਐਸ.ਏ.ਐਸ. ਨਗਰ ਵਿਚ ਪੀਣ ਵਾਲੇ ਪਾਣੀ, ਸੀਵਰੇਜ, ਟ੍ਰੈਫਿਕ ਵਿਚ ਸੁਧਾਰ ਲਈ ਵਿਸ਼ੇਸ਼ ਸੜਕ ਬਣਾਉਣ, ਸ਼ਹਿਰੀ ਬਸਤੀਆਂ ਦੇ ਸੁਧਾਰ ਤੇ ਗ਼ਰੀਬਾਂ ਲਈ ਮਕਾਨ ਬਣਾਉਣ ਦੀਆਂ 1326 ਕਰੋੜ ਰੁਪਏ ਦੀਆਂ ਚਾਰ ਸਕੀਮਾਂ ਪ੍ਰਵਾਨ ਹੋਈਆਂ ਸਨ। ਦੋ ਸਕੀਮਾਂ ਵਿਚ ਕੇਂਦਰ ਸਰਕਾਰ ਨੇ 80-80 ਫ਼ੀਸਦੀ ਆਰਥਿਕ ਸਹਾਇਤਾ ਦੇਣੀ ਸੀ ਜਦਕਿ ਪੰਜਾਬ ਸਰਕਾਰ ਤੇ ਮਿਉਂਸਪਲ ਕਾਰਪੋਰੇਸ਼ਨਾਂ ਨੇ 10-10 ਫ਼ੀਸਦੀ ਹਿੱਸਾ ਪਾਉਣਾ ਸੀ। ਦੂਜੀਆਂ ਦੋ ਸਕੀਮਾਂ ਲਈ ਕੇਂਦਰ ਸਰਕਾਰ ਨੇ 50 ਫ਼ੀਸਦੀ, ਪੰਜਾਬ ਸਰਕਾਰ ਨੇ 20 ਫ਼ੀਸਦੀ ਤੇ ਮਿਉਂਸਿਪਲ ਕਾਰਪੋਰੇਸ਼ਨ ਨੇ 30 ਫ਼ੀਸਦੀ ਹਿੱਸਾ ਪਾਉਣਾ ਸੀ। ਕੇਂਦਰ ਸਰਕਾਰ ਨੇ 31 ਦਸੰਬਰ 2010 ਤਕ ਆਪਣੇ ਬਣਦੇ ਹਿੱਸੇ ਵਿਚੋਂ 354.50 ਕਰੋੜ ਰੁਪਏ ਦੀ ਰਕਮ ਪੰਜਾਬ ਸਰਕਾਰ ਨੂੰ ਜਾਰੀ ਕਰ ਦਿੱਤੀ ਪਰ ਪੰਜਾਬ ਸਰਕਾਰ ਤੇ ਕਾਰਪੋਰੇਸ਼ਨਾਂ ਨੇ ਪਹਿਲੇ ਤਿੰਨ ਸਾਲਾਂ ਵਿਚ ਤਾਂ ਇਕ ਧੇਲਾ ਵੀ ਜਾਰੀ ਨਹੀਂ ਕੀਤਾ ਬਲਕਿ ਕੇਂਦਰ ਸਰਕਾਰ ਤੋਂ ਮਿਲੀ ਰਕਮ ਵੀ ਇਨ੍ਹਾਂ ਸ਼ਹਿਰਾਂ ਦੇ ਪ੍ਰਾਜੈਕਟਾਂ ਉਪਰ ਖ਼ਰਚ ਕਰਨ ਦੀ ਬਜਾਏ ਹੋਰ ਕੰਮਾਂ ਲਈ ਇਸਤੇਮਾਲ ਕੀਤੀ। ਪ੍ਰਵਾਨਿਤ ਯੋਜਨਾ ਅਨੁਸਾਰ 2007 ਤੋਂ 2011 ਤੱਕ ਕੇਂਦਰ ਸਰਕਾਰ ਨੇ 712.22 ਕਰੋੜ ਰੁਪਏ ਦੇਣੇ ਸਨ।

ਇਸੇ ਤਰ੍ਹਾਂ ਪੰਜਾਬ ਸਰਕਾਰ ਤੇ ਮਿਉਂਸਪਲ ਕਾਰਪੋਰੇਸ਼ਨਾਂ ਨੇ 478 ਕਰੋੜ ਰੁਪਏ ਦਾ ਹਿੱਸਾ ਪਾਉਣਾ ਸੀ। ਪਹਿਲੇ ਦੋ ਸਾਲਾਂ ਵਿਚ ਨਾ ਤਾਂ ਪੰਜਾਬ ਸਰਕਾਰ ਨੇ ਅਤੇ ਨਾ ਹੀ ਕਾਰਪੋਰੇਸ਼ਨਾਂ ਨੇ ਕੋਈ ਹਿੱਸਾ ਪਾਇਆ। ਸਿਰਫ਼ ਤੀਜੇ ਸਾਲ ਵਿਚ ਪੰਜਾਬ ਸਰਕਾਰ ਨੇ 172 ਕਰੋੜ ਰੁਪਏ ਖ਼ਰਚ ਕੀਤੇ ਜਦਕਿ ਮਿਉਂਸਪਲ ਕਾਰੋਪਰੇਸ਼ਨਾਂ ਨੇ ਇਕ ਧੇਲਾ ਜਾਰੀ ਨਹੀਂ ਕੀਤਾ। ਮਿਉਂਸਪਲ ਕਾਰਪੋਰੇਸ਼ਨਾਂ ਤੇ ਪੰਜਾਬ ਸਰਕਾਰ ਪਿਛਲੇ ਤਿੰਨ ਸਾਲਾਂ ਵਿਚ 478 ਕਰੋੜ ਰੁਪਏ ਦੀ ਥਾਂ ਸਿਰਫ਼ 172 ਕਰੋੜ ਰੁਪਏ ਹੀ ਜਾਰੀ ਕਰ ਸਕੇ ਜੋ ਮੁਸ਼ਕਿਲ ਨਾਲ ਦੇਣ ਵਾਲੀ ਰਕਮ ਦਾ 34 ਫ਼ੀਸਦੀ ਹਿੱਸਾ ਹੀ ਬਣਦਾ ਹੈ। ਇਸ ਦੇ ਉਲਟ ਕੇਂਦਰ ਸਰਕਾਰ ਨੇ ਦੋ ਸਾਲ ਪਹਿਲਾਂ ਹੀ ਅਪਣੇ ਹਿੱਸੇ ਦੀ ਰਕਮ ਦਾ 50 ਫ਼ੀਸਦੀ ਹਿੱਸਾ ਜਾਰੀ ਕਰ ਦਿੱਤਾ ਸੀ। ਪੰਜਾਬ ਸਰਕਾਰ ਵਲੋਂ ਉਪਰੋਕਤ ਯੋਜਨਾ ਅਧੀਨ ਕੇਂਦਰੀ ਸਹਾਇਤਾ ਪ੍ਰਾਪਤ ਕਰਨ ਲਈ ਸ਼ਰਤਾਂ 'ਤੇ ਅੱਜ ਤਕ ਅਮਲ ਨਹੀਂ ਕੀਤਾ ਗਿਆ ਤੇ ਨਾ ਹੀ ਆਪਣੇ ਹਿੱਸੇ ਦੀ ਪੂਰੀ ਰਕਮ ਜਾਰੀ ਕੀਤੀ ਗਈ। ਨਤੀਜਾ ਇਹ ਨਿਕਲਿਆ ਕਿ ਤਿੰਨਾਂ ਸ਼ਹਿਰਾਂ ਦੀਆਂ ਅਹਿਮ ਸਕੀਮਾਂ ਲਈ ਕੇਂਦਰ ਸਰਕਾਰ ਤੋਂ ਜੋ 2012 ਤਕ 1047.50 ਕਰੋੜ ਰੁਪਏ ਦੀ ਸਹਾਇਤਾ ਮਿਲਣੀ ਸੀ, ਉਸ ਵਿਚੋਂ ਅੱਜ ਤਕ 354.50 ਕਰੋੜ ਰੁਪਏ ਹੀ ਮਿਲ ਸਕੇ। ਜੇ ਪੰਜਾਬ ਸਰਕਾਰ, ਕੇਂਦਰ ਸਰਕਾਰ ਨਾਲ ਤਹਿ ਸ਼ਰਤਾਂ 'ਤੇ ਅਮਲ ਕਰਦੀ ਤਾਂ ਕੇਂਦਰ ਸਰਕਾਰ ਤੋਂ ਮਿਲਣ ਵਾਲੀ ਆਰਥਕ ਸਹਾਇਤਾ ਨਾਲ ਤਿੰਨ ਸ਼ਹਿਰਾਂ ਵਿਚ ਜਨਤਾ ਨੂੰ ਅਹਿਮ ਸਹੂਲਤਾਂ ਮੁਹੱਈਆ ਹੋ ਜਾਣੀਆਂ ਸਨ।



*ਫੰਡਾਂ ਦੀ ਘਾਟ ਕਾਰਨ ਟੁੱਟੀ ਸੜਕ ਦੀ ਇਕ ਤਸਵੀਰ।*

# ਸੁਖਬੀਰ ਵੱਲੋਂ ਪੰਜਾਬ ਨੂੰ ਵਿਸ਼ੇਸ਼ ਰਿਆਇਤਾਂ ਦੇਣ ਦੀ ਮੰਗ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ 'ਤੇ ਪੰਜਾਬ ਨੂੰ ਕਈ ਫਰੰਟਾਂ 'ਤੇ ਅਣਗੌਲਣ ਦਾ ਦੋਸ਼ ਲਾਉਂਦੇ ਹੋਏ ਮੰਗ ਕੀਤੀ ਹੈ ਕਿ ਇਸ ਸਰਹੱਦੀ ਸੂਬੇ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਣ। ਉਹ ਨਵੀਂ ਦਿੱਲੀ 'ਚ ਅੰਦਰੂਨੀ ਸਰੁੱਖਿਆ ਬਾਰੇ ਮੁੱਖ ਮੰਤਰੀਆਂ ਦੀ ਕੌਮੀ ਬੈਠਕ ਵਿਚ ਪੰਜਾਬ ਵੱਲੋਂ ਬੋਲ ਰਹੇ ਸਨ। ਉਨ੍ਹਾਂ ਕਾਲੀ ਸੂਚੀ ਖ਼ਤਮ ਕਰਨ ਤੇ ਸੂਬੇ ਲਈ ਵਿਸ਼ੇਸ਼ ਪੈਕਜ ਦੀ ਮੰਗ ਕੀਤੀ। ਉਨ੍ਹਾਂ ਅਪੀਲ ਕੀਤੀ ਕਿ ਕਾਲੀ ਸੂਚੀ ਦੇ ਮਸਲੇ ਨੂੰ ਵੀ ਹੱਲ ਕੀਤਾ ਜਾਵੇ। ਸਰਕਾਰ ਸਮੇਂ-ਸਮੇਂ 'ਤੇ ਇਨ੍ਹਾਂ ਸਾਰੇ ਮਾਮਲਿਆਂ ਦੀ ਨਜ਼ਰਸਾਨੀ ਕਰੇ ਤੇ ਕੇਸ ਵਿਚ ਲੋੜੀਂਦੇ ਵਿਅਕਤੀਆਂ ਦੇ ਨਾਵਾਂ ਨੂੰ ਆਪਣੀਆਂ ਵੈਬਸਾਈਟ 'ਤੇ ਪਾਵੇ ਤਾਂ ਜੋ ਹੋਰਾਂ ਨੂੰ ਪ੍ਰੇਸ਼ਾਨੀ ਤੋਂ ਬਚਾਇਆ ਜਾ ਸਕੇ।



ਸ੍ਰੀ ਬਾਦਲ ਨੇ ਭਾਸ਼ਨ ਵਿਚ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਮਨਾਂ ਅੰਦਰ ਇਹ ਸੋਚ ਹੈ ਕਿ ਕੇਂਦਰ ਸਰਕਾਰ ਰਾਜ ਨਾਲ ਨਾਇਨਸਾਫੀ ਕਰ ਰਹੀ ਹੈ ਤੇ ਆਰਥਿਕ, ਰਾਜਨੀਤਿਕ, ਧਾਰਮਿਕ ਤੇ ਭੂਗੋਲਿਕ ਪੱਧਰ 'ਤੇ ਉਸ ਨੂੰ ਅਣਗੌਲਿਆ ਜਾ ਰਿਹਾ ਹੈ। ਰਾਜ ਦੀ ਰਾਜਧਾਨੀ ਕੇਂਦਰ ਵੱਲੋਂ ਵਾਅਦਾ ਕਰਨ ਦੇ ਬਾਵਜੂਦ ਨਹੀਂ ਦਿੱਤੀ ਜਾ ਰਹੀ ਤੇ ਪੰਜਾਬ ਅਜਿਹਾ ਰਾਜ ਹੈ ਜਿਥੇ ਰਿਪੇਰੀਅਨ ਨਿਯਮ ਦੀ ਅਣਦੇਖੀ ਕੀਤੀ ਜਾ ਰਹੀ ਹੈ। ਪੰਜਾਬ ਦੇਸ਼ ਦੇ ਅੰਨ ਭੰਡਾਰ 'ਚ 70 ਫੀਸਦੀ ਹਿੱਸਾ ਪਾਉਂਦਾ ਹੈ ਪਰ ਉਸ ਨੂੰ ਖੇਤੀ ਖੇਤਰ ਲਈ ਕੋਈ ਪੈਕਜ ਨਹੀਂ ਦਿੱਤਾ ਗਿਆ ਤੇ ਖੇਤੀ ਆਧਾਰਤ ਵੱਡੀਆਂ ਸਨਅਤਾਂ ਨਹੀਂ ਲਾਈਆਂ ਗਈਆਂ। ਗੁਆਂਢੀ ਸੂਬਿਆਂ ਨੂੰ ਦਿੱਤੀਆਂ ਸਨਅਤੀ ਰਿਆਇਤਾਂ ਦਾ ਪੰਜਾਬ ਨੂੰ ਨੁਕਸਾਨ ਹੋਇਆ ਹੈ। ਇਸ ਲਈ ਉਨ੍ਹਾਂ ਪੰਜਾਬ ਲਈ ਸਨਅਤੀ ਪੈਕਜ ਦਿੱਤੇ ਜਾਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਧਾਰਮਿਕ ਮਸਲਿਆਂ ਦੇ ਹੱਲ ਪ੍ਰਤੀ ਸੰਜੀਦਾ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਸਿੱਖਾਂ ਦੀ ਪੱਗ ਦੇ ਮਾਮਲੇ ਨੂੰ ਜਲਦੀ ਹੱਲ ਕਰਨ ਵੱਲ ਕੇਂਦਰ ਕਦਮ ਪੁੱਟੇ। ਕੇਂਦਰ ਸਰਕਾਰ ਵਿਦੇਸ਼ਾਂ ਅੰਦਰ ਕਿਸੇ ਕਾਰਨ ਆਪਣੇ ਪਾਸਪੋਰਟ ਗਵਾ ਬੈਠੇ ਵਿਅਕਤੀਆਂ ਨੂੰ ਵੀਜ਼ਾ ਦੇਣ ਦੇ ਮੁੱਦੇ 'ਤੇ ਵੀ ਤੇਜ਼ੀ ਨਾਲ ਕਾਰਵਾਈ ਕਰੇ।

ਸ੍ਰੀ ਬਾਦਲ ਨੇ ਪੰਜਾਬ ਦੇ ਸਰਹੱਦੀ ਸੂਬਾ ਹੋਣ ਕਰਕੇ ਦੇਸ਼ ਦੀ ਸਰੁੱਖਿਆ ਨਾਲ ਜੁੜੇ ਅਹਿਮ ਮੁੱਦਿਆਂ ਬਾਰੇ ਕੇਂਦਰ ਸਰਕਾਰ ਦਾ ਧਿਆਨ ਖਿੱਚਦੇ ਹੋਏ ਕਿਹਾ ਕਿ 2009 ਅੰਦਰ ਵਿਦੇਸ਼ੀ ਹੱਤਿਆਰਿਆਂ ਨੇ ਪਟਿਆਲਾ ਵਿਖੇ ਰੁਲਦਾ ਸਿੰਘ ਨੂੰ ਮਾਰ ਦਿੱਤਾ ਸੀ ਤੇ ਵੀਆਨਾ ਵਿਖੇ ਇਕ ਧਾਰਮਿਕ ਆਗੂ ਨੂੰ ਗੋਲੀਆਂ ਮਾਰ ਦਿੱਤੀਆਂ ਸਨ। ਪੰਜਾਬ ਅੰਦਰ ਸਰੁੱਖਿਆ ਦੇ ਪ੍ਰਬੰਧਾਂ ਬਾਰੇ ਉਨ੍ਹਾਂ ਕਿਹਾ ਕਿ ਪੁਲੀਸ 'ਚ ਨਵੀਂ ਭਰਤੀ ਹੋਈ ਹੈ ਤੇ ਰਾਜ ਸਰਕਾਰ ਨੇ ਹੋਰ ਵੀ ਕਈ ਕਦਮ ਪੁੱਟੇ ਹਨ। ਰਾਜ ਅੰਦਰ ਕਿਸੇ ਨੂੰ ਵੀ ਗੜਬੜੀ ਫੈਲਾਉਣ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਇਥੇ ਕੌਮਾਂਤਰੀ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਤੇ ਅਤਿਵਾਦ ਦਾ ਵੱਡਾ ਖਤਰਾ ਬਰਕਰਾਰ ਰਹਿੰਦਾ ਹੈ। ਸਾਲ 2010 ਦੌਰਾਨ ਪੰਜਾਬ ਪੁਲਿਸ ਨੇ 187 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ ਤਸਕਰਾਂ ਤੇ ਅਤਿਵਾਦੀਆਂ ਵੱਲੋਂ ਪਾਕਿਸਤਾਨੀ ਸਿਮ ਕਾਰਡਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਬਾਰੇ ਪੰਜਾਬ ਪੁਲੀਸ ਨੇ ਕੇਂਦਰ ਨੂੰ ਪਹਿਲਾਂ ਹੀ ਚੌਕਸ ਕਰ ਦਿੱਤਾ ਹੈ।

*www.punjabtimesusa.com*

# ਮਨਪ੍ਰੀਤ ਬਾਦਲ ਵੱਲੋਂ ਅਕਾਲੀ ਦਲ 'ਚ ਵੱਡੀ ਸੰਨ੍ਹ

*(ਸਫਾ ਇਕ ਦੀ ਬਾਕੀ)*

ਲੜਾਈ, ਬਲਕਿ ਉਹ ਅਸੂਲਾਂ ਦੀ ਲੜਾਈ ਲੜ ਰਹੇ ਮਨਪ੍ਰੀਤ ਬਾਦਲ ਦਾ ਸਾਥ ਦੇਣ ਲਈ ਉਨ੍ਹਾਂ ਦੀ ਹਮਾਇਤ ਲਈ ਅੱਗੇ ਆਏ ਹਨ ਪਰ ਨਾਲ ਹੀ ਉਨ੍ਹਾਂ ਨੇ ਐਲਾਨ ਕੀਤਾ ਕਿ ਜਿਹੜੇ ਲੀਡਰ ਹੈਲੀਕਾਪਟਰਾਂ 'ਤੇ ਘੁੰਮਦੇ ਨੇ, ਆਉਣ ਵਾਲੀਆਂ ਚੋਣਾਂ ਵਿਚ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਕਰ ਦਿੱਤਾ ਜਾਵੇਗਾ। ਉਨ੍ਹਾਂ ਨਾਲ ਮਿਲਕ ਪਲਾਂਟ ਦੇ ਸਾਬਕਾ ਚੇਅਰਮੈਨ ਹਰਦੇਵ ਸਿੰਘ ਕੋਠੇ ਜੱਟਾਂ, ਜ਼ਿਲ੍ਹਾ ਜਨਰਲ ਸਕੱਤਰ ਅਵਤਾਰ ਸਿੰਘ ਕਪੂਰ, ਮਾਰਕੀਟ ਕਮੇਟੀ ਗੜ੍ਹਸ਼ੰਕਰ ਦੇ ਸਾਬਕਾ ਚੇਅਰਮੈਨ ਗੁਰਲਾਲ ਸਿੰਘ, ਲੈਂਡ ਮਾਰਗੇਜ਼ ਬੈਂਕ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਢਾਡੇ ਕਟਵਾਲ, ਮੁਕੇਰੀਆਂ ਤੋਂ ਬਲਵਿੰਦਰ ਸਿੰਘ ਬਰਾੜ, ਕਿਰਪਾਲ ਸਿੰਘ ਗੇਰਾ, ਯੂਥ ਵਿੰਗ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਅਣਖੀ ਤੇ ਰਣਜੀਤ ਸਿੰਘ ਰਾਣਾ ਤੇ ਅਕਾਲੀ ਦਲ ਸਰਕਲ ਸਦਰ ਹੁਸ਼ਿਆਰਪੁਰ ਦੇ ਪ੍ਰਧਾਨ ਰਾਜਾ ਸਿੰਘ ਬਡਲਾ ਤੇ ਹੋਰ ਕਈ ਅਕਾਲੀ ਆਗੂਆਂ ਨੇ ਵੀ ਮਨਪ੍ਰੀਤ ਸਿੰਘ ਬਾਦਲ ਨੂੰ ਸਾਥ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਦਾ ਸਵਾਗਤ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਸ. ਬਾਜਵਾ ਦੀ ਹਮਾਇਤ ਮਿਲਣ ਦੀ ਬੇਹੱਦ ਖੁਸ਼ੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸੇ ਤਰ੍ਹਾਂ ਸੱਚੇ ਸੁੱਚੇ ਤੇ ਲੜਾਈ ਦਾ ਜਜ਼ਬਾ ਰੱਖਣ ਵਾਲੇ ਸਾਥੀਆਂ ਦਾ ਸਾਥ ਮਿਲਦਾ ਰਿਹਾ ਤਾਂ ਪੰਜਾਬ ਵਿਚ ਇਨਕਲਾਬ ਆ ਕੇ ਹੀ ਰਹੇਗਾ। ਇਸ ਮੌਕੇ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ, ਉਘੇ ਅਰਥ ਸ਼ਾਸਤਰੀ ਡਾ. ਐਸ.ਐਸ. ਜੌਹਲ, ਜਲੰਧਰ ਕੈਂਟ ਦੇ ਵਿਧਾਇਕ ਜਗਬੀਰ ਸਿੰਘ ਬਰਾੜ ਤੇ ਹੋਰ ਆਗੂ ਹਾਜ਼ਰ ਸਨ। ਇਸੇ ਦੌਰਾਨ ਆਪਣੇ ਹੱਕ ਵਿਚ ਨਿਤਰਨ ਵਾਲੇ ਸਿਆਸੀ ਆਗੂਆਂ ਨੂੰ ਖਾੜਕੂ ਜਥੇਬੰਦੀਆਂ ਵਲੋਂ ਮਿਲਣ ਵਾਲੀਆਂ ਧਮਕੀਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਮਨਪ੍ਰੀਤ ਨੇ ਇਨ੍ਹਾਂ ਧਮਕੀਆਂ ਦੀ ਜਾਂਚ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਲਿਖਿਆ ਹੈ। ਸ. ਬਾਦਲ ਨੇ ਕਿਹਾ ਕਿ ਚਾਹੇ ਧਮਕੀਆਂ ਮਿਲਣ ਦਾ ਕਾਰਨ ਸਿਆਸੀ ਬਦਲਾਖੋਰੀ ਹੋਵੇ ਜਾਂ ਕੋਈ ਹੋਰ, ਇਹ ਇਕ ਅਨੈਤਿਕ ਕਾਰਵਾਈ ਹੈ ਜਿਸ ਦੀ ਜਾਂਚ ਹੋਣੀ ਲਾਜ਼ਮੀ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੂੰ ਮਿਲਣ ਵਾਲੀਆਂ ਧਮਕੀਆਂ ਦਾ ਕਾਰਨ ਉਨ੍ਹਾਂ ਨੂੰ ਹਮਾਇਤ ਦੇਣਾ ਹੈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਇਹ ਪੜਤਾਲ ਕਰਨ ਲਈ ਆਖਿਆ ਹੈ ਕਿ ਬੱਬਰ ਖਾਲਸਾ ਇੰਟਰਨੈਸ਼ਨਲ ਨਾਂ ਦੀ ਜਥੇਬੰਦੀ ਵਲੋਂ ਆਇਆ ਧਮਕੀ ਭਰਿਆ ਸੁਨੇਹਾ ਕਿੱਥੋਂ ਭੇਜਿਆ ਗਿਆ। ਉਨ੍ਹਾਂ ਪੰਜਾਬ ਵਿਚ ਖਾੜਕੂਆਂ ਦੇ ਮੁੜ ਉਭਾਰ 'ਤੇ ਵੀ ਚਿੰਤਾ ਪ੍ਰਗਟਾਈ ਹੈ। ਜਿੱਥੋਂ ਤੱਕ ਉਨ੍ਹਾਂ ਦੀ ਨਿੱਜੀ ਸੁਰੱਖਿਆ ਦਾ ਸਵਾਲ ਹੈ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਫ਼ਿਲਹਾਲ ਕਿਸੇ ਪਾਸਿਉਂ ਕੋਈ ਖਤਰਾ ਨਹੀਂ ਤੇ ਉਹ ਬਿਨਾਂ ਸਕਿਉਰਟੀ ਦੇ ਜ਼ਿਆਦਾ ਆਰਾਮਦਾਇਕ ਮਹਿਸੂਸ ਕਰਦੇ ਹਨ।

ਇਸ ਦੇ ਨਾਲ ਹੀ ਮਨਪ੍ਰੀਤ ਨੇ ਮੰਗ ਕੀਤੀ ਕਿ ਸਾਬਕਾ ਕੈਬਨਿਟ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਸੜਕ ਹਾਦਸੇ 'ਚ ਹੋਈ ਮੌਤ ਬਾਰੇ ਜਾਂਚ ਰਿਪੋਰਟ ਜਨਤਕ ਕੀਤੀ ਜਾਵੇ। ਮਰਹੂਮ ਕੈਪਟਨ ਕੰਵਲਜੀਤ ਸਿੰਘ ਦੇ ਕਰੀਬੀ ਸਾਥੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸੰਦਲ ਵੱਲੋਂ ਮਨਪ੍ਰੀਤ ਬਾਦਲ ਦੇ ਕਾਫਲੇ 'ਚ ਸ਼ਾਮਲ ਹੋਣ ਬਾਰੇ ਐਲਾਨ ਬਾਰੇ ਜਲੰਧਰ ਵਿਖੇ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਇਹ ਮੰਗ ਕੀਤੀ। ਕੈਪਟਨ ਕੰਵਲਜੀਤ ਸਿੰਘ ਨਾਲ ਦੋ ਸਾਲ ਪਹਿਲਾਂ ਵਾਪਰੇ ਹਾਦਸੇ ਬਾਰੇ ਹੋਰ ਸਵਾਲਾਂ ਦੇ ਜਵਾਬ ਦੇਣ ਦੀ ਥਾਂ ਉਨ੍ਹਾਂ ਇਹੋ ਮੰਗ ਕੀਤੀ ਕਿ ਇਸ ਮਾਮਲੇ ਬਾਰੇ ਰਿਪੋਰਟ ਜਨਤਕ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਉਕਤ ਹਾਦਸੇ ਤੋਂ ਬਾਅਦ ਸਰਕਾਰ ਵੱਲੋਂ ਜਾਂਚ ਦਾ ਐਲਾਨ ਕੀਤਾ ਗਿਆ ਸੀ ਪਰ ਹਾਲੇ ਤੱਕ ਇਹ ਰਿਪੋਰਟ ਸਾਹਮਣੇ ਨਹੀਂ ਆਈ।

## Matrimonials

**ਵਰ ਦੀ ਲੋੜ**

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

**ਕੰਨਿਆ ਦੀ ਲੋੜ**

Gursikh girl for Jatt Sikh Pannu handsome boy, 27, 6'1", BA+3yrs comp. course, father retd. from army & brother working in army. Divorcee can also be considered. No demand. Call: 408-667-8519

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com


**Desi Cuts and Color Plus**

For Men, Women & Children

Grand Opening



Mandeep
510-200-4415

Ph:510-429-0786



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 *( Behind Tacobell )*






ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ

ਜਿਆਦਾ ਜਾਣਕਾਰੀ ਲਈ
www.ihues.com
ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ



FARMERS INSURANCE GROUP
Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪੰਜਾਬ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਦੀ ਕੋਈ ਪ੍ਰਵਾਹ ਨਹੀਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਮਨੁੱਖੀ ਅਧਿਕਾਰਾਂ ਪ੍ਰਤੀ ਪੂਰੀ ਤਰ੍ਹਾਂ ਲਾਪ੍ਰਵਾਹ ਹੈ। ਸਰਕਾਰ ਨੇ ਪਿਛਲੇ ਸੱਤ ਮਹੀਨਿਆਂ ਤੋਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਲਾਉਣ ਜਾਂ ਅਹੁਦੇ ਦਾ ਕਾਰਜਕਾਰੀ ਚਾਰਜ ਦੇਣ ਦੀ ਲੋੜ ਹੀ ਨਹੀਂ ਸਮਝੀ। ਕਮਿਸ਼ਨ ਦੇ ਸਾਬਕਾ ਚੇਅਰਮੈਨ ਜਸਟਿਸ ਆਰ.ਐਸ. ਮੌਂਗੀਆ ਦੇ ਜੂਨ ’ਚ ਸੇਵਾ-ਮੁਕਤ ਹੋਣ ਪਿੱਛੋਂ ਮੁਖੀ ਦਾ ਅਹੁਦਾ ਖਾਲੀ ਪਿਆ ਹੈ। ਕਮਿਸ਼ਨ ਦੇ ਉੱਚ ਪ੍ਰਸ਼ਾਸਨਿਕ

**ਸਿਰਫ ਤਿੰਨ ਮੈਂਬਰ ਹੀ ਚਲਾ ਰਹੇ ਹਨ ਕਮਿਸ਼ਨ ਦਾ ਕੰਮ**

ਅਹੁਦਿਆਂ ’ਤੇ ਸਰਕਾਰ ਸੇਵਾਮੁਕਤ ਅਫ਼ਸਰਾਂ ਤੇ ਠੇਕੇ ਦੇ ਮੁਲਾਜ਼ਮਾਂ ਦੀ ਭਰਤੀ ਕਰਕੇ ਡੰਗ ਟਪਾ ਰਹੀ ਹੈ।ਇਸ ਕਰਕੇ 1 ਦਸੰਬਰ, 2009 ਨੂੰ ਲਟਕਦੇ ਕੇਸਾਂ ਦੀ ਗਿਣਤੀ 6500 ਸੀ ਜਿਹੜੀ ਕਿ ਹੁਣ ਵਧ ਕੇ 7500 ਹੋ ਗਈ ਹੈ। ਇਹ ਵੀ ਦੱਸਿਆ ਗਿਆ ਹੈ ਕਿ ਕੇਸਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਦੋਂ ਕਿ ਸੁਣਵਾਈ ਕਰਨ ਵਾਲੇ ਮੈਂਬਰਾਂ ਦੀ ਗਿਣਤੀ ਘੱਟ ਹੋਈ ਹੈ।

ਕਮਿਸ਼ਨ ਦੇ ਇਕ ਹੋਰ ਮੈਂਬਰ ਅਵਿਨਾਸ਼ ਰਾਏ ਖੰਨਾ ਦੇ ਮਾਰਚ ਵਿਚ ਰਾਜ ਸਭਾ ਦੇ ਮੈਂਬਰ ਚੁਣੇ ਜਾਣ ਪਿੱਛੋਂ ਇਹ ਅਹੁਦਾ ਵੀ ਖਾਲੀ ਪਿਆ ਹੈ। ਕਮਿਸ਼ਨ ਦੇ ਕੁੱਲ ਪੰਜ ਮੈਂਬਰਾਂ ਵਿਚੋਂ ਕੇਵਲ ਤਿੰਨ ਮੈਂਬਰ ਹੀ ਕੰਮ ਚਲਾ ਰਹੇ ਹਨ। ਕਮਿਸ਼ਨ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਹੈ ਜਦੋਂ ਚੇਅਰਮੈਨ ਦਾ ਅਹੁਦਾ ਖਾਲੀ ਹੋਣ ਪਿੱਛੋਂ ਸੱਤ ਮਹੀਨਿਆਂ ਵਿਚ ਵੀ ਕਿਸੇ ਨੂੰ ਚਾਰਜ ਨਹੀਂ ਦਿੱਤਾ ਗਿਆ। ਇਸ ਤੋਂ ਪਹਿਲਾਂ 28 ਫਰਵਰੀ ਨੂੰ ਚੇਅਰਮੈਨ ਜਸਟਿਸ ਐਨ.ਸੀ. ਆਨੰਦ ਦੇ ਸੇਵਾ-ਮੁਕਤ ਹੋਣ ਪਿੱਛੋਂ ਪੌਣੇ ਦੋ ਸਾਲਾਂ ਲਈ ਇਹ ਅਸਾਮੀ ਖਾਲੀ ਰਹੀ ਸੀ ਪਰ ਉਸ ਵੇਲੇ ਪਹਿਲੀ ਮਾਰਚ ਨੂੰ ਹੀ ਕਮਿਸ਼ਨ ਦੇ ਸਭ ਤੋਂ ਸੀਨੀਅਰ ਮੈਂਬਰ ਜਸਟਿਸ ਆਰ.ਐਲ. ਆਨੰਦ ਨੂੰ ਕਾਰਜਕਾਰੀ ਚੇਅਰਮੈਨ ਦਾ ਚਾਰਜ ਦਿੱਤਾ ਗਿਆ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਪੰਜ ਰੱਖੀ ਗਈ ਹੈ। ਹਾਈ ਕੋਰਟ ਦੇ ਸਾਬਕਾ ਜੱਜ ਨੂੰ ਚੇਅਰਮੈਨ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ ਜਦੋਂ ਕਿ ਹਾਈ ਕੋਰਟ ਦਾ ਸਾਬਕਾ ਜੱਜ ਹੀ ਇਸ ਦਾ ਸੀਨੀਅਰ ਮੈਂਬਰ ਹੁੰਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਸਮੇਤ ਦੋ ਹੋਰ ਮੈਂਬਰ ਲਏ ਜਾਂਦੇ ਹਨ ਪਰ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਕੇਵਲ ਤਿੰਨ ਹੀ ਮੈਂਬਰ ਰਹਿ ਗਏ ਹਨ ਜਿਨ੍ਹਾਂ ਵਿਚ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਬਲਦੇਵ ਸਿੰਘ, ਸੇਵਾ-ਮੁਕਤ ਸੈਸ਼ਨ ਜੱਜ ਆਰ.ਐਲ.ਰੂਜਮ ਅਤੇ ਕੇ.ਕੇ. ਭਟਨਾਗਰ (ਸੇਵਾ-ਮੁਕਤ ਆਈ.ਏ. ਐਸ.) ਸ਼ਾਮਲ ਹਨ। ਕਮਿਸ਼ਨ ਤੋਂ ਮਿਲੀ ਜਾਣਕਾਰੀ ਅਨੁਸਾਰ ਚੇਅਰਮੈਨ ਦੀ ਅਸਾਮੀ 9 ਜੂਨ 2010 ਤੋਂ ਤੇ ਇਕ ਮੈਂਬਰ ਦੀ ਅਸਾਮੀ ਮਾਰਚ 2009 ਤੋਂ ਖਾਲੀ ਪਈ ਹੈ।

ਦੂਜੇ ਪਾਸੇ ਗ੍ਰਹਿ ਵਿਭਾਗ ਦੇ ਸੂਤਰ ਦੱਸਦੇ ਹਨ ਕਿ ਕਮਿਸ਼ਨ ਵਿਚ ਚੇਅਰਮੈਨ ਤੇ ਮੈਂਬਰ ਦੀ ਅਸਾਮੀ ਭਰਨ ਲਈ ਕੋਈ ਪੈਨਲ ਨਹੀਂ ਬਣਾਇਆ ਗਿਆ। ਚੇਅਰਮੈਨ ਸਮੇਤ ਮੈਂਬਰਾਂ ਦੀ ਨਿਯੁਕਤੀ ਲਈ ਰਾਜ ਦੇ ਮੁੱਖ ਮੰਤਰੀ, ਗ੍ਰਹਿ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਦੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ। ਉਂਝ ਨਿਯੁਕਤੀ ਦੇ ਹੁਕਮ ਰਾਜ ਦੇ ਰਾਜਪਾਲ ਵੱਲੋਂ ਜਾਰੀ ਹੁੰਦੇ ਹਨ। ਕਮਿਸ਼ਨ ਦੇ ਦਫ਼ਤਰ ਵਿਚ ਕੰਮ ਕਰਦੇ ਦੋ ਸੌ ਤੋਂ ਵੱਧ ਮੁਲਾਜ਼ਮਾਂ ਵਿਚੋਂ ਇਕ ਦਰਜਨ ਵੀ ਰੈਗੂਲਰ ਮੁਲਾਜ਼ਮ ਨਹੀਂ ਹਨ। ਕਮਿਸ਼ਨ ਦੇ ਪ੍ਰਸ਼ਾਸਨਿਕ ਅਧਿਕਾਰੀ ਰਜਿਸਟਰਾਰ, ਸੰਯੁਕਤ ਰਜਿਸਟਰਾਰ ਤੇ ਡਿਪਟੀ ਸੈਕਟਰੀ ਸਮੇਤ ਸੁਪਰਡੈਂਟ ਦੇ ਅਹੁਦੇ ’ਤੇ ਸੇਵਾ-ਮੁਕਤ ਮੁਲਾਜ਼ਮਾਂ ਨੂੰ ਲਾਇਆ ਗਿਆ ਹੈ। ਚੇਅਰਮੈਨ ਸਮੇਤ ਦੂਜੇ ਮੈਂਬਰਾਂ ਦਾ ਨਿੱਜੀ ਅਮਲਾ ਵੀ ਸੇਵਾ-ਮੁਕਤ ਮੁਲਾਜ਼ਮਾਂ 'ਚੋਂ ਭਰਿਆ ਗਿਆ ਹੈ। ਕਮਿਸ਼ਨ ਵਿਚ ਸੌ ਤੋਂ ਵੱਧ ਮੈਂਬਰ ਠੇਕੇ ’ਤੇ ਕੰਮ ਕਰ ਰਹੇ ਹਨ। ਕਮਿਸ਼ਨ ਦੇ ਚੇਅਰਮੈਨ ਦੀ ਗੈਰ ਹਾਜ਼ਰੀ ਵਿਚ ਠੇਕੇ ’ਤੇ ਰੱਖੇ ਸੱਤ ਮੁਲਾਜ਼ਮਾਂ ਨੂੰ ਇਸ ਕਰਕੇ 'ਘਰੇ ਬਹਿਣਾ' ਪੈ ਗਿਆ ਹੈ।



*ਪੁਲਿਸ ਵੱਲੋਂ ਮਨੁੱਖੀ ਹੱਕਾਂ ਦੀ ਕੀਤੀ ਜਾ ਰਹੀ ਉਲੰਘਣਾ ਦੀ ਇਕ ਝਲਕ।*

## ...ਜਦੋਂ ਲਾੜੀ ਬਰਾਤ ਲੈ ਕੇ ਪਹੁੰਚੀ

**ਭੁੱਚੋਮੰਡੀ :** ਨਥਾਣਾ ਕਸਬੇ ’ਚ ਇਕ ਲਾੜੀ ਵੱਲੋਂ ਬਰਾਤ ਲੈ ਕੇ ਮੁੰਡੇ ਨੂੰ ਵਿਆਉਣ ਲਈ ਜਾਣ ਦੀ ਚਰਚਾ ਜ਼ੋਰਾਂ ’ਤੇ ਹੈ। ਇਸ ਗੱਲ ਨੇ ਇਕ ਵਾਰ ਫਿਰ ਚਰਚਾ ਛੇੜੀ ਹੈ ਕਿ ਮਰਦ ਪ੍ਰਧਾਨ ਸਮਾਜ ’ਚ ਔਰਤ ਦੇ ਸਵੈਮਾਨ ਨੂੰ ਕਾਇਮ ਰੱਖਣ ਲਈ ਅਜਿਹੇ ਉਪਰਾਲੇ ਜ਼ਰੂਰੀ ਹਨ।

ਇਸ ਬਾਰੇ ਵਿਆਹ ਵਿਚ ਦਾਜ ਨਾ ਲੈ ਕੇ ਤੇ ਲੜਕੀ ਦੀ ਬਾਰਾਤ ਆਪਣੇ ਘਰ ਸੱਦ ਕੇ ਨਥਾਣਾ ਵਾਸੀ ਤਰਕਸ਼ੀਲ ਗੁਰਦੀਪ ਸਿੰਘ ਭਿੰਦਾ ਨੇ ਨਵੀਂ ਪਿਰਤ ਪਾਈ ਹੈ। ਲੜਕਿਆਂ ਨੇ ਅਜਿਹਾ ਕਰਨ ਤੋਂ ਵਾਰ-ਵਾਰ ਰੋਕਿਆ ਪਰ ਲੜਕੀ ਨੇ ਰਿਬਨ ਕੱਟ ਕੇ ਆਪਣੇ ਨਵੇਂ ਜੀਵਨ ਦਾ ਅਰੰਭ ਕੀਤਾ। ਸੁਖਦੀਪ ਕੌਰ ਨਾਂ ਦੀ ਲੜਕੀ ਇਹ ਬਾਰਾਤ ਲੈ ਕੇ ਪੁੱਜੀ। ਲਾੜੇ ਗੁਰਦੀਪ ਸਿੰਘ ਨੇ ਕਿਹਾ ਕਿ ਦਾਜ ਦੀ ਲਾਹਨਤ ਨੂੰ ਖ਼ਤਮ ਕਰਨ ਤੇ ਲੜਕੀਆਂ ਨੂੰ ਵੱਧ ਤੋਂ ਵੱਧ ਅਧਿਕਾਰ ਦੇਣ ਲਈ ਅਜਿਹਾ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਭਾਸ਼ਣ ਤਾਂ ਬਹੁਤ ਦਿੱਤੇ ਜਾਂਦੇ ਹਨ ਪਰ ਉਨ੍ਹਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਂਦਾ। ਲੜਕੀ ਦਾ ਕਹਿਣਾ ਹੈ ਕਿ ਔਰਤਾਂ ਨੂੰ ਅਪਣੇ-ਆਪ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ ਬਲਕਿ ਮਰਦਾਂ ਨਾਲ ਮਿਲ ਕੇ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨਾ ਚਾਹੀਦਾ ਹੈ। ਪਿੰਡ ਦੇ ਸਰਪੰਚ ਅਮਰਜੀਤ ਸਿੰਘ ਤੇ ਪੰਚ ਤਰਸੇਮ ਸਿੰਘ ਨੇ ਇਸ ਉਦਮ ਦੀ ਭਰਪੂਰ ਸ਼ਲਾਘਾ ਕੀਤੀ।

## ਪੁਲਿਸ ਦੀਆਂ 48 ਆਸਾਮੀਆਂ ਲਈ 3000 ਨੌਜਵਾਨ ਪੁੱਜੇ

**ਬਟਾਲਾ:** ਇਥੋਂ ਦੇ ਪੌਲੀਟੈਕਨਿਕ ਕਾਲਜ ਦੇ ਰਾਜੀਵ ਗਾਂਧੀ ਸਟੇਡੀਅਮ ਵਿਚ ਪੁਲਿਸ ਦੀ ਭਰਤੀ ਲਈ ਫਾਰਮ ਅਤੇ ਰੋਲ ਨੰਬਰ ਲੈਣ ਮੌਕੇ ਕਰੀਬ ਤਿੰਨ ਹਜ਼ਾਰ ਨੌਜਵਾਨ ਪੁੱਜੇ। ਬਟਾਲਾ ਪੁਲਿਸ ਜ਼ਿਲ੍ਹੇ ਵਿਚ ਕਰੀਬ 48 ਨੌਜਵਾਨ ਭਰਤੀ ਕਰਨ ਦਾ ਕੋਟਾ ਹੈ ਪਰ ਪੁਲਿਸ ਵਿਚ ਭਰਤੀ ਹੋਣ ਲਈ ਤਿੰਨ ਹਜ਼ਾਰ ਤੋਂ ਵੀ ਵੱਧ ਬੇਰੁਜ਼ਗਾਰ ਪੜ੍ਹੇ ਲਿਖੇ ਨੌਜਵਾਨਾਂ ਨੇ ਇਕ-ਦੂਜੇ ਤੋਂ ਅੱਗੇ ਵਧ ਕੇ ਰੋਲ ਲੰਬਰ ਲੈਣ ਦੀ ਕੋਸ਼ਿਸ਼ ਕੀਤੀ। ਇਸ ਕਾਰਨ ਪੁਲਿਸ ਜ਼ਿਲ੍ਹਾ ਬਟਾਲਾ ਦੇ ਐਸ.ਐਸ.ਪੀ. ਗੁਰਦੀਪ ਸਿੰਘ ਨੂੰ ਵੱਡੀ ਗਿਣਤੀ ਵਿਚ ਪੁਲਿਸ ਮੁਲਾਜ਼ਮ ਤਾਇਨਾਤ ਕਰਨੇ ਪਏ।

ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਵਿਚ ਪੰਜ ਤੋਂ ਛੇ ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਵੱਖ-ਵੱਖ ਪੁਲਿਸ ਜ਼ਿਲ੍ਹਿਆਂ ਵਿਚ ਮਿਥੇ ਗਏ ਕੋਟੇ ਮੁਤਾਬਕ ਭਰਤੀ ਲਈ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਬਟਾਲਾ ਪੁਲਿਸ ਜ਼ਿਲ੍ਹੇ ਵਿਚ ਕਰੀਬ 48 ਨੌਜਵਾਨਾਂ ਨੂੰ ਭਰਤੀ ਕੀਤਾ ਜਾਣਾ ਹੈ। ਪੁਲਿਸ ਜ਼ਿਲ੍ਹਾ ਬਟਾਲਾ ਦੇ ਐਸ.ਐਸ.ਪੀ ਗੁਰਦੀਪ ਸਿੰਘ ਨੇ ਦੱਸਿਆ ਕਿ 2975 ਤੋਂ ਵੱਧ ਫਾਰਮ ਲੈਣ ਲਈ ਨੌਜਵਾਨਾਂ ਨੇ ਆਪਣੇ ਨਾਂ ਦਰਜ ਕਰਵਾਏ ਹਨ।

## ਸੁੱਤੇ ਪਰਿਵਾਰ ’ਤੇ ਹਮਲਾ ਕਰਕੇ ਤਿੰਨ ਜੀਅ ਮਾਰੇ

**ਪੱਟੀ:** ਥਾਣਾ ਸਰਹਾਲੀ ਕਲਾਂ ਅਧੀਨ ਪੈਂਦੇ ਪਿੰਡ ਖਾਰਾ ਵਿਚ ਕਿਸਾਨ ਪਰਿਵਾਰ ’ਤੇ ਅਣਪਛਾਤੇ ਵਿਅਕਤੀਆਂ ਨੇ ਹਥਿਆਰਾਂ ਨਾਲ ਹਮਲਾ ਕਰ ਕੇ ਇਕ ਬੱਚੇ ਤੇ ਔਰਤ ਸਣੇ ਤਿੰਨ ਵਿਅਕਤੀ ਕਤਲ ਕਰ ਦਿੱਤੇ।

ਹਮਲਾਵਰ ਸੁਰਜੀਤ ਸਿੰਘ ਦੀ ਬਹਿਕ ’ਤੇ ਆਏ ਜਿਨ੍ਹਾਂ ਦੀ ਗਿਣਤੀ ਅੱਠ ਤੋਂ ਦਸ ਦੇ ਕਰੀਬ ਸੀ ਜਿਨ੍ਹਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਸੁਰਜੀਤ ਸਿੰਘ ਦੇ ਸੁੱਤੇ ਹੋਏ ਪਰਿਵਾਰ ’ਤ ਹਮਲਾ ਕਰ ਦਿੱਤਾ। ਇਸ ਦੌਰਾਨ ਹਮਲਾਵਰਾਂ ਨੇ ਸੱਤ ਸਾਲ ਦੀ ਉਮਰ ਦੇ ਬੱਚੇ ਗੁਰਜੰਟ ਸਿੰਘ, ਘਰ ਦੇ ਮੁਖੀ ਸੁਰਜੀਤ ਸਿੰਘ ਨੂੰ ਕਤਲ ਕਰ ਦਿੱਤਾ । ਸੁਰਜੀਤ ਸਿੰਘ ਦੀ ਪਤਨੀ ਸੁਖਵਿੰਦਰ ਕੌਰ, ਮ੍ਰਿਤਕ ਗੁਰਜੰਟ ਸਿੰਘ ਦੀ ਮਾਤਾ ਪ੍ਰੀਤਮ ਕੌਰ ਉਸ ਦੀਆਂ ਦੋ ਬੇਟੀਆਂ ਕਮਲਦੀਪ ਕੌਰ ਤੇ ਅਮਨਦੀਪ ਕੌਰ ਵੀ ਇਸ ਹਮਲੇ ਵਿਚ ਜ਼ਖਮੀਂ ਹੋ ਗਈਆਂ। ਪ੍ਰੀਤਮ ਕੌਰ ਵੀ ਹਸਪਤਾਲ ਜਾ ਕੇ ਦਮ ਤੋੜ ਗਈ ।ਇਕ ਲੜਕਾ ਗੁਰਭੇਜ ਸਿੰਘ ਜੋ ਖੇਤਾਂ ਵਿਚ ਪਾਣੀ ਲਾ ਰਿਹਾ ਸੀ ਜਦੋਂ ਰੌਲਾ ਸੁਣ ਕੇ ਘਰ ਪਹੁੰਚਿਆ ਤਾਂ ਅੱਗੇ ਹਮਲਾਵਰਾਂ ਵੱਲੋਂ ਖ਼ੂਨੀ ਖੇਡ ਜਾਰੀ ਸੀ। ਉਸ ਦੇ ਰੌਲਾ ਪਾਉਣ ’ਤੇ ਲਾਗਲੀਆਂ ਬਹਿਕਾਂ ਤੋਂ ਲੋਕ ਪਹੁੰਚੇ ਤਾਂ ਹਮਲਾਵਰ ਘਰੋਂ ਭੱਜ ਗਏ।

## ਹਰਿਆਣਾ ਦੀ ਵਜ਼ਾਰਤ ’ਚ ਚਾਰ ਨਵੇਂ ਵਜ਼ੀਰ ਸ਼ਾਮਲ

**ਚੰਡੀਗੜ੍ਹ:** ਹਰਿਆਣਾ ਮੰਤਰੀ ਮੰਡਲ ਵਿਚ ਚਾਰ ਨਵੇਂ ਮੰਤਰੀ ਸ਼ਾਮਲ ਕੀਤੇ ਗਏ ਹਨ। ਰਾਜਪਾਲ ਜਗਨਨਾਥ ਪਹਾੜੀਆ ਨੇ 28 ਜਨਵਰੀ ਨੂੰ ਹਰਮੋਹਿੰਦਰ ਸਿੰਘ ਚੱਠਾ, ਸ੍ਰੀਮਤੀ ਕਿਰਨ ਚੌਧਰੀ, ਸ੍ਰੀ ਸਤਪਾਲ ਸਾਂਗਵਾਨ ਤੇ ਰਾਓ ਨਰਿੰਦਰ ਸਿੰਘ ਨੂੰ ਮੰਤਰੀਆਂ ਵਜੋਂ ਹਲਫ਼ ਦਿਵਾਇਆ। ਇਸ ਤਰ੍ਹਾਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਜਿੱਥੇ ਹਰਿਆਣਾ ਜਨਹਿੱਤ ਕਾਂਗਰਸ (ਹਜਕਾਂ) ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿਚ ਸ਼ਾਮਲ ਹੋਏ ਪੰਜ ਵਿਚੋਂ ਦੋ ਵਿਧਾਇਕਾਂ ਨੂੰ ਮੰਤਰੀ ਤੇ ਦੋ ਨੂੰ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦਿਆਂ" ਨਾਲ ਨਿਵਾਜਿਆ, ਉੱਥੇ ਸਪੀਕਰ ਹਰਮੋਹਿੰਦਰ ਸਿੰਘ ਚੱਠਾ ਨੂੰ ਮੰਤਰੀ ਬਣਾਉਣ ਦਾ ਵਾਅਦਾ ਵੀ ਪੂਰਾ ਕੀਤਾ। ਪਿਛਲੀ ਹੁੱਡਾ ਸਰਕਾਰ ਵਿਚ ਰਾਜ ਮੰਤਰੀ ਸ੍ਰੀਮਤੀ ਕਿਰਨ ਚੌਧਰੀ ਨੂੰ ਤਕਰੀਬਨ ਸਵਾ ਸਾਲ ਦੀ ਉਡੀਕ ਬਾਅਦ ਵਜ਼ਾਰਤ ਵਿਚ ਸ਼ਾਮਲ ਕੀਤਾ ਗਿਆ ਹੈ।

ਵਜ਼ਾਰਤ ਵਿਚ ਵਾਧਾ ਪਹਿਲਾਂ" ਤੋਂ ਲਾਈਆਂ ਜਾ ਰਹੀਆਂ ਕਿਆਸਅਰਾਈਆਂ ਮੁਤਾਬਕ ਹੀ ਹੋਇਆ ਹੈ। ਸਤਪਾਲ ਸਾਂਗਵਾਨ ਤੇ ਰਾਓ ਨਰਿੰਦਰ ਸਿੰਘ ਹਜਕਾਂ ਤੋਂ ਕਾਂਗਰਸ ਵਿਚ ਆਏ ਹਨ। ਰਾਜਨੀਤਕ ਹਲਕਿਆਂ ਦਾ ਕਹਿਣਾ ਹੈ ਕਿ ਰਾਓ ਨਰਿੰਦਰ ਸਿੰਘ ਨੂੰ ਵਜ਼ਾਰਤ ਵਿਚ ਸ਼ਾਮਲ ਕਰਕੇ ਸ੍ਰੀ ਹੁੱਡਾ ਨੇ ਵਿੱਤ ਮੰਤਰੀ ਕੈਪਟਨ ਅਜੈ ਯਾਦਵ ਦੇ ਮੁਕਾਬਲੇ ਇਕ ਹੋਰ ਅਹੀਰ ਆਗੂ ਖੜ੍ਹਾ ਕਰ ਦਿੱਤਾ ਹੈ। ਸ੍ਰੀ ਹਰਮੋਹਿੰਦਰ ਸਿੰਘ ਚੱਠਾ ਨੂੰ ਸਪੀਕਰ ਬਣਾਉਣ ਸਮੇਂ ਕਾਂਗਰਸ ਹਾਈ ਕਮਾਂਡ ਨੇ ਵਾਅਦਾ ਕੀਤਾ ਸੀ ਕਿ 90 ਦਿਨਾਂ ਬਾਅਦ ਉਨ੍ਹਾਂ ਨੂੰ ਮੰਤਰੀ ਬਣਾ ਦਿੱਤਾ ਜਾਵੇਗਾ ਤੇ ਇਹ ਵਾਅਦਾ ਹੁਣ ਪੂਰਾ ਕਰ ਦਿੱਤਾ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਵਾਅਦਾ ਪੂਰਾ ਕਰਨ ਵਿਚ ਇਕ ਸਾਲ ਤੇ 90 ਦਿਨ ਲੱਗ ਗਏ। ਉਨ੍ਹਾਂ ਨੂੰ ਖ਼ੁਰਾਕ ਸਪਲਾਈ ਤੇ ਸਹਿਕਾਰਤਾ ਵਰਗੇ ਅਹਿਮ ਵਿਭਾਗ ਦਿੱਤੇ ਗਏ ਹਨ।

ਸ੍ਰੀਮਤੀ ਕਿਰਨ ਚੌਧਰੀ ਦੀ ਵੀ ਲੰਬੀ ਉਡੀਕ ਬਾਅਦ ਵਜ਼ਾਰਤ ’ਚ ਵਾਪਸੀ ਹੋਈ ਹੈ। ਉਨ੍ਹਾਂ ਨੂੰ ਦੋ ਅਹਿਮ ਵਿਭਾਗ-ਜਨ ਸਿਹਤ ਤੇ ਇੰਜਨੀਅਰਿੰਗ ਤੇ ਆਬਕਾਰੀ ਦਿੱਤੇ ਗਏ ਹਨ। ਰਾਓ ਨਰਿੰਦਰ ਸਿੰਘ ਨੂੰ ਸਿਹਤ ਤੇ ਮੈਡੀਕਲ ਸਿੱਖਿਆ ਤੇ ਸ੍ਰੀ ਸਤਪਾਲ ਸਾਂਗਵਾਨ ਨੂੰ ਮਾਲ, ਆਫ਼ਤ ਪ੍ਰਬੰਧਨ, ਚੱਕਬੰਦੀ ਤੇ ਮੁੜ-ਵਸੇਬਾ ਵਿਭਾਗ ਦਿੱਤੇ ਗਏ ਹਨ। ਇਸੇ ਦੌਰਾਨ ਮੁੱਖ ਮੰਤਰੀ ਸ੍ਰੀ ਹੁੱਡਾ ਨੇ ਹਜਕਾਂ ਤੋਂ ਕਾਂਗਰਸ ਵਿਚ ਸ਼ਾਮਲ ਹੋਏ ਦੋ ਵਿਧਾਇਕਾਂ- ਜ਼ਿਲੇ ਰਾਮ ਸ਼ਰਮਾ ਤੇ ਵਿਨੋਦ ਭਿਆਨਾ ਤੇ ਕਾਂਗਰਸ ਦੇ ਰਾਮ ਕਿਸ਼ਨ ਗੁੱਜਰ ਨੂੰ ਹਰਿਆਣਾ ਭਵਨ ਵਿਚ ਕਰਵਾਏ ਸਮਾਗਮ ਵਿਚ ਸਹੁੰ ਚੁਕਾਈ। ਸਮਾਗਮ ਵਿਚ ਨਵੇਂ ਬਣੇ ਮੁੱਖ ਪਾਰਲੀਮਾਨੀ ਸਕੱਤਰਾਂ ਦੇ ਕਰੀਬੀ ਰਿਸ਼ਤੇਦਾਰ ਤੇ ਹਮਾਇਤੀ ਹਾਜ਼ਰ ਸਨ।

# ਖੇਤੀ ਖੇਤਰ ਨੂੰ ਗੰਭੀਰ ਸੰਕਟ ਦਾ ਸਾਹਮਣਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਰਕਾਰਾਂ ਵੱਲੋਂ ਭਾਵੇਂ ਦੇਸ਼ ਦੇ ਅੰਨਦਾਤੇ ਕਿਸਾਨ ਲਈ ਸਹੂਲਤਾਂ ਤੇ ਰਿਆਇਤਾਂ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਖੇਤੀਬਾੜੀ ਤੋਂ ਪ੍ਰਤੀ ਜੀਅ ਆਮਦਨ ਰਾਸ਼ਟਰੀ ਪ੍ਰਤੀ ਜੀਅ ਆਮਦਨ ਦਾ ਇਕ ਤਿਹਾਈ ਹੀ ਰਹਿ

**ਖੇਤੀ ਖੇਤਰ ਦੀ ਪ੍ਰਤੀ ਜੀਅ ਆਮਦਨ ਬੇਹੱਦ ਘਟੀ**

ਗਈ ਹੈ। ਦੇਸ਼ ਵਿਚ ਮਗਰਲੇ ਸਾਲਾਂ ਦੌਰਾਨ ਖੇਤੀ ਖੇਤਰ ਵਿਚ ਕਿਵੇਂ ਨਿਘਾਰ ਆਇਆ ਤੇ ਖੇਤੀ ਦਾ ਕਿੱਤਾ ਕਿਵੇਂ ਘੱਟ ਮੁਨਾਫ਼ੇ ਵਾਲਾ ਬਣਦਾ ਗਿਆ ਉਸ ਦਾ ਅੰਦਾਜ਼ਾ ਕੌਮੀ ਪੀ.ਐਚ.ਡੀ. ਚੈਂਬਰ ਆਫ ਕਾਮਰਸ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ ਜਿਸ ਅਨੁਸਾਰ ਸਾਲ 2010 ਦੌਰਾਨ ਖੇਤੀ ਅਧਾਰਿਤ ਲੋਕਾਂ ਦੀ ਪ੍ਰਤੀ ਜੀਅ ਆਮਦਨ ਦੇਸ਼ ਦੀ ਪ੍ਰਤੀ ਜੀਅ ਆਮਦਨ ਨਾਲੋਂ ਕੇਵਲ ਤੀਜਾ ਹਿੱਸਾ ਭਾਵ 32 ਪ੍ਰਤੀਸ਼ਤ ਰਹਿ ਗਈ।

ਦੇਸ਼ ਦੀ ਪ੍ਰਤੀ ਜੀਅ ਆਮਦਨ ਜੋ 2010 ਦੌਰਾਨ 33,802 ਰੁਪਏ ਸੀ, ਉਹ ਖੇਤੀ ਸੈਕਟਰ ਲਈ ਪ੍ਰਤੀ ਜੀਅ 10,865 ਰੁਪਏ ਰਹਿ ਗਈ, ਜਦੋਂਕਿ 1980 ਦੌਰਾਨ ਜਦੋਂ ਦੇਸ਼ ਦੀ ਪ੍ਰਤੀ ਜੀਅ ਆਮਦਨ 11,433 ਰੁਪਏ ਸੀ, ਉਸ ਵੇਲੇ ਖੇਤੀ ਸੈਕਟਰ ਦੀ ਪ੍ਰਤੀ ਜੀਅ ਆਮਦਨ 5,505 ਰੁਪਏ ਸੀ ਜੋ ਰਾਸ਼ਟਰੀ ਪ੍ਰਤੀ ਜੀਅ ਆਮਦਨ ਦਾ ਤਕਰੀਬਨ ਅੱਧ ਸੀ ਪਰ ਸਾਲ 2000 ਦੌਰਾਨ ਜਦੋਂ ਰਾਸ਼ਟਰੀ ਪ੍ਰਤੀ ਜੀਅ ਆਮਦਨ 16020 ਰੁਪਏ ’ਤੇ ਪੁੱਜ ਗਈ ਤਾਂ ਖੇਤੀ ਸੈਕਟਰ ਦੀ ਪ੍ਰਤੀ ਜੀਅ ਆਮਦਨ ਕੇਵਲ 6,652 ਰੁਪਏ ਰਹਿ ਗਈ ਜੋ ਕਿ ਰਾਸ਼ਟਰੀ ਪ੍ਰਤੀ ਜੀਅ ਆਮਦਨ ਦਾ ਤਕਰੀਬਨ 42 ਪ੍ਰਤੀਸ਼ਤ ਸੀ।ਪੀ.ਐਚ.ਡੀ. ਚੈਂਬਰ ਵੱਲੋਂ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਅਨੁਸਾਰ 1980 ਵਿਚ ਖੇਤੀ ਸੈਕਟਰ ਦੀ ਵਾਧੇ ਦੀ ਦਰ ਜੋ 4.4 ਪ੍ਰਤੀਸ਼ਤ ਸੀ, ਉਹ 1990 ਵਿਚ 3 ਪ੍ਰਤੀਸ਼ਤ ਤੇ ਸੰਨ 2000 ਵਿਚ ਘਟ ਕੇ 2.4 ਪ੍ਰਤੀਸ਼ਤ ਰਹਿ ਗਈ ਜਿਸ ਤੋਂ ਸਪੱਸ਼ਟ ਹੈ ਕਿ ਕੌਮੀ ਪੱਧਰ ਦੀਆਂ ਸਰਕਾਰਾਂ ਵੱਲੋਂ ਇਸ ਸਮੇਂ ਦੌਰਾਨ ਲਿਆਂਦੇ ਗਏ ਆਰਥਿਕ ਸੁਧਾਰਾਂ ਦਾ ਮੁੱਖ ਫਾਇਦਾ ਸਨਅਤੀ ਤੇ ਸਨਅਤੀ ਵਪਾਰ ਤੇ ਸਰਵਿਸ ਸੈਕਟਰਾਂ ਨੂੰ ਮਿਲਿਆ ਜਦੋਂਕਿ ਖੇਤੀ ਸੈਕਟਰ ਲਗਾਤਾਰ ਅੱਖੋਂ ਪਰੋਖੇ ਹੁੰਦਾ ਰਿਹਾ। ਇਨ੍ਹਾਂ ਅੰਕੜਿਆਂ ਅਨੁਸਾਰ ਦੇਸ਼ ਦੇ ਕੁੱਲ ਉਤਪਾਦ ਵਿਚ ਖੇਤੀ ਸੈਕਟਰ ਦਾ 1980 ਵਿਚ ਜੋ ਹਿੱਸਾ 39 ਪ੍ਰਤੀਸ਼ਤ ਸੀ, ਉਹ 1990 ਵਿਚ ਘਟ ਕੇ 31 ਪ੍ਰਤੀਸ਼ਤ ਤੇ 2000 ਵਿਚ ਇਹ 25 ਪ੍ਰਤੀਸ਼ਤ ਰਹਿ ਗਿਆ ਸੀ ਜੋ ਕਿ ਹੁਣ 2010 ਵਿਚ ਕੇਵਲ 18 ਪ੍ਰਤੀਸ਼ਤ ਰਹਿ ਗਿਆ ਹੈ। ਇਸੇ ਤਰ੍ਹਾਂ ਖੇਤੀ ’ਤੇ ਨਿਰਭਰ ਵਸੋਂ ਜੋ 1980 ਦੌਰਾਨ 70 ਪ੍ਰਤੀਸ਼ਤ ਸੀ ਉਹ 1990 ਦੌਰਾਨ 65 ਪ੍ਰਤੀਸ਼ਤ ਤੇ ਸੰਨ 2000 ਵਿਚ ਘੱਟ ਕੇ 69 ਪ੍ਰਤੀਸ਼ਤ ਰਹਿ ਗਈ ਸੀ, ਜਦੋਂਕਿ 2010 ਵਿਚ ਖੇਤੀ ’ਤੇ ਨਿਰਭਰ ਵਸੋਂ ਦੀ ਪ੍ਰਤੀਸ਼ਤ ਹੋਰ ਵੀ ਘੱਟ ਕੇ 56 ਪ੍ਰਤੀਸ਼ਤ ਹੋ ਗਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਿਚ ਖੇਤੀ ’ਤੇ ਨਿਰਭਰ ਲੋਕਾਂ ਦੀ ਪ੍ਰਤੀਸ਼ਤ ਵਿਕਾਸਸ਼ੀਲ ਦੇਸ਼ਾਂ ਨਾਲੋਂ ਅਜੇ ਵੀ ਬਹੁਤ ਵੱਧ ਹੈ ਤੇ ਖੇਤੀ ਨਿਰਭਰ ਵਸੋਂ ਦਾ ਲਗਾਤਾਰ ਘਟਣ ਦਾ ਮੁੱਖ ਕਾਰਨ ਲੋਕਾਂ ਦਾ ਸ਼ਹਿਰਾਂ ਵੱਲ ਪ੍ਰਵਾਸ ਕਰਨਾ ਹੈ ਕਿਉਂਕਿ ਖੇਤੀ ਦਾ ਕਿੱਤਾ ਲਗਾਤਾਰ ਮੁਨਾਫ਼ਾ ਬਖ਼ਸ਼ ਨਹੀਂ ਰਹਿ ਗਿਆ। ਪੀ.ਐਚ.ਡੀ. ਚੈਂਬਰ ਦਾ ਵੀ ਇਹ ਵਿਚਾਰ ਹੈ ਕਿ ਦੇਸ਼ ਦੇ ਵਿਕਾਸ ਲਈ ਦਿਹਾਤੀ ਆਰਥਿਕਤਾ ਦਾ ਵਿਕਾਸ ਵੀ ਜ਼ਰੂਰੀ ਹੈ ਜੋ ਖੇਤੀ ਖੇਤਰ ’ਤੇ ਮੁਨੱਸਰ ਕਰਦਾ ਹੈ ਅਤੇ ਖੇਤੀ ਸੈਕਟਰ ਦੀ ਆਰਥਿਕਤਾ ਵਿਚ ਸੁਧਾਰ ਲਿਆ ਕੇ ਹੀ ਇਸ ਖੇਤਰ ਨੂੰ ਵਿਕਸਤ ਕੀਤਾ ਜਾ ਸਕਦਾ ਹੈ।



## ਅਕਾਲੀਆਂ ਦੇ ਦੋ ਧੜੇ ਭਿੜੇ

ਝਬਾਲ: ਇਥੇ ਅਕਾਲੀ ਦਲ ਦੇ ਦੋ ਧੜਿਆਂ ਵਿਚਾਲੇ ਖਿੱਚੋਤਾਣ ਨੇ ਉਸ ਸਮੇਂ ਭਿਆਨਕ ਰੂਪ ਧਾਰਨ ਕਰ ਲਿਆ ਜਦੋਂ ਅੱਡਾ ਝਬਾਲ ਵਿਖੇ ਤਕਰੀਬਨ 80 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਤਹਿਸੀਲ ਕੰਪਲੈਕਸ ਦੇ ਉਦਘਾਟਨੀ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ ਲੈ ਕੇ ਵਾਪਸ ਆ ਰਹੇ ਅਕਾਲੀ ਸਰਪੰਚ ਅਵਦ ਕੁਮਾਰ ਦੇ ਭਰਾ ਮੋਨੂ ਚੀਮਾ ਨੂੰ ਰਸਤੇ ਵਿਚ ਰੋਕ ਕੇ ਕੁਝ ਨੌਜਵਾਨਾਂ ਨੇ ਕਿਰਪਾਨਾਂ ਨਾਲ ਹਮਲਾ ਕਰਨ ਤੋਂ ਬਾਅਦ ਉਸ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ।

ਰੋਸ ’ਚ ਆਏ ਅਕਾਲੀ ਸਰਪੰਚ ਦੇ ਸਮਰਥਕਾਂ ਨੇ ਸਥਾਨਕ ਅੱਡਾ ਝਬਾਲ ਵਿਖੇ ਹੀ ਤਰਨ ਤਾਰਨ ਰੋਡ ’ਤੇ ਰਹਿੰਦੇ ਅਕਾਲੀ ਵਰਕਰ ਘੁਲੇ ਸ਼ਾਹ ਆਰੇ ਵਾਲੇ ਤੇ ਮਾਸਟਰ ਪ੍ਰਿਥੀਪਾਲ ਸਿੰਘ ਦੇ ਘਰ ਹਮਲਾ ਕਰਕੇ ਘਰ ਵਿਚ ਪਏ ਸਾਮਾਨ ਦੀ ਭੰਨਤੋੜ ਕਰਨ ਤੋਂ ਬਾਅਦ ਗੋਲੀਆਂ ਚਲਾਈਆਂ।

# ਕਾਂਗਰਸ ਵੱਲੋਂ ਪੰਜਾਬ ਸਰਕਾਰ 'ਤੇ ਕੇਂਦਰੀ ਫੰਡਾਂ ਦੀ ਦੁਰਵਰਤੋਂ ਦਾ ਦੋਸ਼

**ਚੰਡੀਗੜ੍ਹ:** ਕਾਂਗਰਸ ਨੇ ਪੰਜਾਬ ਸਰਕਾਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਚਾਰ ਲਈ ਸਰਕਾਰੀ ਫੰਡਾਂ ਦੀ ਦੁਰਵਰਤੋਂ ਦਾ ਦੋਸ਼ ਲਾਇਆ ਹੈ। ਸੰਗਰੂਰ ਦੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਅਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਦੋਸ਼ ਲਾਇਆ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬ ਸਰਕਾਰ ਦਾ ਲੋਕ ਸੰਪਰਕ ਵਿਭਾਗ ਸ਼੍ਰੋਮਣੀ ਅਕਾਲੀ ਦਲ ਦੀਆਂ ਰੈਲੀਆਂ ਦੀਆਂ ਤਸਵੀਰਾਂ ਦੇ ਨਾਲ ਇਸ਼ਤਿਹਾਰ ਜਾਰੀ ਕਰ ਰਿਹਾ ਹੈ ਜੋ ਕਿ ਸਿੱਧੇ ਤੌਰ 'ਤੇ ਫੰਡਾਂ ਦੀ ਦੁਰਵਰਤੋਂ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਰਾਜ ਦੇ ਸਰਮਾਏ ਦੀ ਦੁਰਵਰਤੋਂ ਦੇਖ ਕੇ ਕਾਂਗਰਸ ਚੁੱਪ ਨਹੀਂ ਰਹਿ ਸਕਦੀ ਤੇ ਇਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।


ਰਵਨੀਤ ਸਿੰਘ ਬਿੱਟੂ

ਸ੍ਰੀ ਖੰਨਾ ਨੇ ਲੋਕ ਸੰਪਰਕ ਵਿਭਾਗ ਦੇ ਅਧਿਕਾਰੀਆਂ ਨੂੰ ਨਸੀਹਤ ਦਿੱਤੀ ਕਿ ਉਹ ਅਕਾਲੀਆਂ ਦੇ ਦਬਾਅ ਹੇਠ ਗੈਰ ਕਾਨੂੰਨੀ ਇਸ਼ਤਿਹਾਰ ਦੇਣ ਤੋਂ ਬਾਜ ਆਉਣ। ਉਨ੍ਹਾਂ ਕਿਹਾ ਕਿ ਜੇ ਅਕਾਲੀਆਂ ਨੂੰ ਆਪਣੀਆਂ ਰੈਲੀਆਂ ਦੇ ਪ੍ਰਚਾਰ ਦਾ ਏਨਾ ਹੀ ਸ਼ੌਕ ਹੈ ਤਾਂ ਉਨ੍ਹਾਂ ਨੂੰ ਰਾਜ ਦੇ ਖ਼ਜ਼ਾਨੇ ਨੂੰ ਸਿਆਸੀ ਹਿੱਤਾਂ ਲਈ ਵਰਤਣ ਦੀ ਥਾਂ ਆਪਣੀ ਜੇਬ 'ਚੋਂ ਖਰਚਾ ਕਰਨਾ ਚਾਹੀਦਾ ਹੈ। ਸਾਬਕਾ ਵਿਧਾਇਕ ਨੇ ਕਿਹਾ ਕਿ ਕਾਂਗਰਸ ਪਾਰਟੀ ਇਸ ਮਾਮਲੇ ਦੇ ਕਾਨੂੰਨੀ ਪੱਖ ਜਾਂਚ ਰਹੀ ਹੈ ਤੇ ਅਕਾਲੀਆਂ ਵੱਲੋਂ ਪ੍ਰਚਾਰ ਦੇ ਨਾਂ 'ਤੇ ਰਾਜ ਦੇ ਫੰਡਾਂ ਦੀ ਕੀਤੀ ਜਾ ਰਹੀ ਦੁਰਵਰਤੋਂ ਨੂੰ ਰੋਕਣ ਲਈ ਉਹ ਅਦਾਲਤ ਦਾ ਕੁੰਡਾ ਖੜਕਾ ਸਕਦੇ ਹਨ।

ਸ. ਬਿੱਟੂ ਨੇ ਪੰਜਾਬ ਸਰਕਾਰ 'ਤੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਵਿਕਾਸ ਸਕੀਮਾਂ ਤਹਿਤ ਮਿਲਣ ਵਾਲੀਆਂ ਗ੍ਰਾਂਟਾਂ ਸਹੀ ਢੰਗ ਨਾਲ ਨਾ ਖਰਚਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਇਸ ਦੀ ਤਾਜ਼ਾ ਮਿਸਾਲ ਆਨੰਦਪੁਰ ਸਾਹਿਬ ਦੇ ਸਰਵਪੱਖੀ ਵਿਕਾਸ ਲਈ ਆਈ 102 ਕਰੋੜ ਰੁਪਏ ਦੀ ਗ੍ਰਾਂਟ ਦੀ ਦੁਰਵਰਤੋਂ ਕਰਨਾ ਹੈ। ਸ. ਬਿੱਟੂ ਨੇ ਕਿਹਾ ਕਿ ਪ੍ਰਦੇਸ਼ ਸਰਕਾਰ ਨੇ ਜਿੱਥੇ ਸੂਬੇ ਨੂੰ ਕਰਜ਼ੇ ਦੇ ਬੋਝ ਹੇਠ ਦੱਬ ਦਿੱਤਾ ਹੈ ਉਥੇ ਹੀ ਸੂਬੇ ਵਿਚ ਨਸ਼ਾ ਜਵਾਨੀ ਨੂੰ ਖੋਖਲਾ ਕਰ ਰਿਹਾ ਹੈ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਵਿਚ ਜਿਨ੍ਹਾਂ ਮੈਡੀਕਲ ਸਟੋਰਾਂ 'ਤੇ ਨਸ਼ੇ ਵਿਕਦੇ ਹਨ ਉਨ੍ਹਾਂ ਖ਼ਿਲਾਫ਼ ਉਹ ਮੁਹਿੰਮ ਸ਼ੁਰੂ ਕਰਨਗੇ।

ਆਨੰਦਪੁਰ ਸਾਹਿਬ ਵਿਖੇ ਖਰਚ ਹੋਈ 102 ਕਰੋੜ ਰੁਪਏ ਦੀ ਕੇਂਦਰੀ ਗ੍ਰਾਂਟ ਨੂੰ ਭ੍ਰਿਸ਼ਟਾਚਾਰ ਦੀ ਭੇਟ ਚੜ੍ਹਨ ਦੀ ਗੱਲ ਕਰਦਿਆਂ ਸ. ਬਿੱਟੂ ਨੇ ਕਿਹਾ ਕਿ ਸੂਬਾ ਸਰਕਾਰ ਦੇ ਇਸ਼ਾਰੇ 'ਤੇ ਅਫ਼ਸਰਸ਼ਾਹੀ ਕੇਂਦਰ ਸਰਕਾਰ ਦੀਆਂ ਗ੍ਰਾਂਟਾਂ ਦੀ ਦੁਰਵਰਤੋਂ ਕਰ ਰਹੀ ਹੈ। ਇਹੀ ਕਾਰਨ ਹੈ ਕਿ ਅੱਜ ਆਨੰਦਪੁਰ ਸਾਹਿਬ ਦੇ ਹਰ ਪ੍ਰਾਜੈਕਟ 'ਤੇ ਭ੍ਰਿਸ਼ਟਾਚਾਰ ਕੀਤਾ ਦੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਆਉਣ 'ਤੇ ਆਨੰਦਪੁਰ ਸਾਹਿਬ ਵਿਖੇ ਖਰਚ ਕੀਤੇ ਗਏ ਇੱਕ-ਇੱਕ ਪੈਸੇ ਦੀ ਜਾਂਚ ਕਰਾਈ ਜਾਏਗੀ।

# ਬਾਦਲ ਸਿੱਖ ਮਸਲਿਆਂ ਦਾ ਹੱਲ ਨਹੀਂ ਚਾਹੁੰਦਾ:ਸਰਨਾ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਬਾਦਲ ਸਿੱਖ ਮਸਲਿਆਂ ਦਾ ਹੱਲ ਨਹੀਂ ਚਾਹੁੰਦਾ। ਉਨ੍ਹਾਂ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਦਸਤਾਰ ਦੀ ਅਹਿਮੀਅਤ ਬਾਰੇ ਵੱਖ-ਵੱਖ ਭਾਸ਼ਾਵਾਂ ਵਿਚ ਕਿਤਾਬਚੇ ਪ੍ਰਕਾਸ਼ਿਤ ਕਰਵਾ ਕੇ ਵੱਖ-ਵੱਖ ਦੇਸ਼ਾਂ ਦੇ ਸਫ਼ਾਰਤਖ਼ਾਨਿਆਂ ਦੇ ਅਧਿਕਾਰੀਆਂ ਨੂੰ ਸੌਂਪੇ ਜਾਣਗੇ ਤਾਂ ਜੋ ਹਵਾਈ ਅੱਡਿਆਂ 'ਤੇ ਪੇਸ਼ ਆ ਰਹੀ ਦਸਤਾਰ ਦੀ ਤਲਾਸ਼ੀ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕੇ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ 'ਤੇ ਸਿੱਖ ਕੌਮ ਨਾਲ ਵਿਤਕਰਾ ਕਰਨ ਦਾ ਦੋਸ਼ ਲਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ (ਬ) ਤੇ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਆਪਣੇ ਰਾਜਨੀਤਿਕ ਹਿੱਤਾਂ ਲਈ ਸਿੱਖਾਂ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲੇ ਹੱਲ ਨਹੀਂ ਹੋਣ ਦੇਣਾ ਚਾਹੁੰਦੇ।

ਸ. ਸਰਨਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਨਾਲ ਹੋਈ ਮੁਲਾਕਾਤ ਦੌਰਾਨ ਉਨ੍ਹਾਂ ਆਨੰਦ ਮੈਰਿਜ ਐਕਟ ਲਾਗੂ ਕਰਵਾਉਣ, ਅਫ਼ਗਾਨਿਸਤਾਨ ਦੇ ਸਿੱਖਾਂ ਨੂੰ ਨਾਗਰਿਕਤਾ ਦਿੱਤੇ ਜਾਣ, ਕਾਲੀਆਂ ਸੂਚੀਆਂ ਖ਼ਤਮ ਕਰਵਾਏ ਜਾਣ ਵਰਗੇ ਅਹਿਮ ਪੰਥਕ ਮੁੱਦਿਆਂ ਦੇ ਹੱਲ ਲਈ ਅਪੀਲ ਕੀਤੀ ਹੈ। ਦੋਹਾਂ ਆਗੂਆਂ ਨੇ ਪੂਰਨ ਸਹਿਯੋਗ ਦਾ ਯਕੀਨ ਦਿਵਾਇਆ ਹੈ। ਇਸ ਦੇ ਉਲਟ ਬਾਦਲ ਧੜਾ ਸਿੱਖਾਂ ਦੇ ਮਸਲਿਆਂ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਤੇ ਸ਼੍ਰੋਮਣੀ ਕਮੇਟੀ ਚੋਣਾਂ ਤੱਕ ਲਟਕਾ ਕੇ ਰਾਜਨੀਤਿਕ ਹਿੱਤ ਸਾਧਣਾ ਚਾਹੁੰਦਾ ਹੈ ਤੇ ਦੋਸ਼ ਕੇਂਦਰ ਸਿਰ ਮੜ੍ਹ ਰਿਹਾ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਦੇ ਨਾਂ 'ਤੇ ਖਰਚੇ ਜਾ ਰਹੇ 500 ਕਰੋੜ ਰੁਪਏ ਦੇ ਬਜਟ ਬਾਰੇ ਬੋਲਦਿਆਂ ਕਿਹਾ ਕਿ ਜੇਕਰ ਏਨਾ ਰੁਪਿਆ ਧਰਮ ਪ੍ਰਚਾਰ 'ਤੇ ਖਰਚਿਆ ਜਾਂਦਾ ਹੋਵੇ ਤਾਂ ਪੰਜਾਬ ਦੇ ਪਿੰਡਾਂ ਵਿਚ 95 ਫੀਸਦੀ ਤੋਂ ਵੀ ਵੱਧ ਸਿੱਖ ਬਾਣੀ ਤੇ ਬਾਣੇ ਤੋਂ ਦੂਰ ਨਾ ਹੁੰਦੇ।

ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘੇ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਸ. ਸਰਨਾ ਨੇ ਕਿਹਾ ਕਿ ਇਹ ਮਾਮਲਾ ਹਾਲ ਹੀ ਵਿਚ ਉਨ੍ਹਾਂ ਨੇ ਵੀ ਏਜੰਸੀ ਕੋਲੋਂ ਕਰਾਉਣ ਲਈ ਤਿਆਰ ਹੈ ਪਰ ਸ਼੍ਰੋਮਣੀ ਕਮੇਟੀ ਅਜਿਹੀ ਜਾਂਚ ਤੋਂ ਭੱਜ ਰਹੀ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਥੇ ਕੁਝ ਗੜਬੜ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਗੁਰਦੁਆਰਾ ਡੇਰਾ ਬਾਬਾ ਨਾਨਕ ਵਿਖੇ ਚੱਲ ਰਹੀ ਕੰਟੀਨ ਦਾ ਵਿਸਥਾਰ ਕਰਾਉਣ ਤੇ ਸੜਕ


ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਸ. ਪਰਮਜੀਤ ਸਿੰਘ ਸਰਨਾ

ਪ੍ਰਧਾਨ ਮੰਤਰੀ ਨਾਲ ਹੋਈ ਗੱਲਬਾਤ ਦੌਰਾਨ ਵੀ ਉਭਾਰਿਆ ਹੈ ਤੇ ਸੰਭਾਵਨਾ ਹੈ ਕਿ ਭਵਿੱਖ ਵਿਚ ਭਾਰਤ-ਪਾਕਿਸਤਾਨ ਵਿਚਾਲੇ ਹੋਣ ਵਾਲੀ ਦੁਵੱਲੀ ਗੱਲਬਾਤ ਦੌਰਾਨ ਇਸ ਮੁੱਦੇ ਨੂੰ ਏਜੰਡੇ ਵਿਚ ਸ਼ਾਮਲ ਕਰ ਲਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪ੍ਰਬੰਧ ਹੇਠਲੇ ਗੁਰਧਾਮਾਂ ਤੇ ਵਿਦਿਅਕ ਅਦਾਰਿਆਂ ਦੇ ਖਾਤਿਆਂ ਦੀ ਜਾਂਚ ਕਿਸੇ ਲਈ ਜ਼ਮੀਨ ਮੁਹੱਈਆ ਕਰਾਉਣ ਲਈ ਸਹਿਯੋਗ ਦਿੱਤਾ ਜਾਵੇਗਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਚੋਣਾਂ ਦੀ ਗੱਲ ਕਰਦਿਆਂ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਅਕਾਲੀ ਦਲ ਬਾਦਲ ਵਿਰੋਧੀ ਸਿੱਖ ਜਥੇਬੰਦੀਆਂ ਵਿਚ ਪੂਰਨ ਏਕਤਾ ਹੈ ਤੇ ਚੋਣਾਂ ਦੌਰਾਨ ਇੱਕ ਮੰਚ ਤੋਂ ਇਕ ਉਮੀਦਵਾਰ ਖੜ੍ਹਾ ਕੀਤਾ ਜਾਵੇਗਾ।

# ਦੁਆਬੇ ਦੀ 'ਨੰਬਰਦਾਰੀ' ਔਰਤਾਂ ਹੱਥ

**ਜਲੰਧਰ:** ਦੁਆਬੇ ਦੀ 'ਨੰਬਰਦਾਰੀ' ਹੁਣ ਔਰਤਾਂ ਹੱਥ ਹੈ। ਇਸ ਗੱਲ ਦਾ ਅਹਿਸਾਸ ਔਰਤਾਂ ਨੇ ਕਈ ਪਿੰਡਾਂ ਦੀ ਨੰਬਰਦਾਰੀ ਹਾਸਲ ਕਰਕੇ ਕਰਾਇਆ ਹੈ। ਬਹਿਰਾਮ ਇਲਾਕੇ ਦੇ ਕਈ ਪਿੰਡਾਂ 'ਚ ਨੰਬਰਦਾਰ ਬਣੀਆਂ ਔਰਤਾਂ ਵੱਲੋਂ ਇਸ ਅਹੁਦੇ ਪ੍ਰਤੀ ਪਾਰਦਰਸ਼ੀ ਸੇਵਾ ਨਿਭਾਈ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਹੀਉਂ 'ਚ ਸਤਿਆ ਚੌਧਰੀ, ਲੱਖਪੁਰ 'ਚ ਪਰਮਿੰਦਰ ਕੌਰ, ਭੰਡੇਰ ਕਲਾਂ 'ਚ ਕੁਲਵਿੰਦਰ ਕੌਰ, ਮੱਲੂਪੋਤਾ 'ਚ ਲੀਲਾ ਦੇਵੀ, ਤਾਹਰਪੁਰ 'ਚ ਅਵਤਾਰ ਕੌਰ, ਬੈਂਸ 'ਚ ਬਲਵਿੰਦਰ ਕੌਰ, ਸ਼ੁਕਾਰ 'ਚ ਸਰਬਜੀਤ ਕੌਰ, ਬਾਹੜੋਵਾਲ 'ਚ ਪਰਮਜੀਤ ਕੌਰ, ਬਘੌਰਾਂ 'ਚ ਜਸਵਿੰਦਰ ਕੌਰ, ਸੇਖੂਪੁਰ 'ਚ ਕਰਮਾ ਦੇਵੀ, ਚੱਕ ਰਾਮੂੰ 'ਚ ਅਵਤਾਰ ਕੌਰ ਤੇ ਰਾਮਪੁਰ 'ਚ ਕਰਮਜੀਤ ਕੌਰ ਨੰਬਰਦਾਰ ਵਜੋਂ ਸਰਕਾਰ ਤੇ ਪਿੰਡ ਨਿਵਾਸੀਆਂ ਦਰਮਿਆਨ ਅਹਿਮ ਕੜੀ ਬਣੀਆਂ ਹੋਈਆਂ ਹਨ। ਇਸੇ ਤਰ੍ਹਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਧੀਨ ਹੀ ਆਉਂਦੇ ਬਾਕੀ ਸਰਕਲਾਂ ਨਾਲ ਸਬੰਧਤ ਪਿੰਡ ਗੁਣਾਚੌਰ ਤੋਂ ਨਿਰਮਲਜੀਤ ਕੌਰ, ਪਿੰਡ ਭੂਤ ਤੋਂ ਰਾਜਵਿੰਦਰ ਕੌਰ, ਪਿੰਡ ਸੋਨਾ ਤੋਂ ਸਵਰਨਜੀਤ ਕੌਰ, ਪਿੰਡ ਮੰਗੂਵਾਲ ਤੋਂ ਸੁਖਵਿੰਦਰ ਕੌਰ, ਪਿੰਡ ਮੁਜ਼ੱਫਰਪੁਰ ਤੋਂ ਰੇਸ਼ਮ ਕੌਰ, ਪਿੰਡ ਸਨਾਵਾ ਤੋਂ ਬਲਵੀਰ ਕੌਰ, ਪਿੰਡ ਭੌਰਾ ਤੋਂ ਸਵਰਨ ਕੌਰ, ਪਿੰਡ ਸਾਹਲੋਂ ਤੋਂ ਬੇਅੰਤ ਕੌਰ ਨੰਬਰਦਾਰ ਵਜੋਂ ਕੰਮ ਕਰ ਰਹੀਆਂ ਹਨ।

ਕਸਬਾ ਬਹਿਰਾਮ ਦੀ ਨੰਬਰਦਾਰ ਬਲਜੀਤ ਕੌਰ ਦਾ ਕਹਿਣਾ ਹੈ ਕਿ ਨੰਬਰਦਾਰ ਵਜੋਂ ਔਰਤਾਂ ਦਾ ਇਸ ਕਦਰ ਅੱਗੇ ਆਉਣਾ ਜਿੱਥੇ ਔਰਤ ਵਰਗ ਦੀ ਜਾਗ੍ਰਿਤੀ ਦਾ ਪ੍ਰਤੀਕ ਹੈ ਉਥੇ ਸਮਾਜ ਲਈ ਨਵਾਂ ਸੁਨੇਹਾ ਵੀ ਹੈ। ਪਿੰਡ ਹੀਉਂ ਦੀ ਨੰਬਰਦਾਰ ਸਤਿਆ ਚੌਧਰੀ ਨੇ ਕਿਹਾ ਕਿ ਸਰਕਾਰ ਵੱਲੋਂ ਮਿਲਦਾ ਮਾਣਭੱਤਾ ਵਧਾਉਣ ਦੇ ਨਾਲ-ਨਾਲ ਔਰਤ ਨੰਬਰਦਾਰਾਂ ਲਈ ਭੱਤੇ 'ਚ ਵਿਸ਼ੇਸ਼ ਵਾਧਾ ਕੀਤਾ ਜਾਣਾ ਚਾਹੀਦਾ ਹੈ।

ਪਿੰਡ ਲੱਖਪੁਰ ਵਿਖੇ ਨੰਬਰਦਾਰ ਪਰਮਿੰਦਰ ਕੌਰ ਨੇ ਇਸ ਅਹੁਦੇ ਦੀ ਪਵਿੱਤਰਤਾ ਕਾਇਮ ਰੱਖਦਿਆਂ ਸਮੂਹ ਨੰਬਰਦਾਰ ਭਾਈਚਾਰੇ ਨੂੰ ਇਸ ਨੂੰ ਹੋਰ ਸਤਿਕਾਰਤ ਬਣਾਉਣ ਦਾ ਸੱਦਾ ਦਿੱਤਾ। ਹਲਕਾ ਵਿਧਾਇਕ ਚੌਧਰੀ ਮੋਹਣ ਲਾਲ ਬਹਿਰਾਮ ਨੇ ਕਿਹਾ ਕਿ ਉਹ ਇਕ ਉਚੇਚੇ ਸਮਾਗਮ ਦਾ ਪ੍ਰਬੰਧ ਕਰਕੇ ਇਨ੍ਹਾਂ ਦਾ ਸਨਮਾਨ ਕਰਨਗੇ। ਡਿਪਟੀ ਕਮਿਸ਼ਨਰ ਸ੍ਰੀਮਤੀ ਸ਼ਰੂਤੀ ਸਿੰਘ ਦਾ ਕਹਿਣਾ ਕਿ ਇਥੇ ਪੇਂਡੂ ਖਿੱਤੇ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਨੰਬਰਦਾਰ ਦੇ ਅਹੁਦੇ 'ਤੇ ਔਰਤਾਂ ਐਨੀ ਵੱਡੀ ਗਿਣਤੀ 'ਚ ਸੇਵਾਵਾਂ ਨਿਭਾਅ ਰਹੀਆਂ ਹਨ ਜੋ ਇਕ ਮਿਸਾਲ ਹੈ।

# ...ਸਿਰਫ਼ ਇਕ ਦਿਨ ਲਈ ਵਿਆਹ

**ਮਾਛੀਵਾੜਾ ਸਾਹਿਬ:** ਇਸ ਇਲਾਕੇ ਦੀ ਇਕ ਮੁਟਿਆਰ ਨੇ ਵਿਆਹ ਤੋਂ ਬਾਅਦ ਦੂਜੇ ਦਿਨ ਸਹੁਰੇ ਘਰ ਜਾ ਕੇ ਲਾੜੇ ਨੂੰ ਨਾਪਸੰਦ ਕਰ ਕੇ ਫਿਰ ਪੇਕੇ ਘਰ ਫੇਰਾ ਪਾਉਣ ਆਉਣ ਪਿੱਛੋਂ ਮੁੜ ਸਹੁਰੇ ਘਰ ਜਾਣ ਤੋਂ ਇਨਕਾਰ ਕਰ ਦਿੱਤਾ।

ਜਾਣਕਾਰੀ ਮੁਤਾਬਕ ਮਾਛੀਵਾੜਾ ਇਲਾਕੇ ਦੀ 22 ਸਾਲਾ ਮੁਟਿਆਰ ਵੀਨਾ ਰਾਣੀ (ਕਾਲਪਨਿਕ ਨਾਂ) ਦਾ ਮੰਗਣਾ ਮੋਰਿੰਡਾ ਇਲਾਕੇ ਦੇ ਇਕ ਅਧਿਕਾਰੀ ਦੇ ਬੇਟੇ ਨਾਲ ਹੋਇਆ ਸੀ ਜਿਸ ਦਾ ਕਿ ਪਹਿਲਾਂ ਵੀ ਤਲਾਕ ਹੋ ਚੁੱਕਾ ਸੀ। ਵਿਆਹ ਤੋਂ ਪਹਿਲਾਂ ਮੁੰਡੇ ਤੇ ਕੁੜੀ ਨੇ ਇਕ ਦੂਜੇ ਨੂੰ ਨਹੀਂ ਦੇਖਿਆ ਸੀ ਤੇ ਦੋਵਾਂ ਦੇ ਮਾਪਿਆਂ ਨੇ ਹੀ ਇਹ ਰਿਸ਼ਤਾ ਤੈਅ ਕਰ ਦਿੱਤਾ। ਬੀਤੀ 28 ਜਨਵਰੀ ਨੂੰ ਲਾੜਾ ਕੁਝ ਬਰਾਤੀਆਂ ਸਮੇਤ ਮਾਛੀਵਾੜਾ ਜੰਞ ਲੈ ਕੇ ਆ ਢੁਕਿਆ। ਵਿਆਹ ਵਾਲੇ ਦਿਨ ਲੜਕੇ ਵਾਲਿਆਂ ਨੇ ਸਾਰੀਆਂ ਰਸਮਾਂ ਬੜੇ ਚਾਅ ਨਾਲ ਪੂਰੀਆਂ ਕੀਤੀਆਂ ਤੇ ਗੁਰਦੁਆਰਾ ਸਾਹਿਬ ਵਿਖੇ ਆਨੰਦ ਕਾਰਜ ਹੋਏ।

ਸੂਤਰਾਂ ਅਨੁਸਾਰ ਵਿਆਹ ਤੋਂ ਪਹਿਲਾਂ ਵੀ ਲੜਕੀ ਨੇ ਮੁੰਡੇ ਦੀ ਜ਼ਿਆਦਾ ਉਮਰ ਤੇ ਨਾ ਸੋਹਣਾ ਹੋਣ ਬਾਰੇ ਗੱਲ ਕਹਿ ਕੇ ਵਿਆਹ ਤੋਂ ਨਾਂਹ ਕੀਤੀ ਸੀ ਪਰ ਲੜਕੇ ਵਾਲਿਆਂ ਦਾ ਘਰ ਬਾਰ ਚੰਗਾ ਹੋਣ ਕਾਰਨ ਮਾਪਿਆਂ ਨੇ ਲੜਕੀ ਨੂੰ ਸਮਝਾ ਬੁਝਾ ਕੇ ਇਹ ਵਿਆਹ ਸਿਰੇ ਚੜ੍ਹਾ ਦਿੱਤਾ। ਜਦੋਂ ਇਹ ਸੱਜਵਿਆਹੀ ਜੋੜੀ ਫੇਰਾ ਪਾਉਣ ਆਈ ਤਾਂ ਉਥੇ ਕੁੜੀ ਨੇ ਆਪਣੀ ਪਤੀ ਨਾਲ ਸਹੁਰੇ ਘਰ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ। ਮਾਯੂਸ ਹੋਏ ਲਾੜੇ ਨੇ ਪਤਨੀ ਨੂੰ ਆਪਣੇ ਨਾਲ ਨਾ ਤੁਰਦੀ ਦੇਖ ਕੇ ਇਸ ਦੀ ਸੂਚਨਾ ਆਪਣੇ ਮਾਪਿਆਂ ਨੂੰ ਦਿੱਤੀ। ਸ਼ਾਮ ਨੂੰ ਇਹ ਸਾਰਾ ਮਾਮਲਾ ਮਾਛੀਵਾੜਾ ਪੁਲਿਸ ਕੋਲ ਪਹੁੰਚ ਗਿਆ।

ਥਾਣੇ ਵਿਚ ਪਤਵੰਤੇ ਸੱਜਣਾਂ ਦੀ ਮੌਜੂਦਗੀ ਵਿਚ ਲੜਕੀ ਨੇ ਸਾਫ ਕਹਿ ਦਿੱਤਾ ਕਿ ਲੜਕੇ ਦੀ ਉਮਰ ਜ਼ਿਆਦਾ ਹੈ ਤੇ ਉਸ ਨੂੰ ਪਸੰਦ ਨਹੀਂ ਜਿਸ ਕਾਰਨ ਉਹ ਸਹੁਰੇ ਘਰ ਨਹੀਂ ਜਾਵੇਗੀ। ਪੁਲਿਸ ਅਤੇ ਮੌਕੇ 'ਤੇ ਮੌਜੂਦ ਪਤਵੰਤਿਆਂ ਵੱਲੋਂ ਮਾਮਲਾ ਨਾਜ਼ੁਕ ਹੁੰਦਾ ਵੇਖ ਵਿਆਹ ਦਾ ਸਾਰਾ ਸਾਮਾਨ ਇਕ ਦੂਜੇ ਨੂੰ ਵਾਪਸ ਦਿਵਾ ਦਿੱਤਾ ਤੇ ਇਹ ਨਵੀਂ ਵਿਆਹੀ ਜੋੜੀ ਦਾ ਰਿਸ਼ਤਾ ਪੰਚਾਇਤੀ ਤੌਰ 'ਤੇ ਖ਼ਤਮ ਕਰ ਦਿੱਤਾ।

# ਸਰਕਾਰੀ ਅਧਿਕਾਰੀਆਂ 'ਚ ਮਾਫੀਏ ਦੀ ਦਹਿਸ਼ਤ

**ਲੁਧਿਆਣਾ:** ਲੁਧਿਆਣਾ ਰੇਲਵੇ ਸਟੇਸ਼ਨ 'ਤੇ ਡਿਊਟੀ 'ਤੇ ਤਾਇਨਾਤ ਈ.ਟੀ.ਓ. ਡੀ.ਐਸ. ਗਰਚਾ ਤੇ ਉਸ ਦੇ ਡਰਾਈਵਰ ਜਰਨੈਲ ਸਿੰਘ 'ਤੇ ਪੇਟੀ ਮਾਫੀਆ ਨੇ ਤਲਵਾਰਾਂ ਤੇ ਰਾਡਾਂ ਨਾਲ ਹਮਲਾ ਕਰ ਦਿੱਤਾ। ਹਮਲੇ ਦੌਰਾਨ ਈ.ਟੀ.ਓ. ਦੀ ਕੁੱਟਮਾਰ ਕੀਤੀ ਗਈ ਜਦੋਂਕਿ ਡਰਾਈਵਰ ਦੀ ਵੀ ਖਿੱਚ ਧੂਹ ਕਰਕੇ ਇਨੋਵਾ ਗੱਡੀ ਦੀ ਭੰਨ ਤੋੜ ਕੀਤੀ ਗਈ। ਇਸ ਨਾਲ ਸਰਕਾਰੀ ਅਧਿਕਾਰੀਆਂ 'ਚ ਮਾਫੀਏ ਦੀ ਦਹਿਸ਼ਤ ਪੈਦਾ ਹੋ ਗਈ ਹੈ।

ਸ੍ਰੀ ਗਰਚਾ ਉਨ੍ਹਾਂ ਅਧਿਕਾਰੀਆਂ ਵਿਚ ਸ਼ਾਮਲ ਹਨ ਜਿਨ੍ਹਾਂ ਲੁਧਿਆਣਾ ਦੇ ਬਹੁਕਰੋੜੀ ਜਾਅਲੀ ਬਿੱਲ ਘਪਲੇ ਦੀ ਪੜਤਾਲ ਕੀਤੀ ਸੀ। ਜ਼ਿਕਰਯੋਗ ਹੈ ਕਿ ਇਸ ਹਮਲੇ ਤੋਂ ਇਕ ਰਾਤ ਪਹਿਲਾਂ ਇਕ ਹੋਰ ਈ.ਟੀ.ਓ. ਪਰਮਿੰਦਰ ਸਿੰਘ ਨੂੰ ਵੀ ਧਮਕੀਆਂ ਮਿਲੀਆਂ ਸਨ। ਸ੍ਰੀ ਗਰਚਾ ਹੁਣ ਤੱਕ ਮਾਫੀਆ ਦੀ ਕੁੱਟਮਾਰ ਦੇ ਚੌਥੇ ਸ਼ਿਕਾਰ ਹਨ। ਇਸ ਤੋਂ ਪਹਿਲਾਂ ਅਗਸਤ 2009 ਵਿਚ ਇਸ ਘਪਲੇ ਦਾ ਰਿਕਾਰਡ ਸਾਂਭਣ ਵਾਲੇ ਵਿਭਾਗ ਦੇ ਕਲਰਕ ਜਸਵਿੰਦਰ ਸਿੰਘ ਦਾ ਸੁਧਾਰ ਵਿਖੇ ਸੜਕ ਹਾਦਸੇ ਵਿਚ ਭੇਤਭਰੇ ਢੰਗ ਨਾਲ ਜ਼ਖ਼ਮੀ ਹੋਣ ਤੋਂ ਬਾਅਦ ਦੇਹਾਂਤ ਹੋ ਗਿਆ ਸੀ। ਇਸੇ ਤਰ੍ਹਾਂ ਈ.ਟੀ.ਓ. ਭਾਰਤ ਭੂਸ਼ਨ ਸ਼ਰਮਾ ਦੇ ਦਫ਼ਤਰ ਜਾਂਦੇ 'ਤੇ ਹਮਲਾ ਕਰ ਦਿੱਤਾ ਸੀ।

ਏ.ਈ.ਟੀ.ਸੀ. ਡਾ. ਰਿਸ਼ੀਪਾਲ ਨੇ ਕਿਹਾ ਕਿ ਕਰੋੜਾਂ ਰੁਪਏ ਦੇ ਜਾਅਲੀ ਬਿੱਲ ਘੁਟਾਲੇ ਤੇ ਟਰੇਨਾਂ ਰਾਹੀਂ ਬਿਨਾਂ ਬਿੱਲ ਤੋਂ ਮਾਲ ਭੇਜਣ ਵਾਲੇ ਪੇਟੀ ਮਾਫੀਆ ਨਾਲ ਸਖ਼ਤੀ ਨਾਲ ਸਿੱਝਣ ਦੀ ਉਨ੍ਹਾਂ ਦੇ ਅਫ਼ਸਰਾਂ ਤੇ ਕਰਮਚਾਰੀਆਂ ਨੂੰ ਕੀਮਤ ਤਾਰਨੀ ਪੈ ਰਹੀ ਹੈ ਪਰ ਤਾਂ ਵੀ ਉਹ ਚੋਰਾਂ ਦੇ ਦਬਾਅ ਅੱਗੇ ਨਹੀਂ ਝੁਕਣਗੇ। ਡਾ. ਰਿਸ਼ੀਪਾਲ ਨੇ ਆਈ.ਜੀ. (ਰੇਲਵੇ ਪੁਲਿਸ) ਈਸ਼ਵਰ ਚੰਦਰ ਨੂੰ ਘਟਨਾ ਬਾਰੇ ਸੂਚਨਾ ਦੇ ਕੇ ਆਪਣੇ ਅਧਿਕਾਰੀਆਂ ਦੀ ਰੇਲਵੇ ਸਟੇਸ਼ਨ 'ਤੇ ਸੁਰੱਖਿਆ ਯਕੀਨੀ ਬਣਾਉਣ ਲਈ ਆਖਿਆ।

## ਗੁਰਦਰਸ਼ਨ ਸਿੰਘ ਬਾਹੀਆ ਨੂੰ ਸਦਮਾ, ਭਰਾ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਡਿਪਟੀ ਡਾਇਰੈਕਟਰ (ਪੀ.ਆਰ) ਸ. ਗੁਰਦਰਸ਼ਨ ਸਿੰਘ ਬਾਹੀਆ ਨੂੰ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋਂ ਪਹਿਲੀ ਫਰਵਰੀ ਨੂੰ ਉਨ੍ਹਾਂ ਦੇ ਛੋਟੇ ਭਰਾ ਸ. ਅਵਤਾਰ ਸਿੰਘ ਇਕ ਸੜਕ ਹਾਦਸੇ ਵਿਚ ਜ਼ਖਮੀ ਹੋਣ ਉਪਰੰਤ ਲੁਧਿਆਣਾ ਦੇ ਇਕ ਨਿਜੀ ਹਸਪਤਾਲ ਵਿਚ ਅਕਾਲ ਚਲਾਣਾ ਕਰ ਗਏ।

ਪਰਿਵਾਰਕ ਸੂਤਰਾਂ ਅਨੁਸਾਰ ਸ. ਅਵਤਾਰ ਸਿੰਘ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਲਹਿਰਾ ਧੂਰਕੋਟ ਜਿਲ੍ਹਾ ਬਠਿੰਡਾ ਵਿਚ ਕਰ ਦਿਤਾ ਗਿਆ।

## ਨਕੋਦਰ ਗੋਲੀ ਕਾਂਡ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ 4 ਨੂੰ

**ਫਤਿਹਗੜ੍ਹ ਸਾਹਿਬ (ਪੀਰਜੈਨ):** ਬਰਨਾਲਾ ਸਰਕਾਰ ਵੇਲੇ ਨਕੋਦਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਟ ਕੀਤੇ ਜਾਣ ਵਿਰੁਧ ਰੋਸ ਕਰ ਰਹੇ ਗੁਰਸਿਖ ਨੌਜਵਾਨਾਂ ਉਤੇ 4 ਫਰਵਰੀ 1986 ਨੂੰ ਪੁਲਿਸ ਦੀ ਫਾਇਰਿੰਗ ਵਿਚ ਸ਼ਹੀਦ ਹੋਏ ਚਾਰ ਨੌਜਵਾਨਾਂ ਦੀ 25ਵੀਂ ਸਾਲਾਨਾ ਸ਼ਹੀਦੀ ਵਰੇਗੰਢ ਮੌਕੇ ਆਉਂਦੀ 4 ਫਰਵਰੀ ਨੂੰ ਨਕੋਦਰ ਨਜ਼ਦੀਕ ਪਿੰਡ ਲਿਤਰਾਂ ਵਿਚ ਇਕ ਸ਼ਹੀਦੀ ਸਮਾਗਮ ਗੁਰਦੁਆਰਾ ਬੋਹੜਾਂ ਵਾਲਾ ਵਿਖੇ ਕੀਤਾ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਇਨ੍ਹਾਂ ਸਿੱਖ ਨੌਜਵਾਨਾਂ ਦੇ ਕਾਤਲ ਪੁਲਿਸ ਅਧਿਕਾਰੀਆ ਖਿਲਾਫ ਜਸਟਿਸ ਗੁਰਨਾਮ ਸਿੰਘ ਵੱਲੋਂ ਕੀਤੀ ਜਾਂਚ ਤੋਂ ਬਾਅਦ ਵੀ ਕਾਰਵਾਈ ਨਹੀਂ ਕੀਤੀ ਗਈ।

# ਕਤਲੇਆਮ ਦੇ ਪੀੜਤਾਂ ਵੱਲੋਂ ਕਮਲ ਨਾਥ ਖ਼ਿਲਾਫ਼ ਰੋਸ ਪ੍ਰਦਰਸ਼ਨ

**ਨਵੀਂ ਦਿੱਲੀ:** ਅਮਰੀਕਾ ਵਿਚ ਮੰਤਰੀ ਕਮਲ ਨਾਥ ਨੂੰ ਕੇਸ ਤੋਂ ਬਚਾਉਣ ਲਈ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਖ਼ਿਲਾਫ ਨਵੰਬਰ 1984 ਦੇ ਪੀੜਤਾਂ ਤੇ ਵਿਧਵਾਵਾਂ ਨੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਮੰਗ ਕੀਤੀ ਕਿ ਕਮਲ ਨਾਥ ਨੂੰ ਮੰਤਰੀ ਮੰਡਲ ਵਿਚੋਂ ਕੱਢਿਆ ਜਾਵੇ। ਉਨ੍ਹਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮੰਗ ਪੱਤਰ ਵੀ ਦਿੱਤਾ ਜਿਸ ਵਿਚ ਮੰਗ ਕੀਤੀ ਗਈ ਕਿ ਸਿੱਖਾਂ ਦੇ ਕਾਤਲਾਂ ਨੂੰ ਬਚਾਉਣਾ ਬੰਦ ਕਰਕੇ ਅਮਰੀਕਾ ਦੀ ਅਦਾਲਤ ਵਿਚ ਨਸਲਕੁਸ਼ੀ ਦੇ ਕੇਸ ਵਿਚ ਕੂਟਨੀਤਿਕ ਛੋਟ ਹਾਸਲ ਕਰਨ ਵਿਚ ਕਮਲ ਨਾਥ ਦੀ ਮਦਦ ਨਾ ਕੀਤੀ ਜਾਵੇ।

ਇਹ ਰੋਸ ਪ੍ਰਦਰਸ਼ਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ), ਨੈਸ਼ਨਲ 1984 ਵਿਕਟਿਮਜ਼ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਅਤੇ ਸਿੱਖਜ਼ ਫਾਰ ਜਸਟਿਸ ਵੱਲੋਂ ਕੀਤਾ ਗਿਆ।

ਇਸ ਮੌਕੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਮੰਗ ਕੀਤੀ ਕਿ ਭਾਰਤ ਨੂੰ ਸਿੱਖਾਂ ਦੇ ਕਾਤਲਾਂ ਨੂੰ ਬਚਾਉਣ ਤੇ ਉਨ੍ਹਾਂ ਦੀ ਪੈਰਵਾਈ ਕਰਨ ਦੀ ਨੀਤੀ ਨੂੰ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਪੀੜਤ ਭਾਰਤ ਵਿਚ ਅਮਰੀਕੀ ਰਾਜਦੂਤ ਨੂੰ ਵੀ ਮੰਗ ਪੱਤਰ ਦੇ ਕੇ ਮੰਗ ਕਰਨਗੇ ਕਿ ਉਨ੍ਹਾਂ ਦੀ ਸਰਕਾਰ 1984 ਦੇ ਪੀੜਤਾਂ ਦਾ ਪੱਖ ਲਵੇ। ਨੈਸ਼ਨਲ 1984 ਵਿਕਟਿਮਜ਼ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ ਨੇ ਕਿਹਾ ਕਿ ਪਿਛਲੇ 26 ਸਾਲਾਂ ਤੋਂ ਭਾਰਤ ਵਿਚ 1984 ਦੇ ਪੀੜਤਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਤੇ ਹੁਣ ਜਦੋਂ ਕੌਮਾਂਤਰੀ ਪੱਧਰ 'ਤੇ ਇਨਸਾਫ ਲੈਣ ਲਈ ਯਤਨ ਕੀਤੇ ਜਾ ਰਹੇ ਹਨ ਤਾਂ ਕਾਂਗਰਸ (ਆਈ) ਦੇ ਆਗੂ ਉਨ੍ਹਾਂ ਦੇ ਯਤਨਾਂ ਨੂੰ ਢਾਹ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਮਲ ਨਾਥ ਨੂੰ ਮੰਤਰੀ ਮੰਡਲ ਵਿਚੋਂ ਨਾ ਕੱਢਿਆ ਗਿਆ ਤਾਂ ਪੀੜਤ ਭੁੱਖ ਹੜਤਾਲ ਕਰਨਗੇ।

ਪੰਜਾਬ ਟਾਈਮਜ਼

ਸਨਿਚਰਵਾਰ, 5 ਫਰਵਰੀ 2011

# ਭਾਰਤ ਸਰਕਾਰ ਤੇ ਸਟੇਟ ਹਾਲੋਂ-ਬੇਹਾਲ

63 ਸਾਲ ਪਹਿਲਾਂ ਜਦੋਂ ਅੰਗਰੇਜ਼ ਭਾਰਤ ਛੱਡ ਕੇ ਗਏ ਸਨ ਤਾਂ ਉਸ ਵੇਲੇ ਪੱਛਮ ਦੇ ਸਿਆਸੀ ਮਾਹਿਰਾਂ ਨੇ ਨਵੇਂ ਆਜ਼ਾਦ ਹੋਏ ਭਾਰਤ ਬਾਰੇ ਆਪਣੀ ਰਾਏ ਦਿੱਤੀ ਸੀ ਕਿ ਸੈਂਕੜੇ ਰਿਆਸਤਾਂ ਨੂੰ ਜੋੜ ਕੇ ਬਣਾਏ ਇਸ ਦੇਸ਼ ਕੋਲੋਂ ਜਮਹੂਰੀਅਤ ਸਾਂਭੀ ਨਹੀਂ ਜਾਣੀ। ਇਹ ਵਿਦਵਾਨ ਉਸ ਵੇਲੇ ਗ਼ਲਤ ਸਾਬਤ ਹੋ ਗਏ ਸਨ ਜਦੋਂ ਭਾਰਤ ਨੇ ਆਜ਼ਾਦ ਮੁਲਕ ਵਜੋਂ ਕਦਮ-ਦਰ-ਕਦਮ ਅੱਗੇ ਵੱਧਣਾ ਸ਼ੁਰੂ ਕੀਤਾ ਅਤੇ ਛੇਤੀ ਹੀ ਇਹ ਪੈਰਾਂ ਸਿਰ ਹੀ ਨਹੀਂ ਹੋਇਆ, ਸਗੋਂ ਕੁਝ ਮਾਮਲਿਆਂ 'ਤੇ ਪੱਛਮੀ ਵਿਦਵਾਨਾਂ ਨੂੰ ਹੈਰਾਨ ਕਰਕੇ ਰੱਖ ਦਿੱਤਾ। ਛੇ ਦਹਾਕਿਆਂ ਬਾਅਦ ਹੁਣ ਜਦੋਂ ਪੱਛਮ ਦੇ ਸਿਆਸੀ ਮਾਹਿਰ ਭਾਰਤ ਨੂੰ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਗਰਦਾਨ ਰਹੇ ਹਨ ਅਤੇ ਸਾਰਾ ਸੰਸਾਰ ਚੀਕ ਰਿਹਾ ਹੈ ਕਿ ਭਾਰਤ ਵਿਚ ਜਮਹੂਰੀਅਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਲੱਗ ਗਈਆਂ ਹਨ, ਤਾਂ ਇਕ ਵਾਰ ਫਿਰ ਇਹ ਵਿਦਵਾਨ ਗ਼ਲਤ ਸਾਬਤ ਹੋ ਰਹੇ ਹਨ। ਅਸਲੀਅਤ ਇਹ ਹੈ ਕਿ 21ਵੀਂ ਸਦੀ ਤੱਕ ਪੁੱਜਦਿਆਂ-ਪੁੱਜਦਿਆਂ ਭਾਰਤੀ ਜਮਹੂਰੀਅਤ ਦਾ ਸਾਹ ਫੁੱਲਿਆ ਪਿਆ ਹੈ ਅਤੇ ਜਿਸ ਤਰ੍ਹਾਂ ਖੇਤਰੀ ਜਮਾਤਾਂ ਨਾਲ ਵਿਹਾਰ ਕਰ ਰਹੀ ਹੈ, ਉਸ ਤੋਂ ਪਤਾ ਲੱਗ ਰਿਹਾ ਹੈ ਕਿ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਖਿਤਾਬ ਕਿੰਨਾ ਥੋਥਾ ਹੈ। ਕੀ ਪੰਜਾਬ, ਕੀ ਕਸ਼ਮੀਰ ਅਤੇ ਕੀ ਉਤਰ-ਪੂਰਬੀ ਸੂਬੇ, ਹਰ ਥਾਂ ਜਮਹੂਰੀਅਤ ਨੂੰ ਤਾਕ ਵਿਚ ਰੱਖ ਕੇ ਮਨੁੱਖੀ ਹੱਕਾਂ ਨੂੰ ਫ਼ੌਜੀ ਬੂਟਾਂ ਹੇਠ ਦਰੜਿਆ ਗਿਆ। ਭਾਰਤ ਦੀ ਫੇਲ੍ਹ ਹੋ ਚੁੱਕੀ ਜਮਹੂਰੀਅਤ ਬਾਰੇ ਕੌਮਾਂਤਰੀ ਪੱਧਰ ਦੇ ਵਿਦਵਾਨ ਰਜਨੀ ਕੋਠਾਰੀ ਨੇ ਵੀ ਨਿਸ਼ੰਗ ਹੋ ਕੇ ਕਿਹਾ ਹੈ ਕਿ ਇਸ ਬਾਰੇ ਨਵੇਂ ਸਿਰਿਓਂ ਵਿਚਾਰ ਕਰਨ ਦੀ ਲੋੜ ਹੈ। ਉਨ੍ਹਾਂ ਆਪਣੀਆਂ ਲਿਖਤਾਂ ਵਿਚ ਉਨ੍ਹਾਂ ਪੱਖਾਂ ਦੀ ਚਰਚਾ ਵੀ ਕੀਤੀ ਹੈ ਜਿਸ ਕਾਰਨ ਜਮਹੂਰੀਅਤ ਦਾ ਚੱਕਾ ਇਉਂ ਜਾਮ ਹੋਇਆ ਪਿਆ ਹੈ।

ਇਹ ਸ਼ਾਇਦ ਜਮਹੂਰੀਅਤ ਦੀ ਅਸਫਲਤਾ ਕਰਕੇ ਹੀ ਹੈ ਕਿ ਵਿਸ਼ਾਲ ਦੇਸ਼ ਦੇ ਪ੍ਰਬੰਧ ਦਾ ਕੁੰਡਾ ਇੰਨਾ ਢਿੱਲਾ ਹੋ ਗਿਆ ਹੈ ਕਿ ਸਭ ਤੋਂ ਈਮਾਨਦਾਰ ਸਮਝਿਆ ਜਾ ਰਿਹਾ ਆਗੂ ਡਾ. ਮਨਮੋਹਨ ਸਿੰਘ ਵੀ ਅਸਫਲ ਹੋ ਕੇ ਰਹਿ ਗਿਆ ਹੈ। ਬੇਈਮਾਨੀ ਦੀ ਦਲ-ਦਲ ਵਿਚ ਬਹੁਤ ਡੂੰਘੇ ਲਹਿ ਚੁੱਕੇ ਇਸ ਢਾਂਚੇ ਕਾਰਨ ਹੁਣ ਉਨ੍ਹਾਂ ਨੂੰ ਕੋਈ ਜਵਾਬ ਵੀ ਨਹੀਂ ਅਹੁੜ ਰਿਹਾ। ਪਹਿਲਾਂ ਵਿਰੋਧੀ ਧਿਰ ਅਤੇ ਫਿਰ ਅਦਾਲਤ ਨੇ ਵਾਰ-ਵਾਰ ਉਨ੍ਹਾਂ ਨੂੰ ਵੱਖ-ਵੱਖ ਮਾਮਲਿਆਂ 'ਤੇ ਖਾਮੋਸ਼ ਰਹਿਣ ਬਦਲੇ ਝਿੜਕਿਆ। ਦੂਰ ਸੰਚਾਰ ਮਹਿਕਮੇ ਵਿਚ ਪਹਿਲਾਂ ਸਪੈਕਟ੍ਰਮ ਘੁਟਾਲੇ, ਫਿਰ ਰਾਡੀਆ ਟੇਪਾਂ ਅਤੇ ਹੁਣ ਕੇਂਦਰੀ ਚੌਕਸੀ ਕਮਿਸ਼ਨਰ (ਸੈਂਟਰਲ ਵਿਜੀਲੈਂਸ ਕਮਿਸ਼ਨਰ-ਕੈਗ) ਦੀ ਨਿਯੁਕਤੀ ਦੇ ਮਾਮਲੇ 'ਤੇ ਸਰਕਾਰ ਅਤੇ ਸਰਕਾਰ ਚਲਾ ਰਹੇ ਆਗੂਆਂ ਅਤੇ ਪਾਰਟੀ ਦੀ ਬੇਹੱਦ ਦੁਰਗਤ ਹੋਈ ਹੈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਲੋਕਾਂ ਨੇ 'ਮੈਂ ਨਾ ਮਾਨੂੰ' ਵਾਲੀ ਕਹਾਵਤ ਵਾਂਗ ਗੱਲ ਨੂੰ ਗੌਲਿਆ ਨਹੀਂ ਹੈ। ਉਂਜ ਇਸ ਸਮੁੱਚੇ ਵਰਤਾਰੇ ਤੋਂ ਇਕੋ ਗੱਲ ਹੀ ਸਪਸ਼ਟ ਹੋ ਰਹੀ ਹੈ ਕਿ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਵਿਚ ਕਿਸ-ਕਿਸ ਤਰ੍ਹਾਂ ਦਾ ਤਾਨਾਸ਼ਾਹੀ ਰੰਗ ਹੈ ਅਤੇ ਇਹ ਤਾਨਾਸ਼ਾਹੀ ਚੱਲਦੀ ਵੀ ਕਿੰਨੀ ਠੋਕ-ਵਜਾ ਕੇ ਹੈ।

ਸਿਆਸਤ ਵਿਚ ਜਿਸ ਵੇਲੇ ਸਭ ਤੋਂ ਈਮਾਨਦਾਰ ਸ਼ਖ਼ਸ ਮਨਮੋਹਨ ਸਿੰਘ ਦਾ ਬਤੌਰ ਖ਼ਜਾਨਾ ਮੰਤਰੀ ਦਾਖਲਾ ਹੋਇਆ ਸੀ ਤਾਂ ਉਸ ਵੇਲੇ ਇਹੀ ਪ੍ਰਚਾਰ ਕੀਤਾ ਗਿਆ ਸੀ ਕਿ ਦੇਸ਼ ਨੂੰ ਦਰਪੇਸ਼ ਆਰਥਿਕ ਸੰਕਟ ਵਿਚੋਂ ਕੱਢਣ ਲਈ ਆਰਥਿਕ ਨੀਤੀਆਂ ਵਿਚ ਤਬਦੀਲੀਆਂ ਬੇਹੱਦ ਜ਼ਰੂਰੀ ਹਨ। ਇਸ ਬਾਰੇ ਬਹੁਤ ਵੱਡੇ ਪੱਧਰ ਉਤੇ ਪ੍ਰਚਾਰ ਕੀਤਾ ਗਿਆ। ਉਦੋਂ ਤੋਂ ਲੈ ਕੇ ਹੁਣ ਤੱਕ ਦੇਸ਼ ਵਿਚ ਮਨਮੋਹਨ ਸਿੰਘ ਵੱਲੋਂ ਬਣਾਈਆਂ ਆਰਥਿਕ ਨੀਤੀਆਂ ਦਾ ਹੀ ਵਾਰਾ-ਪਹਿਰਾ ਰਿਹਾ ਹੈ ਪਰ ਅੰਕੜੇ ਦੱਸਦੇ ਹਨ ਕਿ ਹਾਲਾਤ ਪਹਿਲਾਂ ਨਾਲੋਂ ਖ਼ਰਾਬ ਹੀ ਹੋਏ ਹਨ। ਬੁਨਿਆਦੀ ਸਹੂਲਤਾਂ ਇਕ ਤਾਂ ਲੋਕਾਂ ਦੀ ਪਹੁੰਚ ਤੋਂ ਹੀ ਬਾਹਰ ਹੋ ਗਈਆਂ ਹਨ, ਦੂਜੇ ਨੀਤੀਆਂ ਦੇ ਲਾਭ ਦਾ ਘੇਰਾ ਬਹੁਤ ਛੋਟਾ ਰਹਿ ਗਿਆ। ਦੂਜੇ ਸ਼ਬਦਾਂ ਵਿਚ ਇਨ੍ਹਾਂ ਨੀਤੀਆਂ ਦਾ ਲਾਭ ਗਿਣਵੇਂ-ਚੁਣਵੇਂ ਲੋਕਾਂ ਨੂੰ ਹੀ ਹੋਇਆ। ਉਂਜ ਇਸ ਦੇ ਬਾਵਜੂਦ ਸਰਕਾਰੀ ਪ੍ਰਚਾਰ ਇਹੀ ਹੈ ਕਿ ਦੇਸ਼ ਵਿਕਾਸ ਦੀ ਪੌੜੀ ਬੜੀ ਤੇਜ਼ੀ ਨਾਲ ਚੜ੍ਹ ਰਿਹਾ ਹੈ ਅਤੇ ਕੌਮਾਂਤਰੀ ਮੰਚ ਉਤੇ ਵੀ ਵਾਹਵਾ ਪੈਂਠ ਬਣਾ ਰਿਹਾ ਹੈ। ਹੁਣ ਜਿਸ ਪੜਾਅ ਉਤੇ ਦੇਸ਼ ਅਤੇ ਦੇਸ਼ਵਾਸੀ ਪਹੁੰਚ ਗਏ ਹਨ, ਇਹ ਚਰਚਾ ਚੱਲਣੀ ਸ਼ੁਰੂ ਹੋ ਗਈ ਹੈ ਕਿ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰਨ ਵਾਲਾ ਪਿਆਰਾ ਭਾਰਤ ਆਪਣੇ ਲੋਕਾਂ ਲਈ ਜ਼ਾਲਮ ਹੋ ਕੇ ਕਿਉਂ ਟੱਕਰ ਰਿਹਾ ਹੈ ਅਤੇ ਲਗਾਤਾਰ ਘਪਲੇ-ਘੁਟਾਲੇ ਕਰ ਰਹੇ ਲੋਕ ਸਮਾਂ ਲੰਘਣ ਨਾਲ ਬਚ ਕਿਉਂ ਜਾਂਦੇ ਹਨ?

ਤ੍ਰਾਸਦੀ ਇਹ ਹੈ ਕਿ ਇਸ ਮਰਜ਼ ਨੂੰ ਠੀਕ ਕਰਨ ਲਈ ਕੋਈ ਅਹੁੜ-ਪਹੁੜ ਵੀ ਨਹੀਂ ਕੀਤਾ ਜਾ ਰਿਹਾ। ਅੰਨ੍ਹੇਵਾਹ ਪੱਛਮ ਦੀਆਂ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ, ਬਿਨਾਂ ਕੋਈ ਪੁਣ-ਛਾਣ ਕੀਤਿਆਂ ਕਿ ਪੱਛਮ ਆਪਣੇ ਨਾਲੋਂ ਕਿੰਨੇ ਦਹਾਕੇ ਅਗੇ ਹੈ ਅਤੇ ਅਗਲਿਆਂ ਨੇ ਪ੍ਰਸ਼ਾਸਨ ਦੇ ਪੱਧਰ 'ਤੇ ਪਹਿਲਾਂ ਹੀ ਕਿੱਥੇ ਤੱਕ ਕਾਮਯਾਬੀ ਨਾਲ ਮੱਲਾਂ ਮਾਰੀਆਂ ਹਨ। ਪੰਜਾਬ ਵਰਗਾ ਸੂਬਾ ਤਾਂ ਹਰੇ ਇਨਕਲਾਬ ਦੇ ਉਲਟ ਅਸਰਾਂ ਨਾਲ ਅਜੇ ਜੂਝ ਰਿਹਾ ਹੈ ਅਤੇ ਹੁਣ ਨਵੀਆਂ ਨੀਤੀਆ ਤਹਿਤ ਨਵੇਂ ਪ੍ਰਾਜੈਕਟ ਲਈ ਰਾਹ ਮੋਕਲੇ ਕੀਤੇ ਜਾ ਰਹੇ ਹਨ, ਬਿਨਾਂ ਇਹ ਵਿਚਾਰਿਆਂ ਕਿ ਇਸ ਦੀ ਕੀਮਤ ਕਿਸ ਨੇ ਅਤੇ ਕਿੰਨੀ ਅਦਾ ਕਰਨੀ ਹੈ? ਇਹ ਸਾਰੀਆਂ ਲੜੀਆਂ ਦੁਰ-ਪ੍ਰਸ਼ਾਸਨ ਨਾਲ ਹੀ ਜੁੜੀਆਂ ਹੋਈਆਂ ਹਨ ਜਿਹੜੀਆਂ ਅੱਜ ਕੇਂਦਰ ਦੀ ਸੱਤਾ ਲਈ ਗਲੇ ਦੀ ਹੱਡੀ ਬਣ ਗਈਆਂ ਹਨ। ਇਸ ਤੋਂ ਬਚਣ ਦਾ ਜੋ ਰਾਹ ਹੈ, ਉਸ ਤੋਂ ਸ਼ਾਸਕ ਟਾਲਾ ਵੱਟ ਰਹੇ ਹਨ। ਇਸ ਸੂਰਤ ਵਿਚ ਆਉਣ ਵਾਲੇ ਸਮੇਂ ਵਿਚ ਹਾਲਾਤ ਹੋਰ ਵੀ ਭਿਅੰਕਰ ਹੋ ਕੇ ਟੱਕਰਨ ਦੀ ਪੇਸ਼ੀਨਗੋਈ ਵੱਲ ਇਸ਼ਾਰਾ ਕਰਦੇ ਹਨ। ਕੇਂਦਰੀ ਹਾਕਮਾਂ ਨੇ ਇਨ੍ਹਾਂ ਅਹਿਮ ਮਸਲਿਆਂ ਨੂੰ ਜਿਸ ਤਰ੍ਹਾਂ ਦਰਕਿਨਾਰ ਕਰਨ ਦਾ ਲਗਾਤਾਰ ਯਤਨ ਕੀਤਾ ਹੈ ਅਤੇ ਹੁਣ ਵੀ ਕਰ ਰਹੇ ਹਨ, ਉਸ ਦੀ ਤਾਜ਼ਾ ਮਿਸਾਲ ਸਪੈਕਟ੍ਰਮ ਘੁਟਾਲੇ ਬਾਰੇ ਆਈ ਰਿਪੋਰਟ ਬਾਰੇ ਪਹੁੰਚ ਹੈ। ਸਬੰਧਤ ਮੰਤਰੀ ਨੇ ਦਿਆਨਤਦਾਰੀ ਦਾ ਪੱਲਾ ਫੜਨ ਦੀ ਥਾਂ, ਨਿਰੋਲ ਆਪਣੀ ਪਾਰਟੀ ਦੀ ਸਿਆਸਤ ਦੀ ਗੱਲ ਹੀ ਸੁਣੀ ਹੈ। ਇਹ ਸਾਡੇ ਸਮਿਆਂ ਦੀ ਸਿਆਸਤ ਦਾ ਸਭ ਤੋਂ ਵੱਡਾ ਕਜ ਹੈ ਜਿਹੜਾ ਸਾਨੂੰ ਅੱਖਾਂ ਖੋਲ੍ਹ ਕੇ ਅਗਾਂਹ ਨਹੀਂ ਦੇਖਣ ਦਿੰਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਾਜਾਇਜ਼ ਰਿਸ਼ਤਿਆਂ ਦਾ ਰੋਗ!*

ਜੂਠ-ਝੂਠ ਦਾ ਜਿੱਥੇ ਵੀ ਬੋਲ ਬਾਲਾ, ਉਥੇ ਆਉਂਦੀਆਂ ਸਭ ਬਿਮਾਰੀਆਂ ਨੇ।
ਉਥੋਂ ਏਕਾ-ਇਤਫ਼ਾਕ ਕਾਫ਼ੂਰ ਹੋਵੇ, ਪਾਏ ਜਿੱਥੇ ਵੀ ਪੈਰ ਬਦਕਾਰੀਆਂ ਨੇ।
ਸ਼ੌਂਕੀ ਹੋਏ ਬਿਗਾਨੀਆਂ ਖੁਰਲ੍ਹੀਆਂ ਦੇ, ਭਸਮਾ-ਭੂਤ ਕਰ ਦੇਣਾ ਖੁਆਰੀਆਂ ਨੇ।
ਉਨ੍ਹਾਂ ਵਾਸਤੇ ਵਫ਼ਾ ਦਾ ਮੁੱਲ ਕੋਈ ਨਾ, ਨੀਅਤਾਂ ਜਿਨ੍ਹਾਂ ਨੇ ਖੋਟੀਆਂ ਧਾਰੀਆਂ ਨੇ।
ਫੈਸ਼ਨਪ੍ਰਸਤੀਆਂ ਵਿਚ ਗਲਤਾਨ ਹੋ ਕੇ, ਲੱਜਾ ਛੱਡ 'ਤੀ ਵਿਆਹੀਆਂ/ਕੁਆਰੀਆਂ ਨੇ।
ਗ੍ਰਹਿਸਤ-ਮਾਰਗ ਦੀ ਮਿੱਟੀ ਪਲੀਤ ਕੀਤੀ, ਬੰਦੇ-ਤੀਵੀਂ ਦੀਆਂ ਚੋਰੀਆਂ-ਯਾਰੀਆਂ ਨੇ!

# ਏਸ਼ੀਆ ਦੀ ਨਵੀਂ ਸਫ਼ਬੰਦੀ 'ਚ ਆਵਾਮ ਦਾ ਘਾਣ

***ਫ਼ੌਜ ਨੇ ਤਾਲਿਬਾਨ ਦੇ ਗੜ੍ਹ ਕੰਧਾਰ 'ਤੇ ਹਮਲਾ ਕਰਕੇ ਆਲੇ-ਦੁਆਲੇ ਦੇ ਪਿੰਡਾਂ ਨੂੰ ਢਾਹ ਕੇ ਸਾਫ਼ ਕਰ ਦਿੱਤਾ। ਪੰਜਾਹ ਹਜ਼ਾਰ ਦੀ ਆਬਾਦੀ ਵਾਲੇ ਇਸ ਸ਼ਹਿਰ ਨੂੰ ਨਾਟੋ ਫ਼ੌਜਾਂ ਦੀਆਂ ਚੈਕ ਪੋਸਟਾਂ ਨੇ ਘੇਰਿਆ ਹੋਇਆ ਹੈ ਤੇ ਲੋਕ ਹਰ ਸਮੇਂ ਨਾਟੋ ਫ਼ੌਜਾਂ ਦੀ ਜ਼ਲਾਲਤ ਭਰੀ ਸਕੈਨਿੰਗ ਦਾ ਸ਼ਿਕਾਰ ਹੋ ਰਹੇ ਹਨ।***

**ਨਰਦੇਵ ਸਿੰਘ**

ਨਾਟੋ ਦੇਸ਼ਾਂ ਦੇ ਲਿਸਬਨ ਵਿਚ ਹੋਏ ਸੰਮੇਲਨ ਦੌਰਾਨ ਫ਼ੌਜਾਂ ਦੀ ਅਫ਼ਗ਼ਾਨਿਸਤਾਨ ਤੋਂ ਵਾਪਸੀ ਲਈ ਸਮਾਂ ਸੀਮਾ 2014 ਦੇ ਅੰਤ ਤੱਕ ਵਧਾ ਦਿੱਤੀ ਗਈ ਹੈ। ਉਦੋਂ ਤੱਕ ਅਫ਼ਗ਼ਾਨਿਸਤਾਨ ਦੀ ਕਠਪੁਤਲੀ ਸਰਕਾਰ ਦੀ ਫ਼ੌਜ ਅਤੇ ਪੁਲਿਸ ਨੂੰ ਤਾਲਿਬਾਨ ਤੇ ਹੋਰ ਖਾੜਕੂਆਂ ਨਾਲ ਲੜਨ ਲਈ ਸਿਖਲਾਈ ਦਿੱਤੀ ਜਾਵੇਗੀ। ਅਮਰੀਕੀ ਫ਼ੌਜ ਉਸ ਤੋਂ ਬਾਅਦ ਵੀ ਅਫ਼ਗ਼ਾਨਿਸਤਾਨ ਵਿਚ ਰਹੇਗੀ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਖੁਲਾਸਾ ਕਰਦਿਆਂ ਕਿਹਾ, "ਜੇ ਹਾਲਾਤ ਨੇ ਇਜਾਜ਼ਤ ਦਿੱਤੀ ਤਾਂ 2014 ਦੇ ਅੰਤ ਤੱਕ ਅਮਰੀਕੀ ਤੇ ਨਾਟੋ ਫ਼ੌਜਾਂ ਦੀ ਵਾਪਸੀ ਸ਼ੁਰੂ ਹੋ ਜਾਵੇਗੀ। ਇਹ ਭਾਵੇਂ ਸੰਭਵ ਹੈ ਕਿ ਹਜ਼ਾਰਾਂ ਅਮਰੀਕੀ ਫ਼ੌਜੀਆਂ ਨੂੰ ਅਫ਼ਗ਼ਾਨਿਸਤਾਨ ਦੀ ਫ਼ੌਜ ਦੀ ਸਿਖਲਾਈ, ਨਿਗਰਾਨੀ ਤੇ ਸਹਾਇਤਾ ਲਈ ਉਥੇ ਰਹਿਣਾ ਪਵੇ ਜਿਵੇਂ 50,000 ਅਮਰੀਕੀ ਫ਼ੌਜੀਆਂ ਨੂੰ ਇਰਾਕ ਵਿਚ ਰਹਿਣਾ ਪਿਆ ਹੈ।" ਜ਼ਾਹਿਰ ਹੈ ਕਿ ਅਮਰੀਕਾ ਦਾ ਅਫ਼ਗ਼ਾਨਿਸਤਾਨ ਛੱਡਣ ਦਾ ਫ਼ਿਲਹਾਲ ਕੋਈ ਇਰਾਦਾ ਨਹੀਂ। ਓਬਾਮਾ ਪ੍ਰਸ਼ਾਸਨ 2011 ਦੀ ਜੁਲਾਈ ਤੋਂ ਅਫ਼ਗ਼ਾਨਿਸਤਾਨ ਵਿਚੋਂ ਫ਼ੌਜਾਂ ਦੀ ਵਾਪਸੀ ਦੇ ਕੀਤੇ ਵਾਅਦੇ ਤੋਂ ਮੁੱਕਰ ਗਿਆ ਹੈ। ਅਮਰੀਕਾ ਦੀ 'ਅਤਿਵਾਦ ਵਿਰੁਧ ਜੰਗ' ਅਤਿਵਾਦ ਦੀ ਥਾਂ ਲੋਕਾਂ ਵਿਰੁਧ ਜੰਗ ਵਿਚ ਤਬਦੀਲ ਹੋ ਚੁੱਕੀ ਹੈ ਅਤੇ ਇਸ ਨੇ ਪਾਕਿਸਤਾਨ ਤੇ ਯਮਨ ਨੂੰ ਵੀ ਪੂਰੀ ਤਰ੍ਹਾਂ ਆਪਣੀ ਲਪੇਟ ਵਿਚ ਲੈ ਲਿਆ ਹੈ।

2009 ਵਿਚ ਓਬਾਮਾ ਪ੍ਰਸ਼ਾਸਨ ਵੱਲੋਂ ਅਹੁਦਾ ਸੰਭਾਲਣ ਤੋਂ ਲੈ ਕੇ, ਅਮਰੀਕੀ ਫ਼ੌਜਾਂ ਦੀ ਗਿਣਤੀ ਲਗਪਗ ਦੁੱਗਣੀ ਕੀਤੀ ਜਾ ਚੁੱਕੀ ਹੈ। ਨਫ਼ਰੀ ਦੇ ਨਾਲ-ਨਾਲ ਹਮਲਿਆਂ ਦੀ ਗਿਣਤੀ ਅਤੇ ਇਨ੍ਹਾਂ ਦੀ ਕਰੂਰਤਾ ਤੇ ਵਿਆਪਕਤਾ ਹੋਰ ਵੀ ਵਧਦੀ ਜਾ ਰਹੀ ਹੈ। ਪਿਛਲੇ ਅਕਤੂਬਰ ਵਿਚ ਅਮਰੀਕੀ ਹਵਾਈ ਫ਼ੌਜ ਨੇ ਬੰਬਾਂ, ਰਾਕਟਾਂ ਤੇ ਮਿਜ਼ਾਇਲਾਂ ਨਾਲ 1000 ਹਮਲੇ ਕੀਤੇ, ਜੋ ਜੰਗ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਸਭ ਤੋਂ ਵਧੇਰੇ ਹਨ। ਪਿਛਲੇ ਸਾਲ 10000 ਤੋਂ ਵੱਧ ਅਫ਼ਗ਼ਾਨ ਲੋਕਾਂ ਨੂੰ ਜਾਨਾਂ ਗਵਾਉਣੀਆਂ ਪਈਆਂ। ਨਾਟੋ ਫ਼ੌਜਾਂ ਦੇ 711 ਫ਼ੌਜੀ ਮਾਰੇ ਗਏ। ਇਹ ਗਿਣਤੀ 2009 ਵਿਚ 521 ਅਤੇ 2008 ਵਿਚ ਸਿਰਫ਼ 295 ਸੀ। ਦੋਵੇਂ ਪਾਸਿਆਂ ਦੀ ਇਹ ਗਿਣਤੀ ਜੰਗ ਦੇ ਵਧਦੇ ਘੇਰੇ ਨੂੰ ਦਰਸਾਉਂਦੀ ਹੈ। ਦੱਖਣੀ ਅਫ਼ਗ਼ਾਨਿਸਤਾਨ ਅੰਦਰ ਫ਼ੌਜ ਨੇ ਤਾਲਿਬਾਨ ਦੇ ਗੜ੍ਹ ਕੰਧਾਰ 'ਤੇ ਹਮਲਾ ਕਰਕੇ ਆਲੇ-ਦੁਆਲੇ ਦੇ ਪਿੰਡਾਂ ਨੂੰ ਢਾਹ ਕੇ ਸਾਫ਼ ਕਰ ਦਿੱਤਾ। ਪੰਜਾਹ ਹਜ਼ਾਰ ਦੀ ਆਬਾਦੀ ਵਾਲੇ ਇਸ ਸ਼ਹਿਰ ਨੂੰ ਨਾਟੋ ਫ਼ੌਜਾਂ ਦੀਆਂ ਚੈਕ ਪੋਸਟਾਂ ਨੇ ਘੇਰਿਆ ਹੋਇਆ ਹੈ ਤੇ ਲੋਕ ਹਰ ਸਮੇਂ ਨਾਟੋ ਫ਼ੌਜਾਂ ਦੀ ਜ਼ਲਾਲਤ ਭਰੀ ਸਕੈਨਿੰਗ ਦਾ ਸ਼ਿਕਾਰ ਹੋ ਰਹੇ ਹਨ।

ਪਾਕਿਸਤਾਨ ਵੀ ਹੁਣ ਜੰਗ ਦੀ ਲਪੇਟ ਵਿਚ ਆ ਚੁੱਕਿਆ ਹੈ। ਅਫ਼ਗ਼ਾਨਿਸਤਾਨ ਦੀ ਸਰਹੱਦ ਨਾਲ ਲਗਦੇ ਦੱਖਣੀ ਤੇ ਉਤਰੀ ਵਜ਼ੀਰਿਸਤਾਨ ਦੇ ਲੋਕਾਂ ਨੂੰ ਅਮਰੀਕਾ ਦੇ ਅਣਗਿਣਤ ਡਰੋਨ ਹਮਲਿਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਅਮਰੀਕਾ ਦਾ ਦੋਸ਼ ਹੈ ਕਿ ਇਹ ਇਲਾਕਾ ਹਕਾਨੀ ਨੈਟਵਰਕ ਅਤੇ ਤਾਲਿਬਾਨ ਦੇ ਮੁੱਖ ਟਿਕਾਣੇ ਹਨ। ਇਸ ਲਈ ਜਿੱਥੇ ਦੱਖਣੀ ਵਜ਼ੀਰਿਸਤਾਨ ਵਿਚ ਪਾਕਿਸਤਾਨੀ ਫ਼ੌਜ ਵੱਡਾ ਓਪਰੇਸ਼ਨ ਚਲਾ ਰਹੀ ਹੈ, ਉਥੇ ਅਮਰੀਕੀ ਡਰੋਨ ਹਮਲੇ ਉਤਰੀ ਵਜ਼ੀਰਿਸਤਾਨ 'ਤੇ ਕੇਂਦਰਤ ਹਨ। ਅਮਰੀਕੀ ਫ਼ੌਜ ਭਾਵੇਂ ਇਨ੍ਹਾਂ ਸਾਰਿਆਂ ਨੂੰ ਹੀ ਅਤਿਵਾਦੀ ਕਰਾਰ ਦੇ ਰਹੀ ਹੈ ਪਰ ਪਾਕਿਸਤਾਨੀ ਲੋਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਚ ਜ਼ਿਆਦਾਤਰ ਬੇਕਸੂਰ ਲੋਕ ਹੀ ਮਾਰੇ ਜਾ ਰਹੇ ਹਨ। ਪਾਕਿਸਤਾਨੀ ਪ੍ਰਭੂਸਤਾ ਦੀ ਭੋਰਾ ਵੀ ਪ੍ਰਵਾਹ ਨਾ ਕਰਦਿਆਂ ਅਮਰੀਕਾ ਹੁਣ ਜ਼ਮੀਨੀ ਹਮਲੇ ਕਰਨ ਲਈ ਦਬਾਅ ਬਣਾ ਰਿਹਾ ਹੈ। ਦਸੰਬਰ ਮਹੀਨੇ ਅਫ਼ਗ਼ਾਨਿਸਤਾਨ ਜੰਗ ਦੀ ਪੜਚੋਲ ਕਰਦਿਆਂ ਅਮਰੀਕੀ ਅਧਿਕਾਰੀਆਂ ਨੇ ਕਿਹਾ, "ਉਹ ਪਾਕਿਸਤਾਨ ਵਿਚੋਂ ਉਭਰ ਰਹੀ ਚੁਣੌਤੀ ਦੇ ਟਾਕਰੇ ਲਈ ਵੱਡੇ ਪੈਮਾਨੇ ਦੇ ਅਮਰੀਕੀ ਹਮਲੇ ਬਾਰੇ ਫ਼ੈਸਲਾ ਕਰ ਰਹੇ ਹਨ।"

ਅਮਰੀਕਾ ਦਾ ਦੋਸ਼ ਹੈ ਕਿ ਪਾਕਿਸਤਾਨੀ ਸਰਕਾਰ ਅਤੇ ਫ਼ੌਜ ਅਤਿਵਾਦੀਆਂ ਖ਼ਿਲਾਫ਼ ਲੋੜੀਂਦੀ ਕਾਰਵਾਈ ਨਹੀਂ ਕਰ ਰਹੀ। ਅਸਲੀਅਤ ਇਹ ਹੈ ਪਾਕਿਸਤਾਨੀ ਫ਼ੌਜ ਨੇ ਇਕ ਪਾਸੇ ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਅਤੇ ਦੂਜੇ ਪਾਸੇ ਬਿਨ ਲਾਦੇਨ ਵਰਗੇ ਇਸਲਾਮਿਕ ਤੱਤਾਂ ਨਾਲ ਮਿਲ ਕੇ 1980ਵਿਆਂ ਦੌਰਾਨ ਰੂਸ ਖ਼ਿਲਾਫ਼ ਸਾਂਝੀ ਲੜਾਈ ਲੜੀ। ਇਸ ਨੇ 1950 ਵਿਚ ਯਕੂਬ ਖ਼ਾਨ ਤੋਂ ਲੈ ਕੇ ਜਰਨਲ ਪ੍ਰਵੇਜ਼ ਮੁੱਸ਼ਰਫ਼ ਤੱਕ, ਪਾਕਿਸਤਾਨ ਵਿਚ ਫ਼ੌਜੀ ਤਾਨਾਸ਼ਾਹੀ ਸਥਾਪਤ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਅਫ਼ਗ਼ਾਨਿਸਤਾਨ ਦੀ ਜੰਗ ਵਿਚ ਪਾਕਿਸਤਾਨ ਦੀ ਭੂਮਿਕਾ ਅੰਦਰੂਨੀ ਅਸਥਿਰਤਾ ਅਤੇ ਅਤਿਵਾਦ ਨੂੰ ਜਨਮ ਦੇ ਰਹੀ ਹੈ। ਇਕ ਪਾਸੇ ਅਮਰੀਕਾ ਦੀ ਭਾਰਤ ਨਾਲ ਵਧ ਰਹੀ ਯੁੱਧਨੀਤਕ ਸਾਂਝ ਉਸ ਨੂੰ ਅਮਰੀਕਾ ਤੋਂ ਦੂਰ ਧੱਕ ਰਹੀ ਹੈ ਤੇ ਦੂਜੇ ਪਾਸੇ ਪਾਕਿਸਤਾਨ ਅੰਦਰ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣਾ ਅਮਰੀਕਾ ਲਈ ਅਹਿਮ ਕਾਰਜ ਬਣਦਾ ਜਾ ਰਿਹਾ ਹੈ। ਅਮਰੀਕਾ ਦੀ ਯੋਜਨਾ, ਪਾਕਿਸਤਾਨ ਅੰਦਰ ਚੀਨ ਦੇ ਪਰਮਾਣੂ ਰਿਐਕਟਰਾਂ ਦੀ ਉਸਾਰੀ ਰੋਕਣਾ ਤੇ ਚੀਨ ਵੱਲੋਂ ਪਾਕਿਸਤਾਨ ਅੰਦਰ ਸਮੁੰਦਰੀ ਫ਼ੌਜੀ ਤੇ ਵਪਾਰਕ ਬੰਦਰਗਾਹਾਂ ਦੀ ਉਸਾਰੀ ਲਈ ਅੜਿੱਕੇ ਖੜ੍ਹੇ ਕਰਨ ਦੀ ਹੈ। ਇਸੇ ਲਈ ਉਹ ਅਤਿਵਾਦ ਦੇ ਨਾਂ ਹੇਠ ਸਿੱਧੇ ਹਮਲਿਆਂ ਲਈ ਦਬਾਅ ਬਣਾ ਰਿਹਾ ਹੈ।

ਅਤਿਵਾਦ ਵਿਰੁਧ ਜੰਗ ਦੇ ਫੈਲਾਅ ਵਿਚ ਯਮਨ ਵੀ ਹੁਣ ਅਮਰੀਕੀ ਨਿਸ਼ਾਨੇ 'ਤੇ ਆ ਚੁਕਾ ਹੈ। ਪਿਛਲੇ ਸਾਲ ਦਸੰਬਰ ਵਿਚ ਅਮਰੀਕੀ ਜਹਾਜ਼ ਨੂੰ ਬੰਬ ਨਾਲ ਉਡਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਨਾਇਜੀਰੀਅਨ ਨੌਜਵਾਨ ਦੇ ਯਮਨ ਦੀ ਅਲਕਾਇਦਾ ਨਾਲ ਸਬੰਧ ਹੋਣ ਦਾ ਬਹਾਨਾ ਬਣਾ ਕੇ ਓਬਾਮਾ ਪ੍ਰਸ਼ਾਸਨ ਨੇ ਯਮਨ ਖ਼ਿਲਾਫ਼ ਡਰੋਨ ਹਮਲੇ ਤੇਜ਼ ਕਰ ਦਿੱਤੇ ਸਨ। ਹੁਣ ਇਹ 'ਪਾਰਸਲਾਂ ਵਿਚ ਧਮਾਕਾਖੇਜ' ਸਮੱਗਰੀ ਵੱਖ-ਵੱਖ ਦੇਸ਼ਾਂ ਵਿਚ ਪਹੁੰਚਾਏ ਜਾਣ ਨੂੰ ਯਮਨ ਨਾਲ ਜੋੜ ਕੇ ਉਸ ਵਿਰੁਧ ਹਮਲੇ ਹੋਰ ਤੇਜ਼ ਕਰਨ ਦੀ ਯੋਜਨਾ ਬਣਾ ਰਿਹਾ ਹੈ। ਆਪਣੇ ਸੌੜੇ ਯੁੱਧਨੀਤਕ ਹਿੱਤਾਂ ਦੀ ਪੂਰਤੀ ਲਈ ਅਮਰੀਕਾ ਯਮਨ ਦੀ ਬੇਹੱਦ ਪਿਛਾਖੜੀ ਸਰਕਾਰ ਨਾਲ ਖੜ੍ਹਾ ਹੈ। ਯਮਨ ਦੇ ਲੋਕਾਂ ਦੀ ਨਫ਼ਰਤ ਦੀ ਪਾਤਰ ਇਹ ਸਰਕਾਰ ਇਕ ਪਾਸੇ ਉਤਰੀ ਯਮਨ ਵਿਚ ਬਾਗ਼ੀਆਂ ਖ਼ਿਲਾਫ਼ ਨਿਹੱਕੀ ਜੰਗ ਚਲਾ ਰਹੀ ਹੈ ਤੇ ਦੂਜੇ ਪਾਸੇ ਦੱਖਣ ਵਿਚ ਵੱਖਵਾਦੀਆਂ ਖ਼ਿਲਾਫ਼ ਜਾਬਰ ਹਮਲੇ ਕਰ ਰਹੀ ਹੈ। ਅੰਤਾਂ ਦੀ ਗ਼ਰੀਬੀ ਤੇ ਭੁੱਖਮਰੀ ਨਾਲ ਜੂਝ ਰਹੀ ਯਮਨ ਦੀ ਅੱਧੀ ਆਬਾਦੀ ਦੋ ਡਾਲਰ ਪ੍ਰਤੀ ਦਿਨ ਤੋਂ ਵੀ ਘੱਟ ਨਾਲ ਗੁਜ਼ਾਰਾ ਕਰਦੀ ਹੈ। ਜਾਬਰ ਸਰਕਾਰ ਨੂੰ ਅਮਰੀਕਾ ਦੀ ਅਤਿਵਾਦ ਵਿਰੁਧ ਜੰਗ ਦਾ ਸਹਾਰਾ ਮਿਲ ਗਿਆ ਤੇ ਅਮਰੀਕਾ ਨੂੰ ਯਮਨ ਜਿਹੀ ਯੁੱਧਨੀਤਕ ਜਗ੍ਹਾ ਮਿਲ ਗਈ। ਹੁਣ ਓਬਾਮਾ ਪ੍ਰਸ਼ਾਸਨ ਆਪਣੀ ਮੌਜੂਦਗੀ ਨੂੰ ਹੋਰ ਠੋਸ ਅਤੇ ਵਿਸ਼ਾਲ ਕਰਨਾ ਚਾਹੁੰਦਾ ਹੈ। ਤਾਜ਼ਾ ਫ਼ੈਸਲੇ ਮੁਤਾਬਕ ਇਹ ਖ਼ੁਫ਼ੀਆ ਏਜੰਸੀ ਸੀ.ਆਈ.ਏ. ਦੇ ਕੰਟਰੋਲ ਅਧੀਨ ਉਥੇ ਮਿਲਟਰੀ ਯੂਨਿਟ ਸਥਾਪਤ ਕਰਨਾ ਚਾਹੁੰਦਾ ਹੈ ਜੋ ਡਰੋਨ ਹਮਲਿਆਂ ਤੇ 'ਮੌਤ ਦਸਤਿਆਂ' ਵੱਲੋਂ ਕੀਤੇ ਜਾਂਦੇ ਕਤਲਾਂ ਨੂੰ ਤੇਜ਼ ਤੇ ਸੁਖਾਲਾ ਬਣਾ ਸਕੇ।

ਇਰਾਕ ਜੰਗ ਵਿਚ ਦਸ ਲੱਖ ਤੋਂ ਵੱਧ ਇਰਾਕੀ ਮਾਰੇ ਗਏ ਸਨ। ਰਸਮੀ ਵਾਪਸੀ ਤੋਂ ਬਾਅਦ 50,000 ਅਮਰੀਕੀ ਫ਼ੌਜੀ ਅਜੇ ਵੀ ਇਰਾਕ ਵਿਚ ਟਿਕੇ ਹੋਏ ਹਨ। ਅਮਰੀਕਾ ਦੀ ਪੂਰੀ ਤਰ੍ਹਾਂ ਵਾਪਸੀ ਲਈ ਸਮਾਂ ਦਸੰਬਰ 2011 ਨੇੜੇ ਆ ਰਿਹਾ ਹੈ। ਅਮਰੀਕੀ ਰਸਾਲੇ 'ਵਾਲ ਸਟਰੀਟ' ਨੇ ਫ਼ਿਕਰ ਜ਼ਾਹਰ ਕੀਤਾ ਹੈ ਕਿ ਓਬਾਮਾ ਪ੍ਰਸ਼ਾਸਨ ਪੱਕੇ ਤੌਰ 'ਤੇ ਇਰਾਕ ਵਿਚ ਅਮਰੀਕੀ ਫ਼ੌਜਾਂ ਦੇ ਟਿਕੇ ਰਹਿਣ ਲਈ ਸਮਝੌਤਾ ਨਹੀਂ ਕਰ ਸਕਿਆ। ਫੇਰ ਵੀ ਅਮਰੀਕਾ ਦੀ ਕਠਪੁਤਲੀ ਇਰਾਕ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਸੰਸਦ ਵਿਚ ਬਿੱਲ ਲਿਆ ਕੇ ਅਮਰੀਕੀ ਫ਼ੌਜ ਦੇ ਰਹਿਣ ਲਈ ਮਿਆਦ ਵਿਚ ਵਾਧਾ ਕੀਤਾ ਜਾ ਸਕੇ।

ਅਤਿਵਾਦ ਦੇ ਨਾਂ 'ਤੇ ਲੜੀ ਜਾ ਰਹੀ ਇਹ ਜੰਗ ਅਸਲ ਵਿਚ ਉਨ੍ਹਾਂ ਲੋਕਾਂ ਖ਼ਿਲਾਫ਼ ਲੜੀ ਜਾ ਰਹੀ ਹੈ ਜੋ ਅਮਰੀਕੀ ਗ਼ਲਬੇ ਨੂੰ ਮੰਨਣ ਲਈ ਤਿਆਰ ਨਹੀਂ। ਇਸ ਅਣਮਨੁੱਖੀ ਜੰਗ ਦਾ ਸ਼ਿਕਾਰ ਅੱਜ ਪਾਕਿਸਤਾਨ ਦੇ ਬੇਹੱਦ ਗ਼ਰੀਬ ਕਬਾਇਲੀ, ਅਫ਼ਗ਼ਾਨਿਸਤਾਨ ਦੀ ਬੇਹੱਦ ਗ਼ਰੀਬ ਜਨਤਾ ਤੇ ਯਮਨ ਵਿਚ ਭੁੱਖਮਰੀ ਦਾ ਸ਼ਿਕਾਰ ਲੋਕ ਹੋ ਰਹੇ ਹਨ। ਇਹ ਪਹਿਲਾਂ ਹੀ ਖ਼ੁਰਾਕ, ਸਿੱਖਿਆ, ਸਿਹਤ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਉਪਰੋਂ ਇਸ ਜੰਗ ਨੇ ਉਨ੍ਹਾਂ ਦੀਆਂ ਮੁਸੀਬਤਾਂ ਵਿਚ ਬੇਅਥਾਹ ਵਾਧਾ ਕਰ ਦਿੱਤਾ ਹੈ। ਅਮਰੀਕਾ ਦੀ ਇਸ ਜੰਗ ਨੇ ਇਨ੍ਹਾਂ ਦੇਸ਼ਾਂ ਅੰਦਰ ਬੇਹੱਦ ਭ੍ਰਿਸ਼ਟ, ਜਾਬਰ ਤੇ ਮੌਕਾਪ੍ਰਸਤ ਸਰਕਾਰ ਨੂੰ ਲੋਕਾਂ 'ਤੇ ਥੋਪਿਆ ਹੈ। ਪੂੰਜੀਵਾਦ ਵਿਚ ਹਮੇਸ਼ਾ ਯੁੱਧਨੀਤਕ ਕਾਰਜ ਰਹਿੰਦਾ ਹੈ ਕਿ ਊਰਜਾ ਦੇ ਸਰੋਤਾਂ ਤੇ ਮੰਡੀ 'ਤੇ ਕਬਜ਼ਾ ਕੀਤਾ ਜਾਵੇ ਜਾਂ ਆਪਣੇ ਵਿਰੋਧੀ ਨੂੰ ਇਨ੍ਹਾਂ ਤੱਕ ਪਹੁੰਚਣ ਤੋਂ ਰੋਕਿਆ ਜਾਵੇ। ਪਹਿਲਾਂ ਇਰਾਕ, ਅਫ਼ਗ਼ਾਨਿਸਤਾਨ ਅਤੇ ਹੁਣ ਯਮਨ ਇਸੇ ਲਈ ਅਮਰੀਕੀ ਹਮਲੇ ਦਾ ਸ਼ਿਕਾਰ ਬਣੇ ਹੋਏ ਹਨ। ਕੇਂਦਰੀ ਤੇ ਪੱਛਮੀ ਏਸ਼ੀਆ ਦੇ ਕੁਦਰਤੀ ਸਰੋਤਾਂ 'ਤੇ ਕਬਜ਼ਾ ਕਰਨਾ ਜਾਂ ਇਨ੍ਹਾਂ ਤੱਕ ਆਪਣੇ ਮੁੱਖ ਵਿਰੋਧੀ ਚੀਨ ਦੀ ਪਹੁੰਚ ਨੂੰ ਰੋਕਣਾ, ਅਮਰੀਕਾ ਦਾ ਯੁੱਧਨੀਤਕ ਕਾਰਜ ਹੈ। ਇਹ ਲੜਾਈ ਇੱਥੇ ਹੀ ਨਹੀਂ ਰੁਕ ਰਹੀ। ਅਮਰੀਕਾ ਇਸ ਲੜਾਈ ਦਾ ਅਗਲਾ ਕੇਂਦਰ ਬਣਦਾ ਜਾ ਰਿਹਾ ਹੈ ਕਿਉਂਕਿ ਉਥੇ ਚੀਨ ਦੀ ਪਹੁੰਚ ਵਧਦੀ ਜਾ ਰਹੀ ਹੈ। ਉਤਰੀ ਕੋਰੀਆ ਅਮਰੀਕਾ ਦੇ ਨਿਸ਼ਾਨੇ 'ਤੇ ਹੈ। ਅਮਰੀਕੀ ਪੂੰਜੀਵਾਦ ਗਹਿਰੇ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ ਅਤੇ ਆਰਥਿਕ ਖੇਤਰ ਵਿਚ ਆਪਣੇ ਮੁੱਖ ਵਿਰੋਧੀ ਚੀਨ ਨਾਲ ਮੁਕਾਬਲੇ 'ਚੋਂ ਪਛੜ ਰਿਹਾ ਹੈ। ਇਸ ਦਾ ਸਾਰਾ ਧਿਆਨ ਫ਼ੌਜੀ ਗ਼ਲਬਾ ਸਥਾਪਤ ਕਰਕੇ ਅਮਰੀਕੀ ਪੂੰਜੀਵਾਦ ਨੂੰ ਸੁਰਜੀਤ ਕਰਨ ਵੱਲ ਲੱਗ ਰਿਹਾ ਹੈ। ਇਰਾਕ 'ਤੇ ਕਬਜ਼ਾ ਕਰਕੇ ਇਹ ਇਰਾਕ ਦੀ ਤੇਲ ਸਮਰੱਥਾ ਨੂੰ ਵਧਾ ਰਿਹਾ ਹੈ ਤਾਂ ਜੋ ਦੂਜੇ ਦੇਸ਼ਾਂ ਦੀ ਤੇਲ 'ਤੇ ਸਰਦਾਰੀ ਨੂੰ ਖ਼ਤਮ ਕੀਤਾ ਜਾ ਸਕੇ। ਇਰਾਨ-ਅਫ਼ਗ਼ਾਨਿਸਤਾਨ-ਪਾਕਿਸਤਾਨ-ਭਾਰਤ ਪਾਈਪ ਲਾਈਨ ਰੱਦ ਕਰਵਾ ਕੇ ਇਸ ਨੇ ਆਪਣੇ ਗ਼ਲਬੇ ਹੇਠ 'ਤੁਰਕਮੇਨਿਸਤਾਨ-ਅਫ਼ਗ਼ਾਨਿਸਤਾਨ-ਪਾਕਿਸਤਾਨ-ਭਾਰਤ' ਪਾਈਪ ਲਾਈਨ ਨੂੰ ਭਾਰਤ ਵਰਗੇ ਦੇਸ਼ਾਂ 'ਤੇ ਲੱਦਿਆ ਹੈ। ਅਤਿਵਾਦ ਦੇ ਨਾਂ 'ਤੇ ਫੈਲਦੀ ਅਮਰੀਕਾ ਦੀ ਇਹ ਜੰਗ ਏਸ਼ੀਆ ਲਈ ਖ਼ਤਰਨਾਕ ਸੰਕੇਤ ਹੈ। ਇਕ ਪਾਸੇ ਇਰਾਨ, ਉਤਰੀ ਕੋਰੀਆ ਅਤੇ ਚੀਨ ਨਾਲ ਇਸ ਦਾ ਵਧਦਾ ਟਕਰਾ ਕਿਸੇ ਭਿਆਨਕ ਜੰਗ ਨੂੰ ਜਨਮ ਦੇ ਸਕਦਾ ਹੈ ਜਾਂ ਘੱਟੋ-ਘੱਟ ਜੰਗੀ ਮਾਹੌਲ ਤੇ ਹਥਿਆਰਾਂ ਦੀ ਦੌੜ ਨੂੰ ਤਾਂ ਜਨਮ ਦੇ ਹੀ ਰਿਹਾ ਹੈ। ਦੂਜੇ ਪਾਸੇ ਇਸ ਵੱਲੋਂ ਕਾਇਮ ਕੀਤੀਆਂ ਕਠਪੁਤਲੀ ਸਰਕਾਰਾਂ ਤੇ ਭਾਰਤ ਵਰਗੇ ਯੁੱਧਨੀਤਕ ਸਾਥੀ ਏਸ਼ੀਆ ਵਿਚ ਨਵੀਂ ਸਫ਼ਬੰਦੀ ਨੂੰ ਜਨਮ ਦੇ ਰਹੇ ਹਨ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਜੇ ਭਗਤ ਸਿੰਘ*

ਤਿੰਨ ਸੌ ਤੋਂ ਵੱਧ ਮਰਦੇ ਨੇ ਜਿਥੇ ਪੁੱਤ ਮਾਂਵਾਂ ਦੇ।
'ਗੂਠਾ ਗਲ ਵਿਚ ਦੇਂਦੇ ਨੇ ਹਾਉਕੇ ਨਿੱਤ ਚਾਵਾਂ ਦੇ।
ਇਹ ਸਾਡਾ ਪੰਜਾਬ ਲੋਕਾਂ ਨੂੰ ਦੱਸੀ ਜਾਂਦੇ ਆ।
ਨਾਲੇ ਗਿਣਦੇ ਲੋਥਾਂ ਨਾਲੇ ਹੱਸੀ ਜਾਂਦੇ ਆ।
ਝੂਠੀ ਏ ਸਰਕਾਰ ਤੇ ਦਾਅਵੇ ਝੂਠੇ ਕਰਦੀ ਏ।
ਹੱਕ ਗਰੀਬਾਂ ਦੇ ਦੀ ਐਂਵੇਂ ਹਾਮੀ ਭਰਦੀ ਏ।
ਨੀਲੀਆਂ ਚੱਲੀਆਂ ਚਿੱਟੀਆਂ ਦਾ ਯੁੱਗ ਆਉਣ ਵਾਲਾ ਏ।
ਫਿਰ ਮਾੜੇ ਦੀ ਕੋਈ ਵੇਖੋ ਖੱਲ੍ਹ ਲਾਹੁਣ ਵਾਲਾ ਏ।
ਇਹ ਦੁੱਖਾਂ ਦੇ ਬਾਦਲ ਫੇਰ ਕਦੇ ਨਹੀਂ ਬਰਸਣਗੇ।
ਇਹ ਕੁਰਸੀ ਦੇ ਭੁੱਖੇ ਫਿਰ ਕੁਰਸੀ ਨੂੰ ਤਰਸਣਗੇ।
ਕੋਈ ਕਦਰ ਨ੍ਹੀਂ ਪਾਈ ਇਨ੍ਹਾਂ ਕਰਤਾਰ ਸਰਾਭੇ ਦੀ।
'ਭੌਰੇ' ਜੇ ਭਗਤ ਸਿੰਘ ਆ ਗਿਆ ਫਿਰ ਮਰਵਾ ਕੇ ਹੱਸਣਗੇ।

# ਕੇਂਦਰੀ ਕਰਾਂ ਤੇ ਗਰਾਂਟਾਂ ਦੀ ਵੰਡ 'ਚ ਪੰਜਾਬ ਨਾਲ ਵਿਤਕਰਾ

***2009-10 ਵਿਚ ਸਮੂਹ ਸੂਬਿਆਂ ਨੂੰ 1.86 ਲੱਖ ਕਰੋੜ ਰੁਪਏ ਦੇ ਵੰਡੇ ਗਏ ਕੇਂਦਰੀ ਕਰਾਂ ਵਿਚੋਂ ਇਕ-ਤਿਹਾਈ ਕੇਵਲ ਦੋ ਸੂਬੇ-ਉਤਰ ਪ੍ਰਦੇਸ਼ ਅਤੇ ਬਿਹਾਰ ਹੀ ਲੈ ਗਏ। ਇਨ੍ਹਾਂ ਦਾ ਹਿੱਸਾ ਕ੍ਰਮਵਾਰ 21.7% ਅਤੇ 12.8% ਸੀ। ਜੇਕਰ ਇਸ ਵਿਚ ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ ਜਿਨ੍ਹਾਂ ਨੂੰ ਕ੍ਰਮਵਾਰ 6.5%, 5.9% ਅਤੇ 5.2% ਹਿੱਸਾ ਮਿਲਿਆ, ਤਾਂ ਇਨ੍ਹਾਂ ਪੰਜ ਸੂਬਿਆਂ ਦਾ ਹੀ ਕੇਂਦਰੀ ਕਰਾਂ ਵਿਚਲਾ ਹਿੱਸਾ 50% ਬਣ ਜਾਂਦਾ ਹੈ। ਬਾਕੀ 25 ਸੂਬਿਆਂ ਨੂੰ ਬਚਦਾ 50% ਵੰਡਿਆ ਗਿਆ। ਪੰਜਾਬ ਅਤੇ ਹਰਿਆਣਾ ਉਨ੍ਹਾਂ ਸੂਬਿਆਂ ਵਿਚ ਸ਼ਾਮਿਲ ਹਨ ਜਿਨ੍ਹਾਂ ਨੂੰ ਸਭ ਤੋਂ ਘਟ 1.4% ਅਤੇ 1.03% ਹਿੱਸਾ ਇਨ੍ਹਾਂ ਕੇਂਦਰੀ ਕਰਾਂ ਵਿਚੋਂ ਮਿਲਿਆ।***

**ਬਿਕਰਮ ਸਿੰਘ ਵਿਰਕ**

ਸੂਬਿਆਂ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੋ ਰਹੀ ਹੈ ਅਤੇ ਕੇਂਦਰੀ ਰਿਜ਼ਰਵ ਬੈਂਕ ਵੱਲੋਂ ਭਾਰਤ ਦੇ ਸਾਰੇ 30 ਸੂਬਿਆਂ ਦੇ 2009-10 ਦੇ ਬਜਟਾਂ ਦੇ ਆਧਾਰ 'ਤੇ ਤਿਆਰ ਕੀਤੀ ਰਿਪੋਰਟ ਮੁਤਾਬਿਕ 2009-10 ਤਕ ਸਾਰੇ ਸੂਬਿਆਂ ਸਿਰ ਕੁਲ ਕਰਜ਼ਾ 14.5 ਲੱਖ ਕਰੋੜ ਰੁਪਏ ਹੋ ਚੁੱਕਾ ਸੀ। 2001 ਵਿਚ ਇਹ ਰਾਸ਼ੀ 4.9 ਲੱਖ ਕਰੋੜ ਰੁਪਏ ਸੀ ਜੋ ਕੇਵਲ ਦਸ ਦੇ ਅਰਸੇ ਦੌਰਾਨ ਹੀ ਵਧ ਕੇ ਤਿੰਨ ਗੁਣਾ ਹੋ ਗਈ। ਵਧਦੇ ਕਰਜ਼ੇ ਕਾਰਨ ਕਈ ਸੂਬਿਆਂ ਦਾ ਕਰਜ਼ ਤੇ ਘਰੇਲੂ ਉਤਪਾਦਨ ਵਿਚਕਾਰ ਅਨੁਪਾਤਕ ਪਾੜਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਮਾਮਲੇ ਵਿਚ ਸਭ ਤੋਂ ਮਾੜਾ ਹਾਲ ਪੱਛਮੀ ਬੰਗਾਲ ਦਾ ਹੈ ਜਿਸ ਦਾ ਕਰਜ਼-ਘਰੇਲੂ ਉਤਪਾਦਨ ਅਨੁਪਾਤਕ ਪਾੜਾ 1999-2000 ਦੇ 24.8% ਤੋਂ ਵਧ ਕੇ 2007-08 ਵਿਚ 40.6% ਹੋ ਗਿਆ। ਸਮੁੱਚੇ ਸੂਬਿਆਂ ਦਾ ਔਸਤ ਕਰਜ਼-ਘਰੇਲੂ ਉਤਪਾਦਨ ਅਨੁਪਾਤ ਇਸੇ ਸਮੇਂ ਦੌਰਾਨ 19.5% ਤੋਂ ਵਧ ਕੇ 26.8% ਹੋਇਆ ਹੈ। ਪੱਛਮੀ ਬੰਗਾਲ ਤੋਂ ਪਿੱਛੋਂ ਉਤਰ ਪ੍ਰਦੇਸ਼ ਅਤੇ ਪੰਜਾਬ ਦਾ ਨੰਬਰ ਆਉਂਦਾ ਹੈ ਜਿਨ੍ਹਾਂ ਦਾ ਕਰਜ਼-ਘਰੇਲੂ ਉਤਪਾਦਨ ਅਨੁਪਾਤ 2007-08 ਦੌਰਾਨ ਕ੍ਰਮਵਾਰ 39.3% ਅਤੇ 38.2% ਸੀ। ਪੰਜਾਬ ਨੇ ਭਾਵੇਂ ਇਹ ਅਨੁਪਾਤ ਜੋ 2004 ਵਿਚ 47.9% 'ਤੇ ਪਹੁੰਚ ਗਿਆ ਸੀ, ਨੂੰ ਹੇਠਾਂ ਲਿਆਂਦਾ ਹੈ, ਪਰ ਫਿਰ ਵੀ ਪੰਜਾਬ ਸਿਰ ਕਰਜ਼ੇ ਦੀ ਰਾਸ਼ੀ ਜੋ 2009-10 ਦੇ ਬਜਟ ਅਨੁਮਾਨਾਂ ਅਨੁਸਾਰ 63,277 ਕਰੋੜ ਰੁਪਏ (ਸੋਧੇ ਅਨੁਮਾਨਾਂ ਅਨੁਸਾਰ 64,924 ਕਰੋੜ ਰੁਪਏ) ਸੀ, ਸੂਬੇ ਦੀ ਆਬਾਦੀ ਅਤੇ ਰਕਬੇ ਦੇ ਲਿਹਾਜ਼ ਨਾਲ ਜ਼ਿਆਦਾ ਹੈ।

ਵਿਅਕਤੀਗਤ ਤੌਰ 'ਤੇ ਭਾਰਤ ਵਿਚ ਸਭ ਤੋਂ ਵਧ ਕਰਜ਼ਈ ਸੂਬੇ ਉਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਸਨ ਜਿਨ੍ਹਾਂ ਸਿਰ 2009-10 ਦੇ ਬਜਟ ਅਨੁਮਾਨਾਂ ਅਨੁਸਾਰ 1.67 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ। ਇਸ ਤੋਂ ਪਿੱਛੋਂ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਅਤੇ ਗੁਜਰਾਤ ਦਾ ਨੰਬਰ ਆਉਂਦਾ ਹੈ ਜੋ ਇਕ ਲੱਖ ਕਰੋੜ ਰੁਪਏ ਤੋਂ ਵਧੇਰੇ ਦੇ ਕਰਜ਼ਦਾਰ ਸਨ। ਇਸ ਵਧਦੇ ਕਰਜ਼ੇ ਕਾਰਨ ਸੂਬਿਆਂ ਨੂੰ ਆਪਣੀਆਂ ਮਾਲੀ ਪ੍ਰਾਪਤੀਆਂ ਦਾ ਵੱਡਾ ਹਿੱਸਾ ਸਿਰਫ਼ ਵਿਆਜ ਅਦਾਇਗੀਆਂ ਉਪਰ ਹੀ ਖਰਚ ਕਰਨਾ ਪੈਂਦਾ ਹੈ ਅਤੇ 2009-10 ਦੌਰਾਨ ਸਮੂਹ ਸੂਬਿਆਂ ਵੱਲੋਂ ਆਪਣੀਆਂ ਮਾਲੀ ਪ੍ਰਾਪਤੀਆਂ ਦਾ 12.6% ਹਿੱਸਾ ਸਿਰਫ਼ ਵਿਆਜ ਵਜੋਂ ਹੀ ਅਦਾ ਕੀਤਾ ਗਿਆ। ਪੱਛਮੀ ਬੰਗਾਲ ਅਤੇ ਪੰਜਾਬ ਨੂੰ ਕਰਜ਼ੇ ਦੀ ਰਾਸ਼ੀ ਵਧੇਰੇ ਹੋਣ ਕਾਰਨ ਆਪਣੀਆਂ ਮਾਲੀ ਪ੍ਰਾਪਤੀਆਂ ਦਾ ਕ੍ਰਮਵਾਰ 28% ਅਤੇ 22% ਵਿਆਜ ਵਜੋਂ ਦੇਣਾ ਪਿਆ। ਸੂਬਿਆਂ ਦੇ ਦੋ ਹੋਰ ਜ਼ਰੂਰੀ ਖਰਚੇ ਤਨਖਾਹਾਂ ਅਤੇ ਪੈਨਸ਼ਨਾਂ ਦੀ ਅਦਾਇਗੀ ਵੀ ਜੇਕਰ ਇਸ ਵਿਚ ਸ਼ਾਮਿਲ ਕਰ ਲਈ ਜਾਵੇ ਤਾਂ ਸੂਬਾ ਦੀ ਸਮੁੱਚੀ ਮਾਲੀ ਆਮਦਨ ਬੜੀ ਮੁਸ਼ਕਿਲ ਨਾਲ ਇਹ ਜ਼ਰੂਰੀ ਖਰਚੇ ਹੀ ਪੂਰੇ ਕਰਦੀ ਹੈ ਅਤੇ ਸੂਬਿਆਂ ਦੇ ਯੋਜਨਾਬੱਧ ਵਿਕਾਸ ਵਾਸਤੇ ਕੁਝ ਵੀ ਨਹੀਂ ਬਚਦਾ। ਸੂਬੇ ਦੇ ਵਿਕਾਸ ਲਈ ਸੂਬਾ ਸਰਕਾਰਾਂ ਨੂੰ ਕਰਜ਼ਾ ਲੈ ਕੇ ਕੰਮ ਚਲਾਉਣਾ ਪੈਂਦਾ ਹੈ ਅਤੇ ਇੰਜ ਉਹ ਲਗਾਤਾਰ ਕਰਜ਼ੇ ਦੀ ਦਲ-ਦਲ ਵਿਚ ਧਸਦੀਆਂ ਜਾਂਦੀਆਂ ਹਨ ਅਤੇ ਫਿਰ ਇਸ ਵਧਦੇ ਕਰਜ਼ੇ ਅਤੇ ਇਸ ਉਪਰ ਵਿਆਜ ਕਾਰਨ ਉਹ ਇਕ ਤਰ੍ਹਾਂ ਨਾਲ ਕਰਜ਼-ਜਾਲ ਵਿਚ ਫਸ ਕੇ ਰਹਿ ਜਾਂਦੀਆਂ ਹਨ।

ਸਭ ਵਰਗਾਂ ਨੂੰ ਖੁਸ਼ ਕਰਨ ਦੀ ਨੀਤੀ ਤਹਿਤ ਭਾਵੇਂ ਕੁਝ ਖਾਸ ਵਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਟੈਕਸ ਰਿਆਇਤਾਂ ਅਤੇ ਗ਼ੈਰ-ਜ਼ਰੂਰੀ ਸਬਸਿਡੀਆਂ ਨੂੰ ਵੀ ਸੂਬਿਆਂ ਦੀ ਇਸ ਦੁਰਦਸ਼ਾ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਇਹ ਗੱਲ ਕਾਫੀ ਹੱਦ ਤੱਕ ਸਹੀ ਵੀ ਹੈ, ਪਰ ਇਕ ਹੋਰ ਪਹਿਲੂ ਜੋ ਕਾਫੀ ਹੱਦ ਤਕ ਸੂਬਿਆਂ ਦੇ ਮਾਲੀਏ ਅਤੇ ਕਰਜ਼ ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ, ਉਹ ਹੈ ਕੇਂਦਰੀ ਕਰਾਂ ਤੋਂ ਸੂਬਿਆਂ ਨੂੰ ਮਿਲਣ ਵਾਲਾ ਹਿੱਸਾ ਅਤੇ ਹੋਰ ਗਰਾਂਟਾਂ ਦੀ ਵੰਡ।

ਮੋਟੇ ਤੌਰ 'ਤੇ ਸੂਬੇ ਦੀ ਆਮਦਨੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ-ਇਸ ਦੀ ਆਪਣੇ ਕਰ ਅਤੇ ਗ਼ੈਰ-ਕਰ ਸਰੋਤਾਂ ਤੋਂ ਆਮਦਨ ਅਤੇ ਕੇਂਦਰੀ ਕਰਾਂ ਅਤੇ ਗਰਾਂਟਾਂ ਵਿਚੋਂ ਮਿਲਣ ਵਾਲਾ ਹਿੱਸਾ। ਸਮੁੱਚੇ 30 ਸੂਬਿਆਂ ਦੇ ਬਜਟ ਵਿਸ਼ਲੇਸ਼ਣ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕੁਝ ਸੂਬਿਆਂ ਨੂੰ ਕੇਂਦਰੀ ਫੰਡਾਂ ਵਿਚੋਂ ਖੁੱਲ੍ਹਾ ਗੱਫਾ ਮਿਲਣ ਕਾਰਨ ਉਹ ਮਾਲੀ ਵਾਧੇ ਦੀ ਸਥਿਤੀ ਵਿਚ ਹਨ। ਦੂਸਰੇ ਪਾਸੇ ਕੁਝ ਸੂਬੇ ਅਜਿਹੇ ਹਨ ਜੋ ਮਾਲੀਏ ਦਾ ਵੱਡਾ ਹਿੱਸਾ ਆਪਣੇ ਸਾਧਨਾਂ ਤੋਂ ਜੁਟਾ ਰਹੇ ਹਨ ਪਰ ਕੇਂਦਰੀ ਫੰਡਾਂ ਤੋਂ ਮਿਲਣ ਵਾਲੀ ਰਾਸ਼ੀ ਬਿਲਕੁਲ ਹੀ ਘੱਟ ਹੋਣ ਕਾਰਨ ਮਾਲੀ ਘਾਟੇ ਦਾ ਸ਼ਿਕਾਰ ਹਨ।

2009-10 ਵਿਚ ਭਾਰਤ ਦੇ ਸਮੂਹ ਸੂਬਿਆਂ ਦੀ ਕੁੱਲ ਆਮਦਨ 8.27 ਲੱਖ ਕਰੋੜ ਸੀ ਜਿਸ ਵਿਚੋਂ 4.69 ਲੱਖ ਕਰੋੜ ਜਾਂ 57% ਸੂਬਿਆਂ ਵੱਲੋਂ ਆਪਣੇ ਕਰ ਅਤੇ ਗ਼ੈਰ-ਕਰ ਸਰੋਤਾਂ ਤੋਂ ਪੈਦਾ ਕੀਤੀ ਗਈ ਅਤੇ 3.58 ਲੱਖ ਕਰੋੜ ਜਾਂ 43% ਉਨ੍ਹਾਂ ਨੂੰ ਕੇਂਦਰੀ ਕਰਾਂ ਤੋਂ ਹਿੱਸੇ ਅਤੇ ਗਰਾਂਟਾਂ ਵਜੋਂ ਪ੍ਰਾਪਤ ਹੋਈ। ਕੇਂਦਰੀ ਫੰਡਾਂ ਦੀ ਕਾਣੀ ਵੰਡ ਕਾਰਨ ਕਈ ਸੂਬੇ ਜਿਨ੍ਹਾਂ ਦੀ ਆਪਣੀ ਆਮਦਨ ਬਹੁਤ ਹੀ ਘੱਟ ਸੀ, ਮਾਲੀ ਵਾਧੇ ਵਿਚ ਸਨ ਜਦਕਿ ਕੁਝ ਇਕ ਆਪਣੇ ਸਰੋਤਾਂ ਤੋਂ ਕਾਫੀ ਆਮਦਨ ਹੋਣ ਦੇ ਬਾਵਜੂਦ ਮਾਲੀ ਘਾਟੇ ਵਿਚ ਰਹੇ। ਕੁਲ ਮਿਲਾ ਕੇ 22 ਸੂਬੇ ਅਜਿਹੇ ਸਨ ਜਿਨ੍ਹਾਂ ਦੀਆਂ ਕੁੱਲ ਮਾਲੀ ਪ੍ਰਾਪਤੀਆਂ ਵਿਚ 30% ਤੋਂ ਵਧੇਰੇ ਹਿੱਸਾ ਕੇਂਦਰੀ ਫੰਡਾਂ ਦਾ ਸੀ। ਮਨੀਪੁਰ, ਮਿਜ਼ੋਰਮ ਅਤੇ ਨਾਗਾਲੈਂਡ ਅਜਿਹੇ ਸੂਬੇ ਸਨ ਜਿਨ੍ਹਾਂ ਦੀਆਂ ਕੁਲ ਮਾਲੀ ਪ੍ਰਾਪਤੀਆਂ ਵਿਚ 90% ਹਿੱਸਾ ਕੇਂਦਰੀ ਕਰਾਂ ਅਤੇ ਗਰਾਂਟਾਂ ਦਾ ਸੀ। ਇੰਜ ਹੀ ਅਰੁਣਾਚਲ ਪ੍ਰਦੇਸ਼ ਅਤੇ ਬਿਹਾਰ ਦੀਆਂ ਕੁੱਲ ਮਾਲੀ ਪ੍ਰਾਪਤੀਆਂ ਵਿਚ ਵੀ ਕ੍ਰਮਵਾਰ 87% ਅਤੇ 81% ਹਿੱਸਾ ਕੇਂਦਰੀ ਫੰਡਾਂ ਦਾ ਸੀ ਜਦਕਿ ਉਨ੍ਹਾਂ ਦੀਆਂ ਆਪਣੇ ਸਰੋਤਾਂ ਤੋਂ ਮਾਲੀ ਪ੍ਰਾਪਤੀਆਂ ਕ੍ਰਮਵਾਰ 13% ਅਤੇ 19% ਹੀ ਸਨ।

ਦੂਸਰੇ ਪਾਸੇ ਕੁਝ ਅਜਿਹੇ ਸੂਬੇ ਵੀ ਹਨ ਜੋ ਮਾਲੀ ਪ੍ਰਾਪਤੀਆਂ ਦਾ ਵੱਡਾ ਹਿੱਸਾ ਆਪਣੇ ਸਾਧਨਾਂ ਤੋਂ ਜੁਟਾਉਂਦੇ ਹਨ ਅਤੇ ਉਨ੍ਹਾਂ ਨੂੰ ਕੇਂਦਰੀ ਫੰਡਾਂ ਤੋਂ ਨਾਂ-ਮਾਤਰ ਹੀ ਰਾਸ਼ੀ ਪ੍ਰਾਪਤ ਹੁੰਦੀ ਹੈ। 2009-10 ਵਿਚ ਦਿੱਲੀ ਸਭ ਤੋਂ ਮੋਹਰੀ ਸੀ ਜਿਸ ਨੇ ਕੁੱਲ ਮਾਲੀ ਪ੍ਰਾਪਤੀਆਂ ਦਾ 85% ਆਪਣੇ ਕਰ ਅਤੇ ਗ਼ੈਰ-ਕਰ ਸਰੋਤਾਂ ਤੋਂ ਪੈਦਾ ਕੀਤਾ ਅਤੇ 15% ਕੇਂਦਰੀ ਫੰਡਾਂ ਤੋਂ ਮਿਲਿਆ। ਇਸ ਤੋਂ ਪਿੱਛੋਂ ਪੰਜਾਬ ਅਤੇ ਹਰਿਆਣਾ ਆਉਂਦੇ ਹਨ ਜਿਨ੍ਹਾਂ ਨੇ ਆਪਣੀਆਂ ਕੁਲ ਮਾਲੀ ਪ੍ਰਾਪਤੀਆਂ ਦਾ 81% ਆਪਣੇ ਸਾਧਨਾਂ ਤੋਂ ਪੈਦਾ ਕੀਤਾ ਅਤੇ 19% ਕੇਂਦਰੀ ਕਰਾਂ ਤੋਂ ਪ੍ਰਾਪਤ ਹੋਇਆ। ਗੋਆ, ਕਰਨਾਟਕ, ਤਾਮਿਲਨਾਡੂ ਅਤੇ ਮਹਾਰਾਸ਼ਟਰ ਉਨ੍ਹਾਂ ਸੂਬਿਆਂ ਵਿਚ ਆਉਂਦੇ ਹਨ ਜਿਨ੍ਹਾਂ ਨੇ 70 ਤੋਂ 80% ਮਾਲੀ ਪ੍ਰਾਪਤੀਆਂ ਆਪਣੇ ਕਰ ਅਤੇ ਗ਼ੈਰ-ਕਰ ਸਾਧਨਾਂ ਤੋਂ ਪੈਦਾ ਕੀਤੀਆਂ।

ਜੇਕਰ ਕੇਂਦਰ ਵੱਲੋਂ ਵੰਡੇ ਜਾਣ ਵਾਲੇ ਕੇਂਦਰੀ ਕਰਾਂ ਵਿਚਲੇ ਹਿੱਸੇ ਅਤੇ ਗਰਾਂਟਾਂ ਨੂੰ ਅਲੱਗ-ਅਲੱਗ ਕਰ ਕੇ ਇਨ੍ਹਾਂ ਦੀ ਸਮੂਹ ਸੂਬਿਆਂ ਵਿਚ ਵੰਡ ਨੂੰ ਵੇਖਿਆ ਜਾਵੇ ਤਾਂ ਸਥਿਤੀ ਹੋਰ ਵੀ ਸਾਫ਼ ਹੋ ਜਾਂਦੀ ਹੈ ਕਿ ਕਿਵੇਂ ਕੁਝ ਸੂਬਿਆਂ ਨੂੰ ਇਨ੍ਹਾਂ ਫੰਡਾਂ ਦਾ ਇਕ ਵੱਡਾ ਹਿੱਸਾ ਮਿਲ ਰਿਹਾ ਹੈ ਜਦ ਕਿ ਦੂਸਰਿਆਂ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ।

2009-10 ਵਿਚ ਸਮੂਹ ਸੂਬਿਆਂ ਨੂੰ 1.86 ਲੱਖ ਕਰੋੜ ਰੁਪਏ ਦੇ ਵੰਡੇ ਗਏ ਕੇਂਦਰੀ ਕਰਾਂ ਵਿਚੋਂ ਇਕ-ਤਿਹਾਈ ਕੇਵਲ ਦੋ ਸੂਬੇ-ਉਤਰ ਪ੍ਰਦੇਸ਼ ਅਤੇ ਬਿਹਾਰ ਹੀ ਲੈ ਗਏ। ਇਨ੍ਹਾਂ ਦਾ ਹਿੱਸਾ ਕ੍ਰਮਵਾਰ 21.7% ਅਤੇ 12.8% ਸੀ। ਜੇਕਰ ਇਸ ਵਿਚ ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ ਜਿਨ੍ਹਾਂ ਨੂੰ ਕ੍ਰਮਵਾਰ




6.5%, 5.9% ਅਤੇ 5.2% ਹਿੱਸਾ ਮਿਲਿਆ, ਤਾਂ ਇਨ੍ਹਾਂ ਪੰਜ ਸੂਬਿਆਂ ਦਾ ਹੀ ਕੇਂਦਰੀ ਕਰਾਂ ਵਿਚਲਾ ਹਿੱਸਾ 50% ਬਣ ਜਾਂਦਾ ਹੈ। ਬਾਕੀ 25 ਸੂਬਿਆਂ ਨੂੰ ਬਚਦਾ 50% ਵੰਡਿਆ ਗਿਆ। ਪੰਜਾਬ ਅਤੇ ਹਰਿਆਣਾ ਉਨ੍ਹਾਂ ਸੂਬਿਆਂ ਵਿਚ ਸ਼ਾਮਿਲ ਹਨ ਜਿਨ੍ਹਾਂ ਨੂੰ ਸਭ ਤੋਂ ਘਟ 1.4% ਅਤੇ 1.03% ਹਿੱਸਾ ਇਨ੍ਹਾਂ ਕੇਂਦਰੀ ਕਰਾਂ ਵਿਚੋਂ ਮਿਲਿਆ।

ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਦੀ ਵੰਡ ਵੀ ਇਸੇ ਤਰ੍ਹਾਂ ਹੀ ਹੈ ਅਤੇ 2009-10 ਵਿਚ ਵੰਡੇ 1.73 ਲੱਖ ਕਰੋੜ ਰੁਪਏ ਵਿਚੋਂ ਸਭ ਤੋਂ ਵੱਧ ਉਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਨੂੰ 18% (9% ਹਰੇਕ) ਅਤੇ ਇਸ ਪਿੱਛੋਂ ਆਂਧਰਾ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ 15.4% (7.7% ਹਰੇਕ) ਨੂੰ ਦਿੱਤੀ ਗਈ। ਜੇਕਰ ਇਸ ਵਿਚ ਆਸਾਮ, ਬਿਹਾਰ ਅਤੇ ਮੱਧ ਪ੍ਰਦੇਸ਼ ਦਾ ਹਿੱਸਾ ਵੀ ਸ਼ਾਮਿਲ ਕਰ ਲਿਆ ਜਾਵੇ, ਜਿਨ੍ਹਾਂ ਨੂੰ ਕ੍ਰਮਵਾਰ 6.6%, 5.9% ਅਤੇ 5.2% ਹਿੱਸਾ ਮਿਲਿਆ ਤਾਂ ਇਨ੍ਹਾਂ ਸੱਤ ਸੂਬਿਆਂ ਦਾ ਕੇਂਦਰੀ ਗਰਾਂਟਾਂ ਵਿਚਲਾ ਹਿੱਸਾ 50% ਤੋਂ ਪਾਰ ਹੋ ਜਾਂਦਾ ਹੈ। ਬਾਕੀ ਦਾ 50% 23 ਸੂਬਿਆਂ ਨੂੰ ਦਿੱਤਾ ਗਿਆ। ਪੰਜਾਬ ਅਤੇ ਹਰਿਆਣਾ ਨੂੰ ਇਸ ਵਿਚੋਂ ਕ੍ਰਮਵਾਰ 1.19% ਅਤੇ 1.31% ਹਿੱਸਾ ਮਿਲਿਆ ਜੋ ਸਭ ਨਾਲੋਂ ਘੱਟ ਸੀ। ਇਥੇ ਪੰਜਾਬ ਦਾ ਹਿੱਸਾ ਹਰਿਆਣੇ ਨਾਲੋਂ ਵੀ ਘੱਟ ਰਿਹਾ।

ਹਰ ਪੰਜ ਸਾਲ ਬਾਅਦ ਬਣਨ ਵਾਲੇ ਵਿੱਤ ਕਮਿਸ਼ਨ, ਜਿਸ ਨੇ ਸੂਬਿਆਂ ਨੂੰ ਵੰਡੇ ਜਾਣ ਵਾਲੇ ਕਰਾਂ ਦੀ ਰਾਸ਼ੀ ਅਤੇ ਇਸ ਦੇ ਫਾਰਮੂਲੇ ਨੂੰ ਨਿਰਧਾਰਿਤ ਕਰਨਾ ਹੁੰਦਾ ਹੈ, ਦੀ ਜੇਕਰ ਕਾਰਗੁਜ਼ਾਰੀ ਉਪਰ ਝਾਤ ਮਾਰੀ ਜਾਵੇ ਤਾਂ ਬਾਹਰਵੇਂ ਵਿੱਤ ਕਮਿਸ਼ਨ ਵੱਲੋਂ ਵੰਡੀ ਜਾਣ ਵਾਲੀ ਵਿੱਤੀ ਰਾਸ਼ੀ ਦਾ 19.3% ਜਾਂ ਪੰਜਵਾਂ ਹਿੱਸਾ ਇਕੱਲੇ ਇਕ ਸੂਬੇ ਉਤਰ ਪ੍ਰਦੇਸ਼ ਨੂੰ ਹੀ ਦਿੱਤਾ ਗਿਆ ਅਤੇ ਪੰਜ ਸੂਬਿਆਂ-ਉਤਰ ਪ੍ਰਦੇਸ਼, ਬਿਹਾਰ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਅਤੇ ਮੱਧ ਪ੍ਰਦੇਸ਼ ਨੂੰ ਕੁਲ ਵੰਡ ਦਾ 50% ਹਿੱਸਾ ਦਿੱਤਾ ਗਿਆ। ਪੰਜਾਬ ਨੂੰ ਬਾਹਰਵੇਂ ਵਿੱਤ ਕਮਿਸ਼ਨ ਕੋਲੋਂ ਮਾਤਰ 1.3% ਹਿੱਸਾ ਹੀ ਮਿਲਿਆ।

ਆਪਣੇ ਸਰੋਤਾਂ ਤੋਂ ਚੰਗੀ ਆਮਦਨ ਹੋਣ ਦੇ ਬਾਵਜੂਦ ਪੰਜਾਬ ਵਰਗੇ ਸੂਬੇ ਦਾ ਕਰਜ਼ੇ ਵਿਚ ਧਸਣ ਦਾ ਕਾਰਨ ਕੁਝ ਹੱਦ ਤਕ ਇਸ ਵੱਲੋਂ ਕੀਤੇ ਜਾਣ ਵਾਲੇ ਖਰਚੇ ਹੈ ਜਿਨ੍ਹਾਂ ਨੂੰ ਵਿਕਾਸਮੁਖੀ ਅਤੇ ਗ਼ੈਰ-ਵਿਕਾਸਮੁਖੀ ਖਰਚਿਆਂ ਵਿਚ ਵੰਡਿਆ ਜਾ ਸਕਦਾ ਹੈ। ਸੂਬੇ ਦੇ ਕੁੱਲ ਖਰਚ ਦਾ ਵੱਡਾ ਹਿੱਸਾ ਗ਼ੈਰ-ਵਿਕਾਸਮੁਖੀ ਕੰਮਾਂ 'ਤੇ ਖਰਚ ਹੋ ਰਿਹਾ ਹੈ। 2009-10 ਵਿਚ ਸਮੁੱਚੇ ਸੂਬਿਆਂ ਦੇ ਕੁੱਲ ਖਰਚੇ ਵਿਚੋਂ 59% ਵਿਕਾਸਮੁਖੀ ਕੰਮਾਂ ਉਪਰ ਖਰਚ ਕੀਤਾ ਗਿਆ ਅਤੇ 38% ਗ਼ੈਰ-ਵਿਕਾਸਮੁਖੀ ਕੰਮਾਂ 'ਤੇ ਖਰਚਿਆ ਗਿਆ; 3% ਸਹਾਇਤਾ ਮੁਖੀ ਗਰਾਂਟਾਂ ਦੇ ਰੂਪ ਵਿਚ ਖਰਚਿਆ ਗਿਆ। ਛੱਤੀਸਗੜ੍ਹ ਅਤੇ ਅਰੁਣਾਚਲ ਪ੍ਰਦੇਸ਼ ਇਸ ਖਿੱਤੇ ਵਿਚ ਸਭ ਤੋਂ ਮੋਹਰੀ ਸਨ ਜਿਨ੍ਹਾਂ ਨੇ ਕੁੱਲ ਖਰਚੇ ਦਾ 75% ਹਿੱਸਾ ਵਿਕਾਸ ਮੁਖੀ ਕੰਮਾਂ 'ਤੇ ਖਰਚ ਕੀਤਾ। ਬਿਹਾਰ ਜਿਸ ਦੀਆਂ ਮਾਲੀ ਪ੍ਰਾਪਤੀਆਂ ਵਿਚ 81% ਹਿੱਸਾ ਕੇਂਦਰੀ ਫੰਡਾਂ ਦਾ ਹੈ, ਨੇ ਵੀ ਆਪਣੇ ਕੁੱਲ ਖਰਚ ਦਾ 64% ਵਿਕਾਸ-ਮੁਖੀ ਕੰਮਾਂ 'ਤੇ ਕੀਤਾ। ਇਸ ਦੇ ਉਲਟ ਪੰਜਾਬ ਨੇ ਇਸੇ ਸਮੇਂ ਦੌਰਾਨ ਆਪਣੇ ਕੁੱਲ ਖਰਚੇ ਦਾ 42% ਹਿੱਸਾ ਹੀ ਵਿਕਾਸਮੁਖੀ ਕੰਮਾਂ 'ਤੇ ਖਰਚ ਕੀਤਾ। ਗੁਆਂਢੀ ਹਰਿਆਣੇ ਨੇ ਕੁੱਲ ਖਰਚ ਦਾ 69% ਹਿੱਸਾ ਵਿਕਾਸਮੁਖੀ ਕੰਮਾਂ 'ਤੇ ਖਰਚ ਕੀਤਾ।

ਇੰਜ ਸਮੂਹ ਸੂਬਿਆਂ ਦੇ ਬਜਟ ਵਿਸ਼ਲੇਸ਼ਣ ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਪੰਜਾਬ ਦੇ ਕਰਜ਼ੇ ਨੂੰ ਪੱਛਮੀ ਬੰਗਾਲ ਅਤੇ ਕੇਰਲ ਦੇ ਕਰਜ਼ੇ ਨਾਲ ਮਿਲਾ ਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਇਨ੍ਹਾਂ ਦੋਵਾਂ ਸੂਬਿਆਂ ਦੀ ਆਪਣੇ ਸਰੋਤਾਂ ਤੋਂ ਆਮਦਨ ਬਹੁਤ ਹੀ ਘੱਟ ਹੈ ਜਦ ਕਿ ਪੰਜਾਬ ਆਪਣੀਆਂ ਮਾਲੀ ਪ੍ਰਾਪਤੀਆਂ ਦਾ ਵੱਡਾ ਹਿੱਸਾ ਆਪਣੇ ਸਰੋਤਾਂ ਤੋਂ ਪੈਦਾ ਕਰਦਾ ਹੈ। ਪੰਜਾਬ ਦੀ ਵਿੱਤੀ ਹਾਲਤ ਵਿਚ ਬਹੁਤ ਵੱਡਾ ਸੁਧਾਰ ਹੋ ਸਕਦਾ ਹੈ ਜੇਕਰ ਕੇਂਦਰੀ ਕਰਾਂ ਅਤੇ ਗਰਾਂਟਾਂ ਦੀ ਵੰਡ ਨੂੰ ਕਿਸੇ ਤਰ੍ਹਾਂ ਨਾਲ ਸੂਬਿਆਂ ਵੱਲੋਂ ਆਪਣੇ ਤੌਰ 'ਤੇ ਜੁਟਾਏ ਜਾਣ ਵਾਲੇ ਵਿੱਤੀ ਸਾਧਨਾਂ ਨਾਲ ਜੋੜ ਦਿੱਤਾ ਜਾਵੇ। ਇਸ ਵਕਤ ਜਿਸ ਤਰ੍ਹਾਂ ਨਾਲ ਕੇਂਦਰੀ ਫੰਡਾਂ ਦੀ ਵੰਡ ਕੀਤੀ ਜਾ ਰਹੀ ਹੈ, ਉਸ ਤੋਂ ਕਿਸੇ ਵੀ ਤਰ੍ਹਾਂ ਨਾਲ ਪੰਜਾਬ ਅਤੇ ਹਰਿਆਣੇ ਦਾ ਦੇਸ਼ ਦੀ 'ਅਨਾਜ ਟੋਕਰੀ' ਵਾਲਾ ਰੁਤਬਾ ਨਹੀਂ ਝਲਕਦਾ। ਇਹ ਵੰਡ ਸੂਬਿਆਂ ਦੀ ਉਤਪਾਦਕਤਾ ਅਤੇ ਵਿੱਤੀ ਕਾਰਜ ਕੁਸ਼ਲਤਾ ਦੀ ਥਾਂ 'ਤੇ ਅਕੁਸ਼ਲ ਅਤੇ ਆਬਾਦੀ ਵਧਾਉਣ ਵਾਲੇ ਸੂਬਿਆਂ ਦੀ ਪਿੱਠ ਵਧੇਰੇ ਥਾਪੜਦੀ ਪ੍ਰਤੀਤ ਹੁੰਦੀ ਹੈ। ਇਹ ਵੰਡ ਕੁਝ ਅਜਿਹੇ ਨੁਕਤਿਆਂ ਨੂੰ ਆਧਾਰ ਬਣਾ ਕੇ ਕੀਤੀ ਜਾ ਰਹੀ ਹੈ ਜੋ ਕੇਂਦਰੀ ਨੀਤੀ ਘਾੜਿਆਂ ਦੇ ਮਨਾਂ ਦੀ ਉਪਜ ਹਨ ਅਤੇ ਜੋ ਦੇਸ਼ ਦੀ ਉਤਪਾਦਕਤਾ ਅਤੇ ਕਾਰਜਕੁਸ਼ਲਤਾ ਦੀ ਥਾਂ ਤੇ ਅਕੁਸ਼ਲਤਾ ਨੂੰ ਉਤਸ਼ਾਹਿਤ ਕਰਦੇ ਹਨ।

ਅਜਿਹੇ ਹਾਲਾਤ ਵਿਚ ਪੰਜਾਬ ਨੂੰ ਇਹ ਚਾਹੀਦਾ ਹੈ ਕਿ ਇਕ ਪਾਸੇ ਉਹ ਆਪਣਾ ਕਰ ਘੇਰਾ ਵਿਸ਼ਾਲ ਕਰਕੇ ਤੇ ਆਪਣੇ ਕਰ ਸਰੋਤਾਂ ਵਿਚੋਂ ਹੋ ਰਹੀ ਚੋਰੀ ਨੂੰ ਰੋਕ ਕੇ ਆਮਦਨ ਵਧਾਵੇ ਅਤੇ ਦੂਸਰੇ ਪਾਸੇ ਆਪਣੇ ਗੈਰ ਉਤਪਾਦਕ ਖਰਚੇ ਘਟਾ ਕੇ ਆਪਣੇ ਕਰਜ਼ੇ ਨੂੰ ਸਹੀ ਪੱਧਰ 'ਤੇ ਲਿਆਵੇ। ਕੇਂਦਰੀ ਨੀਤੀਘਾੜਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਕੇਂਦਰੀ ਫੰਡਾਂ ਦੀ ਵੰਡ ਕਰਦੇ ਸਮੇਂ ਸੂਬਿਆਂ ਵੱਲੋਂ ਸਮੁੱਚੇ ਦੇਸ਼ ਦੇ ਵਿਕਾਸ ਵਿਚ ਪਾਏ ਯੋਗਦਾਨ ਦਾ ਧਿਆਨ ਰੱਖਣ ਅਤੇ ਇਸ ਵੰਡ ਨੂੰ ਸੂਬਿਆਂ ਦੀ ਕਾਰਜਕੁਸ਼ਲਤਾ ਨਾਲ ਜੋੜਨ। ਪੰਜਾਬ ਅਤੇ ਹਰਿਆਣਾ ਜੋ ਸਮੁੱਚੇ ਦੇਸ਼ ਦੀਆਂ ਖੁਰਾਕੀ ਲੋੜਾਂ ਦਾ 80% ਹਿੱਸਾ ਪੂਰਾ ਕਰਦੇ ਹਨ, ਨੂੰ ਇਸ ਮਾਮਲੇ ਵਿਚ ਖਾਸ ਤਵੱਜੋਂ ਮਿਲਣੀ ਚਾਹੀਦੀ ਹੈ ਕਿਉਂਕਿ ਦੇਸ਼ ਦੀ ਖੁਰਾਕ ਸੁਰੱਖਿਆ ਇਨ੍ਹਾਂ ਦੋਵਾਂ 'ਤੇ ਹੀ ਨਿਰਭਰ ਹੈ ਅਤੇ ਇਹ ਤੇਲ ਸੁਰੱਖਿਆ ਤੋਂ ਵੀ ਕਿਤੇ ਅਹਿਮ ਹੈ।

## ਸੰਪਾਦਕ ਦੀ ਡਾਕ

## ਕੌਣ ਬਣੇਗਾ ਅਕਾਲੀ ਫੂਲਾ ਸਿੰਘ ਜਥੇਦਾਰ !

ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦਾ ਨਾਨਕਸ਼ਾਹੀ ਕੈਲੰਡਰ ਬਾਰੇ ਬਿਆਨ ਬੜੀ ਦੇਰ ਬਾਅਦ ਆਇਐ। ਚਲੋ... 'ਦੇਰ ਆਇਦ, ਦਰੁਸਤ ਆਇਦ।' ਦੋ ਬੇੜੀਆਂ ਵਿਚ ਸਵਾਰ ਹੋਣ ਵਾਲਾ ਮਨੁੱਖ ਡੁੱਬਦਾ ਹੀ ਹੈ ਅਖ਼ੀਰ ਨੂੰ! ਗਿਆਨੀ ਜੋਗਿੰਦਰ ਸਿੰਘ ਨੇ ਬਹੁਤ ਪੜ੍ਹਾਈ ਕੀਤੀ ਹੈ। ਗਿਆਨੀ ਹਨ, ਅਕਾਲ ਤਖਤ ਦੇ ਜਥੇਦਾਰ ਵੀ ਰਹੇ ਹਨ ਪਰ ਇਕ ਥਾਂ 'ਤੇ ਉਹ ਧੋਖਾ ਖਾ ਗਏ। ਜਦੋਂ ਅਮਰੀਕਾ ਵਿਚ ਉਨ੍ਹਾਂ ਨੇ ਸਿੱਖਾਂ ਦੇ ਹਕੂਕ ਦੀ ਗੱਲ ਸੁਣੀ ਤਾਂ ਉਹ ਸਿੱਖਾਂ ਦੇ ਹੱਕ ਵਿਚ ਖੜ੍ਹ ਗਏ (ਜੋ ਖ਼ਾਲਿਸਤਾਨ ਬਾਰੇ ਸੀ)।

ਫਿਰ ਇੰਡੀਆ ਜਾ ਕੇ ਉਹ ਬਦਲ ਗਏ ਕਿ "ਮੈਂ ਇਸ ਤਰ੍ਹਾਂ ਨਹੀਂ ਕਿਹਾ।" ਜਦੋਂ ਮੂਵੀ ਦਿਖਾਈ ਗਈ ਤਾਂ ਮੰਨ ਵੀ ਗਏ ਕਿ ਇਹ ਸਭ ਕੁਝ ਕਿਹਾ ਹੈ। ਜੇ ਉਨ੍ਹਾਂ ਮੰਨਣਾ ਹੀ ਸੀ ਤਾਂ ਸ਼ਾਨ ਨਾਲ ਖੜ੍ਹਦੇ, ਅਸਤੀਫਾ ਲਿਖ ਕੇ ਜੇਬ ਵਿਚ ਰੱਖਦੇ ਕਿ ਮੈਂ ਤਾਂ ਸੱਚਾਈ ਨਾਲ ਖੜ੍ਹਾ ਹਾਂ। ਜੇ ਸੱਚਾਈ ਤੁਹਾਨੂੰ ਨਹੀਂ ਪਚਦੀ ਤਾਂ ਆਹ ਲਉ ਅਸਤੀਫ਼ਾ। ਸ਼ਾਨ ਨਾਲ ਘਰ ਨੂੰ ਜਾਂਦੇ, ਪਰ ਉਹ ਬੜੇ ਬੇਆਬਰੂ ਹੋ ਕੇ ਘਰ ਨੂੰ ਗਏ। ਉਹ ਭਾਵੇਂ ਸਾਬਕਾ ਹੋ ਜਾਂਦੇ ਪਰ ਕੌਮ ਨੇ ਉਨ੍ਹਾਂ ਨੂੰ ਸਿਰ 'ਤੇ ਚੁੱਕਣਾ ਸੀ, ਮੌਜੂਦਾ ਜਥੇਦਾਰਾਂ ਨਾਲੋਂ ਕਿਤੇ ਵੱਧ! ਕੀ ਹੋ ਜਾਂਦਾ? ਵੱਧ ਤੋਂ ਵੱਧ ਨੌਕਰੀ ਹੀ ਚਲੀ ਜਾਂਦੀ, ਜੋ ਬਾਅਦ ਵਿਚ ਵੀ ਗਈ ਪਰ ਸਿੱਖ ਕੌਮ ਵਿਚ ਜਥੇਦਾਰ ਵੇਦਾਂਤੀ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਣਾ ਸੀ। ਉਨ੍ਹਾਂ '84 ਵਿਚ ਵੀ ਇੰਨੇ ਤਸੀਹੇ ਝੱਲੇ ਸਨ ਪਰ 'ਅਬ ਪਛਤਾਏ ਕਿਆ ਹੋਤ, ਜਬ ਚਿੜੀਆ ਚੁਗ ਗਈ ਖੇਤ।' ਮੇਰੀ ਉਨ੍ਹਾਂ ਨੂੰ ਬੇਨਤੀ ਹੈ, "ਖ਼ਾਲਸਾ ਜੀ, ਹੁਣ ਵੀ ਜਿਸ ਸਟੈਂਡ 'ਤੇ ਖੜ੍ਹਨਾ ਹੈ, ਪੱਕੇ ਹੋ ਕੇ ਖੜ੍ਹੋ। ਮਰਨਾ ਤਾਂ ਸਭ ਨੇ ਹੈ, ਜੇ ਤੁਸੀਂ '84 ਵਿਚ ਬਚ ਗਏ ਤਾਂ ਹੁੰਦਾ ਤੁਹਾਨੂੰ ਹੁਣ ਵੀ ਕੁਝ ਨਹੀਂ। ਸਿਰਫ਼ ਮਨ ਨੂੰ ਪੱਕਾ ਕਰਨ ਦੀ ਲੋੜ ਹੈ। ਜਦੋਂ ਸੱਚਾਈ 'ਤੇ ਖੜ੍ਹੇ ਹੋ ਜਾਓਗੇ ਤਾਂ ਤੁਹਾਡੇ ਪਿੱਛੇ ਪਿੱਛੇ ਲਹਿਰ ਬਣਦੀ ਚਲੀ ਜਾਵੇਗੀ। ਫਿਰ ਤੁਹਾਨੂੰ ਕਿਸੇ ਅੱਗੇ ਵੀ ਸਿਰ ਨਹੀਂ ਝੁਕਾਉਣਾ ਪਵੇਗਾ ਤੇ ਤੁਸੀਂ ਜਥੇਦਾਰ ਅਕਾਲੀ ਫੂਲਾ ਸਿੰਘ ਵਾਂਗ ਹੀ ਕੌਮ ਦੇ ਸਤਿਕਾਰਯੋਗ ਜਥੇਦਾਰ ਕਹਾਓਗੇ; ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਆਪਣਾ ਹੁਕਮ ਮੰਨਵਾਇਆ ਸੀ। ਉਹ ਮਹਾਰਾਜੇ ਦੇ ਥੱਲੇ ਨਹੀਂ ਸਨ ਲੱਗੇ।" ਅਖੀਰ 'ਤੇ ਮੈਂ ਇਹ ਟੂਕ ਸਭ ਨਾਲ ਸਾਂਝੀ ਕਰਾਂਗਾ:

ਇਕ ਦਿਨ ਮੈਂਡੇ ਸਤਿਗੁਰ ਪਾਸੋਂ ਪ੍ਰੇਮ ਸੁਰਾਹੀ ਪੀਤੀ।

ਭਾਗ ਅਸਾਡੇ ਲਿਖੀ ਫ਼ਕੀਰੀ ਜੋ ਮਸਤਕ ਧਰ ਲੀਤੀ।

ਪਿਛਲਾ ਜਨਮ ਅਕਾਰਥ ਖੋਇਆ ਹਰ ਕੀ ਭਗਤ ਨਾ ਕੀਤੀ।

ਆਗੇ ਸਮਝ ਚਲੋ "ਨੰਦ ਲਾਲਾ" ਪਾਛੈ ਜੋ ਬੀਤੀ ਸੋ ਬੀਤੀ।

***-ਜੀ.ਐਸ. ਤੂਰ***
***ਫ਼ੋਨ: 510-325-4614***

# ਲੋਕ-ਭਾਖ਼ਿਆ ਦੇ ਅਲਫ਼ਾਜ਼ ਦੇ ਅਫ਼ਸਾਨੇ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਸਦੀਆਂ ਪੁਰਾਣੀਆਂ ਮਿੱਥਾਂ-ਮਨੌਤਾਂ ਨੂੰ ਆਪਣੀਆਂ ਵਿਗਿਆਨਕ ਕਾਢਾਂ ਦੇ ਜ਼ਰੀਏ ਥੋਥੀਆਂ ਸਿੱਧ ਕਰਨ ਵਾਲੇ ਪ੍ਰਸਿੱਧ ਵਿਗਿਆਨੀ ਗੈਲੀਲੀਓ ਨੇ ਇਕ ਥਾਂ ਲਿਖਿਆ ਹੈ, "ਮੈਂ ਖ਼ੁਦ ਦੂਰਬੀਨ ਬਣਾ ਕੇ ਸਪਸ਼ਟ ਰੂਪ ਵਿਚ ਦੇਖ ਚੁੱਕਿਆ ਹਾਂ ਕਿ ਚੰਦਰਮਾ ਵੀ ਸਾਡੀ ਧਰਤੀ ਵਰਗਾ ਗ੍ਰਹਿ ਹੈ। ਇਹਦੇ ਵਿਚ ਦਿਖਾਈ ਦਿੰਦੇ ਧੱਬੇ ਅਸਲ ਵਿਚ ਚੰਦ ਦੀ ਸਤਹਿ 'ਤੇ ਪਏ ਟੋਏ-ਟਿੱਬੇ ਹਨ। ਇਹ ਸਭ ਕੁਝ ਮੈਂ ਦੂਸਰੇ ਲੋਕਾਂ ਨੂੰ ਵੀ ਦਿਖਾ ਚੁੱਕਿਆ ਹਾਂ। ਬਹੁਤ ਸਾਰੇ ਲੋਕ ਮੇਰੇ ਨਾਲ ਸਹਿਮਤ ਵੀ ਹਨ। ਲੇਕਿਨ ਇਸ ਦੇ ਬਾਵਜੂਦ ਮੈਨੂੰ ਆਪਣਾ ਆਪ, ਇਹ ਦੂਰਬੀਨ, ਇਹ ਨਵੀਨ ਖੋਜਾਂ; ਸਭ ਕੁਝ ਝੂਠ ਜਾਪਣ ਲੱਗਦਾ ਹੈ, ਜਦੋਂ ਮੈਨੂੰ ਬਚਪਨ ਵਿਚ ਆਪਣੀ ਮਾਂ ਪਾਸੋਂ ਸੁਣੀਆਂ ਗੱਲਾਂ ਯਾਦ ਆ ਜਾਂਦੀਆਂ ਹਨ।" ਗੈਲੀਲੀਓ ਨੂੰ ਉਸ ਦੀ ਮਾਂ ਚਮਕਦੇ ਚੰਦ ਵੱਲ ਦੇਖ ਕੇ ਕਿਹਾ ਕਰਦੀ ਸੀ ਕਿ ਇਹ ਪਨੀਰ ਦਾ ਬਹੁਤ ਵੱਡਾ ਟੁਕੜਾ ਹੈ ਜਿਸ ਦੀ ਚਿਟਿਆਈ ਚਮਕਾਂ ਮਾਰ ਰਹੀ ਹੈ। ਉਹ ਲਿਖਦਾ ਹੈ ਕਿ ਮੈਨੂੰ ਆਪਣੀਆਂ ਖੋਜਾਂ ਝੂਠ ਦਾ ਪੁਲੰਦਾ ਅਤੇ ਮਾਂ ਦੀਆਂ ਗੱਲਾਂ ਸੱਚੀਆਂ ਲੱਗਣ ਲੱਗ ਜਾਂਦੀਆਂ ਹਨ।

ਤਾਰਾ ਮੰਡਲ ਦੇ ਬਹੁਤ ਸਾਰੇ ਰਹੱਸਾਂ ਤੋਂ ਪਰਦੇ ਉਠਾਉਣ ਵਾਲੇ ਇਸ ਵਿਗਿਆਨੀ ਦੇ ਇਹ ਵਿਚਾਰ ਇਸ ਗੱਲ ਦਾ ਪ੍ਰਮਾਣ ਹਨ ਕਿ ਮਾਂ ਦੇ ਦੁੱਧ ਰਾਹੀਂ ਬੱਚੇ ਨੂੰ ਮਾਂ-ਬੋਲੀ ਦੀ ਗੁੜ੍ਹਤੀ ਮਿਲ ਜਾਂਦੀ ਹੈ ਅਤੇ ਮਾਂ ਦੀਆਂ ਲੋਰੀਆਂ ਬੱਚੇ ਦੇ ਨਿਰਮਲ ਮਨ-ਮਸਤਕ ਵਿਚ ਡੂੰਘੀਆਂ ਉਤਰ ਜਾਂਦੀਆਂ ਹਨ। ਬਾਕੀ ਦੀ ਸਾਰੀ ਜ਼ਿੰਦਗੀ ਭਾਵੇਂ ਜਿੰਨੇ ਮਰਜ਼ੀ ਰੰਗ ਚੜ੍ਹਦੇ-ਲਹਿੰਦੇ ਰਹਿਣ ਪਰ ਬਚਪਨ ਦੇ ਉਕਰੇ ਅਕਸ ਕਦੇ ਧੁੰਦਲੇ ਨਹੀਂ ਪੈਂਦੇ। ਧੱਕੇ ਨਾਲ ਇਨ੍ਹਾਂ ਅਕਸਾਂ-ਨਕਸ਼ਿਆਂ ਨੂੰ ਝੁਠਲਾਉਣ ਜਾਂ ਮਿਟਾਉਣ ਦੀ ਭਾਵੇਂ ਲੱਖ ਕੋਸ਼ਿਸ਼ ਕਰੀਏ, ਇਹ ਫਿਰ ਵੀ ਕਿਸੇ ਨਾ ਕਿਸੇ ਰੂਪ ਵਿਚ ਉਘੜ ਹੀ ਆਉਂਦੇ ਹਨ। ਅੰਗਰੇਜ਼ੀ ਦੇ ਸ਼ਬਦ 'ਟੈਂਪਰੇਰੀ' ਅਤੇ 'ਪੈਨਸ਼ਨ' ਸ਼ਬਦ ਪਤਾ ਨਹੀਂ ਕਿੰਨੀ ਵਾਰੀ ਪੜ੍ਹੇ ਹੋਣਗੇ, ਸੁਣੇ ਹੋਣਗੇ ਪਰ ਜਦੋਂ ਵੀ ਕਿਤੇ ਮੈਨੂੰ ਇਹ ਦੋਵੇਂ ਸ਼ਬਦ ਬੋਲਣੇ ਪੈਣ, ਮੈਂ ਹਿਚਕਚਾਉਣ ਲੱਗਦਾ ਹਾਂ। ਕਿਉਂਕਿ ਮੁੱਢ ਤੋਂ ਹੀ ਟੈਂਪਰੇਰੀ ਨੂੰ 'ਟੈਂਪਰੇਲੀ' ਅਤੇ ਪੈਨਸ਼ਨ ਨੂੰ 'ਪਿਲਸਣ' ਸੁਣਦਾ ਆਇਆ ਹਾਂ। ਲਿਖਣ ਵੇਲੇ ਇਨ੍ਹਾਂ ਦੇ ਸਹੀ ਸ਼ਬਦ-ਜੋੜ ਪਾਉਣ ਲੱਗਿਆਂ ਹੱਥ ਥਿਰਕਣ ਲੱਗ ਪੈਂਦਾ ਹੈ।

ਸ਼੍ਰੋਮਣੀ ਕਮੇਟੀ ਦੀ ਚੋਣ ਲੜਨ ਵੇਲੇ ਤਾਂ ਲਗਪਗ ਡੇਢ ਸੌ ਤੋਂ ਵੱਧ ਪਿੰਡਾਂ ਵਿਚ ਜਾ ਕੇ ਲੈਕਚਰ ਕਰਨ ਨਾਲ ਹੀ ਮੋਰਚਾ ਫ਼ਤਿਹ ਹੋ ਗਿਆ ਸੀ ਪਰ ਜਦੋਂ ਆਪਣੇ ਪਿੰਡ ਦੀ ਸਰਪੰਚੀ ਦੇ ਚੋਣ ਅਖਾੜੇ ਵਿਚ ਵੜਿਆ ਤਾਂ ਉਦੋਂ ਬਹੁਤ ਸਾਰੇ 'ਨਵੇਂ ਤਜਰਬਿਆਂ' ਦੇ ਨਾਲ-ਨਾਲ ਉਹ ਸ਼ੁੱਧ ਪੇਂਡੂ ਅਲਫ਼ਾਜ਼ ਵੀ ਸੁਣਨ ਨੂੰ ਮਿਲੇ ਜਿਨ੍ਹਾਂ ਨਾਲ ਪਹਿਲਾਂ ਕਦੇ ਵਾਹ-ਵਾਸਤਾ ਪਿਆ ਹੀ ਨਹੀਂ ਸੀ। ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਨਾਲੋਂ ਵੀ ਕਿਤੇ ਵੱਧ 'ਖ਼ਤਰਨਾਕ' ਸਰਪੰਚ ਦੀ ਚੋਣ ਮੌਕੇ ਪਿੰਡ ਦੇ 'ਕੱਲੇ-'ਕੱਲੇ ਵੋਟਰ ਦੀ ਮਿਜ਼ਾਜ-ਪੁਰਸ਼ੀ ਕਰਦਿਆਂ ਬਹੁਤ ਕੁਝ ਨਵਾਂ-ਨਕੋਰ ਸੁਣਨ ਨੂੰ ਮਿਲਦਾ ਹੈ।

"ਜਥੇਦਾਰ ਸਾਹਿਬ, ਅਸੀਂ ਤੈਨੂੰ ਸਰਪੰਚੀ ਵੀ ਲੜਾਉਣੀ ਐਂ!" ਪਿੰਡ ਦੀ ਸਿਆਸਤ ਦੀਆਂ ਗਿਣਤੀਆਂ-ਮਿਣਤੀਆਂ ਤੋਂ ਪੂਰੀ ਤਰ੍ਹਾਂ ਵਾਕਿਫ਼ ਮੇਰੇ ਪਿੰਡ ਦੇ ਕੁਝ ਮੋਹਤਬਰ ਸੱਜਣਾਂ ਨੇ ਇਸ ਵਾਕ ਰਾਹੀਂ ਮੈਨੂੰ ਆਗਾਹ ਕੀਤਾ ਸੀ। 'ਜਥੇਦਾਰ ਸਾਹਿਬ' ਅਤੇ 'ਤੈਨੂੰ' ਅਲਫ਼ਾਜ਼ ਦਾ ਇਕੋ ਫ਼ਿਕਰੇ ਵਿਚ ਸੁਮੇਲ ਸੁਣ ਕੇ ਮੈਨੂੰ ਬੜਾ ਹਾਸਾ ਆਇਆ। ਨਿਰਛਲ ਮੋਹ ਦਾ ਪੇਂਡੂ ਸਰੂਪ ਸੀ ਇਹ ਵਾਕ, ਜੋ ਨਾਂਹ-ਨੁੱਕਰ ਕਰਦਿਆਂ ਮੈਨੂੰ ਸਵੀਕਾਰ ਕਰਨਾ ਪਿਆ।

ਨਾਮਜ਼ਦਗੀਆਂ ਤੋਂ ਬਾਅਦ ਚੋਣ ਪ੍ਰਚਾਰ ਭਖ ਪਿਆ। ਕਦੇ ਕਿਸੇ ਦੀ ਹਵੇਲੀ, ਕਦੇ ਕਿਸੇ ਦੇ ਘਰੇ ਅਤੇ ਕਿਸੇ ਦੀ ਮੋਟਰ 'ਤੇ। ਚੱਲ ਸੋ ਚੱਲ! ਚੋਣ ਪ੍ਰਚਾਰ ਜਥੇ ਵਿਚ ਸ਼ਾਮਲ ਸਾਰੇ ਜਣੇ ਖ਼ੂਬ ਰੰਗ-ਬਰੰਗੀਆਂ ਸੁਣਾਉਂਦੇ ਰਹਿੰਦੇ। ਮੇਰਾ ਇਕ ਹਮਾਇਤੀ ਮੈਨੂੰ ਸਰਪੰਚੀ ਦੇ ਗੋਰਖਧੰਦੇ ਤੋਂ ਅਨਜਾਣ ਸਮਝਦਿਆਂ 'ਅਲਰਟ' ਕਰਦਾ ਹੋਇਆ ਕਹਿਣ ਲੱਗਾ, "ਜਥੇਦਾਰ ਜੀ, ਇਨ੍ਹਾਂ 'ਬੇ-ਸਟੈਂਡੇ' ਲੋਕਾਂ ਦਾ ਕੋਈ 'ਤਬਾਰ ਨਹੀਂ। ਇਹ ਖਾਂਦੇ ਕਿਤੇ ਐ, ਭੌਂਕਦੇ ਕਿਸੇ ਹੋਰ ਪਾਸੇ ਐ! ਇਨ੍ਹਾਂ ਨੂੰ ਗੁਰਦੁਆਰੇ ਚਾੜ੍ਹ ਕੇ ਕਸਮਾਂ ਖੁਆ ਲੈ। ਫੇ ਯਕੀਨ ਕਰੀਂ ਏਨ੍ਹਾਂ ਦਾ!"

ਦੂਸਰਾ ਜਣਾ ਮੇਰੀ ਸਫ਼ਾਈ ਦਿੰਦਿਆਂ ਬੋਲਿਆ, "ਲੈ ਲੈ...ਸਾਡਾ ਜਥੇਦਾਰ ਕੱਲ੍ਹ ਦਾ ਜੰਮਿਆਂ ਜੁਆਕ ਥੋੜ੍ਹੀ ਐ। ਇਹਨੇ 'ਸ਼੍ਰੋਮਣੀ' ਲੜੀ ਹੋਈ ਹੈ। ਵੋਟਾਂ ਦੀ ਤਾਂ ਇਹਨੂੰ ਪੂਰੀ 'ਪੈਰਾਟੀਸ' (ਪ੍ਰੈਕਟਿਸ) ਹੋਈ ਵੀ ਐ!"

ਬੇ-ਯਕੀਨੇ ਵੋਟਰਾਂ ਲਈ 'ਬੇ-ਸਟੈਂਡੇ' ਅਤੇ ਚੋਣਾਂ ਲੜਨ ਦੀ ਮੇਰੀ ਹੋ ਚੁੱਕੀ ਪ੍ਰੈਕਟਿਸ ਲਈ 'ਪੈਰਾਟੀਸ' ਅਲਫ਼ਾਜ਼ ਵਰਤੀਂਦੇ ਸੁਣ ਕੇ ਮੈਂ ਆਨੇ-ਬਹਾਨੇ ਹੱਸ ਲੈਂਦਾ।

ਇਕ ਪਰਿਵਾਰ ਜੋ ਮੇਰੇ ਵਿਰੋਧੀ ਗਰੁਪ ਦੇ ਅਸਰ ਹੇਠ ਸੀ, ਨੂੰ ਆਪਣੇ ਹੱਕ ਵਿਚ ਕਰਨ ਲਈ ਅਸੀਂ ਤਰੱਦਦ ਕਰਨ ਲੱਗੇ ਹੋਏ ਸਾਂ। ਟੱਬਰ ਦਾ ਮੁਖੀਆ ਕੁਝ ਜੱਕੋ-ਤੱਕੋ ਕਰਦਾ ਇਧਰ-ਉਧਰ ਦੀਆਂ ਮਾਰਨ ਲੱਗ ਪਿਆ। ਉਸ ਦਾ ਚਾਚਾ-ਤਾਇਆ ਲੱਗਦਾ ਇਕ ਬੰਦਾ ਬੜੇ ਮਾਣ ਨਾਲ ਸਾਨੂੰ ਇਸ ਘਰ ਲੈ ਕੇ ਗਿਆ ਸੀ। ਰੋਬ ਨਾਲ ਕਹਿੰਦਾ, "ਗੱਲ ਸੁਣ ਉਇ ਮੁੰਡਿਆ...ਲੱਲੇ-ਭੱਬੇ ਨਾ ਪੜ੍ਹ! ਜਥੇਦਾਰ ਨੂੰ 'ਹਾਂ' ਕਰ ਦੇਹ...ਚੁੱਪ ਕਰ ਕੇ।" ਅੱਗਿਓਂ ਘਰ ਵਾਲੇ ਨੇ ਸਾਨੂੰ ਵੋਟਾਂ ਪਾਉਣ ਦੀ ਇਸ ਸ਼ਰਤ 'ਤੇ ਹਾਮੀ ਭਰ ਦਿੱਤੀ ਕਿ ਉਸ ਦੇ ਮੁੰਡੇ ਨੂੰ ਕਿਤੇ ਨੌਕਰੀ ਲਗਵਾਈ ਜਾਵੇ। ਕੰਮ ਸੂਤ ਆ ਗਿਆ ਜਾਣ ਕੇ ਮੇਰਾ ਹਮਾਇਤੀ ਬਜ਼ੁਰਗ ਉਠਿਆ। ਪੜਛੱਤੀ ਉਪਰੋਂ ਗੁਟਕਾ ਚੁੱਕ ਕੇ ਘਰ ਦੇ ਮੁਖੀਏ ਅੱਗੇ ਕਰਦਿਆਂ ਕਹਿੰਦਾ, "ਰੱਖ ਮਹਾਰਾਜ ਦੀ ਬਾਣੀ 'ਤੇ ਹੱਥ! ਜਥੇਦਾਰ ਨੂੰ ਸਰਪੰਚ ਬਣ ਲੈਣ ਦੇ। ਤੇਰੇ ਮੁੰਡੇ ਦੀ 'ਜੁਗਾੜਮੈਂਟ' ਮੇਰੇ ਜ਼ਿੰਮੇ ਰਹੀ!!"

ਝੂਠੇ-ਸੱਚੇ ਕਸਮਾਂ-ਵਾਅਦਿਆਂ ਦੀ ਰਾਜਨੀਤੀ ਦੇਖ ਕੇ ਅਤੇ 'ਜੁਗਾੜਮੈਂਟ' ਦਾ ਨਵਾਂ ਲਫ਼ਜ਼ ਸੁਣ ਕੇ ਮੈਂ ਦੰਗ ਹੀ ਰਹਿ ਗਿਆ!

ਪੂਰੀ ਤਰ੍ਹਾਂ ਭਖੇ ਹੋਏ ਚੋਣ ਦੰਗਲ ਦੌਰਾਨ ਪਿੰਡ ਦਾ ਨਿਰਪੱਖ ਜਿਹਾ ਸਮਝਿਆ ਜਾਂਦਾ ਇਕ ਸੱਜਣ ਸਰਬਸੰਮਤੀ ਦਾ ਫ਼ਾਰਮੂਲਾ ਲੈ ਕੇ ਸਾਡੇ ਗਰੁਪ ਕੋਲ ਆਇਆ। ਉਹ ਪੇਸ਼ਕਸ਼ ਕਰ ਰਿਹਾ ਸੀ ਕਿ ਇਕ ਧੜਾ ਸਰਪੰਚੀ ਲੈ ਲਵੇ ਅਤੇ ਦੂਜਾ ਸਾਰੇ ਪੰਚ। ਮੇਰੇ ਹਮਾਇਤੀ ਸਰਪੰਚੀ ਦੇ ਨਾਲ ਤਿੰਨ ਪੰਚਾਂ ਦੀ ਮੰਗ ਵੀ ਕਰਦੇ ਸਨ। ਗੱਲਬਾਤ ਕਿਸੇ ਸਿਰੇ ਨਾ ਲੱਗ ਸਕੀ। ਨਿਰਪੱਖ ਸਮਝੇ ਜਾਂਦੇ ਸੱਜਣ ਦੇ ਚਲੇ ਜਾਣ ਪਿੱਛੋਂ ਮੇਰੇ ਪ੍ਰਸ਼ੰਸਕ ਚੁਮਲ-ਚੁਮਲ ਕੇ ਬੋਲਣ ਲੱਗੇ: "ਆਹ ਜਿਹੜਾ 'ਚੁਫ਼ੇਰਗੜ੍ਹੀਆ' ਸਠਾ-ਸੰਮਤੀਆਂ ਲਈ ਫਿਰਦਾ ਐ, ਇਹ ਸਾਡੇ ਨਾਲ 'ਪੌਲਸੀਆਂ' ਖੇਲ੍ਹਦਾ ਹੈ। ਸਭ ਜਾਣਦੇ ਆਂ ਅਸੀਂ ਇਹਦੀਆਂ 'ਫਰੌਟੀਆਂ' ਨੂੰ।...ਵਿਚੋਂ ਗੱਲ ਇਹ ਐ ਕਿ ਸਾਡੀ ਜਿੱਤ ਦੇਖ ਕੇ ਇਨ੍ਹਾਂ (ਵਿਰੋਧੀਆਂ) ਨੂੰ ਤਾਂ ਲੱਗਾ ਹੋਇਐ 'ਕੰਡਾ-ਸੀਹਾ'।"

ਚੁਫ਼ੇਰਗੜ੍ਹੀਆ, ਪੌਲਸੀਆਂ ਅਤੇ ਫਰੌਟੀਆਂ ਜਿਹੇ ਸ਼ਬਦਾਂ ਦੇ ਅਰਥ ਤਾਂ ਮੈਂ ਔਖੇ ਸੌਖੇ ਕੱਢ ਲਏ ਪਰ 'ਕੰਡਾ-ਸੀਹਾ' ਦੇ ਅਰਥ ਦਾ ਮੈਨੂੰ ਪਾਕਿਸਤਾਨ ਵਿਚ ਜਨਮੀ ਆਪਣੀ ਮਾਂ ਕੋਲੋਂ ਪਤਾ ਲੱਗਾ ਕਿ ਇਹ ਉਸ 'ਅਵਸਥਾ' ਦਾ ਨਾਮ ਹੈ ਜਦੋਂ ਕਿਸੇ ਬੁਖ਼ਾਰ ਚੜ੍ਹੇ ਬੰਦੇ ਨੂੰ ਕੱਚੀਆਂ ਤ੍ਰੇਲੀਆਂ ਆ ਰਹੀਆਂ ਹੋਣ।

ਵੋਟਾਂ ਵਾਲੇ ਦਿਨ ਤੋਂ ਦੋ-ਤਿੰਨ ਦਿਨ ਪਹਿਲਾਂ 'ਦੋਹਰ ਪਾਉਣ' ਵਜੋਂ ਸਾਡਾ ਪ੍ਰਚਾਰ ਜਥਾ ਘਰ-ਘਰ ਘੁੰਮ ਰਿਹਾ ਸੀ। ਸਾਡੇ ਗਰੁਪ ਦੇ ਪੱਖ ਵਿਚ ਪੂਰਾ ਮਾਹੌਲ ਬਣਿਆ ਹੋਇਆ ਸੀ। ਆਪਣੇ ਇਕ ਪੱਕੇ ਹਮਾਇਤੀ ਦੇ ਘਰ ਬੈਠੇ ਅਸੀਂ ਸ਼ਾਮ ਦੀ ਚਾਹ ਪੀ ਰਹੇ ਸਾਂ। ਇਸ ਘਰ ਦਾ ਬਜ਼ੁਰਗ ਮੈਨੂੰ ਮੁਖ਼ਾਤਿਬ ਹੋ ਕੇ ਕਹਿੰਦਾ, "ਜਥੇਦਾਰਾ, ਜਿੱਤ ਤਾਂ ਤੇਰੀ ਪੱਕੀ ਵੱਟ 'ਤੇ ਪਈ ਐ। ਜਿੱਤ ਕੇ ਪਹਿਲਾ ਕੰਮ ਇਹ ਕਰੀਂ, ਪਈ ਹਸਪਤਾਲ ਵਿਚ ਕੋਈ ਚੱਜ ਦਾ 'ਡਾਕਦਾਰ' ਆਵੇ। ਦੂਜਾ ਜਿਹੜਾ ਪਿੰਡ ਦਾ ਸਕੂਲ ਐ...ਇਹਨੂੰ ਹੁਣ ਇਕੋ ਵਾਰ ਹਿੰਮਤ ਕਰ ਕੇ ਚੌਦ੍ਹਵੀਂ-ਪੰਦਰ੍ਹਵੀਂ ਤਕ ਬਣਵਾ ਲਈਂ। ਪਿੰਡ ਦੇ ਨਿਆਣਿਆਂ ਨੂੰ ਸ਼ਹਿਰ ਜਾਣਾ ਪੈਂਦਾ!"

ਬਾਪੂ ਦੀਆਂ ਦੋਵੇਂ ਭੋਲੀਆਂ ਜਿਹੀਆਂ ਫ਼ਰਮਾਇਸ਼ਾਂ ਸੁਣ ਕੇ ਮੈਂ ਤਾਂ ਸ਼ਿਸ਼ਟਾਚਾਰ ਵਜੋਂ ਨਾ ਹੱਸਿਆ ਪਰ ਆਲੇ-ਦੁਆਲੇ ਖੜ੍ਹੀ ਤਮਾਸ਼ਬੀਨ ਮੁੰਡੀਹਰ ਨੇ ਹੱਸ-ਹੱਸ ਕੇ ਧਮੱਚੜ ਚੱਕ ਲਿਆ।

ਇਸ ਤਰ੍ਹਾਂ ਆਪਣੇ ਪਿੰਡ ਦਾ ਸਰਪੰਚ ਬਣਨ ਤਕ ਮੈਨੂੰ ਲੋਕ-ਭਾਖ਼ਿਆ ਦੇ ਲੱਜ਼ਤ ਭਰੇ ਅਲਫ਼ਾਜ਼ ਦਾ ਭੰਡਾਰ ਲੁੰਘੇ ਵਿਚ ਹੀ ਮਿਲ ਗਿਆ। ਸਰਪੰਚੀ ਦੇ ਕੁਹਾੜੇ ਨੇ ਮੇਰੀ ਲੰਬੀ ਪਰਵਾਜ਼ ਨੂੰ ਛਾਂਗ ਕੇ ਜਿਵੇਂ ਠਾਣੇ-ਤਹਿਸੀਲ ਤਕ ਸੀਮਤ ਕਰ ਦਿੱਤਾ ਸੀ। ਇਹ ਲੰਮੀ ਦਿਲਚਸਪ ਵਾਰਤਾ ਕਿਤੇ ਫਿਰ ਸਹੀ। ਇਥੇ ਇਕ ਹੋਰ ਨਵੇਂ ਲਫ਼ਜ਼ ਦੀ ਉਤਪਤੀ ਦਾ ਕਿੱਸਾ ਸੁਣ ਕੇ ਸਮਾਪਤੀ ਵੱਲ ਵਧਦੇ ਹਾਂ।

ਸਰਪੰਚ ਦੇ ਅਹੁਦੇ ਦੀ ਸਹੁੰ ਚੁੱਕਣ ਮਗਰੋਂ ਮੈਨੂੰ ਪਿੰਡ ਦੀਆਂ ਸਾਂਝੀਆਂ ਥਾਂਵਾਂ ਵਿਚ ਖੜ੍ਹੇ ਖੜ-ਸੁੱਕ ਦਰਖ਼ਤ ਵਢਾਉਣ ਦੀ ਦਰਖ਼ਾਸਤ ਮਿਲੀ। ਇਸ ਮਸਲੇ ਵਿਚ ਮੈਂ ਅਨਜਾਣ ਸਾਂ ਕਿ ਦਰਖ਼ਤ ਵਢਾਉਣ ਤੋਂ ਪਹਿਲਾਂ ਕਾਗ਼ਜ਼ੀ ਕਾਰਵਾਈ ਕੀ-ਕੀ ਕੀਤੀ ਜਾਂਦੀ ਹੈ। ਮੈਨੂੰ ਵਧਾਈਆਂ ਦੇਣ ਆਏ ਨੇੜਲੇ ਪਿੰਡ ਦੇ ਸਾਬਕਾ ਸਰਪੰਚ ਨੂੰ ਇਹਦੇ ਬਾਰੇ ਪੁੱਛਿਆ। ਉਹ ਮੇਰੇ ਅਨਜਾਣਪੁਣੇ 'ਤੇ ਹੱਸਦਿਆਂ ਹੋਇਆਂ ਕਹਿੰਦਾ, "ਇਹਦੇ ਵਿਚ ਪੁੱਛਣ ਵਾਲੀ ਕਿਹੜੀ ਗੱਲ ਹੈ!...ਫ਼ੀਤੇ ਨਾਲ ਦਰਖ਼ਤ ਦੀ 'ਲਪੇਟਮੈਂਟ' ਮਿਣ ਕੇ, ਪਹਿਲੇ ਜੜਾਂਗ ਤਕ ਲੰਬਾਈ ਦੀ ਵੀ ਮਿਣਤੀ ਕਰ ਲਈਂ...।"

ਤਣੇ ਦੀ ਗੋਲਾਈ ਲਈ 'ਲਪੇਟਮੈਂਟ' ਲਫ਼ਜ਼ ਸੁਣ ਕੇ ਲੋਕ-ਭਾਖ਼ਿਆ ਦੀ ਲੱਜ਼ਤ ਦਾ ਲੁਤਫ਼ ਮਾਣਿਆ। ਸਰਪੰਚੀ ਦੀ ਚੋਣ ਮੁਹਿੰਮ ਦੌਰਾਨ ਮੇਰਾ ਆਪਣਾ ਸ਼ਬਦ ਖ਼ਜ਼ਾਨਾ ਕਾਫ਼ੀ ਭਰਪੂਰ ਹੋਇਆ। ਪਾਣੀ ਨੂੰ 'ਪਾਨੀ', ਬਾਣੀ ਨੂੰ 'ਬਾਨੀ' ਅਤੇ ਜਾਣਾ ਨੂੰ 'ਜਾਨਾ' ਕਹਿਣ ਵਾਲੇ ਪੰਜਾਬੀਆਂ ਨੂੰ ਮਲਿਕਾ-ਇ-ਤਰੰਨੁਮ ਨੂਰ ਜਹਾਂ ਦਾ ਕਥਨ ਸੁਣਾਉਣਾ ਚਾਹੁੰਦਾ ਹਾਂ। ਉਸ ਨੇ ਰੇਡੀਓ ਇੰਟਰਵਿਊ ਵਿਚ ਕਿਹਾ ਸੀ ਕਿ ਜਦ ਕੋਈ ਪੰਜਾਬੀ ਆਪਣੀ ਮਾਂ-ਬੋਲੀ ਦੀ ਥਾਂ ਕਿਸੇ ਹੋਰ ਬੋਲੀ ਵਿਚ ਗੱਲ ਕਰੇ ਤਾਂ ਉਹ ਝੂਠ ਬੋਲਦਾ ਪ੍ਰਤੀਤ ਹੁੰਦਾ ਹੈ। ਸੱਚਮੁਚ ਦਿਲ ਦੀਆਂ ਗੱਲਾਂ ਲੋਕ-ਭਾਖ਼ਿਆ ਦੇ ਅਲਫ਼ਾਜ਼ ਰਾਹੀਂ ਹੀ ਕੀਤੀਆਂ ਜਾ ਸਕਦੀਆਂ ਹਨ। ਕਿਸੇ ਹੋਰ ਉਧਾਰੀ ਬੋਲੀ ਰਾਹੀਂ ਨਹੀਂ!!

ਇਹ ਮਸ਼ੀਨਾਂ ਦੀ ਕਲਾ ਨੇ ਜਾਨ-ਇ-ਮਨ
ਦਿਲ ਦੀ ਕਹਿ ਸਕਦੇ ਨਹੀਂ ਅੱਖਰ ਨਵੇਂ!

# ਪ੍ਰਤਾਪੋ ਦੀ ਬਾਬੇ ਬਿਸ਼ਨੇ ਦੇ ਨਾਂ ਚਿੱਠੀ

ਗੁਰਮੇਲ ਬਦੇਸ਼ਾ, ਸਰੀ ਬੀ ਸੀ*

ਵੇ! ਤਕੜੈਂ ਬਿਸ਼ਨਿਆ! ਟੁੱਟ ਪੈਣਿਆ, ਐਨਾ ਚਿਰ ਕਿੱਥੇ ਲੰਮੀਆਂ ਤਾਣ ਕੇ ਸੌਂ ਗਿਆ ਸੀ? ਤੇਰੀ ਦੀਦ ਬਾਝੋਂ ਆਂਦਰਾਂ ਵਲੂੰਧਰੀਆਂ ਪਈਆਂ ਸੀ ਪਰ ਕਾਲਜੇ ਨੂੰ ਧੂਹ ਪਾ ਗਈ ਤੇਰੀ ਚਿੱਠੀ!

ਸਾਰਾ ਦਿਨ ਪਿਛਲੇ ਪਹਿਰ ਤਾਈਂ, ਅੰਗ੍ਰੇਜ਼ੀ ਗੁਸਲਖ਼ਾਨੇ ਦੀਆਂ ਲਾਲਟੈਨਾਂ ਮੂਹਰੇ ਰੱਖ ਕੇ ਪੜ੍ਹਦੀ ਰਹੀ ਮੈਂ ਤੇਰੀ ਚਿੱਠੀ। ਉਦੋਂ ਹਟੀ, ਜਦੋਂ ਮੇਰੀ ਨੂੰਹ ਕੰਮ ਤੋਂ ਆ ਕੇ 'ਵਾਜਾਂ ਮਾਰਨ ਲੱਗੀ। ਫੇਰ ਲੌਕ ਕਾਚੂ ਨਾਲ ਖੋਲਣ ਲੱਗ'ਪੀ। ਮੈਂ ਕਿਆ, "ਫੋਟ! ਜਾਏਖਾਣੀ ਦੀਏ! ਆਹ ਕੀ ਕਰਦੀ ਏਂ?" ਅੱਗੋਂ ਕਹਿੰਦੀ, "ਮੌਮ! ਮੈਂ ਸਮਝਿਆ, ਤੈਨੂੰ ਅੰਦਰ ਹਲਟ-ਟੈਕ ਹੋ ਗਿਐ।"

ਲੱਗਦੀ ਨਾ ਹੋਵੇ, ਮੌਮ ਦੀ। ਮੋਮੋਠਗਣੀ ਨੂੰ ਕਿਵੇਂ ਦੱਸਾਂ ਕਿ ਪੁਰਾਣੇ ਫਲੂਹੇ ਦੇ ਮੋਹ 'ਚ ਆ ਕੇ 'ਮੌਮ' ਤਾਂ ਮੋਮਬੱਤੀ ਬਣੀ ਪਈ ਆ! ਭਲਾ! ਦਿਸਦੀਆਂ ਨਈਂ ਲਾਟਾਂ ਤੈਨੂੰ? ਜੁਆਨੀ ਪਹਿਰ ਦੀਆਂ!

ਜੀਣ ਜੋਗਿਆ! ਮੈਂ ਤਾਂ ਮਸਾਂ ਤੇਰੀ ਚਿੱਠੀ ਨੇਫ਼ੇ 'ਚ ਤੁੰਨ ਕੇ ਲਕੋਈ! ਨਾ, ਹੋਰ ਮੈਂ ਕਰਦੀ ਵੀ ਕੀ? ਬਿਸ਼ਨਿਆ? ਨਾਲੇ, ਤੈਨੂੰ ਵੀ ਹੁਣ ਮੇਰੀ ਯਾਦ ਔਣ ਲੱਗ'ਪੀ! ਉਦੋਂ ਤਾਂ ਮੇਰੇ 'ਰੁੱਕੇ' ਬੋਤੀਆਂ ਖੁਰਲੀਆਂ ਦੀਆਂ ਝੀਥਾਂ 'ਚ ਈ ਨੱਪੇ-ਦੱਬੇ ਰਹਿ ਜਾਂਦੇ ਸੀ। ਥੋਡੇ ਸੀਰੀ ਤੋਂ ਰੀਣ ਰੋਲਦਿਆਂ, ਜੇ ਮੇਰੇ ਕਾਗਤ ਦਾ ਟੋਟਾ ਉਤੇ ਆ ਜਾਂਦਾ ਤਾਂ ਤੇਰੇ ਨਗੌਰੀ ਵਹਿੜਕੇ ਚੁਗ ਜਾਂਦੇ! ਮੈਂ ਤਾਂ ਤੇਰੇ ਖ਼ਤਾਂ ਦੇ ਜਵਾਬ 'ਚ ਦੂਜੇ ਦਿਨ ਫਲ੍ਹੇ 'ਚ ਪਥੀਆਂ ਪੱਥਦੀ ਰਹਿੰਦੀ ਪਰ ਮੇਰੀਆਂ ਈ ਬਰੰਗ ਚਿੱਠੀਆਂ ਗੋਹੇ ਥਾਣੀ ਮੁੜ ਕੇ ਮੈਨੂੰ ਹੀ ਛੜਾਂ ਮਾਰਦੀਆਂ ਕਿ ਛੱਡ ਨੀ ਪਰਾਂ! ਐਹੋ ਜਿਹੇ ਬੰਦੇ ਪਿੱਛੇ ਪੂਛ ਘੁੰਮਾਉਣੀ, ਜੀਹਨੂੰ ਸਾਰ ਈ ਨਈਂ ਕਿ ਪ੍ਰਤਾਪੀ ਭਲਾ! ਚਾਹੁੰਦੀ ਕੀ ਆ?

ਪਰ ਬਿਸ਼ਨਿਆ! ਓਹ ਵੇਲਾ ਵੀ ਯਾਦ ਕਰ। ਜਦੋਂ ਤੇਰਾ ਬਾਪੂ ਸਾਡੇ ਘਰੇ ਸੈਕਲ 'ਤੇ ਚੁਆਨੀ ਮਾਮਲਾ ਲੈਣ ਆਉਂਦਾ ਹੁੰਦਾ ਸੀ। ਮੈਂ ਅੱਖ ਬਚਾ ਕੇ 'ਰੁੱਕਾ' ਉਹਦੇ ਸੈਕਲ ਦੀ ਕਾਠੀ ਥੱਲੇ ਰੱਖ ਦਿੰਦੀ ਹੁੰਦੀ ਸੀ, ਤੇ ਤੂੰ ਕਾਠੀ ਥੱਲਿਓਂ ਕੱਢ ਕੇ ਪੜ੍ਹ ਲੈਂਦਾ। ਅਗਲੀ ਵਾਰ ਜਦੋਂ ਤੇਰਾ ਬਾਪੂ ਫੇਰ ਸਾਡੇ ਵੱਲ ਬਚਿਆ ਟਕਾ ਮਾਮਲਾ ਲੈਣ ਆਉਂਦਾ ਤਾਂ ਮੈਂ ਕਾਠੀ ਥੱਲਿਓਂ ਤੇਰਾ ਰੁੱਕਾ ਕੱਢ ਕੇ ਪੜ੍ਹਦੀ ਕਿ ਕੀ ਲਿਖ ਕੇ ਮੂਹਰਿਓਂ ਜਵਾਬ ਦਿੱਤੈ ਮੇਰੇ ਬਿਸ਼ਨੇ ਨੇ? ਮੈਨੂੰ ਤਾਂ ਤੇਰਾ ਬਾਪੂ ਲੰਬੜਦਾਰ ਘੱਟ, ਡਾਕੀਆ ਵੱਧ ਲੱਗਦਾ ਹੁੰਦਾ ਸੀ।

ਪਰ ਦੇਖ ਲੈ, ਬਿਸ਼ਨਿਆ ਤੇਰੀ ਮੇਰੀ 'ਗਿੱਟ-ਮਿੱਟ' ਦੀ ਕਿਸੇ ਨੂੰ ਆਪਾਂ ਭਿਣਕ ਨਈਂ ਪੈਣ ਦਿੱਤੀ। ਪਹਿਲਾਂ-ਪਹਿਲਾਂ ਤਾਂ ਤੂੰ ਵੀ ਬਾਹਲਾ ਮੋਹ ਜਿਆ ਜਤਾਉਂਦਾ ਹੁੰਦਾ ਸੀ। ਬੋਤੀਆਂ ਦੰਦਾਂ 'ਚੋਂ ਕੱਢੀ ਮੇਰੀ ਇੱਕ ਨਈਂ ਸੀ ਮੋੜਦਾ ਹੁੰਦਾ। ਹੁਣ ਤਾਂ ਪਾਸਾ ਜਿਆ ਵੱਟੀ ਰੱਖਦੈਂ, ਪਤਾ ਨਈਂ ਮੇਰੇ ਦੰਦ ਈ ਦੋ ਰਹਿ 'ਗੇ ਆ ਹੁਣ ਤਾਂ ਕਰਕੇ! ਏਨ੍ਹਾਂ 'ਚੋਂ ਵੀ ਇੱਕ ਨੂੰ ਕੀੜਾ ਲੱਗਾ ਹੋਇਐ, ਦੂਜੇ 'ਤੇ ਪੋਪਲਾ ਚਾੜ੍ਹਿਐ। ਹੁਣ ਤਾਂ ਮੇਰੀ ਸੱਜੀ ਗੱਲ੍ਹ ਦਾ ਤਿਣ ਵੀ ਐਂ ਲਗਦੈ ਜਿਵੇਂ ਵੱਡੀ 'ਲੈਚੀ ਚਾਹ ਪੋਣੀ 'ਚੋਂ ਨਚੋੜ ਕੇ ਸਿੰਕ 'ਚ ਸਿੱਟੀ ਹੋਵੇ!

ਚੱਲ ਮੇਰੀ ਛੱਡ! ਹੋਰ ਤੂੰ ਸੁਣਾ। ਬਾਲ ਬੱਚਾ ਰਾਜੀ ਆ ਤੇਰਾ? ਬਾਹਲਾ ਫਿਕਰ ਨਾ ਕਰਿਆ ਕਰ। ਘਰ ਘਰ ਏਹੋ ਈ ਹਾਲ ਐ ਬਿਸ਼ਨਿਆ! ਲੈ ਮੇਰੀ ਵੀ ਸੁਣ ਲਾ! ਦੋ ਕੁੜੀਆਂ ਤੇ ਇੱਕ ਪੁੱਤ ਆ! 'ਕੱਲੇ-'ਕੱਲੇ ਦੀਆਂ ਨੌਂ-ਨੌਂ ਮਹੀਨੇ ਢਿੱਡ 'ਚ ਲੱਤਾਂ ਖਾਧੀਆਂ! ਆਹ ਛੋਟਾ ਮੁੰਡਾ ਤਾਂ ਟਿਕਦਾ ਹੀ ਨਈਂ ਸੀ। ਢਿੱਡੋਂ ਕੱਢਿਐ। ਕਹਿ ਤਾਂ ਨਹੀ ਹੁੰਦਾ ਪਰ ਤੇਰੇ ਕੋਲ ਕਹੇ ਬਿਨਾਂ ਰਹਿ ਵੀ ਨਈਂ ਹੁੰਦਾ। ਤੁਰਨ ਲੱਗਾ ਤਾਂ ਓਹ ਵੀ ਲੰਗ ਮਾਰ ਕੇ। ਐਧਰ ਆ ਕੇ ਵੱਡੀ ਕੁੜੀ ਨੇ ਸਾਡੇ ਪੇਪਰ ਭਰ 'ਤੇ। ਲੰਗੜੇ ਤੋਂ ਵੱਡੀ ਕੁੜੀ ਉਮਰ ਵਧਣ ਕਰਕੇ ਧੱਕੇ ਖਾਣ ਨੂੰ ਪਿੱਛੇ ਰਹਿ 'ਗੀ। ਇਹ ਨਾਲ ਆ ਗਿਆ। ਹੁਣ ਮੈਨੂੰ 'ਬੁੜੀਏ-ਬੁੜੀਏ' ਤੋਂ ਬਿਨਾਂ ਬੋਲਦਾ ਈ ਨਈਂ।

ਐਥੋਂ ਵਿਆਹ ਕਰੌਣ ਗਿਆ ਤਾਂ ਸੈਂਕੜੈ ਲੋਕਾਂ ਦੀਆਂ ਧੀਆਂ ਦੇਖੀਆਂ। ਯੂਸਫ਼ ਦੇ ਕੋਈ ਕੁੜੀ ਨੱਕ 'ਤੇ ਚੜੇ ਹੀ ਨਾ! ਕਟਾਣੀ ਆਲਿਆਂ ਤੋਂ ਢਾਈ ਸੌ ਬੰਦਿਆਂ 'ਚ ਸ਼ਗਨ ਵੀ ਪੁਆ ਲਿਆ। ਪੰਦਰਾਂ ਦਿਨ ਉਹਨੂੰ ਨਾਲ ਲਈ ਵੀ ਫਿਰਦਾ ਰਿਹਾ। ਵਿਚਾਰੀ ਖੜ-ਖੜ ਕੇ ਨਾਲ ਰਲਾਉਂਦੀ ਹੁੰਦੀ ਸੀ। ਅਖ਼ੀਰ ਬੇਰੜੇ ਨੇ ਸਾਥੋਂ ਜੁਆਬ ਦੁਆ 'ਤਾ। ਅਖੇ, ਓਥੇ ਜਾ ਕੇ ਮੇਰੇ ਰਹਿਣੀ ਨਈਂ।

ਫੇਰ ਕੂੰਜ ਅਰਗੀ, ਆਹ! ਰੱਖੇ ਆਲੀ ਵਿਆਹ ਲਿਆਇਆ। ਨਾਲੇ ਸਾਊਆਂ ਨੇ ਕੁੜੀ ਦਿੱਤੀ, ਨਾਲੇ ਛੱਤੀ ਲੱਖ!! ਤੇ ਹੁਣ ਪਿੱਟਦੈ, ਜਦੋਂ ਪਿੰਡ ਦਾ ਹੀ ਮੁੰਡਾ ਇਹਦੀ ਸਹੇਤੀ ਨੂੰ ਅੱਖਾਂ ਸਾਹਵੇਂ ਕਾਰ 'ਚ ਬਿਠਾ ਕੇ ਲੈ ਜਾਂਦੈ! ਮੈਂ ਤਾਂ ਸਤੀ ਮਾਤਾ ਦੇ ਮੂਹਰੇ ਉਲਟਾਂਵੇ ਹਲ ਜਿੱਡਾ ਡੂੰਘਾ ਨੱਕ ਰਗੜ ਕੇ ਅਰਦਾਸਾਂ ਕਰ ਕਰ ਕੇ ਪਿਛਲੀ ਉਮਰੇ ਇੱਕ ਜੰਮਿਆ ਸੀ! ਪਰ ਮੈਂ ਨਿਕੱਤਮੀ ਓਹ ਵੀ ਨਾ ਸਾਬਤ ਜੰਮ ਸਕੀ। ਹੁਣ ਤਾਂ ਨਪੁੱਤੀ ਦੇ ਆਪਣੇ ਸਿਰ 'ਤੇ ਮੈਨੂੰ ਬੋਝ ਹੀ ਦੱਸਦੇ ਆ! ਇਨ੍ਹਾਂ ਹੇਰਵਿਆਂ 'ਚ ਈ ਮੈਂ ਤਾਂ ਸੁੱਕ ਕੇ ਤੀਲਾ ਹੋਈ ਪਈ ਆਂ। ਅੱਗੋਂ ਝੋਰਾਂ ਕਰਦੇ ਆ ਕਿ ਬੁੜੀ ਸਾਡੀ ਅੱਜ ਕਲ ਡੈਟ 'ਤੇ ਆ।

ਸੱਚੀਂ ਬਿਸ਼ਨਿਆ! ਕਿੰਨੇ ਚਿਰਾਂ ਬਾਦ ਤੇਰੇ ਮੂਹਰੇ ਮਨ ਹੌਲਾ ਕੀਤੈ! ਢਿੱਡ 'ਚ ਰੀਂਗਾਂ ਬੱਝੀਆਂ ਪਈਆਂ ਸੀ। ਨਾਲੇ ਮੇਰਾ ਤੇਰੇ ਬਿਨਾ ਹੋਰ ਹੈ ਵੀ ਕੌਣ? ਜੀਹਦੇ ਮੂਹਰੇ ਦੁੱਖੜੇ ਰੋ ਸਕਾਂ!

ਚੱਲ ਛੱਡ! ਮੇਰੀਆਂ ਮੇਰੇ 'ਤੇ ਰਹਿਣ ਦੇ! ਪਰ ਤੂੰ ਦਵਾਈ ਦਵੂਈ ਟੈਮ ਨਾਲ ਖਾ ਲਿਆ ਕਰ! ਮੇਰਾ ਤਾਂ ਚੇਤਾ ਭੁੱਲ ਜਾਂਦਾ ਸੀ, ਲੱਛੋ ਦੀ ਬਹੂ ਨੇ 'ਰਖਣਾ' ਜਿਹਾ ਲਿਆ ਦਿੱਤਾ। ਕੀ ਆਖਦੇ ਆ ਏਹਨੂੰ? ਹਾਂ ਸੱਚ! ਜਾਏ ਖਣੀ ਦਾ ਬਲਿੱਸਟਰ ਪੈਕ। ਮੈਂ ਤਾਂ ਐਵੇਂ ਹੁਣ ਤਾਂਈ ਗੋਲੀਆਂ ਪੋਟਲੀ 'ਚ ਬੰਨ੍ਹ-ਬੰਨ੍ਹ ਰੱਖਦੀ ਰਹੀ।

ਨਾਲੇ, ਆਹ! ਤੂੰ ਪੁੱਛਦਾ ਸੀ ਨਾ ਕਿ ਹਸਪਤਾਲ ਕਿਵੇਂ ਗਈ ਸੀ? ਜਾਣਾ ਕਿਵੇਂ ਸੀ ਬਿਸ਼ਨਿਆ! ਬਲੈਂਡਰ ਸਾਫ ਕਰੌਣ ਗਈ ਸੀ, ਹੋਰ ਮੈਂ ਕੇਹੜਾ ਨਾਤ੍ਹਣਾ ਕਟੌਣ ਜਾਣਾ ਸੀ?

ਡਾਕਦਾਰਾਂ ਦੇ ਜਾਈਦੈ। ਘੈਂਟਾ ਘੈਂਟਾ ਬੈਠੇ-ਬੈਠਿਆਂ ਨੂੰ ਬਿਮਾਰੀ ਭੁੱਲ ਜਾਂਦੀ ਆ। ਨਾਲੇ ਇੱਕ ਲੱਗੀ ਹੋਵੇ ਤਾਂ ਯਾਦ ਰਹੇ। ਪਰ ਚੇਤਿਆਂ 'ਚ ਤਾਂ ਪਿੰਡ ਦੀਆਂ ਯਾਦਾਂ ਓਕਰੀਆਂ ਪਈਆਂ ਨੇ! ਤੈਨੂੰ ਵੀ ਤਾਂ ਯਾਦ ਈ ਹੋਊ, ਜਦੋਂ ਢਾਕ 'ਤੇ ਘੜਾ ਰੱਖ ਕੇ ਮੈਂ ਬੋਲੀਆਂ ਪਾਉਂਦੀ ਹੁੰਦੀ ਸੀ,

'ਖੂਹ 'ਤੇ ਭਰਨ ਗਈ ਮੈਂ ਪਾਣੀ
ਮੌਣ ਉਤੇ ਸੱਪ ਮੇਲ੍ਹਦਾ।
ਸਾਧਾਂ ਦੇ ਡੇਰੇ ਵੇ
ਤੂੰ ਗੋਲੀਆਂ ਸੀ ਖੇਲ੍ਹਦਾ।
ਦੱਸ ਕੇ ਨਾ ਗਿਆ
ਮੈਨੂੰ ਤਾਇਆ ਗੁਰਮੇਲ ਦਾ।

ਤੇ ਤੂੰ ...? ਦੋਧਾ ਛੱਲੀਆਂ ਦੇ ਕੂਲੇ-ਕੂਲੇ ਵਾਲਾਂ ਦੀਆਂ ਮੀਡੀਆਂ ਗੁੰਦਦਾ-ਗੁੰਦਦਾ ਮੈਨੂੰ ਪਿਛੋਂ ਗੁੱਤੋਂ ਫੜ ਕੇ ਹੇਕਾਂ ਲਾਉਂਦਾ ਹੁੰਦਾ ਸੀ,

ਬੱਗੀ ਤਿੱਤਰੀ ਕਮਾਦੋਂ ਨਿੱਕਲੀ
ਉਡਦੀ ਨੂੰ ਬਾਜ ਪੈ ਗਿਆ,
ਬੱਗੀ ਤਿੱਤਰੀ...।

ਤੇ ਕਦੇ ਕਦੇ ਤੂਤ ਥੱਲੇ ਡਾਹੇ ਮੰਜੇ ਦੀ ਪੈਂਦ 'ਤੇ ਬਹਿ ਕੇ ਤੂੰ ਗਰਨਿਆਂ 'ਚੋਂ ਸਣ ਕੱਢਦਾ ਹੁੰਦਾ ਸੀ ਤੇ ਮੈਂ ਦੌਣ 'ਚ ਲੱਤਾਂ ਫਸਾ ਕੇ ਤੇਰੀਆਂ ਜੂੰਆਂ ਕੱਢਦੀ ਹੁੰਦੀ ਸੀ! ਬਿਸ਼ਨਿਆ! ਫੇਰ ਪਤਾ ਈ ਨਹੀਂ ਸੀ ਲੱਗਦਾ ਹੁੰਦਾ ਕਿ ਕਦੋਂ ਨਹੁੰ 'ਤੇ ਨਹੁੰ ਰੱਖ ਕੇ ਪਟਾਕਾ ਪੈ ਜਾਂਦਾ ਹੁੰਦਾ ਸੀ।

ਸਮੇਂ ਸਮੇਂ ਦੀਆਂ ਗੱਲਾਂ ਨੇ ਬਿਸ਼ਨਿਆ! ਸੁਆਹ 'ਚ ਦੱਬ ਕੇ ਚੁੰਨੀ ਨਿਖੇਰਨੀ। ਫੇਰ ਚੋਂਦੇ ਦੀ ਮਿੱਟੀ ਕਾਹਦੀ ਕੱਢਣ ਜਾਣਾ, ਦੇਖਣਾ ਤਾਂ ਤੈਨੂੰ ਹੁੰਦਾ ਸੀ। ਦਸਵੀਂ ਦੀ ਰੋਟੀ ਖੁਆਉਣ ਲਈ ਤੇਰੇ ਬਾਪੂ ਨੂੰ ਸੱਦਣਾ, ਤਾਂ ਭੁੱਝ ਜਾਣਿਆ! ਤੂੰ ਵੀ ਨਾਲ ਈ ਆ ਜਾਂਦਾ ਹੁੰਦਾ ਸੀ। ਤੈਨੂੰ ਪਤੈ? ਜਦੋਂ ਮੈਂ ਤੇਰੀ ਖੀਰ ਆਲੀ ਬਾਟੀ ਧੋਂਦੀ ਹੁੰਦੀ ਸੀ, ਤਾਂ ਪਿੱਤਲ ਦੇ ਲਿਸ਼ਕੋਰਿਆਂ 'ਚੋਂ 'ਸੋਨੇ ਰੰਗ' ਤੂੰ ਦਿਸਦਾ ਹੁੰਦਾ ਸੀ।

ਓਹ ਦਿਨ ਚੇਤੇ ਕਰ ਕੇ ਬਿਸ਼ਨਿਆ! ਜੀਅ ਤਾਂ ਮੇਰਾ ਵੀ ਕਰਦੈ ਕਿ ਤੈਨੂੰ ਕਹਿ ਦੇਵਾਂ... 'ਕੱਲੀ ਨੂੰ ਲੈ ਜਾ ਕਿਤੇ ਦੂਰ...!' ਫੇਰ ਸੋਚਦੀ ਆਂ ਕਿ ਕਿਤੇ ਸਾਥ ਬਣਾ ਕੇ ਧਰਮਰਾਜ ਕੋਲ ਈ ਨਾ ਲੈ ਜਾਵੇ? ਟੁੱਟ-ਪੈਣਿਆਂ, ਰੰਗਲੀ ਦੁਨੀਆਂ ਛੱਡਣ ਨੂੰ ਕਿੱਥੇ ਜੀਅ ਕਰਦੈ? ਪਰ ਮੇਰੀ ਤਾਂ ਅੱਗ ਲੱਗਣੀ ਢੂਈ 'ਤੇ ਐਨੀ ਖੁਰਕ ਹੁੰਦੀ ਆ-ਪੁੱਛ ਈ ਨਾ! ਜੇ ਐਥੇ ਵਾਣ ਦਾ ਮੰਜਾ ਹੋਵੇ ਤਾਂ ਰੜ੍ਹੇ 'ਤੇ ਦੱਬ ਦੱਬ ਕੇ ਰਗੜਾਂ! ਕਦੇ ਸੋਚਦੀ ਆਂ ਕਿ ਬਿਸ਼ਨੇ ਨੂੰ ਈ ਆਖਾਂ ਕਿ ਮੈਨੂੰ ਬੀਚ ਦੇ ਕੰਢੇ 'ਤੇ ਤੱਤੇ ਰੇਤੇ 'ਚ ਲਿਟਾ ਕੇ ਲਿਆ-ਸ਼ੈਦ ਕੋਈ ਫਰਕ ਪੈ ਹੀ ਜਾਵੇ। ਪਰ ਤੇਰੇ ਕੋਲ ਮੇਰੇ ਲਈ ਟੈਮ ਕਿੱਥੇ? ਤੂੰ ਤਾਂ ਬੱਸ! ਜਾਏਵੱਢੀ ਕੁੜਮਣੀ ਦੀ 'ਜੀ ਹਜ਼ੂਰੀ' ਕਰਨ ਜੋਗਾ ਰਹਿ ਗਿਐਂ! ਐਵੇਂ ਤਾਂ ਨਈਂ ਓਹ ਵੀ ਮੂੰਹ 'ਤੇ ਰੰਦੇ ਫਰੌਂਦੀ ਫਿਰਦੀ! ਦਾਲ 'ਚ ਕੁਛ ਕਾਲਾ ਹੈ! ਤਾਂ ਈ ਗਰਾਜ 'ਚ ਮੰਜਾ ਡਾਹੀ ਬੈਠਾਂ!

ਜੇ ਮੇਰਾ ਹਿਜਰ ਹੋਵੇ ਤੇਰੇ ਦਿਲ 'ਚ! ਤਾਂ ਮੈਨੂੰ ਕਹਿ ਨਾ ਦੇਵੇਂ ਕਿ ਚੱਲ ਪ੍ਰਤਾਪੀਏ ਆਪਾਂ ਕਿਤੇ ਬੇਸਮੈਂਟ ਲੈ ਕੇ ਰਹਿਨੇ ਆਂ! ਇੰਡੀਆ ਭੱਜਣ ਦੀ ਕੀ ਲੋੜ? ਨਾਲੇ ਓਥੇ ਹੁਣ ਤਾਂਈਂ ਤੇਰੇ ਮੁਰੱਬੇ ਸ਼ਰੀਕਾਂ ਨੇ ਛੱਡੇ ਹੋਣਗੇ? ਜਾ ਕੇ ਦੇਖ ਤਾਂ ਸਹੀ! ਤੇਰੀਆਂ ਮਰੇ ਪਏ ਦੀਆਂ ਵੀ ਜੇਬਾਂ ਫਰੋਲਣੋ ਨਹੀਂ ਹਟਣਾ! ...ਭਾਲਦੈ ਬਿਰਧ ਆਸ਼ਰਮ! ਉਨ੍ਹਾਂ ਨੇ ਤਾਂ ਤੇਰੀ ਮੜ੍ਹੀ ਜੋਗੀ ਥਾਂ ਵੀ ਨਈਂ ਛੱਡੀ ਹੋਣੀ।

ਮੇਰੀਆਂ ਤਾਂ ਬਿਸ਼ਨਿਆ ਸੱਚੀਆਂ ਗੱਲਾਂ ਨੇ। ਕਿਤੇ ਦਿਲ 'ਤੇ ਨਾ ਲਾ ਕੇ ਬਹਿ ਜੀਂ! ਨਾਲੇ ਤੇਰਾ ਦਿਲ ਤਾਂ ਪਹਿਲਾਂ ਈ ਧੱਕਾ ਸਟਾਟ ਹੋਇਆ ਫਿਰਦੈ। ਹੁਣ ਤਾਂ ਮੈਥੋਂ ਵੀ ਤੇਰੀ ਸਿਲਫ ਨਈਂ ਵੱਜਣੀ। ਮੈਂ ਤਾਂ ਆਪ ਆਵਦੀ ਗੱਡੀ ਮਸਾਂ ਪਲੀਤਾ ਲਾ ਕੇ ਸਟਾਟ ਕਰਦੀ ਆਂ!

ਹੁਣ ਤਾਂ ਬੱਸ, ਐਵੇਂ ਬੈਟਰੀ ਆਲੀ 'ਵੀਲ੍ਹ-ਚੇਰ' 'ਤੇ ਭੰਡੀ ਲਾਈ ਫਿਰਦੀ ਆਂ ਕਿ ਦੇਖਣ

(ਬਾਕੀ ਅਗਲੇ ਸਫੇ 'ਤੇ)


## ਵਿਅੰਗ

### ਬਾਬੇ ਬਿਸ਼ਨੇ ਦੀ ਡਾਇਰੀ

# ਪ੍ਰਧਾਨ ਮੰਤਰੀ ਦੀ ਈਮਾਨਦਾਰੀ ਦਾ ਲੋਕਾਂ ਨੂੰ ਕੋਈ ਲਾਭ ਨਾ ਹੋਇਆ

**ਜਤਿੰਦਰ ਪਨੂੰ**

'ਈਮਾਨਦਾਰੀ ਜ਼ਿੰਦਾ ਹੈ', ਅਖ਼ਬਾਰਾਂ ਵਿਚ ਛਪੀ ਇਹ ਖ਼ਬਰ ਪਾਠਕ ਵੀ ਪੜ੍ਹਦੇ ਹੋਣਗੇ ਤੇ ਪਾਠਕਾਂ ਕੋਲ ਭੇਜਣ ਤੋਂ ਪਹਿਲਾਂ ਅਸੀਂ ਅਖ਼ਬਾਰੀ ਜ਼ਿੰਦਗੀ ਨਾਲ ਜੁੜੇ ਲੋਕ ਵੀ ਪੜ੍ਹ ਲੈਂਦੇ ਹਾਂ। ਖ਼ਬਰ ਇਸ ਤਰ੍ਹਾਂ ਹੁੰਦੀ ਹੈ ਕਿ ਫਲਾਣੇ ਥਾਂ ਕਿਸੇ ਦਾ ਪਰਸ ਡਿੱਗ ਪਿਆ, ਜਾਂ ਕਿਸੇ ਤੋਂ ਵੱਧ ਪੈਸੇ ਲੈ ਲਏ ਗਏ, ਤਾਂ ਅਗਲੇ ਬੰਦੇ ਨੇ ਉਸ ਨੂੰ ਲੱਭ ਕੇ, ਜਾ ਕੇ ਵਾਪਸ ਪੁੱਜਦੇ ਕਰ ਦਿੱਤੇ। ਇਹ ਤਾਂ ਇਕ ਫ਼ਰਜ਼ ਸੀ ਜਿਹੜਾ ਉਸ ਨੇ ਨਿਭਾਅ ਦਿੱਤਾ। ਹੈਰਾਨੀ ਵਾਲੀ ਭਲਾ ਕੀ ਗੱਲ ਹੋਈ? ਫਿਰ ਵੀ ਇਹ ਖ਼ਬਰ ਬਣ ਜਾਂਦੀ ਹੈ ਕਿਉਂਕਿ ਅਸੀਂ ਮਾਨਸਿਕ ਤੌਰ 'ਤੇ ਮੰਨ ਚੁੱਕੇ ਹਾਂ ਕਿ ਇੰਜ ਮਿਲਿਆ ਮਾਲ ਹੁਣ ਕੋਈ ਪਹੁੰਚਾਉਂਦਾ ਨਹੀਂ। ਜਦੋਂ ਕੋਈ ਪਹੁੰਚਾ ਦੇਵੇ ਤਾਂ ਸਾਨੂੰ ਹੈਰਾਨੀ ਵਾਲੀ ਗੱਲ ਜਾਪਦੀ ਹੈ। ਚਾਲੀ ਕੁ ਸਾਲ ਪਹਿਲਾਂ ਕਿਸੇ ਨੂੰ ਕਿਸੇ ਦਾ ਮਾਲ ਚੋਰੀ ਕਰਦਾ ਫੜ ਲੈਣਾ ਅਲੋਕਾਰ ਗੱਲ ਹੁੰਦੀ ਸੀ। ਹੁਣ ਕਿਸੇ ਦਾ ਮਾਲ ਮੋੜਨ ਉਤੇ ਹੈਰਾਨੀ ਹੋਣ ਲੱਗ ਪਈ ਹੈ। ਇਹ ਸਾਡੇ ਯੁੱਗ ਦਾ ਕੌੜਾ ਸੱਚ ਹੈ। ਜਦੋਂ ਇਹ ਸਾਡੇ ਯੁੱਗ ਦਾ ਕੌੜਾ ਸੱਚ ਹੈ ਤਾਂ ਸਾਡੇ ਯੁੱਗ ਦੀ ਰਾਜਨੀਤੀ



*ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ*

ਇਸ ਤੋਂ ਬਚੀ ਹੋਈ ਕਿਵੇਂ ਰਹਿ ਸਕਦੀ ਹੈ? ਸਗੋਂ ਸੱਚਾਈ ਤਾਂ ਇਹ ਹੈ ਕਿ ਇਹ 'ਕੌੜਾ ਸੱਚ' ਵੀ ਸਮਾਜ ਦੇ ਵਿਹਾਰ ਦਾ ਅੰਗ ਰਾਜਨੀਤੀ ਦੀ ਕਿਰਪਾ ਨਾਲ ਬਣਿਆ ਹੈ।

ਜਿਸ ਰਾਜਨੀਤੀ ਦੀ ਕਿਰਪਾ ਨਾਲ ਅੱਜ ਦੇ ਯੁੱਗ ਵਿਚ ਈਮਾਨਦਾਰ ਹੋਣਾ ਹੈਰਾਨੀ ਦਾ ਮੁੱਦਾ ਬਣ ਗਿਆ ਹੈ, ਉਸ ਵਿਚ ਇਹ ਗੱਲ ਵੀ ਆਮ ਕਹੀ ਜਾਂਦੀ ਹੈ ਕਿ ਰਾਜਨੀਤੀ ਹੁਣ ਸ਼ਰੀਫ਼ਾਂ ਦੇ ਕਰਨ ਵਾਲਾ ਕੰਮ ਨਹੀਂ ਰਹਿ ਗਈ। ਜੋ ਕੁਝ ਇਸ ਵਕਤ ਦਿੱਲੀ ਵਿਚ ਵਿਰੋਧੀਆਂ ਵੱਲੋਂ ਵੀ 'ਈਮਾਨਦਾਰ' ਕਹੇ ਅਤੇ ਮੰਨੇ ਜਾਂਦੇ ਡਾ. ਮਨਮੋਹਨ ਸਿੰਘ ਵਰਗੇ ਬੰਦੇ ਨਾਲ ਹੋ ਰਿਹਾ ਹੈ, ਉਹ ਇਸੇ ਧਾਰਨਾ ਨੂੰ ਸਾਬਤ ਕਰ ਦਿੰਦਾ ਹੈ।

ਦੋ ਬੜੇ ਅਹਿਮ ਮਾਮਲੇ ਇਸ ਵਕਤ ਭਾਰਤ ਦੀ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹਨ। ਇਕ ਮਾਮਲਾ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਾਲੇ ਧਨ ਦਾ ਹੈ, ਦੂਜਾ ਭਾਰਤ ਦੇ ਮੁੱਖ ਚੌਕਸੀ ਕਮਿਸ਼ਨਰ (ਸੀ.ਵੀ.ਸੀ.) ਦੀ ਨਿਯੁਕਤੀ ਦਾ। ਦੋਵਾਂ ਹੀ ਕੇਸਾਂ ਵਿਚ ਸਭ ਤੋਂ ਵੱਧ ਮੁਸ਼ਕਲ ਇਸ 'ਈਮਾਨਦਾਰ' ਆਖੇ ਤੇ ਮੰਨੇ ਜਾਂਦੇ ਬੰਦੇ ਮਨਮੋਹਨ ਸਿੰਘ ਲਈ ਬਣੀ ਪਈ ਹੈ। ਮੁਸ਼ਕਲ ਵੀ ਇਸ ਤਰ੍ਹਾਂ ਦੀ ਹੈ ਕਿ ਇਸ ਵਿਚੋਂ ਨਿਕਲ ਸਕਣਾ ਔਖਾ ਜਾਪ ਰਿਹਾ ਹੈ।

ਜਿਥੋਂ ਤਕ ਭਾਰਤ ਦੇ ਮੁੱਖ ਚੌਕਸੀ ਕਮਿਸ਼ਨਰ ਵਜੋਂ ਪੀ.ਜੇ. ਥਾਮਸ ਦੀ ਨਿਯੁਕਤੀ ਦਾ ਸਵਾਲ ਹੈ, ਉਸ ਦੇ ਵੇਰਵੇ ਜਾਣ ਕੇ ਕੋਈ ਵੀ ਆਦਮੀ ਇਸ ਗੱਲੋਂ ਹੈਰਾਨ ਹੋ ਸਕਦਾ ਹੈ ਕਿ ਉਸ ਦਾ ਨਾਂ ਇਸ ਪਦਵੀ ਲਈ ਸੋਚਿਆ-ਵਿਚਾਰਿਆ ਹੀ ਕਿਉਂ ਗਿਆ ਸੀ? ਇਹ ਆਮ ਰਾਇ ਸੀ ਕਿ ਇਸ ਜ਼ਿੰਮੇਵਾਰੀ ਲਈ ਬੰਦਾ ਦਾਗ਼ੀ ਨਹੀਂ ਹੋਣਾ ਚਾਹੀਦਾ ਅਤੇ ਇਸੇ ਲਈ ਇਸ ਦੀ ਨਿਯੁਕਤੀ ਸਿਰਫ਼ ਹਾਕਮ ਧਿਰ ਦੀ ਮਰਜ਼ੀ ਉਤੇ ਨਹੀਂ ਸੀ ਛੱਡੀ ਗਈ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਨਾਲ ਪਾਰਲੀਮੈਂਟ ਦੇ ਲੋਕਾਂ ਵੱਲੋਂ ਚੁਣੇ ਹੋਏ ਸਦਨ ਲੋਕ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਇਹ ਚੋਣ ਕਰਨ ਵਾਲੀ ਕਮੇਟੀ ਦਾ ਤੀਜਾ ਮੈਂਬਰ ਬਣਾਇਆ ਗਿਆ ਸੀ। ਸਾਫ਼ ਹੈ ਕਿ ਵਿਰੋਧੀ ਧਿਰ ਦੇ ਨੇਤਾ ਨੇ ਸਰਕਾਰ ਦੀ ਉਸ ਨਿਯੁਕਤੀ ਵਿਚ ਭਾਈਵਾਲ ਨਹੀਂ ਬਣ ਸਕਣਾ ਜਿਸ ਬਾਰੇ ਕੱਲ੍ਹ ਨੂੰ ਕਟਹਿਰੇ ਵਿਚ ਖੜ੍ਹੇ ਹੋਣ ਦੀ ਨੌਬਤ ਆ ਸਕਦੀ ਹੋਵੇ। ਇੱਦਾਂ ਦੇ ਹਾਲਾਤ ਵਿਚ ਤਿੰਨ-ਮੈਂਬਰੀ ਕਮੇਟੀ ਮੂਹਰੇ ਕਿਸੇ ਦਾ ਨਾਂ ਰੱਖਣ ਤੋਂ ਪਹਿਲਾਂ ਸਰਕਾਰ ਨੂੰ ਉਸ ਦੇ ਨਾਨਕੇ-ਦਾਦਕੇ ਫੋਲਣੇ ਚਾਹੀਦੇ ਸਨ।

ਜਿਸ ਪੀ.ਜੇ. ਥਾਮਸ ਦੀ ਨਿਯੁਕਤੀ ਵਿਵਾਦ ਦਾ ਮੁੱਦਾ ਬਣੀ, ਉਸ ਦੇ ਖ਼ਿਲਾਫ਼ ਕੇਰਲਾ ਦਾ ਖ਼ੁਰਾਕ ਅਤੇ ਸਿਵਲ ਸਪਲਾਈ ਸੈਕਟਰੀ ਹੋਣ ਵੇਲੇ ਦਾ ਪਾਮੋਲੀਨ ਆਇਲ ਵਿਚ ਭ੍ਰਿਸ਼ਟਾਚਾਰ ਦਾ ਕੇਸ ਦਰਜ ਸੀ ਤਾਂ ਉਸ ਦਾ ਨਾਂ ਹੀ ਨਹੀਂ ਸੀ ਵਿਚਾਰਿਆ ਜਾਣਾ ਚਾਹੀਦਾ। ਪਤਾ ਨਹੀਂ ਕਿਸ ਦਬਾਅ ਹੇਠ ਉਸ ਦਾ ਨਾਂ ਪੇਸ਼ ਵੀ ਕੀਤਾ ਗਿਆ ਅਤੇ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਦੇ ਵਿਰੋਧ ਦੇ ਬਾਵਜੂਦ ਪਾਸ ਵੀ ਕਰ ਦਿੱਤਾ ਗਿਆ। ਲੋਕਤੰਤਰ ਵਿਚ ਕੁਝ ਹੱਦਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ, ਮਨਮੋਹਨ ਸਿੰਘ ਦੀ ਸਰਕਾਰ ਨੇ ਇਸ ਮਾਮਲੇ ਵਿਚ ਹੱਦਾਂ ਉਲੰਘ ਦਿੱਤੀਆਂ ਤੇ ਹੁਣ ਕੋਈ ਜਵਾਬ ਨਹੀਂ ਸੁੱਝ ਰਿਹਾ।

ਜਦੋਂ ਇਸ ਨਿਯੁਕਤੀ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਗਈ ਤਾਂ ਭਾਰਤ ਸਰਕਾਰ ਨੇ ਬੜੀਆਂ ਅਜੀਬ ਦਲੀਲਾਂ ਦਿੱਤੀਆਂ ਹਨ, ਜਿਹੜੀਆਂ ਉਸ ਦੀ ਹਾਲਤ ਹੋਰ ਹਾਸੋਹੀਣੀ ਬਣਾ ਦਿੰਦੀਆਂ ਹਨ। ਪਹਿਲਾਂ ਉਸ ਨੇ ਇਹ ਕਿਹਾ ਸੀ ਕਿ ਥਾਮਸ ਦਾਗ਼ੀ ਤਾਂ ਹੈ ਪਰ ਦੋਸ਼ੀ ਸਾਬਤ ਨਹੀਂ ਹੋਇਆ। ਫਿਰ ਇਹ ਕਿਹਾ ਕਿ ਤਿੰਨਾਂ ਜਣਿਆਂ ਦੀ ਕਮੇਟੀ ਤਾਂ ਜ਼ਰੂਰੀ ਹੈ ਪਰ ਤਿੰਨਾਂ ਦੀ ਸਰਬਸੰਮਤੀ ਜ਼ਰੂਰੀ ਨਹੀਂ। ਉਸ ਦੇ ਬਾਅਦ ਇਹ ਕਹਿ ਦਿੱਤਾ ਕਿ ਥਾਮਸ ਦੀ ਨਿਯੁਕਤੀ ਕਰਨ ਵੇਲੇ ਸਰਕਾਰ ਨੂੰ ਉਸ ਦੇ ਖ਼ਿਲਾਫ਼ ਬਣੇ ਕੇਸ ਦਾ ਪਤਾ ਹੀ ਨਹੀਂ ਸੀ। ਇਹ ਸਾਰੀਆਂ ਦਲੀਲਾਂ ਨਾਕਸ ਹਨ। ਦਾਗ਼ੀ ਹੋਣਾ ਅਤੇ ਦੋਸ਼ੀ ਹੋਣਾ ਦੋ ਗੱਲਾਂ ਹੁੰਦੇ ਹੋਏ ਵੀ ਇਖ਼ਲਾਕ ਦੇ ਪੱਖ ਤੋਂ ਇੰਜ ਕਰਨਾ ਠੀਕ ਨਹੀਂ ਸੀ। ਦੋਸ਼ੀ ਉਹ ਨਾ ਵੀ ਹੋਵੇ, ਕੇਸ ਦਾ ਫ਼ੈਸਲਾ ਹੋਣ ਤਕ ਸ਼ੱਕੀ ਤਾਂ ਹੈ ਹੀ; ਅਤੇ ਸ਼ੱਕੀ ਬੰਦੇ ਨੂੰ 'ਚੌਕਸੀ' ਦਾ ਮੁੱਖ ਕਮਿਸ਼ਨਰ ਬਣਾ ਦੇਣਾ ਬਿੱਲੀ ਨੂੰ ਦੁੱਧ ਦੀ ਰਾਖੀ ਬਿਠਾ ਕੇ ਉਸ ਦੀ ਨੀਅਤ ਪਰਖਣ ਵਰਗਾ ਕੰਮ ਸੀ ਜਿਹੜਾ ਇਸ ਸਰਕਾਰ ਨੇ ਕੀਤਾ ਹੈ। ਦੂਜਾ, ਜੇ ਤਿੰਨਾਂ ਜਣਿਆਂ ਦੀ ਸਰਬਸੰਮਤੀ ਜ਼ਰੂਰੀ ਨਹੀਂ ਤਾਂ ਫਿਰ ਇਹ ਕਮੇਟੀ ਬਣਾਉਣ ਦੀ ਲੋੜ ਨਹੀਂ ਸੀ ਰਹਿ ਜਾਂਦੀ; ਸਰਕਾਰ ਨੂੰ ਸਿੱਧੀ ਨਿਯੁਕਤੀ ਕਰ ਦੇਣੀ ਚਾਹੀਦੀ ਸੀ। ਤਿੰਨਾਂ ਦੀ ਕਮੇਟੀ ਦਾ ਬਣਾਇਆ ਜਾਣਾ ਹੀ ਇਸ ਭਾਵਨਾ ਦਾ ਆਧਾਰ ਸੀ ਕਿ ਨਿਯੁਕਤੀ ਆਪਸੀ ਸਹਿਮਤੀ ਨਾਲ ਹੋਵੇਗੀ।

ਤੀਜੀ ਗੱਲ ਹੋਰ ਵੀ ਅਜੀਬ ਅਤੇ ਸਰਕਾਰ ਦਾ ਨਿਕੰਮਾਪਣ ਜ਼ਾਹਿਰ ਕਰਨ ਵਾਲੀ ਹੈ ਕਿ ਉਸ ਨੂੰ ਥਾਮਸ ਦੇ ਖ਼ਿਲਾਫ਼ ਕੇਸ ਬਣੇ ਹੋਣ ਦਾ ਪਤਾ ਨਹੀਂ ਸੀ। ਜਿਸ ਕੇਸ ਵਿਚ ਥਾਮਸ ਦੋਸ਼ੀ ਵਜੋਂ ਸ਼ਾਮਲ ਹੈ, ਉਸੇ ਵਿਚ ਕਾਂਗਰਸ ਦਾ ਮਰਹੂਮ ਸਾਬਕਾ ਮੁੱਖ ਮੰਤਰੀ ਕਰੁਣਾਕਰਨ ਵੀ ਸ਼ਾਮਲ ਸੀ ਅਤੇ ਜਦੋਂ ਕੋਈ ਅਫ਼ਸਰ ਕੇਂਦਰ ਵਿਚ ਨਿਯੁਕਤੀ ਲਈ ਜਾਵੇ, ਉਸ ਦੀ ਸਰਵਿਸ ਫ਼ਾਈਲ ਵੀ ਨਾਲ ਜਾਂਦੀ ਹੈ ਜਿਸ ਵਿਚ ਉਸ ਦੀ ਸੇਵਾ ਦੇ ਰਿਕਾਰਡ ਸਮੇਤ ਸਾਰੇ ਚੰਗੇ-ਮੰਦੇ ਪੱਖ ਵੀ ਦਰਜ ਹੁੰਦੇ ਹਨ। ਜਿਹੜੀ ਸਰਕਾਰ ਇਕ ਆਹਲਾ ਅਫ਼ਸਰ ਨੂੰ ਉਹ ਸੰਵਿਧਾਨਕ ਨਿਯੁਕਤੀ ਦੇਣਾ ਚਾਹੁੰਦੀ ਹੈ ਜਿਸ ਦੇ ਅਹੁਦੇ ਦੀ ਸਹੁੰ ਰਾਸ਼ਟਰਪਤੀ ਨੇ ਚੁਕਾਉਣੀ ਹੁੰਦੀ ਹੈ, ਜੇ ਉਹ ਉਸ ਦੀ ਫ਼ਾਈਲ ਵੀ ਨਹੀਂ ਪੜ੍ਹਦੀ ਤਾਂ ਫਿਰ ਉਸ ਨੂੰ ਸਰਕਾਰ ਅਖਵਾਉਣ ਦਾ ਵੀ ਕੀ ਹੱਕ ਹੈ?

ਹੁਣ ਸਰਕਾਰ ਬੜੀ ਬੁਰੀ ਤਰ੍ਹਾਂ ਫਸ ਗਈ ਹੈ। ਇਕ ਪਾਸੇ ਨਿਆਂਪਾਲਿਕਾ ਕਾਫ਼ੀ ਸਖ਼ਤ ਹੋਈ ਪਈ ਹੈ, ਦੂਜੇ ਪਾਸੇ ਵਿਰੋਧੀ ਧਿਰ ਦੀ ਲੀਡਰ ਸੁਸ਼ਮਾ ਸਵਰਾਜ ਨੇ ਇਹ ਭੇਤ ਖੋਲ੍ਹ ਦਿੱਤਾ ਹੈ ਕਿ ਉਸ ਨੇ ਤਿੰਨ ਮੈਂਬਰਾਂ ਦੀ ਕਮੇਟੀ ਦੀ ਮੀਟਿੰਗ ਵਿਚ ਥਾਮਸ ਉਤੇ ਕੇਸ ਹੋਣ ਦਾ ਜ਼ਿਕਰ ਕੀਤਾ ਸੀ। ਜਦੋਂ ਸਰਕਾਰ ਨੇ ਇਸ ਬਾਰੇ ਜਾਣਕਾਰੀ ਨਾ ਹੋਣ ਦਾ ਦਾਅਵਾ ਕੀਤਾ ਤਾਂ ਸੁਸ਼ਮਾ ਨੇ ਕਿਹਾ ਕਿ ਸਿਰਫ਼ ਇਕ ਦਿਨ ਰੁਕਿਆ ਜਾਵੇ ਤਾਂ ਉਹ ਇਸ ਕੇਸ ਦਾ ਸਾਰਾ ਵੇਰਵਾ ਪੇਸ਼ ਕਰ ਸਕਦੀ ਹੈ, ਪਰ ਸਰਕਾਰ ਨੇ ਇਹ ਗੱਲ ਮੰਨੀ ਨਹੀਂ ਸੀ। ਹੁਣ ਡਾ. ਮਨਮੋਹਨ ਸਿੰਘ ਨੂੰ ਇਸ ਕਾਹਲ ਕਦਮੀ ਦਾ ਕਾਰਨ ਵੀ ਦੱਸਣਾ ਪੈ ਸਕਦਾ ਹੈ, ਜਿਹੜਾ ਕੋਈ ਸੌਖਾ ਕੰਮ ਨਹੀਂ ਹੋਣਾ।

ਦੂਜਾ ਵੱਡਾ ਮਾਮਲਾ ਵਿਦੇਸ਼ੀ ਬੈਂਕਾਂ ਵਿਚ ਪਏ ਕਾਲੇ ਧਨ ਦਾ ਹੈ। ਉਸ ਨੂੰ ਕਾਲਾ ਧਨ ਕਹਿਣ ਵਿਚ ਕਿਸੇ ਨੂੰ ਵੀ ਝਿਜਕ ਨਹੀਂ, ਕਿਉਂਕਿ ਜੇ ਕਾਲਾ ਨਾ ਹੁੰਦਾ ਤਾਂ ਵਿਦੇਸ਼ ਜਾ ਕੇ ਲੁਕਾਉਣ ਦੀ ਲੋੜ ਹੀ ਨਹੀਂ ਸੀ। ਇਸੇ ਕਰਕੇ ਇਸ ਨੂੰ 'ਕਥਿਤ ਕਾਲਾ ਧਨ' ਕੋਈ ਨਹੀਂ ਕਹਿੰਦਾ, ਸਿੱਧਾ 'ਕਾਲਾ ਧਨ' ਹੀ ਕਿਹਾ ਜਾਂਦਾ ਹੈ। ਸੁਪਰੀਮ ਕੋਰਟ ਨੂੰ ਇਸ ਦੇ ਖ਼ਾਤੇਦਾਰਾਂ ਦੇ ਨਾਂ ਚਾਹੀਦੇ ਹਨ। ਭਾਰਤ ਸਰਕਾਰ ਇਹ ਮੰਨਦੀ ਹੈ ਕਿ ਕੁਝ ਖ਼ਾਤੇਦਾਰਾਂ ਦੀ ਸੂਚੀ ਉਸ ਦੇ ਕੋਲ ਹੈ ਪਰ ਉਨ੍ਹਾਂ ਦੇ ਨਾਂ ਜ਼ਾਹਿਰ ਨਹੀਂ ਕਰਨਾ ਚਾਹੁੰਦੀ। ਕਾਰਨ ਇਸ ਦਾ ਉਹ ਇਹ ਦੱਸਦੀ ਹੈ ਕਿ ਕੁਝ ਦੇਸ਼ਾਂ ਨਾਲ ਸੰਧੀਆਂ ਹਨ ਜਿਨ੍ਹਾਂ ਕਾਰਨ ਅਜਿਹੇ ਲੋਕਾਂ ਦੀ ਸੂਚੀ ਜਾਰੀ ਨਹੀਂ ਕੀਤੀ ਜਾ ਸਕਦੀ। ਰਸਤੇ ਹੁਣ ਸਰਕਾਰ ਦੇ ਸਾਹਮਣੇ ਦੋ ਹਨ-ਜਾਂ ਸੂਚੀ ਜਾਰੀ ਕੀਤੀ ਜਾਵੇ ਜਾਂ ਅਦਾਲਤ ਨੂੰ ਇਸ ਦੇ ਜਾਰੀ ਨਾ ਕਰਨ ਦਾ ਵਾਜਿਬ ਕਰਨ ਦੱਸ ਕੇ ਉਸ ਦੀ ਤਸੱਲੀ ਕਾਰਵਾਈ ਜਾਵੇ। ਅਜੇ ਤਕ ਸੁਪਰੀਮ ਕੋਰਟ ਦੀ ਤਸੱਲੀ ਨਹੀਂ ਕਰਵਾਈ ਜਾ ਸਕੀ, ਪਰ ਕਦੇ ਤਾਂ ਸਰਕਾਰ ਨੂੰ ਕਰਾਉਣੀ ਹੀ ਪਵੇਗੀ। ਚੁੱਪ ਰਹਿ ਕੇ ਵਕਤ ਨਹੀਂ ਟੱਪ ਸਕਦਾ। ਸਵਾਲ ਸਿਰਫ਼ ਸੁਪਰੀਮ ਕੋਰਟ ਦੀ ਤਸੱਲੀ ਦਾ ਹੀ ਨਹੀਂ, ਦੇਸ਼ ਦੇ ਲੋਕਾਂ ਦੀ ਤਸੱਲੀ ਦਾ ਵੀ ਹੈ।

ਅਜੇ ਤਾਂ ਮਾਮਲਾ ਵਿਦੇਸ਼ੀ ਬੈਂਕਾਂ ਵਿਚ ਪੈਸੇ ਵਾਲਾ ਹੈ, ਅਗਲੇ ਦਿਨੀਂ ਕੁਝ ਹੋਰ ਇਸੇ ਤਰ੍ਹਾਂ ਦੇ ਮੁੱਦੇ ਦੇਸ਼ ਦੇ ਅੰਦਰੂਨੀ ਬੈਂਕਾਂ ਬਾਰੇ ਵੀ ਉਠ ਸਕਦੇ ਹਨ। ਪਿਛਲੇ ਦਿਨੀਂ ਇਹ ਗੱਲ ਬਾਹਰ ਆਈ ਹੈ ਕਿ ਕਈ ਬੈਂਕਾਂ ਤੋਂ ਵੱਡੇ ਪੂੰਜੀਪਤੀ ਘਰਾਣਿਆਂ ਨੇ ਕਰੋੜਾਂ ਨਹੀਂ, ਅਰਬਾਂ ਰੁਪਏ ਕਰਜ਼ੇ ਵਜੋਂ ਲਏ ਪਰ ਬਾਅਦ ਵਿਚ ਨਾ ਤਾਂ ਕਰਜ਼ਾ ਮੋੜਿਆ ਅਤੇ ਨਾ ਉਹ ਕੰਮ ਹੀ ਸ਼ੁਰੂ ਕੀਤੇ ਗਏ ਜਿਨ੍ਹਾਂ ਲਈ ਕਰਜ਼ੇ ਲਏ ਗਏ ਸਨ। ਆਮ ਆਦਮੀ ਨੇ ਪੰਜਾਹ ਹਜ਼ਾਰ ਰੁਪਏ ਵੀ ਦੇਣੇ ਹੋਣ ਤਾਂ ਬੈਂਕ ਦੇ ਅਫ਼ਸਰ ਪੁਲਿਸ ਲੈ ਕੇ ਆ ਜਾਂਦੇ ਹਨ ਅਤੇ ਕਰਜ਼ਦਾਰ ਦੀਆਂ ਲੱਤਾਂ ਥਾਣੇ ਦੀ ਲੱਕੜ ਵਿਚ ਜਾ ਦਿੰਦੇ ਹਨ ਪਰ ਉਨ੍ਹਾਂ ਪੂੰਜੀਪਤੀਆਂ ਦੇ ਕਰਜ਼ੇ ਉਗਰਾਹੁਣ ਦੀ ਕੋਸ਼ਿਸ਼ ਛੱਡ ਕੇ 'ਨਾ ਉਗਰਾਹੁਣ ਯੋਗ' ਲਿਖਿਆ ਅਤੇ ਖ਼ਾਤੇ ਉਤੇ ਕਾਟਾ ਮਾਰ ਦਿੱਤਾ ਗਿਆ। ਕਮਾਲ ਦੀ ਗੱਲ ਇਹ ਹੈ ਕਿ ਇਹੋ ਜਿਹੇ ਕਰਜ਼ੇ ਇਕ ਲੱਖ ਕਰੋੜ ਰੁਪਏ ਤੋਂ ਵੱਧ ਦੱਸੇ ਜਾ ਰਹੇ ਹਨ ਪਰ ਨਾ ਇਸ ਬਾਰੇ ਕੋਈ ਚਿੰਤਾ ਭਾਰਤ ਸਰਕਾਰ ਨੇ ਦਿਖਾਈ, ਨਾ ਵਿਰੋਧ ਦੀ ਮੁੱਖ ਧਿਰ ਭਾਜਪਾ ਦੇ ਕਿਸੇ ਆਗੂ ਨੇ ਅਤੇ ਨਾ ਹੀ ਕਿਸੇ ਵੀ ਹੋਰ ਪਾਰਟੀ ਨੂੰ ਇਹ ਪਾਰਲੀਮੈਂਟ ਵਿਚ ਪੁੱਛਿਆ



*ਪੀ.ਜੇ. ਥਾਮਸ*

ਜਾਣ ਵਾਲਾ ਸਵਾਲ ਜਾਪਿਆ ਹੈ। ਅੱਜ ਨਹੀਂ ਤਾਂ ਕੱਲ੍ਹ, ਕੋਈ ਸਮਾਜ ਸੇਵੀ ਇਸ ਨੂੰ ਵੀ ਸੁਪਰੀਮ ਕੋਰਟ ਤਕ ਲਿਜਾ ਸਕਦਾ ਹੈ।

ਜਿਥੋਂ ਤਕ ਵਿਦੇਸ਼ੀ ਬੈਂਕਾਂ ਵਿਚ ਪਏ ਧਨ ਦਾ ਸਵਾਲ ਹੈ, ਉਸ ਦਾ ਰੌਲਾ ਪਾਈ ਜਾਣ ਦਾ ਹੁਣ ਕੋਈ ਲਾਭ ਵੀ ਹੋਣ ਦੀ ਸੰਭਾਵਨਾ ਨਹੀਂ ਰਹਿ ਗਈ। ਜਿਨ੍ਹਾਂ ਲੋਕਾਂ ਦਾ ਉਥੇ ਕੋਈ ਪੈਸਾ ਸੀ, ਉਨ੍ਹਾਂ ਨੇ ਇਹ ਵੇਖ ਕੇ ਕਿ ਇਧਰ ਨੂੰ ਚੌਕਸੀ ਏਜੰਸੀਆਂ ਦੀ ਨਜ਼ਰ ਹੋ ਗਈ ਹੈ, ਉਥੋਂ ਕਢਵਾ ਕੇ, ਕਿਸੇ ਦੂਜੇ ਟਿਕਾਣੇ ਲਿਜਾ ਕੇ ਸਾਂਭ ਦਿੱਤਾ ਹੋਵੇਗਾ। ਅੱਜ ਦੀ ਤਾਰੀਖ਼ ਵਿਚ ਵੀ ਕਈ ਕੇਸ ਇਹੋ ਜਿਹੇ ਹਨ, ਖ਼ਾਸ ਕਰਕੇ ਕੁਝ ਟਾਪੂ ਏਦਾਂ ਦੇ ਸੁਣੇ ਜਾਂਦੇ ਹਨ ਜਿਥੇ ਪੈਸਾ ਪਹੁੰਚ ਜਾਵੇ ਤਾਂ ਕਿਸੇ ਦੇਸ਼ ਦੀ ਸਰਕਾਰ ਨੂੰ ਪਤਾ ਹੀ ਨਹੀਂ ਲੱਗ ਸਕਦਾ। ਚੋਰਾਂ ਦੇ ਢੰਗ ਬਹੁਤ ਅਜੀਬ ਹੁੰਦੇ ਹਨ ਤੇ ਇਹ ਗੱਲ ਪਿਛਲੇ ਸਾਲ ਕ੍ਰਿਕਟ ਦੇ ਆਈ.ਪੀ.ਐਲ. ਵਾਲੇ ਤਮਾਸ਼ੇ ਦੌਰਾਨ ਸਾਬਤ ਹੋ ਚੁੱਕੀ ਹੈ। ਕਈ ਕ੍ਰਿਕਟ ਵਪਾਰੀਆਂ ਨੇ ਏਸ਼ੀਆ ਦੇ ਹੀ ਕਿਸੇ ਛੋਟੇ ਟਾਪੂ ਵਾਲੇ ਦੇਸ਼ ਵਿਚ ਮੁੱਖ ਕੰਪਨੀ ਖੋਲ੍ਹ ਕੇ ਭਾਰਤ ਵਿਚ ਆਪਣੇ ਕ੍ਰਿਕਟ ਕਾਰੋਬਾਰ ਨੂੰ ਉਸ ਕੰਪਨੀ ਦੀ ਕੌਮਾਂਤਰੀ ਬਰਾਂਚ ਵਜੋਂ ਚਲਾਈ ਰੱਖਿਆ ਅਤੇ ਇਸ ਤਰ੍ਹਾਂ ਟੈਕਸਾਂ ਦੀ ਚੋਰੀ ਵੀ ਕਰੀ ਗਏ ਸਨ ਅਤੇ ਵਿਦੇਸ਼ੀ ਸਿੱਕਾ ਕਾਨੂੰਨ ਦੀ ਉਲੰਘਣਾ ਵੀ ਹੁੰਦੀ ਰਹੀ ਸੀ। ਇਹ ਕੁਝ ਨਾ ਵੀ ਹੋਵੇ ਤਾਂ ਚੋਰਾਂ ਨੂੰ ਚੁੱਪ-ਚੁਪੀਤੇ ਫੜਨ ਦੀ ਥਾਂ ਜਦੋਂ ਰੌਲਾ ਪਾ ਦਿੱਤਾ ਜਾਵੇ, ਫਿਰ ਕੁਝ ਪੱਲੇ ਪੈਂਦਾ ਹੀ ਨਹੀਂ ਹੁੰਦਾ। ਸੰਸਾਰ ਪੱਧਰ ਉਤੇ ਕੋਈ ਕੰਪਨੀ ਬਣਾਉਣ ਅਤੇ ਲੈਣ-ਦੇਣ ਕਰ ਕੇ ਫਿਰ ਉਸ ਦਾ ਬਸਤਾ ਸਮੇਟ ਦੇਣ ਦਾ ਕੰਮ ਆਮ ਹੁੰਦਾ ਹੈ ਤੇ ਇਸ ਕੰਮ ਵਿਚ ਲੱਗੇ ਲੋਕ ਇਸ ਕਲਾ ਦੇ ਮਾਹਿਰ ਹੁੰਦੇ ਹਨ। ਜਿਨ੍ਹਾਂ ਬੈਂਕਾਂ ਵਿਚ ਪੈਸਾ ਜਮ੍ਹਾਂ ਹੈ, ਉਨ੍ਹਾਂ ਵਿਚ ਵੀ ਅਸਲੀ ਨਾਂਵਾਂ ਦੀ ਥਾਂ ਬਦਲਵੇਂ ਨਾਂ ਖ਼ਾਤੇ ਖੋਲ੍ਹਣ ਲਈ ਵਰਤੇ ਜਾਂਦੇ ਹਨ ਅਤੇ ਉਥੇ ਜਾ ਕੇ ਖ਼ਾਤਾ ਜਾਂ ਆਪਣਾ ਨਾਂ ਦੱਸਣ ਦੀ ਲੋੜ ਨਹੀਂ ਪੈਂਦੀ। ਸਾਰਾ ਕੰਮ ਗੁਪਤ ਕੋਡ ਦੱਸਣ ਨਾਲ ਹੁੰਦਾ ਹੈ। ਇਸ ਹਾਲ ਵਿਚ ਉਥੋਂ ਹੁਣ ਲੱਭੇਗਾ ਕੀ?

ਰੌਲੇ ਕਾਰਨ ਪੈਸਾ ਗ਼ਾਇਬ ਕਰ ਦਿੱਤੇ ਵਾਲੀ ਸਾਡੀ ਧਾਰਨਾ ਦੀ ਪੁਸ਼ਟੀ ਹਸਨ ਅਲੀ ਵਾਲੇ ਮਾਮਲੇ ਵਿਚ ਆਈਆਂ ਤਾਜ਼ਾਂ ਖ਼ਬਰਾਂ ਤੋਂ ਹੋ ਜਾਂਦੀ ਹੈ। ਮਹਾਰਾਸ਼ਟਰ ਦੇ ਪੂਣੇ ਸ਼ਹਿਰ ਦਾ ਘੋੜਿਆਂ ਦੀ ਦੌੜ ਦਾ ਸ਼ੌਕ ਰੱਖਣ ਵਾਲਾ ਵਪਾਰੀ ਹਸਨ ਅਲੀ 2007 ਵਿਚ ਉਦੋਂ ਚਰਚਾ ਵਿਚ ਆਇਆ ਸੀ ਜਦੋਂ ਉਸ ਦੇ ਟਿਕਾਣਿਆਂ ਉਪਰ ਇਨਕਮ ਟੈਕਸ ਦੇ ਛਾਪੇ ਵੱਜੇ ਸਨ। ਛਾਪਿਆਂ ਦੌਰਾਨ ਜਿਹੜੇ ਕਾਗ਼ਜ਼ ਫੜੇ ਗਏ, ਉਨ੍ਹਾਂ ਮੁਤਾਬਕ ਉਸ ਦੇ ਚਾਰ ਖ਼ਾਤੇ ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਸਨ ਅਤੇ ਪਹਿਲੀ ਸੂਚਨਾ ਹੀ ਇਹ ਮਿਲੀ ਕਿ ਉਸ ਦੇ ਪੈਂਤੀ ਹਜ਼ਾਰ ਕਰੋੜ ਰੁਪਏ ਤੋਂ ਵੱਧ ਸਿਰਫ਼ ਉਸੇ ਦੇਸ਼ ਵਿਚ ਜਮ੍ਹਾਂ ਹਨ। ਫਿਰ ਜਾਂਚ ਚੱਲਦੀ ਰਹੀ ਅਤੇ ਅਗਲਾ ਮੋੜ ਅਗਸਤ 2010 ਵਿਚ ਆਇਆ ਜਦੋਂ ਇਸ ਬਾਰੇ ਰਾਜ ਸਭਾ ਵਿਚ ਸਵਾਲ ਪੁੱਛਿਆ ਗਿਆ। ਭਾਰਤ ਸਰਕਾਰ ਨੇ ਰਾਜ ਸਭਾ ਨੂੰ ਦੱਸਿਆ ਕਿ ਹਸਨ ਅਲੀ ਦੇ ਜ਼ਿੰਮੇ ਸੱਤਰ ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਟੈਕਸ ਬਕਾਇਆ ਹੈ। ਇਸ ਬਕਾਏ ਬਾਰੇ ਤਾਂ ਸਰਕਾਰ ਨੇ ਪਾਰਲੀਮੈਂਟ ਨੂੰ ਦੱਸ ਦਿੱਤਾ ਪਰ ਇਸ ਨੂੰ ਉਗਰਾਹੁਣ ਲਈ ਕੀ ਤਰੱਦਦ ਕੀਤਾ ਜਾ ਰਿਹਾ ਹੈ, ਇਸ ਬਾਰੇ ਉਸ ਨੇ ਕਦੇ ਕੁਝ ਦੱਸਿਆ ਹੀ ਨਹੀਂ ਸੀ।

ਜਦੋਂ ਸਾਰਾ ਕੁਝ ਮੀਡੀਆ ਵਿਚ ਵੀ ਆ ਚੁੱਕਾ ਸੀ ਤਾਂ ਹਸਨ ਅਲੀ ਇੰਨਾ ਸਿੱਧੜ ਨਹੀਂ ਸੀ ਹੋ ਸਕਦਾ ਕਿ ਉਹ ਬਿੱਜ ਪੈਣ ਦੀ ਉਡੀਕ ਕਰਦਾ ਰਹੇ। ਉਸ ਨੇ ਤੇਜ਼ੀ ਵਿਖਾਈ ਅਤੇ ਹੁਣ ਪਿਛਲੇ ਹਫ਼ਤੇ ਭਾਰਤ ਦੇ ਖ਼ਜ਼ਾਨਾ ਮੰਤਰੀ ਨੇ ਇਹ ਮੰਨ ਲਿਆ ਹੈ ਕਿ ਉਸ ਦੇ ਤਿੰਨ ਖ਼ਾਤੇ ਬੰਦ ਹੋ ਚੁੱਕੇ ਹਨ ਅਤੇ ਚੌਥੇ ਖ਼ਾਤੇ ਵਿਚਲੇ ਸੱਠ ਹਜ਼ਾਰ ਅਮਰੀਕੀ ਡਾਲਰ ਵੀ ਗ਼ਾਇਬ ਹੋ ਚੁੱਕੇ ਹਨ। ਇਸ ਤੋਂ ਵੱਧ ਕਿਸੇ ਸਰਕਾਰ ਦਾ ਨਿਕੰਮਾਪਣ ਹੋਰ ਕੀ ਹੋ ਸਕਦਾ ਹੈ ਕਿ ਉਹ ਚੋਰੀ ਦਾ ਮਾਲ ਵੇਖ ਕੇ ਵੀ ਫੜਨ ਲਈ ਪਹਿਰਾ ਨਾ ਬਿਠਾ ਸਕੇ ਤੇ ਫਿਰ ਬੜੇ ਆਰਾਮ ਨਾਲ ਮੰਨ ਲਵੇ ਕਿ 'ਮਾਲ ਬੱਕਰੀਆਂ ਚਰ ਗਈਆਂ' ਹਨ! ਕੀ ਇਸ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਦੇ ਸਿਰ ਨਹੀਂ ਪੈਣੀ ਚਾਹੀਦੀ?

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਗੱਲ ਦੀ ਤਸੱਲੀ ਹੋ ਸਕਦੀ ਹੈ ਕਿ ਹਾਲੇ ਵੀ ਹਰ ਕੋਈ ਆਪਣੀ ਗੱਲ ਇਥੋਂ ਸ਼ੁਰੂ ਕਰਦਾ ਹੈ ਕਿ "ਮਨਮੋਹਨ ਜੀ ਤਾਂ ਈਮਾਨਦਾਰ ਹਨ" ਪਰ ਇਹ ਉਨ੍ਹਾਂ ਦੀ ਨਿਜੀ ਤਸੱਲੀ ਹੀ ਹੋਵੇਗੀ, ਭਾਰਤ ਦਾ ਇਸ ਨਾਲ ਕੋਈ ਭਲਾ ਨਹੀਂ ਹੋ ਰਿਹਾ। ਭਾਰਤ ਦਾ ਭਲਾ ਇਸ ਗੱਲ ਵਿਚ ਹੈ ਕਿ ਪ੍ਰਧਾਨ ਮੰਤਰੀ ਸਿਰਫ਼ ਆਪਣੀ ਈਮਾਨਦਾਰੀ ਦਾ ਮੈਡਲ ਆਪਣੇ ਗਲ ਨਾ ਲਟਕਾਈ ਫਿਰੇ, ਉਨ੍ਹਾਂ ਚੋਰਾਂ ਦੇ ਗਿੱਟੇ ਉਤੇ ਡੰਡਾ ਮਾਰਨ ਦੀ ਜੁਰੱਅਤ ਵੀ ਵਿਖਾਵੇ ਜਿਹੜੇ ਮੁਲਕ ਦੀਆਂ ਜੜ੍ਹਾਂ ਨੂੰ ਸਿਓਂਕ ਵਾਂਗ ਖੋਖਲੀਆਂ ਕਰੀ ਜਾਂਦੇ ਹਨ। ਕਾਂਗਰਸ ਦੇ ਪਿਛਲੇ ਸਮਾਗਮ ਵਿਚ ਉਨ੍ਹਾਂ ਕਿਹਾ ਸੀ ਕਿ ਰਾਜੇ ਦੀ ਬੀਵੀ ਸਾਰੇ ਸ਼ੰਕਿਆਂ ਤੋਂ ਉਪਰ ਹੋਣੀ ਚਾਹੀਦੀ ਹੈ, ਤੇ ਇਹ ਗੱਲ ਠੀਕ ਆਖੀ ਸੀ ਪਰ ਇੰਨਾ ਕਾਫ਼ੀ ਨਹੀਂ। ਉਸ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਸ ਦੇ ਨਾਲ ਖੜ੍ਹੀ ਸੰਗਤ ਵੀ ਇੱਦਾਂ ਦੀ ਨਾ ਹੋਵੇ ਕਿ ਉਸ ਦੇ ਕਾਲੇ ਕਿਰਦਾਰ ਦਾ ਕੋਈ ਦਾਗ਼ 'ਰਾਜੇ ਦੀ ਬੀਵੀ' ਵਰਗੇ ਸ਼ੰਕਿਆਂ ਤੋਂ ਉਪਰ ਖੜ੍ਹੇ ਪ੍ਰਧਾਨ ਮੰਤਰੀ ਦੇ ਅਕਸ ਉਤੇ ਪੈ ਸਕੇ।

ਭਾਰਤ ਦੇ ਜਿਹੜੇ ਲੋਕਾਂ ਨੇ ਉਸ ਨੂੰ ਦੂਜੀ ਵਾਰੀ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਵਾਗਡੋਰ ਸੌਂਪੀ ਹੈ, ਉਹ ਚਾਹੁਣਗੇ ਕਿ ਅਗਲੇ ਦਿਨੀਂ ਜਦੋਂ ਸੁਪਰੀਮ ਕੋਰਟ ਵਿਚ ਇਨ੍ਹਾਂ ਗੱਲ ਦਾ ਦੁਬਾਰਾ ਜਵਾਬ ਦੇਣਾ ਹੈ, ਉਸ ਵੇਲੇ ਸਰਕਾਰ ਦਾ ਸਰਦਾਰ ਆਪਣੇ ਅਕਸ ਦਾ ਖ਼ਿਆਲ ਵੀ ਰੱਖੇ। ਸੌ-ਸੌ ਐਬਾਂ ਵਾਲੇ ਮਾੜੇ ਯਾਰਾਂ ਦੀ ਟੋਲੀ ਨੂੰ ਬਚਾਉਣ ਵਿਚ ਹੀ ਨਾ ਰੁੱਝਾ ਰਹੇ।

***ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਇਸ ਗੱਲ ਦੀ ਤਸੱਲੀ ਹੋ ਸਕਦੀ ਹੈ ਕਿ ਹਾਲੇ ਵੀ ਹਰ ਕੋਈ ਆਪਣੀ ਗੱਲ ਇਥੋਂ ਸ਼ੁਰੂ ਕਰਦਾ ਹੈ ਕਿ "ਮਨਮੋਹਨ ਜੀ ਤਾਂ ਈਮਾਨਦਾਰ ਹਨ" ਪਰ ਇਹ ਉਨ੍ਹਾਂ ਦੀ ਨਿਜੀ ਤਸੱਲੀ ਹੀ ਹੋਵੇਗੀ, ਭਾਰਤ ਦਾ ਇਸ ਨਾਲ ਕੋਈ ਭਲਾ ਨਹੀਂ ਹੋ ਰਿਹਾ। ਭਾਰਤ ਦਾ ਭਲਾ ਇਸ ਗੱਲ ਵਿਚ ਹੈ ਕਿ ਪ੍ਰਧਾਨ ਮੰਤਰੀ ਸਿਰਫ਼ ਆਪਣੀ ਈਮਾਨਦਾਰੀ ਦਾ ਮੈਡਲ ਆਪਣੇ ਗਲ ਨਾ ਲਟਕਾਈ ਫਿਰੇ, ਉਨ੍ਹਾਂ ਚੋਰਾਂ ਦੇ ਗਿੱਟੇ ਉਤੇ ਡੰਡਾ ਮਾਰਨ ਦੀ ਜੁਰੱਅਤ ਵੀ ਵਿਖਾਵੇ ਜਿਹੜੇ ਮੁਲਕ ਦੀਆਂ ਜੜ੍ਹਾਂ ਨੂੰ ਸਿਓਂਕ ਵਾਂਗ ਖੋਖਲੀਆਂ ਕਰੀ ਜਾਂਦੇ ਹਨ।***

## ਪ੍ਰਤਾਪੋ ਦੀ ਚਿੱਠੀ

ਆਲੇ ਨੂੰ ਪਤਾ ਲੱਗੇ ਕਿ ਪ੍ਰਤਾਪੀ ਦੀ ਜੁਆਨੀ ਪੈਰੇ ਵੀ ਝੰਡੀ ਸੀ, ਅੱਜ ਵੀ ਐ! ਨਾਲੇ ਮੈਂ ਤਾਂ ਜੁਆਕਾਂ ਨੂੰ ਕਹਿ ਕੇ ਜਾਣੈ, ਬਈ ਮੇਰੇ ਬਕਸੇ 'ਤੇ ਵੀ ਝੰਡੀ ਲਾ ਕੇ ਫੂਕਿਓ, ਤਾਂ ਕਿ ਬਿਸ਼ਨਾ ਦੂਰੋਂ ਈ ਸਿਆਣ ਲਵੇ ਕਿ ਲੈ ਬਈ ਮੇਰੀ ਪ੍ਰਤਾਪੀ ਦੀ ਧੁਰ ਦਰਗਾਹ 'ਚ ਵੀ ਝੰਡੀ ਆ!

ਪਰ ਚੰਦਰਿਆ, ਲੋਹਗੜ੍ਹ ਦੇ ਟਿੱਬਿਆਂ ਦੇ 'ਕੱਕੇ ਰੇਤੇ ਅਰਗੀ' ਆਵਦੀ ਪ੍ਰਤਾਪੀ ਨੂੰ ਜਾਣ ਤੋਂ ਪਹਿਲਾਂ ਹੁਣ ਇੱਕ ਵਾਰੀ ਮਿਲਣ ਦਾ 'ਕਰਾਰ ਤਾਂ ਕਰ! ਮੈਂ ਗੋਰਿਆਂ ਦੀਆਂ ਕਬਰਾਂ 'ਤੋਂ ਫੁੱਲ ਤੋੜ ਕੇ ਬਹੱਤਰ ਆਲੇ ਸਿਵਿਆਂ 'ਚ ਤੇਰੀ ਵੇਟ ਕਰੂੰਗੀ। ਚੇਤੇ ਨਾਲ ਆ ਜਾਵੀਂ। ਏਨੇ ਬਹਾਨੇ ਨਾਲ ਆਪਾਂ ਧੁਰ ਦਰਗਾਹ ਜਾਣ ਵਾਲਾ ਰਾਹ ਵੀ ਦੇਖ ਲਾਂਗੇ। ਚੱਲ, ਹੁਣ ਬੱਸ ਕਰਦੀ ਆਂ।


ਜਨਮ-ਜਨਮ ਤੇਰਾ ਸਾਥ ਨਿਭਾਉਣ ਦੇ ਵਾਅਦੇ ਨਾਲ।

ਤੇਰੀ ਪ੍ਰਤਾਪੋ ਡਾਰਲਿੰਗ।

*ਫੋਨ:604-537-9490

# ਬਾਬੇ ਨਾਨਕ ਦੀ ਉਦਾਸੀ 'ਉਦਾਸ'

*ਪਹਿਲੇ ਪਾਤਸ਼ਾਹ ਬਾਬੇ ਨਾਨਕ ਨਾਲ ਸਬੰਧਤ ਬਗ਼ਦਾਦ ਦੇ ਗੁਰਦੁਆਰੇ ਦੀ ਕਿਸੇ ਨੇ ਸਾਰ ਨਹੀਂ ਲਈ ਹੈ। ਇਹ ਗੁਰਦੁਆਰਾ 2003 ਵਿਚ ਅਮਰੀਕਾ ਦੀ ਇਰਾਕ ਉਤੇ ਚੜ੍ਹਾਈ ਦੌਰਾਨ ਤਬਾਹ ਹੋ ਗਿਆ ਸੀ। ਬਾਬੇ ਨਾਨਕ ਨੇ ਆਪਣੇ ਵੇਲੇ ਦੇ ਸਿਆਸੀ, ਸਮਾਜਕ, ਧਾਰਮਿਕ ਅਤੇ ਆਰਥਿਕ ਸਰੋਕਾਰਾਂ ਨਾਲ ਡੂੰਘਾ ਸੰਵਾਦ ਰਚਾਇਆ। ਸੰਵਾਦ ਉਨ੍ਹਾਂ ਦੇ ਜੀਵਨ ਅਤੇ ਸਿੱਖਿਆਵਾਂ ਦਾ ਉਘੜਵਾਂ ਅਤੇ ਅਹਿਮ ਪੱਖ ਸੀ। ਸੰਵਾਦ ਦਾ ਇਹ ਸਿਲਸਿਲਾ ਸਿੱਧਾਂ ਨਾਲ ਕੀਤੀ ਗੋਸਟਿ ਤੋਂ ਲੈ ਕੇ ਪੰਜ ਉਦਾਸੀਆਂ ਤੱਕ ਫੈਲਿਆ ਹੋਇਆ ਹੈ। ਇਨ੍ਹਾਂ ਗੋਸਟਾਂ ਅਤੇ ਉਦਾਸੀਆਂ ਦਾ ਮਕਸਦ ਸੀ ਕਿ ਵੱਖ-ਵੱਖ ਵਿਚਾਰਾਂ ਅਤੇ ਖੇਤਰਾਂ ਦੇ ਬਾਸ਼ਿੰਦਿਆਂ ਨਾਲ ਰਾਬਤਾ ਕਾਇਮ ਕਰਕੇ ਆਪਣੇ ਵਿਚਾਰਾਂ ਦਾ ਪ੍ਰਵਾਹ ਚਲਾਇਆ ਜਾਵੇ ਅਤੇ ਪ੍ਰਸਾਰ ਕੀਤਾ ਜਾਵੇ। ਬਾਬੇ ਨਾਨਕ ਦੀ ਪਹਿਲੀ ਉਦਾਸੀ ਸੱਤ ਸਾਲ ਲੰਮੀ ਸੀ। ਉਹ 1500 ਤੋਂ 1506 ਤੱਕ ਸੁਲਤਾਨਪੁਰ, ਮਖ਼ਦੂਮਪੁਰ (ਮੁਲਤਾਨ), ਪਾਣੀਪਤ, ਦਿੱਲੀ, ਬਨਾਰਸ, ਨਾਨਕਮਤਾ (ਨੈਨੀਤਾਲ), ਟਾਂਡਾ ਵਣਜਾਰਾ (ਰਾਮਪੁਰ), ਕਾਮਰੂਪ (ਆਸਾਮ), ਸੈਦਪੁਰ (ਐਮਨਾਬਾਦ), ਪਸਰੂਰ ਤੇ ਸਿਆਲਕੋਟ ਗਏ। ਦੂਜੀ ਉਦਾਸੀ (1506-1513) ਦੌਰਾਨ ਉਹ ਧਨਾਸਰੀ ਘਾਟੀ ਅਤੇ ਸਾਂਘਲਾਦੀਪ (ਸੇਲੋਨ) ਗਏ। ਤੀਜੀ ਉਦਾਸੀ (1514-1518) ਦੌਰਾਨ ਉਨ੍ਹਾਂ ਕਸ਼ਮੀਰ, ਸੁਮੇਰ ਪਰਬਤ, ਨੇਪਾਲ, ਤਾਸ਼ਕੰਦ, ਸਿੱਕਮ ਅਤੇ ਤਿੱਬਤ ਦੀ ਯਾਤਰਾ ਕੀਤੀ। ਚੌਥੀ ਉਦਾਸੀ (1519-1521) ਦੌਰਾਨ ਉਨ੍ਹਾਂ ਮੱਕਾ ਅਤੇ ਅਰਬ ਦੇਸ਼ਾਂ ਦੇ ਹੋਰ ਸ਼ਹਿਰਾਂ ਦੀ ਯਾਤਰਾ ਕੀਤੀ। ਪੰਜਵੀਂ ਤੇ ਆਖਰੀ ਉਦਾਸੀ (1523-24) ਦੌਰਾਨ ਉਹ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਘੁੰਮੇ।*



*ਚਿੱਤਰਕਾਰ ਕਿਰਪਾਲ ਸਿੰਘ ਵੱਲੋਂ ਬਾਬੇ ਨਾਨਕ ਦੀਆਂ ਉਦਾਸੀਆਂ ਬਾਰੇ ਬਣਾਇਆ ਚਿੱਤਰ*

## ਬਗ਼ਦਾਦ ਫੇਰੀ ਦੀ ਨਿਸ਼ਾਨੀ ਮਿਟਣ ਕੰਢੇ

### *ਅਮਰੀਕੀ ਜੰਗ ਨੇ ਮਿਟਾਇਆ ਗੁਰਦੁਆਰੇ ਦਾ ਜਲੌਅ*

**ਬਗ਼ਦਾਦ:** ਇਰਾਕ ਦੀ ਰਾਜਧਾਨੀ ਬਗ਼ਦਾਦ ਵਿਚ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਉਸਾਰਿਆ ਗੁਰਦੁਆਰਾ ਬਰਬਾਦੀ ਅਤੇ ਬੇਵਸੀ ਦੀ ਤਸਵੀਰ ਬਣਿਆ ਖੜ੍ਹਾ ਹੈ। ਜੰਗ, ਧਾੜਵੀਆਂ ਅਤੇ ਕੱਟੜਪੰਥੀਆਂ ਕਰਕੇ ਇਹ ਇਤਿਹਾਸਕ ਯਾਦਗਾਰ ਮਿਟਣ ਕੰਢੇ ਪੁੱਜ ਗਈ ਹੈ।

ਯੁਗਪੁਰਸ਼ ਬਾਬਾ ਨਾਨਕ 16ਵੀਂ ਸਦੀ ਵਿਚ ਅਰਬ ਦੇਸ਼ਾਂ ਦੀ ਆਪਣੀ ਉਦਾਸੀ (ਯਾਤਰਾ) ਸਮੇਂ ਬਗ਼ਦਾਦ ਵਿਚ ਇਸ ਥਾਂ ਠਹਿਰੇ ਸਨ ਜਿੱਥੇ ਇਕ ਵਿਸ਼ਾਲ ਕਬਰਿਸਤਾਨ ਵਿਚ ਗੁਰਦੁਆਰਾ ਉਸਾਰਿਆ ਗਿਆ ਸੀ। ਸਿੱਖ ਧਰਮ ਨੂੰ ਵੱਖ-ਵੱਖ ਧਰਮਾਂ ਦਰਮਿਆਨ ਸੰਵਾਦ ਦੀ ਕੜੀ ਸਿਰਜਣ ਦਾ ਮਾਣ ਰਿਹਾ ਹੈ। ਗੁਰਦੁਆਰੇ ਦੇ ਸੇਵਾਦਾਰ ਰਹੇ ਅਬੂ ਯੂਸਫ਼ ਨੇ ਦੁਖ ਨਾਲ ਆਖਿਆ, "ਹੁਣ ਇੱਥੇ ਕੋਈ ਵੀ ਨਹੀਂ ਆਉਂਦਾ।" ਇਮਾਰਤ ਦੇ ਇਕ ਹਿੱਸੇ ਵਿਚ ਟੁੱਟੇ-ਫੁੱਟੇ ਪੱਖੇ ਅਤੇ ਪੁਰਾਣਾ ਫਰਿਜ ਪਿਆ ਹੈ ਜਿੱਥੇ ਕਦੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਸਿੱਖਾਂ ਲਈ ਪਾਵਨ ਹੋਰ ਸਾਜ਼ੋ-ਸਾਮਾਨ ਸੁਸ਼ੋਭਿਤ ਸੀ। ਅਬੂ ਯੂਸਫ਼ ਨੇ ਆਖਿਆ, "ਜੰਗ ਤੋਂ ਪਹਿਲਾਂ ਕੁਝ ਸਿੱਖ ਯਾਤਰੀ ਕਦੇ-ਕਦਾਈਂ ਇਥੇ ਆਉਂਦੇ ਸਨ।" ਉਨ੍ਹਾਂ ਦਾ ਇਸ਼ਾਰਾ 2003 ਦੇ ਅਮਰੀਕੀ ਹਮਲੇ ਵੱਲ ਸੀ ਜੋ ਇਰਾਕੀ ਸ਼ਾਸਕ ਸੱਦਾਮ ਹੁਸੈਨ ਨੂੰ ਸੱਤਾ ਤੋਂ ਹਟਾਉਣ ਲਈ ਵਿੱਢਿਆ ਗਿਆ ਸੀ, ਪਰ ਉਸ ਤੋਂ ਬਾਅਦ ਸ਼ੁਰੂ ਹੋਈ ਹਿੰਸਾ ਦਾ ਸਿਲਸਿਲਾ ਹੁਣ ਤਕ ਨਹੀਂ ਟੁੱਟ ਸਕਿਆ।

ਯੂਸਫ਼ ਨੇ ਆਖਿਆ, "ਇਕ-ਦੋ ਵਾਰ ਇੱਥੇ ਪੱਛਮੀ ਸੈਲਾਨੀ ਵੀ ਆਏ ਸਨ। ਪਿਛਲੇ ਸਾਲ ਲੰਮੇ ਅਰਸੇ ਬਾਅਦ ਦੁਬਈ ਤੋਂ ਇਕ ਸਿੱਖ ਆਇਆ ਸੀ ਅਤੇ ਉਸ ਨੇ ਵਾਪਸ ਆ ਕੇ ਗੁਰਦੁਆਰੇ ਦੀ ਮੁੜ ਉਸਾਰੀ ਕਰਾਉਣ ਦਾ ਵਾਅਦਾ ਕੀਤਾ ਸੀ, ਪਰ ਹਾਲੇ ਤਕ ਕੋਈ ਨਹੀਂ ਬਹੁੜਿਆ।" ਉਸ ਨੇ ਚੇਤਾ ਕਰਦਿਆਂ ਕਿਹਾ ਕਿ ਸੈਲਾਨੀਆਂ ਨੇ ਵਾਅਦਾ ਕੀਤਾ ਸੀ ਕਿ ਉਹ ਇਕ-ਦੋ ਰਾਤ ਇੱਥੇ ਠਹਿਰ ਕੇ ਗੁਰਦੁਆਰੇ ਦੀ ਸੇਵਾ ਸੰਭਾਲ ਕਰਨਗੇ। ਉਸ ਨੇ ਕਿਹਾ, "ਉਹ ਪਿਛਲੇ ਵਿਹੜੇ ਵਿਚ ਸੁੱਤੇ ਸਨ ਅਤੇ ਇੱਥੇ ਹੀ ਉਨ੍ਹਾਂ ਲੰਗਰ ਤਿਆਰ ਕੀਤਾ ਸੀ ਜੋ ਅਰਦਾਸ ਤੋਂ ਬਾਅਦ ਸਾਰਿਆਂ ਨੇ ਵੰਡ ਕੇ ਛਕਿਆ ਸੀ।" ਯੂਸਫ਼ ਨੇ ਛੱਤ ਤੋਂ ਬਗੈਰ ਗੁਰਦੁਆਰੇ ਦਾ ਬਚਿਆ-ਖੁਚਿਆ ਢਾਂਚਾ ਵੀ ਦਿਖਾਇਆ ਜਿੱਥੇ ਕੰਕਰੀਟ ਦੇ ਥੜ੍ਹੇ 'ਤੇ ਪਾਵਨ ਬੀੜ, ਗੁਰੂ ਨਾਨਕ ਦੇ ਚਿੱਤਰ ਅਤੇ 16ਵੀਂ ਸਦੀ ਦੀ ਤਸਤਰੀ ਪਈਆਂ ਸਨ। ਇਹ ਗੁਰਦੁਆਰਾ ਬਗ਼ਦਾਦ ਦੇ ਧੁਰ ਅੰਦਰ ਸਭ ਤੋਂ ਮਹਿੰਗੇ ਸ਼ੇਖ ਮਾਰੂਫ਼ ਕਬਰਿਸਤਾਨ ਵਿਚ ਸਥਿਤ ਹੈ। ਇਸ ਦੇ ਨੇੜੇ ਸੁੰਨ-ਮਸਾਨ ਰੇਲਵੇ ਸਟੇਸ਼ਨ ਹੈ ਜਿੱਥੇ ਰੇਲਗੱਡੀਆਂ ਦੇ ਪਹੀਆਂ ਨੂੰ ਜੰਗਾਲ ਖਾ ਰਿਹਾ ਹੈ। ਗੁਰਦੁਆਰੇ ਵਾਲੀ ਇਮਾਰਤ ਦੀ ਇਕ ਕੰਧ 'ਤੇ ਭਾਈ ਗੁਰਦਾਸ ਦਾ ਸ਼ਬਦ ਉਕਰਿਆ ਹੋਇਆ ਹੈ।



*ਬਗ਼ਦਾਦ 'ਚ ਬਾਬੇ ਨਾਨਕ ਦੀ ਯਾਦ ਵਿਚ ਉਸਾਰੇ ਗੁਰਦੁਆਰੇ ਦੀ ਪੁਰਾਣੀ ਤਸਵੀਰ*

## ਇਰਾਕ ਦੀ ਸਰਕਾਰ ਨੇ ਵੀ ਵਾਅਦਾ ਨਾ ਨਿਭਾਇਆ

**ਬਗ਼ਦਾਦ:** ਦਸੰਬਰ 2008 ਵਿਚ ਇਰਾਕ ਦੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ 2003 ਵਿਚ ਜੰਗ ਦੌਰਾਨ ਤਬਾਹ ਹੋਏ ਗੁਰੂ ਘਰ ਨੂੰ ਨਵੇਂ ਸਿਰਿਓਂ ਬਣਾਇਆ ਜਾਵੇਗਾ ਪਰ ਦੋ ਸਾਲ ਬਾਅਦ ਵੀ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ ਗਈ। ਚੇਤੇ ਰਹੇ ਕਿ ਗੁਰੂ ਘਰ ਦੀ ਮੁੜ ਉਸਾਰੀ ਦਾ ਮੁੱਦਾ ਅਧਿਆਤਮਕ ਗੁਰੂ ਵਜੋਂ ਮਸ਼ਹੂਰ ਸ੍ਰੀ ਸ੍ਰੀ ਰਵੀ ਸ਼ੰਕਰ ਨੇ ਇਰਾਕ ਦੀ ਸਰਕਾਰ ਕੋਲ ਉਠਾਇਆ ਸੀ। ਉਹ ਇਰਾਕ ਵਿਚ ਅਮਨ ਮਿਸ਼ਨ ਦੇ ਸਿਲਸਿਲੇ ਵਿਚ ਇਥੇ ਆਏ ਸਨ ਅਤੇ ਤਤਕਾਲੀ ਉਪ ਰਾਸ਼ਟਰਪਤੀ ਆਦਿਲ ਅਬਦ-ਅਲ-ਮਹਿਦੀ ਨੂੰ ਉਚੇਚਾ ਮਿਲੇ ਸਨ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਬਾਰੇ ਇਕ ਚਿੱਠੀ ਭਾਰਤ ਵਿਚ ਅਮਰੀਕਾ ਦੇ ਸਫ਼ੀਰ ਰੌਬਰਟ ਬਲੈਕਵਿਲ ਨੂੰ ਲਿਖੀ। ਸ੍ਰੀ ਬਲੈਕਵਿਲ ਨੇ ਭਰੋਸਾ ਦਿਵਾਇਆ ਕਿ ਗੁਰਦੁਆਰੇ ਦੀ ਇਮਾਰਤ ਦੁਬਾਰਾ ਬਣਾਉਣ ਦਾ ਕੰਮ ਵਿੱਢਿਆ ਜਾਵੇਗਾ ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ।

ਉਸ ਵੇਲੇ ਇਰਾਕੀ ਨੈਸ਼ਨਲ ਕਾਂਗਰਸ ਦੇ ਮੁਖੀ ਅਹਿਮਦ ਚਲਾਬੀ ਨੇ ਵੀ ਵਾਅਦਾ ਕੀਤਾ ਸੀ ਕਿ ਗੁਰਦੁਆਰਾ ਹਰ ਹਾਲ ਅਤੇ ਛੇਤੀ ਬਣਵਾਇਆ ਜਾਵੇਗਾ। ਉਦੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਇਸ ਗੱਲ ਤੋਂ ਉੱਕਾ ਹੀ ਇਨਕਾਰ ਕੀਤਾ ਕਿ ਗੁਰਦੁਆਰੇ ਦਾ ਨੁਕਸਾਨ ਅਮਰੀਕੀ ਫ਼ੌਜ ਦੇ ਹਮਲੇ ਵਿਚ ਹੋਇਆ ਹੈ। ਉਨ੍ਹਾਂ ਕਿਹਾ ਸੀ ਕਿ ਕੁਝ ਕੱਟੜਪੰਥੀਆਂ ਦੇ ਮਾਰਟਰ ਹਮਲੇ ਵਿਚ ਇਮਾਰਤ ਨੂੰ ਨੁਕਸਾਨ ਪੁੱਜਾ ਹੈ। ਅਹਿਮਦ ਚਲਾਬੀ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਜਾਰਜ ਵਾਕਰ ਬੁਸ਼ ਦੇ ਨਜ਼ਦੀਕੀ ਵਿਚੋਂ ਸਨ। ਉਹ ਮਗਰੋਂ ਇਰਾਕ ਦੇ ਪ੍ਰਧਾਨ ਮੰਤਰੀ ਵੀ ਬਣੇ।

## *ਨਨਕਾਣਾ ਸਾਹਿਬ 'ਚ 'ਵਰਸਿਟੀ ਦੀ ਉਸਾਰੀ ਅਪਰੈਲ ਤੋਂ*

**ਅੰਮ੍ਰਿਤਸਰ:** ਪਾਕਿਸਤਾਨ ਸਰਕਾਰ ਵੱਲੋਂ ਗੁਰਦੁਆਰਾ ਨਨਕਾਣਾ ਸਾਹਿਬ ਨੇੜੇ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣਾਈ ਜਾਣ ਵਾਲੀ ਯੂਨੀਵਰਸਿਟੀ ਦੀ ਉਸਾਰੀ ਦਾ ਕੰਮ ਇਸ ਵਰ੍ਹੇ ਅਪਰੈਲ ਤੋਂ ਸ਼ੁਰੂ ਹੋ ਜਾਵੇਗਾ। ਇਹ ਜਾਣਕਾਰੀ ਇਥੇ ਪਾਕਿਸਤਾਨ ਦੇ ਸਾਬਕਾ ਸੰਸਦ ਮੈਂਬਰ ਰਾਏ ਅਜ਼ੀਜ਼ ਉੱਲਾ ਖਾਨ ਨੇ ਦਿੱਤੀ। ਉਹ ਇਥੇ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ। ਉਨ੍ਹਾਂ ਪਾਕਿਸਤਾਨ ਵਾਪਸੀ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਖਾਨ ਨੇ ਦੱਸਿਆ ਕਿ ਪਾਕਿਸਤਾਨ ਵਿਚ ਸ੍ਰੀ ਨਨਕਾਣਾ ਸਾਹਿਬ ਵਿਖੇ ਬਣਾਏ ਜਾਣ ਵਾਲੀ ਯੂਨੀਵਰਸਿਟੀ ਦੀ ਉਸਾਰੀ ਦਾ ਕੰਮ ਅਪਰੈਲ ਵਿੱਚ ਆਰੰਭ ਹੋ ਜਾਵੇਗਾ। ਇਸ ਦਾ ਨੀਂਹ ਪੱਥਰ ਪਹਿਲਾਂ ਹੀ ਰੱਖਿਆ ਜਾ ਚੁੱਕਾ ਹੈ। ਇਹ ਯੂਨੀਵਰਸਿਟੀ ਪਾਕਿਸਤਾਨ ਵਿਚ ਅਜਿਹੀ ਪਹਿਲੀ ਯੂਨੀਵਰਸਿਟੀ ਹੋਵੇਗੀ ਜੋ ਸਿੱਖ ਗੁਰੂ ਸਾਹਿਬਾਨ ਦੇ ਨਾਂ 'ਤੇ ਬਣਾਈ ਜਾਵੇਗੀ।

ਤਾਲਿਬਾਨ ਦੇ ਡਰ ਕਾਰਨ ਸਵਾਤ ਘਾਟੀ ਛੱਡ ਕੇ ਵੱਖ-ਵੱਖ ਗੁਰਦੁਆਰਿਆਂ ਵਿਚ ਪਨਾਹ ਲਈ ਬੈਠੇ ਸਿੱਖ ਪਰਿਵਾਰਾਂ ਬਾਰੇ ਉਨ੍ਹਾਂ ਦੱਸਿਆ ਕਿ ਸਵਾਤ ਘਾਟੀ ਦੇ ਹਾਲਾਤ ਵਿਚ ਸੁਧਾਰ ਆਇਆ ਹੈ ਅਤੇ ਗੁਰਦੁਆਰਿਆਂ ਵਿੱਚ ਬੈਠੇ ਪਰਿਵਾਰਾਂ ਨੇ ਆਪੋ-ਆਪਣੇ ਘਰਾਂ ਨੂੰ ਪਰਤਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਅਫ਼ਗਾਨਿਸਤਾਨ ਰਸਤੇ ਤਾਲਿਬਾਨ ਦੀ ਘੁਸਪੈਠ ਰੋਕਣ ਲਈ ਅਫਗਾਨਿਸਤਾਨ ਸਰਹੱਦ ਸੀਲ ਕਰਨ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਤਹਿਤ ਅਫਗਾਨਿਸਤਾਨ ਸਰਹੱਦ 'ਤੇ ਚੌਕਸੀ ਵਧਾਈ ਜਾਵੇਗੀ।

# ਪਾਕਿਸਤਾਨ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਧਾਮ

ਗੁਰੂ ਨਾਨਕ ਦੇਵ ਜੀ ਦਾ ਜਨਮ ਜਿਸ ਸਥਾਨ 'ਤੇ ਹੋਇਆ, ਉਹ ਨਨਕਾਣਾ ਸਾਹਿਬ ਦਾ ਮੁੱਖ ਗੁਰਦੁਆਰਾ ਹੈ ਜਿਸ ਨੂੰ ਸਥਾਨਕ ਲੋਕਾਂ ਦੁਆਰਾ 'ਯਾਦਗਾਰ' ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਇਸ ਨਗਰ ਦਾ ਨਾਂ ਤਲਵੰਡੀ ਰਾਇ ਭੋਇ ਸੀ ਅਤੇ ਉਸ ਤੋਂ ਪਹਿਲਾਂ ਰਾਇਪੁਰ। ਇਹ ਪਰਗਣਾ ਸ਼ਕਰਪੁਰ ਅਤੇ ਜ਼ਿਲਾ ਸ਼ੇਖ਼ੂਪੁਰਾ ਦਾ ਛੋਟਾ ਜਿਹਾ ਨਗਰ ਸੀ। ਨਨਕਾਣਾ ਸਾਹਿਬ ਵਿਚ 9 ਇਤਿਹਾਸਕ ਗੁਰਦੁਆਰਾ ਸਾਹਿਬ ਹਨ ਜਿਨ੍ਹਾਂ ਵਿਚੋਂ 6 ਗੁਰੂ ਨਾਨਕ ਸਾਹਿਬ ਨਾਲ ਸਬੰਧਤ ਹਨ।

ਗੁਰਦੁਆਰਾ ਯਾਦਗਾਰ (ਜਨਮ ਅਸਥਾਨ) ਦੇ ਨਾਲ ਹੀ ਸੱਜੇ ਹੱਥ ਗਲੀ ਵਿਚ ਗੁਰਦੁਆਰਾ ਪੱਟੀ ਸਾਹਿਬ ਮੌਜੂਦ ਹੈ। ਜਿਥੇ 1475 ਈ. ਵਿਚ ਗੁਰੂ ਸਾਹਿਬ ਨੂੰ ਪੰਡਿਤ ਗੋਪਾਲ ਹਿੰਦੀ, 1478 ਈ. ਵਿਚ ਪੰਡਿਤ ਬ੍ਰਿਜ ਲਾਲ ਪਾਸ ਸੰਸਕ੍ਰਿਤ ਅਤੇ ਸੰਨ 1482 ਈ. ਵਿਚ ਮੌਲਵੀ ਕੁਤਬੁਦੀਨ ਪਾਸ ਫਾਰਸੀ ਪੜ੍ਹਨ ਲਈ ਬਿਠਾਇਆ ਗਿਆ ਪਰ ਸੱਚੀ ਜੋਤ ਦੇ ਮਾਲਕ ਗੁਰੂ ਨਾਨਕ ਸਾਹਿਬ ਨੇ ਆਪਣੇ ਤਿੰਨਾਂ ਉਸਤਾਦਾਂ ਨੂੰ ਆਪਣੇ ਆਤਮਿਕ ਬਲ ਨਾਲ ਸ਼ਾਗਿਰਦ ਬਣਾ ਕੇ ਸਮਝਾਇਆ ਕਿ ਵਿੱਦਿਆ ਦੇ ਤੱਤ ਜਾਣੇ ਬਿਨਾਂ ਪੜ੍ਹਿਆ ਹੋਇਆ ਆਦਮੀ ਵੀ ਮੂਰਖ ਹੈ।

ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਥੋੜ੍ਹੀ ਦੂਰੀ 'ਤੇ ਮੌਜੂਦ ਗੁਰਦੁਆਰਾ ਤੰਬੂ ਸਾਹਿਬ ਵਿਚ ਤੰਬੂ ਦੀ ਤਰ੍ਹਾਂ ਫੈਲੇ ਬੋਹੜ ਦੇ ਵਿਸ਼ਾਲ ਦਰੱਖਤ ਬਾਰੇ ਵਿਦਵਾਨਾਂ ਦਾ ਕਹਿਣਾ ਹੈ ਕਿ ਜਦੋਂ ਕਾਲੂ ਚੰਦ ਜੀ ਨੇ ਗੁਰੂ ਜੀ ਨੂੰ 20 ਰੁਪਏ ਦੇ ਕੇ ਸੌਦਾ (ਵਪਾਰ) ਕਰਨ ਲਈ ਭੇਜਿਆ ਤਾਂ ਆਪ ਜੀ ਮੌਜੂਦਾ ਗੁਰਦੁਆਰਾ ਸੱਚਾ ਸੌਦਾ (ਫਾਰੂਖ਼ਾਬਾਦ, ਚੂਹੜਕਾਣੇ) ਦੇ ਸਥਾਨ 'ਤੇ ਭੁੱਖੇ ਵਿਦਵਾਨ ਸਾਧੂਆਂ ਨੂੰ ਭੋਜਨ ਕਰਵਾ ਕੇ ਇਸੇ ਬੋਹੜ ਦੇ ਦਰੱਖਤ ਦੇ ਸਥਾਨ 'ਤੇ ਵਾਪਸੀ ਵੇਲੇ ਰੁਕੇ ਸਨ।

ਗੁਰਦੁਆਰਾ ਪੱਟੀ ਸਾਹਿਬ ਦੇ ਬਿਲਕੁਲ ਨਾਲ ਹੀ ਗੁਰਦੁਆਰਾ ਬਾਲ ਲੀਲਾ ਦੇ ਸਥਾਨ 'ਤੇ ਗੁਰੂ ਜੀ ਬਾਲ ਉਮਰ ਵਿਚ ਆਪਣੇ ਹਾਣੀਆਂ ਨਾਲ ਖੇਡਦੇ ਹੁੰਦੇ ਸਨ। ਤਲਵੰਡੀ ਰਾਇ ਭੋਇ ਦੇ ਹਾਕਮ ਰਾਇ ਬੁਲਾਰ ਨੇ ਗੁਰਦੁਆਰੇ ਦੇ ਪਾਸ ਹੀ ਪੂਰਬ ਵੱਲ ਨਾਨਕ ਸਾਹਿਬ ਦੇ ਨਾਂ 'ਤੇ ਨਾਨਕਸਰ ਸਰੋਵਰ ਤਿਆਰ ਕਰਵਾਇਆ। ਇਸ ਅਸਥਾਨ ਤੋਂ ਕੋਈ ਡੇਢ ਕੁ ਕਿਲੋਮੀਟਰ ਦੀ ਦੂਰੀ 'ਤੇ ਮੌਜੂਦ ਗੁਰਦੁਆਰਾ ਕਿਆਰਾ ਸਾਹਿਬ ਬਾਰੇ ਜਨਮ ਸਾਖੀਆਂ ਵਿਚ ਲਿਖਿਆ ਗਿਆ ਹੈ ਕਿ ਗੁਰੂ ਸਾਹਿਬ ਬਚਪਨ ਵਿਚ ਇਕ ਦਿਨ ਮੱਝਾਂ ਚਰਾਉਣ ਲਈ ਖੇਤਾਂ ਵੱਲ ਲੈ ਗਏ। ਰੁੱਖ ਦੀ ਛਾਂ ਹੇਠ ਬੈਠਿਆਂ ਗੁਰੂ ਸਾਹਿਬ ਦੀ ਸੁਰਤਿ ਨਿਰੰਕਾਰ ਨਾਲ ਜੁੜ ਗਈ ਤੇ ਮੱਝਾਂ ਕਿਸੇ ਕਿਸਾਨ ਦੀ ਫਸਲ ਵਿਚ ਜਾ ਵੜੀਆਂ। ਜਦੋਂ ਉਸ ਖੇਤ ਦੇ ਕਿਸਾਨ ਨੇ ਮੱਝਾਂ ਨੂੰ ਉਸ ਦੇ ਖੇਤ ਵਿਚ ਚਰਦਿਆਂ ਦੇਖਿਆ ਤਾਂ ਉਹ ਅੱਗ-ਬਬੂਲਾ ਹੋ ਗਿਆ। ਉਸ ਦੇ ਮੰਦੇ ਬੋਲ ਸੁਣ ਕੇ ਗੁਰਦੇਵ ਦੀ ਅੱਖ ਖੁੱਲ੍ਹ ਗਈ। ਕਿਸਾਨ ਨੇ ਝੱਟ ਜਾ ਕੇ ਇਸ ਦੀ ਸ਼ਿਕਾਇਤ ਹਾਕਮ ਰਾਇ ਬੁਲਾਰ ਅੱਗੇ ਕੀਤੀ। ਗੁਰੂ ਜੀ ਨੇ ਮੱਝਾਂ ਘਰ ਵੱਲ ਨੂੰ ਹੱਕ ਲਈਆਂ ਅਤੇ ਵਾਪਸੀ 'ਤੇ ਜਦੋਂ ਉਨ੍ਹਾਂ ਪਿਆਰ ਭਰੀ ਨਿਗਾਹ ਨਾਲ ਖੇਤ ਵੱਲ ਤੱਕਿਆ ਤਾਂ ਉਸ ਕਿਸਾਨ ਦਾ ਖੇਤ ਮੁੜ ਹਰਿਆ-ਭਰਿਆ ਹੋ ਗਿਆ। ਕਿਸਾਨ ਦੀ ਸ਼ਿਕਾਇਤ ਸੁਣ ਕੇ ਜਦੋਂ ਰਾਇ ਬੁਲਾਰ ਨੇ ਆਪਣੇ ਆਦਮੀ ਫਸਲ ਦੇਖਣ ਘੱਲੇ ਤਾਂ ਖੇਤ ਹਰਿਆ-ਭਰਿਆ ਸੀ। ਇਹ ਕੌਤਕ ਦੇਖ ਰਾਇ ਬੁਲਾਰ ਸਮੇਤ ਹੋਰ ਹਿੰਦੂਆਂ ਤੇ ਮੁਸਲਮਾਨਾਂ ਵਿਚ ਗੁਰੂ ਸਾਹਿਬ ਦਾ ਮਾਣ-ਸਤਿਕਾਰ ਹੋਰ ਵਧ ਗਿਆ। ਇਸੇ ਤਰ੍ਹਾਂ ਨਨਕਾਣਾ ਸਾਹਿਬ ਵਿਚ ਇਕ ਹੋਰ ਪਾਵਨ ਅਸਥਾਨ ਗੁਰਦੁਆਰਾ ਮਾਲ ਜੀ ਸਾਹਿਬ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਬਾਲ ਉਮਰ ਦੇ ਕੌਤਕਾਂ ਨਾਲ ਸਬੰਧਤ ਹੈ।

# ਭਾਰਤੀ ਵਿਦਿਆਰਥੀਆਂ ਦੇ ਰੇਡੀਓ ਕਾਲਰ ਲਾਉਣ ਦੀ ਸੇਖਵਾਂ ਵਲੋਂ ਨਿਖੇਧੀ

**ਬੇਕਰਜ਼ਫੀਲਡ (ਮਾਨ ਮਨਦੀਪ):** ਪੰਜਾਬ ਦੇ ਸਿੱਖਿਆ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਕੈਲੀਫੋਰਨੀਆ ਦੀ ਟਰਾਈ ਵੈਲੀ ਯੂਨੀਵਰਸਿਟੀ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੇ ਪੈਰਾਂ ਵਿਚ ਰੇਡੀਓ ਕਾਲਰ ਲਾਏ ਜਾਣ ਦੀ ਸਖਤ ਨਿਖੇਧੀ ਕੀਤੀ ਹੈ। ਜਥੇਦਾਰ ਸੇਖਵਾਂ ਨੇ ਅਮਰੀਕੀ ਪ੍ਰਸ਼ਾਸਨ ਦੀ ਇਸ ਕਾਰਵਾਈ ਨੂੰ ਗੈਰਮਾਨਵੀ ਕਰਾਰ ਦਿੰਦਿਆਂ ਆਖਿਆ ਕਿ ਉਹ ਇਸ ਸਬੰਧੀ ਭਾਰਤ ਦੇ ਵਿਦੇਸ਼ ਮੰਤਰੀ ਨਾਲ ਵੀ ਜਲਦ ਹੀ ਗੱਲ ਕਰਨਗੇ। ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਦੇ 1550 ਵਿਦਿਆਰਥੀਆਂ ਵਿਚੋਂ ਬਹੁ-ਗਿਣਤੀ ਭਾਰਤ ਦੇ ਆਂਧਰ ਪ੍ਰਦੇਸ਼ ਤੋਂ ਹੈ ਪਰ ਕੁਝ ਵਿਦਿਆਰਥੀ ਪੰਜਾਬ ਤੋਂ ਵੀ ਹਨ।

ਚੇਤੇ ਰਹੇ ਅਮਰੀਕੀ ਜਾਂਚ ਏਜੰਸੀਆਂ ਨੇ ਹਾਲ ਹੀ ਵਿਚ ਜਾਂਚ ਉਪਰੰਤ ਪਾਇਆ ਸੀ ਕਿ ਯੂਨੀਵਰਸਿਟੀ ਵਿਚ ਬਹੁਤੇ ਵਿਦਿਆਰਥੀ ਇੰਮੀਗਰੇਸ਼ਨ ਦੇ ਮਨੋਰਥ ਨਾਲ ਹੀ ਦਾਖਲ ਹੋਏ ਹਨ। ਇਹ ਭੇਦ ਉਦੋਂ ਖੁਲ੍ਹਿਆ ਜਦੋਂ ਯੂਨੀਵਰਸਿਟੀ ਦੇ ਹਜਾਰ ਤੋਂ ਵਧ ਵਿਦਿਆਰਥੀਆਂ ਦਾ ਐਡਰੈਸ ਸੰਨੀਵੇਲ ਦੇ ਇਕ ਬੈਡਰੂਮ ਅਪਾਰਟਮੈਂਟ ਦਾ ਦਿਖਾਇਆ ਗਿਆ ਮਿਲਿਆ। ਸ. ਸੇਖਵਾਂ ਨੇ ਆਖਿਆ ਕਿ ਵਿਦਿਆਰਥੀ 6000 ਡਾਲਰ ਸਾਲਾਨਾ ਫੀਸ ਦੇ ਕੇ ਯੂਨੀਵਰਸਿਟੀ ਵਿਚ ਦਾਖਲ ਹੋਏ ਸਨ। ਜੇ ਕੋਈ ਕਸੂਰ ਹੈ ਤਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਦਾ ਹੈ।

ਇਸੇ ਦੌਰਾਨ ਜਦੋਂ ਇਸ ਪੱਤਰਕਾਰ ਨੇ ਸੈਨ ਫਰਾਂਸਿਸਕੋ ਸਥਿਤ ਭਾਰਤੀ ਦੂਤਘਰ ਨਾਲ ਸੰਪਰਕ ਕੀਤਾ ਤਾਂ ਦੱਸਿਆ ਗਿਆ ਕਿ ਦੂਤਘਰ ਦੇ ਇਕ ਅਧਿਕਾਰੀ ਅਸ਼ੋਕ ਸਿਨਹਾ ਨੇ ਦੱਸਿਆ ਕਿ ਇਸ ਸਬੰਧੀ ਸ਼ਿਕਾਇਤਾਂ ਮਿਲਣ ਪਿਛੋਂ ਉਹ ਲਗਾਤਾਰ ਅਮਰੀਕੀ ਪ੍ਰਸ਼ਾਸਕੀ ਅਧਿਕਾਰੀਆਂ ਨਾਲ ਸੰਪਰਕ ਵਿਚ ਹਨ। ਦੂਜੇ ਪਾਸੇ ਜਦੋਂ ਅਮਰੀਕੀ ਹੋਮਲੈਂਡ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਮਾਮਲੇ ਦੀ ਜਾਂਚ ਚਲ ਰਹੀ ਹੈ ਅਤੇ ਪਤਾ ਲਾਇਆ ਜਾ ਰਿਹਾ ਹੈ ਕਿ ਇਸ ਮਾਮਲੇ ਵਿਚ ਦੋਸ਼ੀ ਵਿਦਿਆਰਥੀ ਹਨ ਜਾਂ ਯੂਨੀਵਰਸਿਟੀ। ਇਸੇ ਦੌਰਾਨ ਯੂਨੀਵਰਸਿਟੀ ਬੰਦ ਹੋਣ ਦੇ ਕੰਢੇ ਹੈ।

## ਜੈਕਾਰਾ ਮੂਵਮੈਂਟ ਨੇ ਮਨਾਈ ਧੀਆਂ ਦੀ ਲੋਹੜੀ

**ਬੇਕਰਜ਼ਫੀਲਡ (ਮਾਨ ਮਨਦੀਪ):** ਮਾਦਾ ਭਰੂਣ ਹੱਤਿਆ ਦੀ ਬੁਰਾਈ ਵਿਰੁਧ ਆਵਾਜ਼ ਬੁਲੰਦ ਕਰਨ ਅਤੇ ਕੁੜੀਆਂ ਲਈ ਬਰਾਬਰ ਦੇ ਹੱਕਾਂ ਦੀ ਗੱਲ ਕਰਨ ਦੇ ਮਨੋਰਥ ਨਾਲ ਜੈਕਾਰਾ ਮੂਵਮੈਂਟ ਗਰੁਪ ਵਲੋਂ ਲੰਘੇ ਸਨਿਚਰਵਾਰ ਦੀ ਰਾਤ ਸੈਲਮਾ ਕਸਬੇ ਵਿਚ ਧੀਆਂ ਦੀ ਲੋਹੜੀ ਮਨਾਈ ਗਈ। ਜ਼ਿਕਰਯੋਗ ਹੈ ਕਿ ਜੈਕਾਰਾ ਮੂਵਮੈਂਟ ਵਲੋਂ ਸਮਾਜ ਸੁਧਾਰ ਅਤੇ ਸਿੱਖੀ ਜੀਵਨ-ਜਾਚ ਦੇ ਹੱਕ ਵਿਚ ਵਖ ਵਖ ਉਪਰਾਲੇ ਕੀਤੇ ਜਾਂਦੇ ਹਨ।

ਧੀਆਂ ਦੀ ਲੋਹੜੀ ਦੇ ਸਮਾਗਮ ਦੌਰਾਨ ਇਕੱਤਰ ਹੋਏ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸੈਲਮਾ ਦੇ ਪ੍ਰਧਾਨ ਅਤੇ ਐਨ ਆਰ ਆਈ ਸਭਾ ਕੈਲੀਫੋਰਨੀਆ ਦੇ ਸੀਨੀਅਰ ਮੀਤ ਪ੍ਰਧਾਨ ਸ. ਰਾਜਵੀਰ ਸਿੰਘ ਪੰਨੂੰ ਨੇ ਆਖਿਆ ਕਿ ਉਨ੍ਹਾਂ ਵਲੋਂ ਜੈਕਾਰਾ ਮੂਵਮੈਂਟ ਨਾਲ ਮਿਲ ਕੇ ਭਰੂਣ ਹੱਤਿਆ ਖ਼ਿਲਾਫ ਲਹਿਰ ਵਿਢਦਿਆਂ ਇਹ ਪ੍ਰੋਗਰਾਮ ਕਰਵਾਇਆ ਗਿਆ ਹੈ। ਉਨ੍ਹਾਂ ਆਖਿਆ ਕਿ ਅਜ ਧੀਆਂ ਕਿਸੇ ਵੀ ਗੱਲੋਂ ਪੁਤਰਾਂ ਨਾਲੋਂ ਘੱਟ ਨਹੀਂ ਹਨ ਸਗੋਂ ਵਿਦਿਆ ਦੇ ਖੇਤਰ ਵਿਚ ਉਨ੍ਹਾਂ ਤੋਂ ਦੋ ਕਦਮ ਅਗੇ ਹੀ ਹਨ।

ਇਸ ਸਮਾਗਮ ਦੌਰਾਨ ਇਕੱਤਰ ਹੋਈਆਂ ਬੀਬੀਆਂ ਵਲੋਂ ਧੀਆਂ ਸਬੰਧੀ ਗੀਤ ਗਾਏ ਗਏ। ਲੋਹੜੀ ਦੀ ਖੁਸ਼ੀ ਵਿਚ ਮੂੰਗਫਲੀਆਂ ਅਤੇ ਰਿਓੜੀਆਂ ਵੰਡੀਆਂ ਗਈਆਂ। ਇਸ ਪ੍ਰੋਗਰਾਮ ਵਿਚ ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਆਪਣੇ ਪਰਿਵਾਰ ਸਮੇਤ ਪਹੁੰਚੇ। ਹੋਰ ਮਹਿਮਾਨਾਂ ਵਿਚ ਗੁਰਦੀਪ ਸਿੰਘ ਨਿੱਜਰ, ਹਰਮਿੰਦਰ ਸਿੰਘ ਗਿੱਲ, ਪੱਤਰਕਾਰ ਕੁਲਵੀਰ ਸਿੰਘ ਹੇਅਰ, ਸਿਮਰਨ ਪੰਨੂੰ, ਮਹਿਰਾਜ ਸਿੰਘ ਸੇਖਵਾਂ (ਸਪੁਤਰ ਸ. ਸੇਵਾ ਸਿੰਘ ਸੇਖਵਾਂ) ਅਤੇ ਜਪਨੂਰ ਕੌਰ ਵੀ ਸ਼ਾਮਲ ਸਨ।

*To Advertise with Punjab Times Call: 847-359-0746*












# ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇ
# ਸਮਾਜ ਸੁਧਾਰ ਲਹਿਰ 'ਧੀਆਂ

### ਉਨ੍ਹਾਂ ਸਾਰੇ ਹਮਦਰਦਾਂ ਦਾ ਧੰਨਵਾਦ ਜਿਨ੍ਹਾਂ ਮਾਇਕ ਤੌਰ 'ਤੇ ਮਦਦ ਕੀਤੀ, ਵਿਚਾਰਕ

**ਐਲ ਸਬਰਾਂਟੇ, ਕੈਲੀਫੋਰਨੀਆ:** ਅਮਰੀਕਨ ਸਿੱਖ ਇਤਿਹਾਸ 'ਚ ਪਹਿਲ ਕਦਮੀ ਕਰਦਿਆਂ, ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਵੱਲੋਂ ਸਮਾਜਿਕ ਕੁਰੀਤੀਆਂ ਦੇ ਖਿਲਾਫ, ਸ਼ੁਰੂ ਕੀਤੀ ਗਈ ਸਮਾਜ ਸੁਧਾਰ ਲਹਿਰ ਨੂੰ 'ਧੀਆਂ ਦੀ ਲੋਹੜੀ' ਰਾਹੀਂ ਦੂਸਰੇ ਸਾਲ ਵੀ ਭਰਪੂਰ ਹੁੰਗਾਰਾ ਮਿਲਿਆ। ਇਸ ਸੰਸਥਾ ਦੀ ਹਿੰਮਤ ਅਤੇ ਅਗਵਾਈ ਸਦਕਾ ਹੀ ਅੱਜ ਦੁਨੀਆਂ 'ਚ ਧੀਆਂ ਦੀ ਲੋਹੜੀ ਮਨਾਉਣ ਦੀ ਪਿਰਤ ਪਈ ਹੈ। 23 ਜਨਵਰੀ 2011 ਨੂੰ ਫਲਮਿੰਗੋ ਬੈਂਕੁਇਟ ਹਾਲ, ਵਾਲੇਹੋ ਵਿਖੇ ਦੁਪਹਿਰ 1 ਵਜੇ ਤੋਂ ਸ਼ਾਮ 9 ਵਜੇ ਤੱਕ ਬੱਚੀਆਂ-ਜਸਮੀਨ ਕੌਰ ਪੰਨੂ, ਕਿਰਨਦੀਪ ਕੌਰ, ਸਿਮਰਨ ਕੌਰ ਸੰਧੂ, ਲਵਨੀਤ ਕੌਰ ਪੰਨੂ, ਜਸਮੀਨ ਰਿਆੜ ਸਿੰਘ, ਅਲੀਨਾ ਕੌਰ ਧਨੋਆ, ਦਿਲਸਾਜ ਕੌਰ ਕਲੇਰ, ਜਸਲੀਨ ਕੌਰ ਰਾਣਾ, ਹਰਨੂਰ ਕੌਰ ਧਾਰੀਵਾਲ, ਹਰਸਿਮਰਨ ਕੌਰ ਵਾਹਲਾ, ਦਿਲਨੂਰ ਕੌਰ ਵੜੈਚ, ਹਰਪ੍ਰੀਤ ਕੌਰ, ਸਿਮਰਨਜੀਤ ਕੌਰ, ਤਰਨਦੀਪ ਕੌਰ ਸੈਣੀ, ਜੋਇਆ ਕੌਰ ਜੌਹਲ, ਸਰੀਨ ਚਮਨ, ਧੀਆਂ ਦੀ ਲੋਹੜੀ ਮਨਾਈ ਗਈ। ਉਪਰੰਤ ਗੁੱਤ ਮੁਕਾਬਲੇ ਅਤੇ ਜੂੜਾ ਮੁਕਬਲੇ ਹੋਏ ਜਿਸ 'ਚ ਬੱਚੀ ਤਰਨਦੀਪ ਕੌਰ ਸੈਣੀ ਅਤੇ ਕਾਕਾ ਅਜੀਤਪਾਲ ਸਿੰਘ ਜੇਤੂ ਰਹੇ।

ਪਰਿਵਾਰਾਂ ਨਾਲ ਭਰੇ ਖਚਾ ਖਚ ਹਾਲ ਵਿਚ ਡਾ. ਆਲਾ ਸਿੰਘ, ਸ. ਗੁਰਚਰਨ ਸਿੰਘ ਮਾਨ-ਰੇਡੀਓ ਚੜ੍ਹਦੀ ਕਲ੍ਹਾ, ਸ. ਗੁਰਬਚਨ ਸਿੰਘ ਜੌਹਲ-ਪ੍ਰਧਾਨ ਐਲ ਸਬਰਾਂਟੇ ਗੁਰੂ ਘਰ, ਸ. ਗੁਰਜੀਤ ਸਿੰਘ ਝਾਮਪੁਰ-ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ. ਝਿਰਮਲ ਸਿੰਘ ਵਾਹਲਾ-ਮੀਤ ਪ੍ਰਧਾਨ ਐਲ ਸਬਰਾਂਟੇ ਗੁਰੂ ਘਰ, ਸ. ਪਰਮਜੀਤ ਸਿੰਘ ਸੇਖੋਂ (ਦਾਖਾ)-ਪ੍ਰਧਾਨ ਦਲ ਖਾਲਸਾ ਅਲਾਇੰਸ, ਸ. ਸੁਖਵਿੰਦਰ ਸਿੰਘ ਤਲਵੰਡੀ-ਜਨਰਲ ਸਕੱਤਰ ਯੂਥ ਵਿੰਗ ਸ੍ਰੋਮਣੀ ਅਕਾਲੀ ਦਲ, ਬੀਬੀ ਨੀਲਮ ਸੈਣੀ ਪੰਜਾਬੀ ਸਾਹਿਤ ਸਭਾ, ਬੀਬੀ ਜਸਪਾਲ ਕੌਰ, ਬੀਬੀ ਨਵਜੋਤ ਕੌਰ, ਸ. ਸਰਬਜੀਤ ਸਿੰਘ ਸਾਜਨ, ਸ. ਸੇਵਾ ਸਿੰਘ ਬੈਨਾਪੁਰੀ, ਸ. ਪਰਮਿੰਦਰ ਸਿੰਘ ਪਰਵਾਨਾ, ਸੁਲਤਾਨ ਅਖਤਰ, ਸ. ਤਾਰਾ ਸਿੰਘ ਸਾਗਰ, ਸ. ਕੁਲਦੀਪ ਸਿੰਘ ਢੀਂਡਸਾ, ਪ੍ਰੋ. ਸੁਰਜੀਤ ਸਿੰਘ ਨਨੂਆ, ਸ. ਸੁਖਦੇਵ ਸਿੰਘ ਆਦਿ ਪੰਥਕ ਬੁਲਾਰਿਆਂ, ਕਵੀ ਜਨਾਂ ਅਤੇ ਨਾਭੇ ਵੀਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਸਿੱਖ ਸੱਭਿਆਚਾਰ ਦੀ ਰਾਖੀ ਲਈ ਆਪਣੇ ਸੁੰਦਰ ਵਿਚਾਰਾਂ ਰਾਹੀਂ ਸਾਂਝ ਪਾਈ। ਬੁਲਾਰਿਆਂ ਦੀਆਂ ਸਪੀਚਾਂ ਦੌਰਾਨ ਨਾਅਰੇ ਤੇ ਜੈਕਾਰੇ ਵੀ ਲਗਦੇ ਰਹੇ ਅਤੇ ਤਾੜੀਆਂ ਵੀ ਵੱਜਦੀਆਂ ਰਹੀਆਂ।

ਬੀਬੀ ਕੁਲਵੰਤ ਕੌਰ ਮੱਲੀ, ਬੀਬੀ ਸਤਿੰਦਰ ਕੌਰ ਵਾਹਲਾ, ਬੀਬੀ ਬਲਜਿੰਦਰ ਕੌਰ ਧਾਲੀਵਾਲ, ਬੀਬੀ ਮਨਜੀਤ ਕੌਰ ਸੇਖੋਂ, ਬੀਬੀ ਦੁਪਿੰਦਰ ਕੌਰ ਜੌਹਲ, ਬੀਬੀ ਸੁਖਵਿੰਦਰ ਕੌਰ, ਬੀਬੀ ਜਸਮਿੰਦਰ ਕੌਰ, ਆਦਿ ਨੇ ਲੋਹੜੀ ਵਾਲੀਆਂ ਬੱਚੀਆਂ ਦੇ ਕੇਕ ਕੱਟਣ ਦੀ ਰੀਤ ਪੂਰੀ ਕਰਾਉਂਦਿਆਂ ਆਏ ਸਮੰਹ ਪਰਿਵਾਰਕ ਮੈਂਬਰਾਂ ਨੂੰ ਕੇਕ, ਮੂੰਗਫਲੀ ਤੇ ਰਿਊੜੀਆਂ ਵੰਡਣ ਦੇ ਨਾਲ ਨਾਲ ਲੋਹੜੀ ਦੀ ਅੱਗ ਵੀ ਬਾਲੀ ਗਈ। ਕੇਕ ਕਟਣ ਤੋਂ ਪਹਿਲਾਂ ਬੱਚਿਆਂ ਵੱਲੋਂ ਪਟਾਕਿਆਂ ਵਾਲੀਆਂ ਤੋਪਾਂ ਚਲਾਈਆਂ ਗਈਆਂ। ਬੀਬੀਆਂ ਵੱਲੋਂ ਧੀਆਂ ਸਬੰਧੀ ਸ਼ਗਨਾਂ ਦੇ ਗੀਤ, ਬੋਲੀਆਂ, ਗਿੱਧਾ, ਭੰਗੜਾ, ਰਾਹੀਂ ਵੀ ਖੂਬ ਪਰਿਵਾਰਕ ਤੇ ਸਮਾਜਿਕ ਰੰਗ ਬੰਨਿਆ ਗਿਆ।

ਲੋਹੜੀ ਵਾਲੀਆਂ ਧੀਆਂ, ਸਿੱਖ ਸਮਾਜ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਮੁੱਖ ਸ਼ਖਸੀਅਤਾਂ ਅਤੇ ਗੁੱਤ ਤੇ ਜੂੜਾ ਮੁਕਾਬਲੇਆਂ 'ਚ ਜੇਤੂ ਬੱਚਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ। ਸਾਲ 2010 ਦੀ ਧੀਆਂ ਦੀ ਲੋਹੜੀ ਵਾਲੇ ਪ੍ਰੋਗਰਾਮ ਦੀ ਡੀ ਵੀ ਡੀ ਅਤੇ ਪਰਮਿੰਦਰ ਸਿੰਘ ਪਰਵਾਨਾ ਦੀ ਲਿਖੀ ਧੀਆਂ ਨੂੰ ਸਮਰਪਿਤ ਪੁਸਤਕ ਉਘੀਆਂ ਸ਼ਖਸੀਅਤਾਂ ਵੱਲੋਂ ਰਿਲੀਜ਼ ਕੀਤੀ ਗਈ। ਦਲ ਖਾਲਸਾ ਅਲਾਇੰਸ ਦੇ ਕੌਮੀ ਪ੍ਰਧਾਨ ਅਤੇ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੇ ਫਾਊਂਡਰ (ਬਾਨੀ) ਭਾਈ ਪਰਮਜੀਤ ਸਿੰਘ ਸੇਖੋਂ ਦਾਖਾ ਵੱਲੋਂ ਲਿਖੀ ਹੋਈ ਪੁਸਤਕ 'ਵਿਚਾਰ ਇਕ ਹਥਿਆਰ' ਵੱਡੀ ਗਿਣਤੀ ਵਿਚ ਮੁਫਤ ਵੰਡੀ ਗਈ। ਬੱਚਿਆਂ ਨੂੰ ਪਟਾਕਿਆਂ ਦੇ ਨਾਲ ਨਾਲ ਖੇਡਾਂ ਵੀ ਵੰਡੀਆਂ ਗਈਆਂ ਜਿਸ ਨਾਲ ਬੱਚੇ ਵੀ ਆਪਣੀ ਮਸਤੀ ਵਾਲੇ ਦੌਰ 'ਚ ਮਸਤ ਰਹੇ। ਇਸ ਸਾਰੇ ਪ੍ਰੋਗਰਾਮ ਨੂੰ ਰੇਡੀਓ ਚੜ੍ਹਦੀ ਕਲਾ ਰਾਹੀਂ ਸ. ਗੁਰਚਰਨ ਸਿੰਘ ਮਾਨ ਵੱਲੋਂ ਲਾਈਵ ਸੁਣਾਇਆ ਗਿਆ। ਸਟੇਜ

















**ਜਾਰੀ ਕਰਤਾ** ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੇ ਕਮੇਟੀ ਮੈਂਬਰ-ਡਾ. ਆਲਾ ਸਿੰਘ, ਸ. ਗੁਰਚਰਨ ਸਿੰਘ ਮਾਨ, ਸ. ਪਰਮਜੀਤ ਸਿੰਘ ਸੇਖੋਂ (ਦਾਖਾ), ਸ. ਗੁਰਪ੍ਰੀਤ ਸਿੰਘ ਢਿਲੋਂ, ਸ. ਜਸਵੀਰ ਸਿੰਘ ਤੱਖਰ, ਸ. ਗੁਰਬਚਨ ਸਿੰਘ ਜੌਹਲ, ਸ. ਝਿਰਮਲ ਸਿੰਘ ਵਾਹਲਾ, ਬੀਬੀ ਕੁਲਵੰਤ ਕੌਰ ਮੱਲ੍ਹੀ, ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਸ. ਸੁਖਵਿੰਦਰ ਸਿੰਘ ਤਲਵੰਡੀ, ਸ. ਰਾਮ ਸਿੰਘ, ਡਾ. ਅਰਜਿੰਦਰਪਾਲ ਸਿੰਘ ਸੇਖੋਂ, ਸ. ਅਮਰਜੀਤ ਸਿੰਘ ਝਾਂਡੇ, ਸ. ਬਚਿੱਤਰ ਸਿੰਘ ਟਾਇਗਰ, ਸ. ਬਲਵੰਤ ਸਿੰਘ ਮੱਲਾ।

# ਟੀ ਵੱਲੋਂ ਮਾਦਾ ਭਰੂਣ ਹੱਤਿਆ ਦੇ ਖਿਲਾਫ ਦੀ ਲੋਹੜੀ' ਨੂੰ ਭਰਵਾਂ ਹੁੰਗਾਰਾ

## ਤੌਰ 'ਤੇ ਸੇਧ ਦਿੱਤੀ ਅਤੇ ਸਰੀਰਕ ਤੌਰ 'ਤੇ ਕੰਮਾਂ ਵਿਚ ਹੱਥ ਵਟਾਇਆ।

ਦੀ ਸੇਵਾ ਸ. ਸੁਖਵਿੰਦਰ ਸਿੰਘ ਸੰਘੇੜਾ ਨੇ ਬਹੁਤ ਹੀ ਸੁਚਜੇ ਢੰਗ ਨਾਲ ਨਿਭਾਈ।

ਪ੍ਰਬੰਧਕਾਂ ਵੱਲੋਂ ਇਸ ਸਾਰੇ ਪ੍ਰੋਗਰਾਮ ਵਿਚ ਆਂਡਾ ਮੀਟ ਸ਼ਰਾਬ ਦੀ ਮਨਾਹੀ 'ਤੇ ਸਖਤੀ ਨਾਲ ਪਹਿਰਾ ਦਿੱਤਾ ਗਿਆ ਅਤੇ ਕਿਸੇ ਵੀ ਤਰ੍ਹਾਂ ਦੀ ਮਾੜੀ ਘਟਨਾ ਟਾਲਣ ਲਈ ਸਕਿਉਰਿਟੀ ਦਾ ਸਖਤ ਪ੍ਰਬੰਧ ਕੀਤਾ ਗਿਆ ਸੀ। ਪ੍ਰੋਗਰਾਮ ਪ੍ਰਤੀ ਲੋਕਾਂ ਵਿਚ ਇੰਨਾ ਉਤਸ਼ਾਹ ਸੀ ਕਿ ਪਹੁੰਚੇ ਹੋਏ ਪਰਿਵਾਰਕ ਮੈਂਬਰਾਂ 'ਚੋਂ ਕੋਈ ਨਾ ਕੋਈ ਜਾਂ ਤਾਂ ਕੈਮਰਿਆਂ ਨਾਲ ਫੋਟੋਆਂ ਖਿਚੀ ਜਾ ਰਿਹਾ ਸੀ ਜਾਂ ਮੂਵੀਆਂ ਬਣਾਈ ਜਾ ਰਿਹਾ ਸੀ। ਆਏ ਮਹਿਮਾਨਾਂ ਲਈ ਚਾਹ ਪਾਣੀ ਅਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।












































**ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ** **International Sikh Sabhiachar Society**

1700 Shattuck Ave, #303 Berkeley, CA 94709 sikhsabhiachar@gmail.com Ph:510-774-5909

ਫੋਟੋਆਂ ਅਤੇ ਵੀਡੀਓ
ਇੰਦਰ 510-205-6520

# ਸਿਟੀ ਕੌਂਸਲ ਮੈਂਬਰ ਰੱਸਲ ਜਾਨਸਨ ਦਾ ਸਨਮਾਨ

**ਬੇਕਰਜ਼ਫੀਲਡ (ਮਾਨ ਮਨਦੀਪ):** ਗੁਰਦੁਆਰਾ ਅੰਗਦ ਦਰਬਾਰ, ਬੇਕਰਜ਼ਫੀਲਡ ਦੀ





ਪ੍ਰਬੰਧਕ ਕਮੇਟੀ ਅਤੇ ਐਨ ਆਰ ਆਈ ਸਭਾ, ਅਮਰੀਕਾ ਵਲੋਂ ਸਥਾਨਕ ਸਿਟੀ ਕੌਂਸਲ ਮੈਂਬਰ ਰੱਸਲ ਜਾਨਸਨ ਦਾ ਸਨਮਾਨ ਕਰਨ ਲਈ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ ਜਿਸ ਵਿਚ ਸਥਾਨਕ ਪੰਜਾਬੀ ਭਾਈਚਾਰੇ ਦੇ ਪਤਵੰਤੇ ਸੱਜਣ ਹਾਜ਼ਰ ਹੋਏ। ਇਥੇ ਜ਼ਿਕਰਯੋਗ ਹੈ ਕਿ ਰੱਸਲ ਜਾਨਸਨ ਨੂੰ ਬੇਕਰਜ਼ਫੀਲਡ ਸਿਟੀ ਕੌਂਸਲ ਦੇ ਮੈਂਬਰ ਵਜੋਂ ਸਹੁੰ ਚੁੱਕਿਆਂ ਅਜੇ ਦੋ ਮਹੀਨੇ ਵੀ ਨਹੀਂ ਹੋਏ ਅਤੇ ਉਨ੍ਹਾਂ ਇਸ ਸਮੇਂ ਦੌਰਾਨ ਪੰਜਾਬੀ ਭਾਈਚਾਰੇ ਦੀਆਂ ਕਈ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਉਤੇ ਹੱਲ ਕਰਵਾ ਦਿੱਤਾ ਹੈ। ਇਨ੍ਹਾਂ ਵਿਚ ਸਭ ਤੋਂ ਅਹਿਮ ਗੁਰੂ ਅੰਗਦ ਦਰਬਾਰ ਨੂੰ ਸਥਾਨਕ ਵਾਟਰ ਸਪਲਾਈ ਕੰਪਨੀ ਵਲੋਂ ਭੇਜੇ ਗਏ ਪਾਣੀ ਦੇ 8,000 ਡਾਲਰ ਦੇ ਪੁਰਾਣੇ ਬਿਲ ਨੂੰ ਤਰਕ ਅਤੇ ਦਲੀਲ ਦੇ ਆਧਾਰ 'ਤੇ ਮੁਆਫ ਕਰਵਾਏ ਜਾਣਾ ਹੈ।

ਇਸ ਸਮਾਗਮ ਵਿਚ ਬੋਲਦਿਆਂ ਸ੍ਰੀ ਰੱਸਲ ਜਾਨਸਨ ਨੇ ਆਖਿਆ ਕਿ ਉਨ੍ਹਾਂ ਦੇ ਹਲਕੇ ਵਿਚ ਅਗਰ ਕਿਸੇ ਨੂੰ ਵੀ ਕੋਈ ਸਮੱਸਿਆ ਦਰਪੇਸ਼ ਆਉਂਦੀ ਹੈ ਤਾਂ ਉਹ ਉਸ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਤਿਆਰ ਹਨ। ਇਸ ਸਮਾਗਮ ਵਿਚ ਪੰਜਾਬੀ ਭਾਈਚਾਰੇ ਦੀ ਤਰਫੋਂ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਮਦਦ ਲਈ ਸ੍ਰੀ ਜਾਨਸਨ ਦਾ ਉਚੇਚਾ ਧੰਨਵਾਦ ਕੀਤਾ।

ਇਸ ਮੌਕੇ ਮਿਸ ਰੇਨਾ ਦਾ ਉਚੇਚਾ ਸਨਮਾਨ ਵੀ ਕੀਤਾ ਗਿਆ ਜਿਨ੍ਹਾਂ ਨੇ 2010 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਭਾਈਚਾਰੇ ਨੂੰ ਸੁਚੇਤ ਕਰਨ ਲਈ ਇਕ ਜ਼ੋਰਦਾਰ ਮੁਹਿੰਮ ਚਲਾਈ ਸੀ। ਇਸ ਸਮਾਗਮ ਵਿਚ ਗੁਰੂ ਘਰ ਦੇ ਪ੍ਰਧਾਨ ਸੁਖਬੀਰ ਸਿੰਘ ਸੰਧੂ ਤੋਂ ਇਲਾਵਾ ਹਾਜ਼ਰ ਪਤਵੰਤੇ ਸੱਜਣਾਂ ਵਿਚ ਜਗਦੀਸ਼ ਢਿੱਲੋਂ, ਤੇਜਪਾਲ ਨਿਕਸਨ, ਛਿੰਦਾ ਉਪਲ, ਜੀਤਾ ਮਾਣਕ, ਅਮਰੀਕ ਸਿੰਘ ਸੈਕਟਰੀ, ਅਜੀਤ ਬਸਰਾ, ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ਰਾਏ, ਹਰਜਾਪ ਸਿੰਘ ਜਾਪੀ, ਡਾ. ਮਨਬੀਰ ਸਿੰਘ, ਗੁਰਦੀਪ ਸਿੰਘ ਢੀਂਡਸਾ, ਸ਼ਿਵਚਰਨ ਸਿੰਘ ਬੁੱਟਰ ਮੌਜੂਦ ਸਨ।



ਇਸੇ ਦੌਰਾਨ ਇਕ ਵੱਖਰੇ ਬਿਆਨ ਵਿਚ ਸ੍ਰੀ ਜਾਨਸਨ ਨੇ ਕੁਝ ਸਮਾਂ ਪਹਿਲਾਂ ਬੇਕਰਜ਼ਫੀਲਡ ਵਿਚ ਕਤਲ ਕਰ ਦਿਤੇ ਗਏ ਨੌਜਵਾਨ ਸਤਵੰਤ ਸੱਤੀ ਦੇ ਹਤਿਆਰਿਆਂ ਨੂੰ ਫੜਨ ਵਿਚ ਪੁਲਿਸ ਵਲੋਂ ਦਿਖਾਈ ਜਾ ਰਹੀ ਕਥਿਤ ਢਿੱਲ-ਮੱਠ ਦੀ ਗੱਲ ਕਰਦਿਆਂ ਕਿਹਾ ਕਿ ਉਹ ਇਸ ਸਬੰਧੀ ਛੇਤੀ ਹੀ ਪੁਲਿਸ ਮੁਖੀ ਨਾਲ ਸੰਪਰਕ ਕਰਨਗੇ ਅਤੇ ਇਸ ਕਤਲ ਦੀ ਗੁੱਥੀ ਨੂੰ ਜਲਦ ਸੁਲਝਾਉਣ ਲਈ ਕਹਿਣਗੇ। ਜ਼ਿਕਰਯੋਗ ਹੈ ਕਿ ਕੋਈ ਦੋ ਕੁ ਮਹੀਨੇ ਪਹਿਲਾਂ ਇਥੋਂ ਦੇ ਇਕ ਹੋਣਹਾਰ ਤੇ ਮਿਲਾਪੜੇ ਨੌਜਵਾਨ ਸੱਤੀ ਦਾ ਕਤਲ ਕਰ ਦਿਤਾ ਗਿਆ ਸੀ ਅਤੇ ਕਾਤਲ ਅਜੇ ਤੱਕ ਫਰਾਰ ਹਨ। ਇਸੇ ਦੌਰਾਨ ਸੱਤੀ ਦੀ ਯਾਦ ਵਿਚ ਇਕ ਸੰਸਥਾ ਬਣਾਉਣ ਦੀ ਗੱਲ ਵੀ ਤੁਰੀ ਪਰ ਇਹ ਗੱਲ ਅਜੇ ਤੱਕ ਕਿਸੇ ਸਿਰੇ ਨਹੀਂ ਲੱਗੀ।



# ਪੰਜਾਬੀ ਪ੍ਰੈਸ ਕਲੱਬ ਫਰਿਜ਼ਨੋ ਵਲੋਂ ਨਾਮਵਰ ਲੇਖਕਾਂ ਤੇ ਅਹਿਮ ਸ਼ਖਸੀਅਤਾਂ ਦਾ ਸਨਮਾਨ

**ਫਰਿਜ਼ਨੋ:** ਸਥਾਨਕ ਪੱਤਰਕਾਰਾਂ ਦੀ ਸੰਸਥਾ ਪੰਜਾਬੀ ਪ੍ਰੈਸ ਕਲੱਬ ਫਰਿਜ਼ਨੋ ਵਲੋਂ ਇਥੇ ਇੰਡੀਅਨ ਓਵਨ ਰੈਸਟੋਰੈਂਟ ਵਿਚ ਕਰਵਾਏ ਗਏ ਇਸ ਦੇ ਪਹਿਲੇ ਐਵਾਰਡ ਸਮਾਰੋਹ ਵਿਚ ਕਈ ਉਘੇ ਪੱਤਰਕਾਰਾਂ ਅਤੇ ਸਾਹਿਤਕ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਲੋਕ ਗਾਇਕ 'ਯਾਦਾਂ ਦੇਸ ਪੰਜਾਬ ਦੀਆਂ' ਫੇਮ ਬੱਬੂ ਗੁਰਪਾਲ, 'ਨਿਸ਼ਾਨਾ' ਫੇਮ ਜਤਿੰਦਰ ਜਰਗੀਆ ਅਤੇ 'ਛੱਲੇ ਮੁੰਦੀਆਂ' ਫੇਮ ਸੁਖਵਿੰਦਰ ਪੰਛੀ ਨੇ ਸੰਗੀਤਕ ਰੰਗ ਭਰੇ।

ਕਲੱਬ ਵਲੋਂ ਲੇਖਕ ਤੇ ਚਿੰਤਕ ਡਾ. ਗੁਰੂਮੇਲ ਸਿੱਧੂ ਨੂੰ 'ਸਮੇਂ ਦੀ ਸੋਚ' ਐਵਾਰਡ, ਕਹਾਣੀਕਾਰ ਕਰਮ ਸਿੰਘ ਮਾਨ ਨੂੰ 'ਪੰਜਾਬੀਅਤ ਦਾ ਮਾਣ' ਐਵਾਰਡ, ਉਘੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਨੂੰ 'ਕਲਮ ਦਾ ਧਨੀ' ਐਵਾਰਡ, ਕਵੀ ਤੇ ਲੇਖਕ ਦਿਲ ਨਿੱਜਰ ਨੂੰ 'ਤਰੰਨਮ ਦੀ ਪੈੜ' ਐਵਾਰਡ ਅਤੇ ਲੇਖਕ ਹਰਕੇਸ਼ ਸਿੰਘ ਕੇਹਿਲ ਨੂੰ 'ਸਾਹਿਤ ਸਿਰਜਣਾ' ਐਵਾਰਡ ਦਿਤਾ ਗਿਆ। ਪੱਤਰਕਾਰ ਜਗਜੀਤ ਸਿੰਘ ਥਿੰਦ ਦਾ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਨਿਭਾਈਆਂ ਨਿਸ਼ਕਾਮ ਸੇਵਾਵਾਂ ਦੇ ਬਦਲੇ 'ਲਾਈਫ ਟਾਈਮ ਅਚੀਵਮੈਂਟ' ਐਵਾਰਡ ਦੇ ਕੇ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਉਘੇ ਸਮਾਜ ਸੇਵੀ ਸ. ਮਹਿੰਦਰ ਸਿੰਘ ਗਰੇਵਾਲ, ਸਨਵਾਕੀਨ ਸਿਟੀ ਦੇ ਮੇਅਰ ਰੂਬੀ ਧਾਲੀਵਾਲ, ਡਾ. ਸੁਦਰਸ਼ਨ ਕਪੂਰ, ਸ਼ੈਰਿਫ ਅਫਸਰ ਅਤੇ ਰੇਡੀਓ ਹੋਸਟ ਗੁਰਪ੍ਰੀਤ ਧਾਲੀਵਾਲ, ਉਘੇ ਗੀਤਕਾਰ ਅਤੇ ਲੇਖਕ ਸ੍ਰੀ ਅਸ਼ੋਕ ਭੌਰਾ ਦਾ ਭਾਈਚਾਰਕ ਸੇਵਾਵਾਂ ਬਦਲੇ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਤੋਂ ਪਹਿਲਾਂ ਸਮਾਗਮ ਦੀ ਸ਼ੁਰੂਆਤ ਕਰਦਿਆਂ ਪੱਤਰਕਾਰ ਤੇ ਲੇਖਕ ਸ. ਕੁਲਵੀਰ ਹੇਅਰ ਨੇ ਆਏ ਮਹਿਮਾਨਾਂ ਨੂੰ ਜੀ ਅਇਆਂ ਆਖਿਆ। ਪੰਜਾਬੀ ਪ੍ਰੈਸ ਕਲੱਬ ਦੇ ਮੋਢੀ ਮੈਂਬਰ ਗੁਰਿੰਦਰਜੀਤ (ਨੀਟਾ ਮਾਛੀਕੇ) ਨੇ ਸਮਾਗਮ ਸਬੰਧੀ ਪਰਚਾ ਪੜ੍ਹਿਆ ਅਤੇ ਆਏ ਮਹਿਮਾਨਾਂ, ਲੇਖਕਾਂ, ਪੱਤਰਕਾਰਾਂ, ਅਤੇ ਸਪਾਂਸਰਾਂ ਨੂੰ ਜੀ ਅਇਆਂ ਆਖਿਆ।

ਟੈਕਸਸ ਤੋਂ ਉਚੇਚੇ ਤੌਰ ਤੇ ਪਹੁੰਚੇ ਅਮੈਰਿਕਨ ਪੰਜਾਬੀ ਪ੍ਰੈਸ ਕਲੱਬ, ਡੈਲਸ ਦੇ ਪ੍ਰਧਾਨ ਸ. ਹਰਜੀਤ ਸਿੰਘ ਢੇਸੀ ਅਤੇ ਮੈਂਬਰ ਅਮ੍ਰਿਤ ਵਿਰਕ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਤਰਲੋਚਨ ਸਿੰਘ ਦੁਪਾਲਪੁਰ, ਮਹਿੰਦਰ ਸਿੰਘ ਗਰੇਵਾਲ, ਦਲਵੀਰ ਨਿੱਜਰ, ਹਰਕੇਸ਼ ਸਿੰਘ ਕਹਿਲ, ਅਮ੍ਰਿਤ ਸਿੰਘ ਵਿਰਕ, ਹਰਜੀਤ ਸਿੰਘ ਢੇਸੀ, ਰੂਬੀ ਧਾਲੀਵਾਲ, ਗੁਰਪ੍ਰੀਤ ਧਾਲੀਵਾਲ, ਮਿੱਕੀ ਸਰਾਂ ਨੇ ਇਸ ਸਮਾਗਮ ਨੂੰ ਸੰਬੋਧਨ ਕੀਤਾ ਅਤੇ ਵਿਦੇਸ਼ਾਂ ਵਿਚਲੀ ਪੰਜਾਬੀ ਪੱਤਰਕਾਰੀ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪੰਜਾਬੀ ਪ੍ਰੈਸ ਕਲੱਬ ਫਰਿਜ਼ਨੋ ਦੇ ਇਸ ਉਪਰਾਲੇ ਲਈ ਵਧਾਈ ਦਿੱਤੀ।

ਸਮਾਗਮ ਦੇ ਦੂਜੇ ਹਿੱਸੇ ਵਿਚ ਨੰਨ੍ਹੀਆਂ ਮੁੰਨੀਆਂ ਬੱਚੀਆਂ ਦੀ ਗਿੱਧਾ ਟੀਮ 'ਰੰਗਲਾ ਵਿਹੜਾ' ਨੇ ਲੋਕ ਨਾਚ ਗਿੱਧਾ ਖੂਬਸੂਰਤ ਅੰਦਾਜ ਵਿਚ ਪੇਸ਼ ਕੀਤਾ। ਬਹਾਦਰ ਸਿੰਘ ਸਿੱਧੂ ਨੇ 'ਰੋਡਵੇਜ਼ ਦੀ ਬੱਸ' ਵੱਖ ਵੱਖ ਕਲਾਕਾਰਾਂ ਦੇ ਅੰਦਾਜ਼ ਵਿਚ ਗਾ ਕੇ ਮਾਹੌਲ ਨੂੰ ਖੁਸ਼ਗਵਾਰ ਬਣਾਇਆ। ਬੇਏਰੀਏ ਤੋਂ ਆਏ ਨੌਜਵਾਨ ਕਨਵਰ ਗਿੱਲ ਨੇ ਇੰਗਲਿਸ਼ ਵਿਚ ਰੈਪ 'ਸਨ ਆਫ ਸਰਦਾਰ' ਗਾ ਕੇ ਕਮਾਲ ਕਰ ਦਿਤੀ। ਮਿੱਕੀ ਸਰਾਂ ਨੇ ਇਕ ਗੀਤ ਗਾ ਕੇ ਹਾਜ਼ਰੀ ਲਵਾਈ। ਬੱਬੂ ਗੁਰਪਾਲ ਜਿਸ ਨੂੰ ਪਿਆਰ ਨਾਲ ਸਰੋਤਿਆਂ ਵਲੋਂ ਮਿੰਨੀ ਗੁਰਦਾਸ ਮਾਨ ਵੀ ਕਿਹਾ ਜਾਂਦਾ ਹੈ, ਨੇ 'ਮੈਂ ਨੀ ਮਾਂ ਮੇਰਾ ਮੁਰਸ਼ਿਦ ਉਚਾ', 'ਪੈਸੇ ਦੇ ਸਨਮਾਨ ਖਰੀਦੋ ਨਾਂ' ਅਤੇ ਹੋਰ ਗੀਤ ਗਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਸੰਗੀਤ ਨਿਰਦੇਸ਼ਕ ਪੱਪੀ ਭਦੌੜ ਨੇ ਧਾਰਮਿਕ ਅਤੇ ਇਕ ਧੀਆਂ ਨੂੰ ਸਮਰਪਿਤ ਗੀਤ 'ਦੇ ਦੇ ਮਾਏਂ ਲੋਰੀ ਨੀ' ਬੜੇ ਖੂਬਸੂਰਤ ਅੰਦਾਜ਼ ਵਿਚ ਪੇਸ਼ ਕਰਕੇ ਪ੍ਰੋਗਰਾਮ ਨੂੰ ਇਕ ਵਧੀਆ ਸ਼ੁਰੂਆਤ ਦਿੱਤੀ।

ਗਾਇਕ ਜਤਿੰਦਰ ਜਰਗੀਆ ਨੇ ਸੁਰੀਲੇ ਅਤੇ ਵੱਖਰੇ ਅੰਦਾਜ਼ ਵਿਚ 'ਸ਼ਾਲਾ ਜਿਥੇ ਵੀ ਰਹੇਂ ਤੂੰ ਵਸਦਾ ਰਹੇਂ", 'ਸਜਨਾ ਤੇਰੀ ਮਹਿਫਲ ਵਿਚ ਮਹਿਮਾਨ ਬਦਲਦੇ ਰਹਿੰਦੇ ਨੇ', "ਕਿਵੇਂ ਕਹਿ ਦਿਆਂ ਮੈ ਨਹੀਂ ਪੀਣੀ ਯਾਰ ਪਲਾਉਂਦਾ ਹੈ' ਆਦਿ ਗੀਤ ਪੇਸ਼ ਕਰ ਕੇ ਵਧੀਆ ਹਾਜਰੀ ਲਵਾਈ। 'ਛੱਲੇ ਮੁੰਦੀਆਂ' ਵਾਲੇ ਸੁਰੀਲੇ ਗਾਇਕ ਸੁਖਵਿੰਦਰ ਪੰਛੀ ਨੇ ਇਕ ਤੋਂ ਬਾਅਦ ਇਕ ਹਿੱਟ ਗੀਤ 'ਕੀ ਦਮ ਦਾ ਭਰੋਸਾ ਯਾਰ ਦਮ ਆਵੇ ਨਾ ਆਵੇ", 'ਸਾਡੀ ਮੁੰਦਰੀ ਸੱਜਣਾ ਵੇ ਮੋੜ ਨਿਸ਼ਾਨੀ' ਅਤੇ 'ਮਿਰਜਾ' ਗਾ ਕੇ ਸਮਾਗਮ ਨੂੰ ਸਿਖਰ ਤੇ ਪਹੁੰਚਾਇਆ।

ਇਸ ਸਮਾਗਮ ਲਈ ਮਾਇਕ ਸਹਾਇਤਾ ਦੇਣ ਵਾਲੇ ਸਪਾਂਸਰ ਸ. ਅਰਵਿੰਦਰ ਸਿੰਘ ਲਾਖਨ (ਪ੍ਰਧਾਨ ਯੂਥ ਸ਼੍ਰੋਮਣੀ ਅਕਾਲੀ ਦਲ ਕੈਲੇਫੋਰਨੀਆ), ਗੋਲਡ ਸਪਾਂਸਰ ਗਿੱਲ ਇੰਸ਼ੋਰੈਂਸ ਦੇ ਮਾਲਕ ਅਤੇ ਫਰਿਜ਼ਨੋਂ ਕਾਊਂਟੀ ਦੇ ਪਲੈਨਿੰਗ ਕਮਿਸ਼ਨਰ ਹੈਰੀ ਗਿੱਲ, ਸਿਲਵਰ ਸਪਾਂਸਰ ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ, ਅਮੈਰਿਕਨ ਪੰਜਾਬੀ ਪ੍ਰੈਸ ਕਲੱਬ ਡੈਲਸ, ਜੁਗਰਾਜ ਸਿੰਘ (ਰਾਣਾ), ਨੀਟੂ ਬਡਿਆਲ, ਕਰਮਜੀਤ ਸਿੰਘ ਗਰੇਵਾਲ ਪੋਟਰਵਿਲ, ਗੁਰਦੀਪ ਸਿੰਘ ਚੌਹਾਨ (ਦੀਪਾ ਬੁਲਡਾਗ ਟਰੱਕਿੰਗ), ਨਾਜਰ ਸਿੰਘ ਸਹੋਤਾ, ਹਾਕਮ ਸਿੰਘ ਢਿੱਲੋਂ, ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਪਾਲ ਸਹੋਤਾ, ਮਹਿੰਦਰ ਸਿੰਘ ਸੰਧਾਵਾਲੀਆ, ਜਗਦੇਵ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਪਰਮਜੀਤ ਸਿੰਘ ਧਾਲੀਵਾਲ, ਸੁਖਵੀਰ ਸਿੰਘ ਭੰਡਾਲ, ਮਨਪ੍ਰੀਤ ਸਿੰਘ ਗਿੱਲ, ਓਮਨੀ ਵੀਡੀਓ ਬੇਕਰਜ਼ਫੀਲਡ ਦੇ ਸ਼ਿਆਰਾ ਸਿੰਘ ਢੀਂਡਸਾ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਕਲਾਕਾਰਾਂ ਬੱਬੂ ਗੁਰਪਾਲ, ਜਤਿੰਦਰ ਜਰਗੀਆ, ਸੁਖਵਿੰਦਰ ਪੰਛੀ ਅਤੇ ਸੰਗੀਤ ਨਿਰਦੇਸ਼ਕ ਪੱਪੀ ਭਦੌੜ ਨੂੰ ਵੀ ਸਨਮਾਨਿਤ ਕੀਤਾ ਗਿਆ।

ਸਟੇਜ ਸੱਕਤਰ ਸ. ਕੁਲਵੀਰ ਸਿੰਘ ਹੇਅਰ ਅਤੇ ਬਹਾਦਰ ਸਿੱਧੂ ਨੇ ਮੰਚ ਸੰਚਾਲਨ ਬਖੂਬੀ ਕਰਦਿਆਂ ਪੱਤਰਕਾਰੀ ਨਾਲ ਸਬੰਧਿਤ ਲਤੀਫੇ ਅਤੇ ਸ਼ੇਅਰ ਸੁਣਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਪੱਤਰਕਾਰੀ ਨਾਲ ਸਬੰਧਿਤ ਕਵਿਤਾ 'ਪੱਤਰਕਾਰੀ ਦੀ ਕਾਰ ਵੀ ਬਹੁਤ ਔਖੀ, ਸੱਚ ਝੂਠ ਨਿਖਾਰਨਾ ਪੈ ਜਾਂਦਾ' ਪੜ੍ਹੀ।

ਫਰਿਜ਼ਨੋ ਦੀਆਂ ਸਭਿਆਚਾਰਕ, ਸਮਾਜਕ ਅਤੇ ਧਾਰਮਿਕ ਸੰਸਥਾਵਾਂ-ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ, ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਪੰਜਾਬੀ ਕਲਚਰਲ ਐਸੋਸੀਏਸ਼ਨ, ਡਇਮੰਡ ਕਲੱਬ ਫਰਿਜ਼ਨੋ ਚੈਪਟਰ, ਮਾਲਵਾ ਵੈਲਫੇਅਰ ਐਸੋਸੀਏਸ਼ਨ ਅਤੇ ਰਾਜ ਬਰਾੜ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਸਮਾਗਮ ਦੇ ਪ੍ਰਬੰਧ ਵਿਚ ਪੰਜਾਬੀ ਪ੍ਰੈਸ ਕਲੱਬ ਦੇ ਮੈਂਬਰਾਂ ਕੁਲਵੀਰ ਹੇਅਰ, ਗੁਰਿੰਦਰਜੀਤ (ਨੀਟਾ ਮਾਛੀਕੇ), ਬਹਾਦਰ ਸਿੰਘ ਸਿੱਧੂ, ਗੁਰਮੀਤ ਗਾਜੀਆਣਾ, ਅਤੇ ਅਮਰਜੀਤ ਸਿੰਘ ਦੌਧਰ ਨੇ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ। ਫੋਟੋਆਂ ਅਤੇ ਵੀਡੀਓ ਦੀ ਸੇਵਾ ਓਮਨੀ ਵੀਡਓ ਬੇਕਰਜ਼ਫੀਲਡ ਦੇ ਸ਼ਿਆਰਾ ਸਿੰਘ ਢੀਡਸਾ ਨੇ ਕੀਤੀ।



ਪੰਜਾਬੀ ਪ੍ਰੈਸ ਕਲੱਬ ਫਰਿਜ਼ਨੋ ਦੇ ਨੁਮਾਇੰਦੇ ਸ. ਦੁਪਾਲਪੁਰ ਦਾ ਸਨਮਾਨ ਕਰਦੇ ਹੋਏ


All Star Auto Care
Grand Opening
27165 Mission Blvd, HAYWARD CA 94544 (Next to Tandoor Restaurant)



Guljender Dhami
Master Technician

Oil Change
Special
Look
Up to 5Qts
10-30 or 10-40 Oil
$19.95
Plus disposal fee.
Free Safety Check.
Cash Only
With this coupon only most Cars.
Light Trucks & Vans Extra.

Tune-up Package
Starting at $89 Reg. $145
Spark Plugs, Cap & Rotor, Most Cars,
Light Trucks & Vans extra.

Brake Special
Front or Rear
Starting at $89.99 Reg. $130
Free Tire Rotation
Turn Rotors or Brakes Extra.
With this coupon.

Phone:510-885-0666

## ਭਾਰਤ ਸਮਝੌਤਾ ਐਕਸਪ੍ਰੈਸ ਕਾਂਡ ਦੀ ਜਾਂਚ ਪਾਕਿ ਨਾਲ ਸਾਂਝੀ ਕਰੇਗਾ

**ਡੈਵੋਸ:** ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ 2007 ਵਿਚ ਸਮਝੌਤਾ ਐਕਸਪ੍ਰੈਸ ਵਿਚ ਹੋਏ ਬੰਬ ਧਮਾਕੇ ਦੀ ਜਾਂਚ ਮੁਕੰਮਲ ਹੋਣ 'ਤੇ ਇਹ ਜਾਂਚ ਰਿਪੋਰਟ ਪਾਕਿਸਤਾਨ ਨਾਲ ਵੀ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਅਜਿਹਾ ਕਦੇ ਵੀ ਨਹੀਂ ਕਿਹਾ ਕਿ ਇਸ ਬੰਬ ਧਮਾਕੇ ਦੀ ਰਿਪੋਰਟ ਪਾਕਿਸਤਾਨ ਨੂੰ ਨਹੀਂ ਸੌਂਪੀ ਜਾਵੇਗੀ। ਸ੍ਰੀ ਚਿਦੰਬਰਮ ਨੇ ਕਿਹਾ ਕਿ ਉਨ੍ਹਾਂ ਨੇ ਇਸ ਬੰਬ ਧਮਾਕੇ ਬਾਰੇ ਜਾਰੀ ਜਾਂਚ ਬਾਰੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੂੰ ਸੂਚਨਾ ਦੇ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਹਿੰਦੂ ਗਰੁੱਪ ਅਭਿਨਵ ਭਾਰਤ ਦੇ ਮੈਂਬਰ ਸਵਾਮੀ ਅਸੀਮਾਨੰਦ ਨੇ ਅਦਾਲਤ ਵਿਚ ਕਬੂਲ ਕਰ ਲਿਆ ਹੈ ਕਿ ਸਮਝੌਤਾ ਐਕਸਪ੍ਰੈਸ ਬੰਬ ਧਮਾਕੇ ਵਿਚ ਉਸ ਦੀ ਵੀ ਮਿਲੀਭੁਗਤ ਹੈ। ਪਹਿਲਾਂ ਇਕ ਟੈਲੀਵਿਜ਼ਨ ਇੰਟਰਵਿਊ ਵਿਚ ਸ੍ਰੀ ਚਿਦੰਬਰਮ ਨੇ ਮੰਨਿਆ ਕਿ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਪ੍ਰੋਗਰਾਮਾਂ ਲਈ ਦਿੱਤੇ ਜਾ ਰਹੇ ਧਨ ਦੀ ਦੁਰਵਰਤੋਂ ਹੋ ਰਹੀ ਹੈ।

# ਪਾਕਿ 'ਚ ਸਫ਼ੀਰ ਦੀ ਗ੍ਰਿਫ਼ਤਾਰੀ 'ਤੇ ਅਮਰੀਕਾ ਖ਼ਫਾ

**ਇਸਲਾਮਾਬਾਦ:** ਪਾਕਿਸਤਾਨ ਵਿਚ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਮਾਰ ਦੇਣ ਵਾਲੇ ਅਮਰੀਕੀ ਸਫ਼ੀਰ ਦੀ ਗ੍ਰਿਫ਼ਤਾਰੀ ਤੋਂ ਅਮਰੀਕਾ ਕਾਫੀ ਖਫ਼ਾ ਹੋ ਗਿਆ ਹੈ। ਉਸ ਨੇ ਆਪਣੇ ਅਧਿਕਾਰੀ ਦੀ ਤੁਰੰਤ ਰਿਹਾਈ ਦੀ ਮੰਗ ਕਰਦਿਆਂ ਕਿਹਾ ਹੈ ਕਿ ਇਹ ਗ੍ਰਿਫ਼ਤਾਰੀ ਗੈਰ-ਕਾਨੂੰਨੀ ਹੈ। ਉਧਰ ਇਸ ਮੁੱਦੇ 'ਤੇ ਪਾਕਿ ਥਲ ਸੈਨਾ ਦੇ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਨੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੂੰ ਸਲਾਹ ਦਿੱਤੀ ਹੈ ਕਿ ਉਹ ਇਸ ਮਾਮਲੇ ਬਾਰੇ ਸੋਚ ਸਮਝ ਕੇ ਕਦਮ ਚੁੱਕਣ।

ਦੱਸਣਯੋਗ ਹੈ ਕਿ ਅਮਰੀਕੀ ਡਿਪਲੋਮੈਟ ਰੇਅਮੰਡ ਡੇਵਿਸ ਨੇ ਬੀਤੇ ਦਿਨ ਲਾਹੌਰ ਦੀ ਸੜਕ 'ਤੇ ਉਸ ਨੂੰ ਕਥਿਤ ਤੌਰ 'ਤੇ ਲੁੱਟਣ ਦੀ ਕੋਸ਼ਿਸ਼ ਕਰਨ ਵਾਲੇ ਦੋ ਨੌਜਵਾਨਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ ਤੇ ਡੇਵਿਸ ਦੀ ਮਦਦ ਲਈ ਆ ਰਹੀ ਅਮਰੀਕੀ ਕੌਂਸਲਖਾਨੇ ਦੀ ਤੇਜ਼ ਰਫਤਾਰ ਗੱਡੀ ਨੇ ਇਕ ਰਾਹਗੀਰ ਨੂੰ ਮਾਰ ਦਿੱਤਾ ਸੀ। ਅਮਰੀਕਾ ਦੇ ਪਾਕਿ ਵਿਚਲੇ ਸਫ਼ਾਰਤਖਾਨੇ ਨੇ ਸਥਾਨਕ ਸਰਕਾਰ ਨੂੰ ਕਿਹਾ ਹੈ ਕਿ ਉਹ ਡੇਵਿਸ ਨੂੰ ਤੁਰੰਤ ਰਿਹਾਅ ਕਰੇ। ਉਸ ਦੀ ਗ੍ਰਿਫਤਾਰੀ ਕੌਮਾਂਤਰੀ ਨਿਯਮਾਂ ਤੇ ਵੀਆਨਾ ਕਨਵੈਨਸ਼ਨ ਦੀ ਉਲੰਘਣਾ ਹੈ। ਅਮਰੀਕੀ ਸਫ਼ੀਰ ਕੈਮਰੋਨ ਮੰਟਰ ਬੀਤੇ ਦਿਨ ਇਸ ਬਾਰੇ ਗ੍ਰਹਿ ਮੰਤਰੀ ਰਹਿਮਾਨ



ਮਲਿਕ ਨੂੰ ਮਿਲੇ। ਇਸ ਤੋਂ ਇਲਾਵਾ ਅਮਰੀਕਾ ਵਿਚਲੇ ਪਾਕਿ ਸਫ਼ਾਰਤਖਾਨੇ ਨਾਲ ਵੀ ਉਥੋਂ ਦੀ ਸਰਕਾਰ ਨੇ ਰਾਬਤਾ ਬਣਾਇਆ ਹੋਇਆ ਹੈ।

ਇਸ ਦੌਰਾਨ ਜਨਰਲ ਕਿਆਨੀ ਨੇ ਰੇਅਮੰਡ ਡੇਵਿਸ ਦੇ ਮਾਮਲੇ ਵਿਚ ਗ੍ਰਹਿ ਮੰਤਰੀ ਮਲਿਕ ਨੂੰ ਲੋੜ ਤੋਂ ਵੱਧ ਅਹਿਤਿਆਤ ਵਰਤਣ ਦੀ ਸਲਾਹ ਦਿੱਤੀ ਹੈ। ਫੌਜ ਮੁਖੀ ਨੇ ਮਲਿਕ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਇਸ ਮਾਮਲੇ ਵਿਚ ਅੱਗੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਇਹ ਗੱਲ ਧਿਆਨ ਵਿਚ ਰੱਖੀ ਜਾਵੇ ਕਿ ਅਮਰੀਕਾ ਦੇ ਪਾਕਿ ਨਾਲ ਸਫ਼ਾਰਤੀ ਤੇ ਫੌਜੀ ਸਬੰਧ ਹਨ।

## ਅਮਰੀਕਾ ਤੇ ਪਾਕਿ ਵਿਚਾਲੇ ਕਸ਼ਮਕਸ਼ ਵਧੀ

**ਵਾਸ਼ਿੰਗਟਨ:** ਮੁੰਬਈ ਹਮਲਿਆਂ ਦੀ ਜਾਂਚ ਦੌਰਾਨ ਇਸ ਕਾਰੇ ਦੀਆਂ ਤਾਰਾਂ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਨਾਲ ਜੁੜਦੀਆਂ ਜਾ ਰਹੀਆਂ ਹਨ ਤੇ ਇਸ ਕਾਰਨ ਵਾਸ਼ਿੰਗਟਨ ਤੇ ਇਸਲਾਮਾਬਾਦ ਦਰਮਿਆਨ ਟਕਰਾਅ ਪੈਦਾ ਹੋ ਸਕਦਾ ਹੈ। ਤਾਜ਼ਾ ਮੀਡੀਆ ਰਿਪੋਰਟਾਂ ਅਨੁਸਾਰ ਮੁੰਬਈ ਕੇਸ ਕਰਕੇ ਵਾਸ਼ਿੰਗਟਨ ਤੇ ਇਸਲਾਮਾਬਾਦ ਦਰਮਿਆਨ ਅਣ-ਬਣ ਪੈਦਾ ਹੋ ਸਕਦੀ ਹੈ। ਅਮਰੀਕੀ ਅਟਾਰਨੀ ਜਨਰਲ ਐਰਿਕ ਐਚ. ਹੋਲਡਰ ਨੇ ਇਸ ਕਾਂਡ ਵਿਚ ਕਤਲ ਹੋਏ ਛੇ ਅਮਰੀਕੀਆਂ ਦੇ ਦੋਸ਼ੀਆਂ ਨੂੰ ਕਾਨੂੰਨ ਮੁਤਾਬਕ ਸਜ਼ਾਵਾਂ ਦਿਵਾਉਣ ਦਾ ਅਹਿਦ ਲਿਆ ਹੈ ਤੇ ਕਿਹਾ ਹੈ ਕਿ ਮੁੰਬਈ ਤੇ ਡੈਨਮਾਰਕ ਦੇ ਕੇਸਾਂ ਦੇ ਇਸਤਗਾਸਾ ਦੀ ਦੇਖ-ਰੇਖ ਸ਼ਿਕਾਗੋ ਵਿਚ ਅਮਰੀਕੀ ਅਟਾਰਨੀ ਪੈਟ੍ਰਿਕ ਫਿਟਜ਼ੈਰਾਲਡ ਕਰ ਰਹੇ ਹਨ। ਸ੍ਰੀ ਰੌਟੇਲਾ ਨੇ ਲਿਖਿਆ ਕਿ ਮੁੰਬਈ ਹਮਲਿਆਂ ਦੇ ਤਕਰੀਬਨ ਅੱਧੀ ਦਰਜਨ ਅਹਿਮ ਮੁਲਜ਼ਮ ਹਾਲੇ ਵੀ ਫਰਾਰ ਹਨ ਤੇ ਇਸ ਦੀ ਬਹੁਤੀ ਸੰਭਾਵਨਾ ਨਹੀਂ ਹੈ ਕਿ ਪਾਕਿਸਤਾਨ ਕਿਸੇ ਵੀ ਸ਼ੱਕੀ ਮੁਲਜ਼ਮ ਨੂੰ ਅਮਰੀਕਾ ਦੇ ਹਵਾਲੇ ਕਰੇਗਾ।ਇਕ ਸੀਨੀਅਰ ਪਾਕਿਸਤਾਨੀ ਅਧਿਕਾਰੀ ਨੇ ਲਿਖਿਆ ਹੈ ਕਿ ਮੁੰਬਈ ਹਮਲਿਆਂ ਵਿਚ ਪਾਕਿਸਤਾਨੀ ਸਰਕਾਰ ਦੀ ਸ਼ਮੂਲੀਅਤ ਦਾ ਇਹ ਮੁੱਦਾ ਉਸ ਵੇਲੇ ਕਿਉਂ ਉਠਾਇਆ ਜਾ ਰਿਹਾ ਜਦੋਂ ਪਾਕਿਸਤਾਨ ਤੇ ਭਾਰਤ ਆਪਣੇ ਆਪਸੀ ਮੁੱਦਿਆਂ ਨੂੰ ਗੰਭੀਰਤਾ ਨਾਲ ਹੱਲ ਕਰਨ ਲੱਗੇ ਹੋਏ ਹਨ। ਮੁੰਬਈ ਵਾਰਦਾਤ ਕਾਰਨ ਭਾਰਤ ਨੂੰ ਦੋਵਾਂ ਦੇਸ਼ਾਂ ਦਰਮਿਆਨ ਵਿਵਾਦਪੂਰਨ ਮੁੱਦਿਆਂ ਤੋਂ ਟਾਲ਼ਾ ਵੱਟਣ ਦਾ ਬਹਾਨਾ ਮਿਲ ਗਿਆ ਸੀ।

# ਨੀਦਰਲੈਂਡ ਨੇ ਇਰਾਨ ਨਾਲੋਂ ਨਾਤਾ ਤੋੜਿਆ

**ਤਹਿਰਾਨ:** ਇਰਾਨ 'ਚ ਜਨਮੀ ਤੇ ਡੱਚ ਨਾਗਰਿਕ ਬਣੀ ਜ਼ਾਹਰਾ ਬਹਰਾਮੀ (46) ਨੂੰ 30 ਜਨਵਰੀ ਨੂੰ ਫਾਂਸੀ ਦੇ ਦਿੱਤੀ ਗਈ। ਉਸ 'ਤੇ ਨਸ਼ੀਲੇ ਪਦਾਰਥ ਰੱਖਣ ਤੇ ਵੇਚਣ ਦਾ ਦੋਸ਼ ਲਾਇਆ ਗਿਆ ਸੀ। ਅਸਲ ਵਿਚ ਉਹ ਸਰਕਾਰ ਵਿਰੋਧੀ ਮੁਜ਼ਾਹਰਿਆਂ 'ਚ ਹਿੱਸਾ ਲੈਣ ਦੇ ਦੋਸ਼ ਹੇਠ ਪਹਿਲਾਂ ਹੀ ਗ੍ਰਿਫ਼ਤਾਰ ਸੀ। ਡੱਚ ਵਿਦੇਸ਼ ਮੰਤਰੀ ਉਰੀ ਰੋਸੈਂਥਲ ਨੇ ਬਹਰਾਮੀ ਨੂੰ ਫਾਂਸੀ ਦੇਣ ਦੀ ਨਿੰਦਾ ਕਰਦਿਆਂ ਇਸ ਨੂੰ ਘਿਨਾਉਣੀ ਕਾਰਵਾਈ ਕਰਾਰ ਦਿੱਤਾ ਹੈ।

ਇਰਾਨ ਦੇ ਰਾਜਦੂਤ ਵੱਲੋਂ ਇਸ ਫਾਂਸੀ ਬਾਰੇ ਨੀਦਰਲੈਂਡਜ਼ ਸਰਕਾਰ ਨੂੰ ਜਾਣਕਾਰੀ ਦੇਣ ਪਿਛੋਂ ਉਥੋਂ ਦੀ ਸਰਕਾਰ ਨੇ ਇਰਾਨ ਨਾਲੋਂ ਹਰੇਕ ਤਰ੍ਹਾਂ ਦੇ ਸਬੰਧ ਤੋੜਨ ਦਾ ਐਲਾਨ ਕਰ ਦਿੱਤਾ।

ਇਰਾਨ ਸਰਕਾਰ ਅਨੁਸਾਰ ਬਹਰਾਮੀ ਨੇ ਆਪਣੇ ਨੈਦਰਲੈਂਡਜ਼ ਸਬੰਧਾਂ ਦੀ ਵਰਤੋਂ ਕਰਕੇ ਕੋਕੀਨ ਦੀ ਸਮਗਲਿੰਗ ਕੀਤੀ। ਉਸ ਦੇ ਘਰ ਦਸੰਬਰ 2009 ਵਿਚ ਛਾਪਾ ਮਾਰ ਕੇ 150 ਗ੍ਰਾਮ ਕੋਕੀਨ ਤੇ 420 ਗ੍ਰਾਮ ਅਫੀਮ ਬਰਾਮਦ ਕੀਤੀ ਸੀ।

ਇਹ ਵੀ ਸੱਚਾਈ ਹੈ ਕਿ ਉਸ ਦੌਰਾਨ ਬਹਰਾਮੀ ਨੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ ਜਿਸ ਕਾਰਨ ਉਸ ਦੀ ਗ੍ਰਿਫਤਾਰੀ ਹੋਈ ਸੀ। ਸਮਝਿਆ ਜਾ ਰਿਹਾ ਹੈ ਕਿ ਇਹ ਮੁਕੱਦਮਾ ਬਾਅਦ ਵਿਚ ਬਣਾਇਆ ਗਿਆ ਜਿਸ ਤਹਿਤ ਉਸ ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ। ਨੀਦਰਲੈਂਡ ਨੇ ਬੀਬੀ ਜ਼ਾਹਰਾ ਦੀ ਗ੍ਰਿਫਤਾਰੀ ਖਿਲਾਫ ਵੀ ਰੋਸ ਜ਼ਾਹਿਰ ਕੀਤਾ ਸੀ।

# ਵਿਕੀਲੀਕਸ ਵੱਲੋਂ 'ਗੁਪਤ ਕੋਡ' ਨਸ਼ਰ ਕਰਨ ਦੀ ਚਿਤਾਵਨੀ

**ਨਿਊਯਾਰਕ:** ਵਿਕੀਲੀਕਸ ਨੇ ਬਾਨੀ ਜੂਲੀਅਨ ਅਸਾਂਜ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਵੈੱਬਸਾਈਟ ਪੱਕੇ ਤੌਰ 'ਤੇ ਬੰਦ ਕਰ ਦਿੱਤੀ ਤਾਂ ਉਹ ਉਨ੍ਹਾਂ ਗੁਪਤ ਕੋਡਾਂ ਨੂੰ ਨਸ਼ਰ ਕਰ ਦੇਵੇਗਾ ਜਿਨ੍ਹਾਂ ਵਿਚ ਵੱਡੀ ਮਾਤਰਾ ਵਿਚ ਗੁਪਤ ਜਾਣਕਾਰੀ ਹੈ।

ਸੀ.ਬੀ.ਐਸ. ਨਿਊਜ਼ ਦੇ '60 ਮਿੰਟਜ਼' ਪ੍ਰੋਗਰਾਮ ਵਿਚ ਇੰਗਲੈਂਡ ਦੇ ਕੰਟਰੀ ਹਾਊਸ ਜਿੱਥੇ ਉਸ ਨੂੰ ਨਜ਼ਰਬੰਦ ਰੱਖਿਆ ਗਿਆ ਹੈ, ਤੋਂ ਗੱਲਬਾਤ ਵਿਚ ਹਿੱਸਾ ਲੈਂਦਿਆਂ ਜੂਲੀਅਨ ਅਸਾਂਜ ਨੇ ਦੱਸਿਆ ਕਿ ਸਾਰੀ ਖੁਫੀਆ ਸੂਚਨਾ ਦਾ ਭੰਡਾਰ ਇਕ ਲੱਖ ਲੋਕਾਂ ਕੋਲ ਸਾਂਭ ਕੇ ਰੱਖਿਆ ਗਿਆ ਹੈ ਤੇ ਜੇ ਵਿਕੀਲੀਕਸ ਵੈੱਬਸਾਈਟ ਨੂੰ ਬੰਦ ਕਰ ਦਿੱਤਾ ਜਾਂਦਾ ਹੈ ਤਾਂ ਇਨ੍ਹਾਂ ਲੋਕਾਂ ਨੂੰ ਜਾਣਕਾਰੀ ਦੇ ਗੁਪਤ ਕੋਡ ਦੇਣ ਦੀ ਲੋੜ ਪਵੇਗੀ। ਜੇ ਇਨ੍ਹਾਂ ਸਾਰਿਆਂ ਨੂੰ ਕੈਦੀ ਬਣਾ ਲਿਆ ਜਾਂਦਾ ਹੈ ਜਾਂ ਮਾਰ ਦਿੱਤਾ ਜਾਂਦਾ ਹੈ ਤਾਂ ਉਹ ਮਹਿਸੂਸ ਕਰਦਾ ਹੈ ਕਿ ਆਪਣਾ ਕਾਰਜ ਜਾਰੀ ਨਹੀਂ ਰੱਖ ਸਕਾਂਗੇ ਤਾਂ ਗੁਪਤ ਕੋਡ ਅੱਗੇ ਹੋਰ ਲੋਕਾਂ ਨੂੰ ਜਾਰੀ ਕਰ ਦਿਆਂਗੇ ਜੋ ਸਾਡੇ ਕਾਰਜ ਨੂੰ ਸਾਂਭ ਸਕਣ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵਿਕੀਲੀਕਸ ਨੇ ਇਰਾਕ ਤੇ ਅਫ਼ਗਾਨ ਜੰਗ ਬਾਰੇ ਅਨੇਕਾਂ ਦਸਤਵੇਜ਼ ਜਾਰੀ ਕਰ ਦਿੱਤੇ ਸਨ। ਇਸ ਦੇ ਨਾਲ ਹੀ ਅਮਰੀਕਾ ਦੇ ਡਿਪਲੋਮੇਟਾਂ ਦੀਆਂ ਪਰਦੇ ਪਿੱਛੇ ਗਤੀਵਿਧੀਆਂ ਦੀ ਜਾਣਕਾਰੀ ਦੀਆਂ 'ਡਿਪਲੋਮੇਟਿਕ ਤਾਰਾਂ' ਵੀ ਜਾਰੀ ਕੀਤੀਆਂ ਸਨ ਜਿਨ੍ਹਾਂ ਨੇ ਵਿਸ਼ਵ ਭਰ ਵਿਚ ਅਮਰੀਕਾ ਦੇ ਕੰਮ ਢੰਗ ਨੂੰ ਜੱਗ ਜ਼ਾਹਿਰ ਕਰ ਦਿੱਤਾ ਸੀ। ਉਸ ਸਮੇਂ ਤੋਂ ਹੀ ਅਮਰੀਕਾ ਅਸਾਂਜ 'ਤੇ ਜਸੂਸੀ ਦੇ ਦੋਸ਼ ਵਿਚ ਕੇਸ ਦਰਜ ਕਰਨ ਲਈ ਤਰਲੋਮੱਛੀ ਹੋ ਰਿਹਾ ਹੈ ਪਰ ਅਜੇ ਤਕ ਉਸ ਵਿਰੁੱਧ ਕੋਈ ਵਿਸ਼ੇਸ਼ ਦੋਸ਼ ਨਹੀਂ ਲਾਏ ਜਾ ਸਕੇ। ਸਾਬਕਾ ਆਸਟਰੇਲੀਅਨ ਹੈਕਰ ਅਸਾਂਜੇ ਦਾ ਦਾਅਵਾ ਹੈ ਕਿ ਉਸ ਦੀ ਸੰਸਥਾ ਦੀਆਂ ਸਾਰੀਆਂ ਗਤੀਵਿਧੀਆਂ ਅਮਰੀਕਾ ਦੇ ਉਸ ਕਾਨੂੰਨ ਅਧੀਨ ਸੁਰੱਖਿਅਤ ਹਨ ਜਿਸ ਤਹਿਤ ਵਿਚਾਰਾਂ ਦੇ ਪ੍ਰਗਟਾਵੇ ਦੀ ਖੁੱਲ੍ਹ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਉਸ ਨੇ ਦਾਅਵਾ ਕੀਤਾ ਸੀ ਕਿ ਉਹ ਅਮਰੀਕਾ ਬੈਂਕ ਬਾਰੇ ਜਾਣਕਾਰੀ ਜਾਰੀ ਕਰੇਗਾ। ਜਦੋਂ ਅਸਾਂਜੇ ਨੇ ਇਹ ਦਾਅਵਾ ਕੀਤਾ ਕਿ ਉਸ ਕੋਲ ਅਮਰੀਕਾ ਦੇ ਸਭ ਤੋਂ ਵੱਡੇ ਬੈਂਕ ਬਾਰੇ ਅਹਿਮ ਜਾਣਕਾਰੀ ਹੈ ਤਾਂ ਤੁਰੰਤ ਇਸ ਬੈਂਕ ਦੇ ਸ਼ੇਅਰ ਡਿੱਗ ਗਏ ਸਨ। ਉਸ ਨੇ ਆਪਣੇ ਉਤੇ ਲਾਏ ਸਰੀਰਕ ਸੋਸ਼ਣ ਦੇ ਸਵਾਲਾਂ ਬਾਰੇ ਜਵਾਬ ਨਾ ਦਿੱਤੇ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ।ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਇੰਗਲੈਂਡ ਵਿਚ ਹੁਣ ਪੰਜਾਬੀ ਭੀਖ ਮੰਗਣ ਲੱਗੇ

**ਲੰਡਨ:** ਵਿਸ਼ਵ ਆਰਥਿਕ ਮੰਦੀ ਨੇ ਬਰਤਾਨੀਆ 'ਚ ਸਿੱਖ ਬਾਈਚਾਰੇ ਨੂੰ ਵੀ ਬੁਰੀ ਤਰ੍ਹਾਂ ਝੰਬਿਆ ਹੈ। ਸਭ ਤੋਂ ਬੁਰਾ ਹਾਲ ਪੜ੍ਹਾਈ ਲਈ ਜਾਂ ਹੋਰ ਜੁਗਾੜ ਨਾਲ ਵਿਦੇਸ਼ ਗਏ ਪੰਜਾਬੀ ਗਭਰੂਆਂ ਦਾ ਹੈ।

ਲੰਡਨ ਦੀਆਂ ਠੰਢੀਆਂ ਰਾਤਾਂ 'ਚ ਇਨ੍ਹਾਂ

## ਨਸ਼ਿਆਂ ਨੇ ਲੀਹ ਤੋਂ ਲਾਹ ਦਿੱਤੀ ਗੱਡੀ

ਨੌਜਵਾਨਾਂ ਨੂੰ ਟੈਲੀਫੋਨ ਬਕਸਿਆਂ, ਸੜਕਾਂ ਕੰਢੇ ਜਾਂ ਫਿਰ ਕੂੜੇਦਾਨਾਂ ਵਿਚ ਢੋਈ ਲੈਣੀ ਪੈਂਦੀ ਹੈ ਤੇ ਇਸੇ ਕਰਕੇ ਇਹ ਹੁਣ 'ਰਫ਼ ਸਲੀਪਰਜ਼' ਵਜੋਂ ਜਾਣੇ ਜਾਣ ਲੱਗੇ ਹਨ। ਇਕ ਅੰਦਾਜ਼ੇ ਅਨੁਸਾਰ ਲੰਡਨ ਦੇ 'ਮਿਨੀ ਭਾਰਤ' ਵਜੋਂ ਮਸ਼ਹੂਰ ਸਾਊਥਾਲ ਇਲਾਕੇ ਵਿਚ ਹੀ ਘੱਟੋ-ਘੱਟ 200 ਵਿਅਕਤੀ ਬੇਹੱਦ ਤਰਸਯੋਗ ਹਾਲਤ ਵਿਚ ਰਹਿ ਰਹੇ ਹਨ। ਇਨ੍ਹਾਂ 'ਚੋਂ ਹੀ ਇਕ ਪ੍ਰੀਤੀ ਸੰਧੂ (56) ਨੇ 'ਈਵਨਿੰਗ ਸਟੈਂਡਰਡ' ਅਖ਼ਬਾਰ ਨਾਲ ਗੱਲ ਕਰਦਿਆਂ ਕਿਹਾ ਕਿ ਰਾਤ ਨੂੰ ਉਨ੍ਹਾਂ 'ਤੇ ਵੱਡੇ-ਵੱਡੇ ਚੂਹੇ ਚੜ੍ਹ ਜਾਂਦੇ ਹਨ ਤੇ ਕਈ ਵਾਰ ਲੂੰਬੜ ਕੂੜੇਦਾਨਾਂ ਵਿਚ ਆ ਜਾਂਦੇ ਹਨ। ਇਹ ਥਾਂ ਬੇਹੱਦ ਮਾੜੀ ਹੈ ਪਰ ਉਹ ਹੋਰ ਕੀ ਕਰ ਸਕਦੇ ਹਨ।

ਦੁਨੀਆਂ ਦੇ ਸਭ ਤੋਂ ਰਈਸ ਸ਼ਹਿਰਾਂ 'ਚ ਸ਼ੁਮਾਰ ਲੰਡਨ ਦੇ ਕੁਝ ਭਲਾਈ ਦੇ ਦਾਨੀ ਗਰੁੱਪਾਂ ਨੇ ਆਖਿਆ ਕਿ ਇਸ ਮਸਲੇ ਦਾ ਕੋਈ ਸਿੱਧ-ਪੱਧਰਾ ਜਵਾਬ ਦੇਣਾ ਔਖਾ ਹੈ। ਰੁਲਣ ਵਾਲੇ ਨੌਜਵਾਨਾਂ 'ਚੋਂ ਕੁਝ ਨਸ਼ੇ ਦੇ ਆਦੀ ਹਨ, ਕੁਝ ਅੰਗਰੇਜ਼ੀ ਬੋਲਣਾ ਨਹੀਂ ਜਾਣਦੇ ਤੇ ਕੁਝ ਹੋਰਾਂ ਦੀਆਂ ਆਵਾਸ ਨਾਲ ਸਬੰਧਤ ਮੁਸ਼ਕਲਾਂ ਤੇ ਉਹ ਅਧਿਕਾਰੀਆਂ ਦੇ ਢਹੇ ਚੜ੍ਹਨ ਤੋਂ ਡਰਦੇ ਹਨ। ਸਿੱਖ ਵੈਲਫੇਅਰ ਅਵੇਅਰਨੈਸ ਟੀਮ (ਸਵੈਟ) ਦੇ ਬਾਨੀ ਰਣਦੀਪ ਲਾਲ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਸਾਊਥਾਲ ਦੀਆਂ ਸੜਕਾਂ ਕੰਢੇ ਸੌਣ ਵਾਲਾ ਸ਼ਾਇਦ ਹੀ ਕੋਈ ਹੋਵੇ ਪਰ ਇਸ ਅਰਸੇ ਦੌਰਾਨ ਗਿਣਤੀ ਕਾਫੀ ਵਧੀ ਹੈ। ਉਨ੍ਹਾਂ ਦੱਸਿਆ ਕਿ ਕਿਵੇਂ ਉਨ੍ਹਾਂ ਕੁਝ ਦੋਸਤਾਂ ਨਾਲ ਮਿਲ ਕੇ 'ਸਵੈਟ' ਰਾਹੀਂ ਨਸ਼ੇ 'ਚ ਗ੍ਰਸੇ ਪੰਜਾਬੀ-ਸਿੱਖ ਨੌਜਵਾਨਾਂ ਦੀ ਮਦਦ ਕਰਨੀ ਸ਼ੁਰੂ ਕੀਤੀ। ਰਾਮਗੜ੍ਹੀਆ ਗੁਰਦੁਆਰੇ ਵੱਲੋਂ ਉਨ੍ਹਾਂ ਨੂੰ ਮੁਫ਼ਤ ਥਾਂ ਮੁਹੱਈਆ ਕਰਵਾਈ ਗਈ। ਸ੍ਰੀ ਲਾਲ ਨੇ ਦੱਸਿਆ ਕਿ ਪਿਛਲੇ ਸਾਲ 150 ਜਣਿਆਂ ਦੀ ਦੇਖ-ਭਾਲ ਕੀਤੀ ਸੀ ਪਰ ਹਾਲੇ ਵੀ 50-60 ਜਣੇ ਸ਼ਰਮ ਦੇ ਮਾਰੇ ਸਾਹਮਣੇ ਨਹੀਂ ਆ ਰਹੇ।

'ਸਵੈਟ' ਨੇ 90 ਬੇਘਰਿਆਂ ਜਿਨ੍ਹਾਂ 'ਚੋਂ ਬਹੁਤੇ ਸਿੱਖ ਹਨ, ਨੂੰ ਸਹਾਰਾ ਦਿੱਤਾ ਤੇ 60-70 ਹੋਰ ਇਧਰ-ਉਧਰ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਲਈ ਲੰਗਰ ਦਾ ਪ੍ਰਬੰਧ ਗੁਰਦੁਆਰਿਆਂ ਰਾਹੀਂ ਹੋ ਰਿਹਾ ਹੈ ਪਰ ਬਾਕੀ ਦੀ ਮਦਦ ਨਹੀਂ ਆਉਂਦੀ। ਕੁਝ ਗੁਰਦੁਆਰਿਆਂ ਨੇ ਨਸ਼ਈ ਵਿਅਕਤੀਆਂ ਨੂੰ ਗੇਟ 'ਤੇ ਲੰਗਰ ਦੇਣ ਦਾ ਪ੍ਰਬੰਧ ਕੀਤਾ ਹੈ। ਦੂਜੇ ਪਾਸੇ ਮੁਕਾਮੀ ਸਿਆਸਤਦਾਨਾਂ ਦਾ ਵਤੀਰਾ ਬਹੁਤ ਹੈਰਾਨੀ ਵਾਲਾ ਹੈ। ਈਲਿੰਗ ਕੌਂਸਲ ਦੇ ਸੀਨੀਅਰ ਅਧਿਕਾਰੀ ਹਿਤੇਸ਼ ਟੇਲਰ ਨੇ ਕਿਹਾ ਕਿ ਸਾਊਥਾਲ 'ਚ ਬੇਘਰੇ ਲੋਕਾਂ ਦੀ ਤਦਾਦ ਤਾਂ ਕਾਫੀ ਹੋ ਸਕਦੀ ਹੈ ਪਰ ਸੜਕ ਕੰਢੇ ਸੌਣ ਵਾਲਿਆਂ ਦੀ ਗਿਣਤੀ ਥੋੜ੍ਹੀ ਜਿਹੀ ਹੈ। ਪੰਜਾਬੀ ਮੂਲ ਦੇ ਐਮ.ਪੀ. ਵਰਿੰਦਰ ਸ਼ਰਮਾ ਨੇ ਕਿਹਾ ਕਿ ਮੇਰੇ ਮਨ 'ਚ ਇਨ੍ਹਾਂ ਲੋਕਾਂ ਲਈ ਕੋਈ ਤਰਸ ਨਹੀਂ।






ਸਾਊਥਾਲ ਦੇ ਰੇਲਵੇ ਸਟੇਸ਼ਨ 'ਤੇ ਲੱਗਿਆ ਸਵਾਗਤੀ ਬੋਰਡ ਅਤੇ (ਸੱਜੇ) ਇਕ ਗਲੀ ਦੀ ਪਟੜੀ ਉਤੇ ਪਏ ਦੋ ਪੰਜਾਬੀ ਨੌਜਵਾਨ।

# ਕੈਲੀਫੋਰਨੀਆ ਦੇ ਗਵਰਨਰ ਤੇ ਭਾਰਤੀ ਮੂਲ ਦੀ ਅਟਾਰਨੀ ਜਨਰਲ ਵੱਲੋਂ ਸਿੱਖਾਂ ਨਾਲ ਵਿਤਕਰਾ

**ਵਾਸ਼ਿੰਗਟਨ:** ਮਾਨਵੀ ਹੱਕਾਂ ਬਾਰੇ ਇਕ ਜਥੇਬੰਦੀ ਨੇ ਦੋਸ਼ ਲਾਇਆ ਹੈ ਕਿ ਕੈਲੇਫੋਰਨੀਆ ਦੇ ਨਵੇਂ ਬਣੇ ਗਵਰਨਰ ਤੇ ਅਟਾਰਨੀ ਜਨਰਲ ਸਿੱਖ ਅਮਰੀਕੀਆਂ ਦੇ ਨਾਗਰਿਕ ਤੇ ਆਰਥਿਕ ਅਧਿਕਾਰਾਂ ਦਾ ਵਿਰੋਧ ਕਰ ਰਹੇ ਹਨ ਤੇ ਸੂਬੇ 'ਚ ਉਨ੍ਹਾਂ ਦੇ ਜੇਲ੍ਹ ਅਫ਼ਸਰ ਬਣਨ ਦੀ ਮੁਖ਼ਾਲਫ਼ਤ ਕਰ ਰਹੇ ਹਨ। ਇਸ ਦੌਰਾਨ ਕਈ ਹੋਰ ਜਥੇਬੰਦੀਆਂ ਮੈਦਾਨ ਵਿਚ ਨਿੱਤਰ ਕੇ ਸਿੱਖਾਂ ਨਾਲ ਖੜ੍ਹ ਗਈਆਂ ਹਨ।



ਭਾਰਤੀ ਮੂਲ ਦੀ ਅਟਾਰਨੀ ਜਨਰਲ ਕਮਲਾ ਹੈਰਿਸ

ਏਸ਼ੀਅਨ ਲਾਅ ਕਾਕਸ ਦੀ ਸਟਾਫ਼ ਅਟਾਰਨੀ ਵੀਨਾ ਦੁਬਾਲ ਨੇ ਕਿਹਾ ਕਿ ਸੂਬੇ ਵੱਲੋਂ ਮਾਨਵੀ ਹੱਕਾਂ ਦੀ ਉਲੰਘਣਾ ਨੂੰ ਬਰਦਾਸ਼ਤ ਹੀ ਨਹੀਂ ਕਰਨਾ ਬਲਕਿ ਹਮਾਇਤ ਦੇਣ ਬਹੁਤ ਤਕਲੀਫ਼ਦੇਹ ਹੈ। ਉਨ੍ਹਾਂ ਕਿਹਾ ਕਿ ਅਫ਼ਸਰ ਸਿੱਖ ਅਮਰੀਕੀ ਫੌਜ 'ਚ ਕੰਮ ਕਰਕੇ ਦੇਸ਼ ਦੀ ਸੇਵਾ ਕਰ ਸਕਦੇ ਹਨ ਤਾਂ ਫਿਰ ਕੋਈ ਕਾਰਨ ਨਹੀਂ ਹੈ। ਸ੍ਰੀ (ਤ੍ਰਿਲੋਚਨ ਸਿੰਘ) ਉਬਰਾਏ ਦਾ ਕੇਸ ਸੀ.ਡੀ.ਸੀ.ਆਰ. 'ਤੇ ਬੇਲੋੜਾ ਬੋਝ ਬਣਦਾ ਹੈ ਤੇ ਗਵਰਨਰ ਓਬਰਾਏ ਨੂੰ ਜੇਲ੍ਹ ਵਾਰਡਨ ਬਣਨ ਤੋਂ ਰੋਕ ਰਹੇ ਹਨ। ਵਾਸ਼ਿੰਗਟਨ ਦੀ ਸਿੱਖ ਕੁਲੀਸ਼ਨ ਦੇ ਰਾਜਦੀਪ ਸਿੰਘ ਨੇ ਦੋਸ਼ ਲਾਇਆ ਕਿ ਕੈਲੀਫੋਰਨੀਆ ਦੇ ਨਵੇਂ ਬਣੇ ਗਵਰਨਰ ਜੈਰੀ ਬ੍ਰਾਊਨ ਤੇ ਅਟਾਰਨੀ ਜਨਰਲ ਕਮਲਾ ਹੈਰਿਸ ਐਸ.ਪੀ.ਬੀ. ਦੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀ ਸੀ.ਡੀ.ਸੀ.ਆਰ. ਦੀ ਪਿੱਠ ਥਾਪੜ ਰਹੇ ਹਨ। 2008 'ਚ ਇਕ ਸਿੱਖ ਅਮਰੀਕੀ ਬਿਨੈਕਾਰ ਤ੍ਰਿਲੋਚਨ ਸਿੰਘ ਉਬਰਾਏ, ਕੈਲੇਫੋਰਨੀਆ ਦੇ 'ਡਿਪਾਰਟਮੈਂਟ ਆਫ਼ ਕੋਰੈਕਸ਼ਨਜ਼ ਐਂਡ ਰੀਹੈਬਿਲਟੇਸ਼ਨ' (ਸੀ.ਡੀ.ਸੀ.ਆਰ.) ਤੋਂ ਧਾਰਮਿਕ ਵਿਤਕਰੇ ਬਾਰੇ ਕੇਸ ਜਿੱਤ ਗਿਆ ਸੀ। ਕੈਲੇਫੋਰਨੀਆ ਦੇ ਸਟੇਟ ਪ੍ਰੋਸਨਲ ਬੋਰਡ ਦੀ ਅਪੀਲਾਂ ਬਾਰੇ ਡਵੀਜ਼ਨ (ਐਸ.ਪੀ.ਬੀ.) ਨੇ ਕਿਹਾ ਸੀ ਕਿ ਧਾਰਮਿਕ ਪਛਾਣ ਵਜੋਂ ਦਾੜ੍ਹੀ ਰੱਖਣ ਵਾਲੇ ਉਬਰਾਏ ਨਾਲ ਸੀ.ਡੀ.ਸੀ.ਆਰ. 'ਚ ਕੰਮਕਾਰ ਵਾਲੀ ਥਾਂ 'ਤੇ ਗੈਰ-ਕਾਨੂੰਨੀ ਢੰਗ ਨਾਲ ਵਿਤਕਰਾ ਕੀਤਾ ਗਿਆ ਸੀ। ਰਾਜਦੀਪ ਸਿੰਘ ਦਾ ਕਹਿਣਾ ਹੈ ਕਿ ਗਵਰਨਰ ਤੇ ਅਟਾਰਨੀ ਜਨਰਲ ਨੂੰ ਨਾਗਰਿਕ ਹੱਕਾਂ ਲਈ ਧਿਰ ਬਣ ਕੇ ਖੜ੍ਹੇ ਹੋਣਾ ਚਾਹੀਦਾ ਹੈ।

### ਬੱਬਰ ਖਾਲਸਾ ਵੱਲੋਂ ਬੀਰਦਵਿੰਦਰ ਸਮੇਤ ਪੰਜ ਆਗੂਆਂ ਨੂੰ ਧਮਕੀ

**ਪਟਿਆਲਾ:** ਖਾੜਕੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਆਪਣੇ ਮਿਸ਼ਨ ਵਿਚ ਰੁਕਾਵਟਾਂ ਪਾਉਣ ਦੀਆਂ ਕਾਰਵਾਈਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਡੇਰਾ ਸਿਰਸਾ ਦੇ ਮੁਖੀ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਸਮੇਤ ਤਿੰਨ ਹੋਰ ਰਾਜਸੀ ਨੇਤਾਵਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ।

ਬੱਬਰ ਖਾਲਸਾ ਦੇ ਏਰੀਆ ਕਮਾਂਡਰ ਨਿਸ਼ਾਨ ਸਿੰਘ ਬੱਬਰ ਦੇ ਦਸਤਖ਼ਤਾਂ ਹੇਠ ਜਾਰੀ ਪੱਤਰ ਵਿਚ ਜਿਥੇ ਬੱਬਰ ਖਾਲਸਾ ਵਿਚ ਨਵੀਂ ਰੂਹ ਫੂਕਣ ਲਈ ਇਕ ਹਜ਼ਾਰ ਨੌਜਵਾਨਾਂ ਦੀ ਭਰਤੀ ਕਰਨ ਦੇ ਫੈਸਲੇ ਬਾਰੇ ਦੱਸਿਆ ਗਿਆ ਹੈ, ਉਥੇ ਜਥੇਬੰਦੀ ਦੇ ਮਿਸ਼ਨ ਵਿਚ ਰੁਕਾਵਟਾਂ ਪਾਉਣ ਵਾਲਿਆਂ ਨਾਲ ਕਰੜੇ ਹੱਥੀਂ ਨਜਿੱਠਣ ਬਾਰੇ ਕਿਹਾ ਗਿਆ ਹੈ। ਪੱਤਰਕਾਰਾਂ ਨੂੰ ਭੇਜੀ ਈਮੇਲ ਵਿਚ ਜਿਨ੍ਹਾਂ ਪੰਜ ਜਣਿਆਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ, ਉਨ੍ਹਾਂ ਵਿਚੋਂ ਦੋ ਪਟਿਆਲੇ ਨਾਲ ਸਬੰਧਤ ਹਨ। ਇਨ੍ਹਾਂ 'ਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਅਤੇ ਯੂਥ ਅਕਾਲੀ ਦਲ (ਲੌਂਗੋਵਾਲ) ਦੇ ਕੌਮੀ ਪ੍ਰਧਾਨ ਰਣਜੀਤ ਸਿੰਘ ਨਿਕੜਾ ਸ਼ਾਮਲ ਹਨ। ਇਸ ਤੋਂ ਇਲਾਵਾ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ, ਬਿਆਸ ਹਲਕੇ ਦੇ ਐਮ.ਐਲ.ਏ. ਮਨਜਿੰਦਰ ਸਿੰਘ ਕੰਗ ਤੇ ਲੁਧਿਆਣਾ ਤੋਂ ਭਾਜਪਾ ਨੇਤਾ ਸਤਪਾਲ ਗੋਸਾਈਂ ਦੇ ਨਾਂ ਵੀ ਸ਼ਾਮਲ ਹਨ।

# ਇਟਲੀ ਹਵਾਈ ਅੱਡੇ 'ਤੇ ਜਬਰੀ ਪੱਗ ਉਤਾਰਨ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਇਟਲੀ ਦੇ ਮਿਲਾਨ ਹਵਾਈ ਅੱਡੇ 'ਤੇ ਉੱਥੋਂ ਦੇ ਸੁਰੱਖਿਆ ਕਰਮਚਾਰੀਆਂ ਵੱਲੋਂ ਐਨ.ਆਰ.ਆਈ. ਜਸਵਿੰਦਰ ਸਿੰਘ ਧਾਲੀਵਾਲ ਦੀ ਜਬਰੀ ਦਸਤਾਰ ਉਤਰਵਾ ਕੇ ਤਲਾਸ਼ੀ ਲੈਣ ਦੀ ਵਾਪਰੀ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਕਿਹਾ ਕਿ ਉਹ ਇਸ ਮਾਮਲੇ ਵਿਚ ਤੁਰੰਤ ਇਟਲੀ ਸਰਕਾਰ ਨਾਲ ਗੱਲਬਾਤ ਕਰਨ ਤੇ ਸਬੰਧਤ ਅਧਿਕਾਰੀਆਂ ਖ਼ਿਲਾਫ਼ ਲੋੜੀਂਦੀ ਕਾਰਵਾਈ ਨੂੰ ਯਕੀਨੀ ਬਣਾਉਣ।

ਐਨ.ਆਰ.ਆਈ. ਸਭਾ ਪੰਜਾਬ ਦੇ ਸਰਪ੍ਰਸਤ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਐਨ.ਆਰ.ਆਈ. ਵਿੰਗ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਧਾਲੀਵਾਲ ਨੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਇਸ ਘਟਨਾ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਉਹ ਪਿਛਲੇ 20-22 ਸਾਲਾਂ ਤੋਂ ਜਰਮਨੀ 'ਚ ਰਹਿ ਰਹੇ ਹਨ ਤੇ ਕੁਝ ਦੇਰ ਪਹਿਲਾਂ ਹੀ ਭਾਰਤ ਆਏ ਹਨ। ਉਹ ਸਿੱਖ ਮਸਲਿਆਂ ਬਾਰੇ ਅਕਸਰ ਯੂਰਪ ਦੌਰੇ 'ਤੇ ਜਾਂਦੇ ਰਹਿੰਦੇ ਹਨ, ਹੁਣ ਵੀ ਉਹ 18 ਜਨਵਰੀ ਨੂੰ ਯੂਰਪ ਦੌਰੇ 'ਤੇ ਗਏ ਸਨ। ਇਸ ਦੌਰਾਨ 24 ਜਨਵਰੀ ਨੂੰ ਮਿਲਾਨ ਦੇ ਹਵਾਈ ਅੱਡੇ ਤੋਂ ਬਰਲਿਨ ਰਸਤੇ ਭਾਰਤ ਵਾਪਸੀ ਲਈ ਹਵਾਈ ਉਡਾਣ ਲੈਣੀ ਸੀ, ਜਦੋਂ ਉਹ ਹਵਾਈ ਅੱਡੇ ਪਹੁੰਚੇ ਤਾਂ ਉਥੇ ਮੌਜੂਦ ਸੁਰੱਖਿਆ ਅਧਿਕਾਰੀਆਂ ਨੇ ਉਨ੍ਹਾਂ ਨੂੰ ਤਲਾਸ਼ੀ ਲੈਣ ਸਮੇਂ ਦਸਤਾਰ ਉਤਾਰਨ ਲਈ ਕਿਹਾ। ਉਨ੍ਹਾਂ ਨੇ ਮਸ਼ੀਨ ਰਾਹੀਂ ਦਸਤਾਰ ਦੀ ਤਲਾਸ਼ੀ ਲੈਣ ਦੀ ਬੇਨਤੀ ਕੀਤੀ ਪਰ ਅਧਿਕਾਰੀਆਂ ਨੇ ਮਸ਼ੀਨ ਨਾਲ ਤਲਾਸ਼ੀ ਲੈਣ ਤੋਂ ਨਾਂਹ ਕਰ ਦਿੱਤੀ ਤੇ ਦਸਤਾਰ ਉਤਾਰਨ ਲਈ ਬਜ਼ਿੱਦ ਹੋ ਗਏ। ਉਸ ਨੂੰ ਇਕ





ਕਮਰੇ ਵਿਚ ਲੈ ਗਏ ਤੇ ਜਬਰੀ ਦਸਤਾਰ ਉਤਾਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਦੋਹਾਂ ਧਿਰਾਂ ਵਿਚ

## ਪ੍ਰਧਾਨ ਮੰਤਰੀ ਤੋਂ ਦਖ਼ਲ ਦੀ ਮੰਗ

ਤਕਰਾਰ ਵੀ ਹੋਇਆ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਚੱਲੀ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਦੌਰਾਨ ਉਨ੍ਹਾਂ ਦੇ ਸਵੈਮਾਨ ਨੂੰ ਠੇਸ ਪੁੱਜੀ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਢੁਕਵੀਂ ਚਾਰਾਜੋਈ ਕੀਤੀ ਜਾਵੇ। ਇਸ ਬਾਰੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਸੂਚਿਤ ਕੀਤਾ ਹੈ। ਇਸ ਬਾਰੇ 28 ਜਨਵਰੀ ਨੂੰ ਬਿਆਨ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਦਸਤਾਰ ਸਿੱਖਾਂ ਦੀ ਆਨ ਤੇ ਸ਼ਾਨ ਦਾ ਪ੍ਰਤੀਕ ਹੈ ਜਿਸ ਨੂੰ ਸਿੱਖ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਦਸਤਾਰ ਲਾਹ ਕੇ ਤਲਾਸ਼ੀ ਲੈਣਾ ਘੱਟ ਗਿਣਤੀ ਸਿੱਖ ਕੌਮ ਨਾਲ ਵਿਤਕਰਾ ਹੈ ਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੱਖ-ਵੱਖ ਦੇਸ਼ਾਂ ਵਿਚ ਭਾਰਤੀ ਸਫੀਰਾਂ ਨੂੰ ਹਦਾਇਤਾਂ ਕਰੇ ਕਿ ਉਹ ਦਸਤਾਰ ਬਾਰੇ ਹਵਾਈ ਅੱਡੇ ਦੇ ਅਧਿਕਾਰੀਆਂ ਤੇ ਸਰਕਾਰਾਂ ਨੂੰ ਜਾਣੂ ਕਰਾਉਣ ਤਾਂ ਜੋ ਅਜਿਹੀਆਂ ਘਟਨਾਵਾਂ ਨਾ ਹੋਣ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਸਤਾਰ ਮਾਮਲੇ ਨੂੰ ਕੌਮਾਂਤਰੀ ਪੱਧਰ 'ਤੇ ਹੱਲ ਕਰਨ ਲਈ ਯਤਨ ਕਰਨ। ਉਨ੍ਹਾਂ ਪੰਜਾਬ ਸਰਕਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਵੀ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਾਲ ਤਾਲਮੇਲ ਕਰਕੇ ਦਸਤਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਦਬਾਅ ਪਾਉਣ। ਉਨ੍ਹਾਂ ਕਿਹਾ ਕਿ ਵੱਖ-ਵੱਖ ਮੁਲਕਾਂ ਵਿਚ ਰਹਿ ਰਿਹਾ ਸਿੱਖ ਭਾਈਚਾਰਾ ਵੀ ਆਪਣੀ ਸਮਰੱਥਾ ਅਨੁਸਾਰ ਦਸਤਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪੋ-ਆਪਣੇ ਪੱਧਰ 'ਤੇ ਕਾਰਵਾਈ ਕਰੇ।

# ਬੀਬੀ ਜੋਗਿੰਦਰ ਕੌਰ ਟੌਹੜਾ ਨੂੰ ਅੰਤਿਮ ਵਿਦਾਇਗੀ

**ਪਟਿਆਲਾ:** ਪੰਥ ਰਤਨ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸੁਪਤਨੀ ਬੀਬੀ ਜੋਗਿੰਦਰ ਕੌਰ ਟੌਹੜਾ (83) ਜਿਨ੍ਹਾਂ ਦਾ 26 ਜਨਵਰੀ ਨੂੰ ਦੇਹਾਂਤ ਹੋ ਗਿਆ ਸੀ, ਦਾ ਸਸਕਾਰ ਪਿੰਡ ਟੌਹੜਾ ਵਿਖੇ ਸਰਕਾਰੀ ਸਨਮਾਨਾਂ ਤੇ ਧਾਰਮਿਕ ਰਹੁ-ਰੀਤਾਂ ਨਾਲ ਕਰ ਦਿੱਤਾ ਗਿਆ। ਉਨ੍ਹਾਂ ਦੀ ਦੇਹ ਨੂੰ ਅਗਨੀ ਉਨ੍ਹਾਂ ਦੇ ਦੋਹਤੇ ਹਰਿੰਦਰਪਾਲ ਸਿੰਘ ਟੌਹੜਾ ਤੇ ਜਵਾਈ ਹਰਮੇਲ ਸਿੰਘ ਟੌਹੜਾ ਨੇ ਦਿਖਾਈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਟੌਹੜਾ ਸਮਰਥਕ ਪਹੁੰਚੇ ਹੋਏ ਸਨ। ਪੰਜਾਬ ਸਰਕਾਰ ਵੱਲੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬੀਬੀ ਟੌਹੜਾ ਦੀ ਦੇਹ 'ਤੇ ਫੁੱਲਮਾਲਾ ਤੇ ਦੁਸ਼ਾਲਾ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਸਰਦਾਰਨੀ ਟੌਹੜਾ ਦੀ ਅਰਥੀ ਨੂੰ ਮੋਢਾ ਵੀ ਦਿੱਤਾ ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਅੰਤਿਮ ਸਸਕਾਰ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਅਰਦਾਸ ਕੀਤੀ। ਪੰਜਾਬ ਪੁਲੀਸ ਦੀ ਟੁਕੜੀ ਵੱਲੋਂ ਹਵਾ ਵਿਚ ਗੋਲੀਆਂ ਚਲਾ ਕੇ ਤੇ ਹਥਿਆਰ ਪੁੱਠੇ ਕਰਕੇ ਬੀਬੀ ਜੋਗਿੰਦਰ ਕੌਰ ਨੂੰ ਸਲਾਮੀ ਦਿੱਤੀ। ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਅਵਤਾਰ ਸਿੰਘ ਮੱਕੜ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਰਮਜੀਤ ਸਿੰਘ ਸਰਨਾ ਨੇ ਸ਼ਮੂਲੀਅਤ ਕੀਤੀ



ਅੰਤਿਮ ਯਾਤਰਾ ਵੇਲੇ ਬੀਬੀ ਟੌਹੜਾ ਨੂੰ ਮੋਢਾ ਦੇ ਰਹੇ ਸੁਖਬੀਰ ਸਿੰਘ ਬਾਦਲ ਤੇ ਹੋਰ

ਬੀਬੀ ਜੋਗਿੰਦਰ ਕੌਰ ਟੌਹੜਾ ਨੇ ਅਰਦਾਸ ਵਿਚ ਸ਼ਾਮਲ ਹੋਣ ਤੋਂ ਬਾਅਦ ਆਖਰੀ ਸਾਹ ਲਿਆ। ਸਿਹਤ ਖ਼ਰਾਬ ਹੋਣ ਕਾਰਨ ਪਿਛਲੇ ਕੁਝ ਸਮੇਂ ਤੋਂ ਉਹ ਸਾਬਕਾ ਮੰਤਰੀ ਤੇ ਦਾਮਾਦ ਹਰਮੇਲ ਸਿੰਘ ਟੌਹੜਾ ਸਥਾਨਕ ਹੀਰਾ ਨਗਰ ਸਥਿਤ ਘਰ ਵਿਚ ਹੀ ਠਹਿਰੇ ਹੋਏ ਸਨ। ਸ੍ਰੀ ਹਰਮੇਲ ਸਿੰਘ ਟੌਹੜਾ ਨੇ ਘਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਵਾਇਆ ਹੋਇਆ ਸੀ ਤੇ 26 ਜਨਵਰੀ ਨੂੰ ਪਾਠ ਦੇ ਭੋਗ ਪਾਏ ਗਏ। ਭੋਗ ਦੌਰਾਨ ਕੀਤੀ ਗਈ ਅਰਦਾਸ ਵਿਚ ਬੀਬੀ ਟੌਹੜਾ ਖ਼ਰਾਬ ਸਿਹਤ ਦੇ ਬਾਵਜੂਦ ਸ਼ਾਮਲ ਹੋਏ। ਇਸ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਕਮਰੇ ਵਿਚ ਲਿਜਾਇਆ ਗਿਆ। ਜਦੋਂ ਦੇਗ ਉਨ੍ਹਾਂ ਨੂੰ ਦੇਣ ਗਏ ਤਾਂ ਉਨ੍ਹਾਂ ਦਾ ਸਾਹ ਰੁਕ ਚੁੱਕਿਆ ਸੀ। ਮੌਕੇ 'ਤੇ ਮੌਜੂਦ ਡਾਕਟਰ ਨੂੰ ਦਿਖਾਇਆ ਗਿਆ ਤਾਂ ਉਸ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦਾ ਰੁਤਬਾ ਦਿੱਤਾ ਹੋਇਆ ਸੀ ਪਰ ਉਨ੍ਹਾਂ ਨੇ ਇਸ ਰੁਤਬੇ ਦਾ ਕਦੇ ਲਾਹਾ ਨਹੀਂ ਲਿਆ। ਮਾਤਾ ਜੋਗਿੰਦਰ ਕੌਰ ਦੀ ਕੁੱਖੋਂ ਇਕ ਪੁੱਤਰ ਨੇ ਜਨਮ ਲਿਆ ਸੀ ਜਿਸ ਦੀ ਛੋਟੀ ਉਮਰੇ ਹੀ ਮੌਤ ਹੋ ਗਈ। ਇਸ ਤੋਂ ਬਾਅਦ ਜਦੋਂ ਉਨ੍ਹਾਂ ਦੇ ਘਰ ਹੋਰ ਔਲਾਦ ਨਾ ਹੋਈ ਤਾਂ ਉਨ੍ਹਾਂ ਨੇ ਆਪਣੀ ਭੈਣ ਦੀ ਬੇਟੀ ਕੁਲਦੀਪ ਕੌਰ ਨੂੰ ਗੋਦ ਲੈ ਕੇ ਖ਼ੁਦ ਪਾਲਿਆ। ਕੁਲਦੀਪ ਕੌਰ ਦੇ ਪਤੀ ਹਰਮੇਲ ਸਿੰਘ ਟੌਹੜਾ ਪਿਛਲੀ ਅਕਾਲੀ ਸਰਕਾਰ ਵਿਚ ਕੈਬਨਿਟ ਮੰਤਰੀ ਵੀ ਰਹਿ ਚੁੱਕੇ ਹਨ। ਉਨ੍ਹਾਂ ਦਾ ਬੇਟਾ ਹਰਿੰਦਰਪਾਲ ਸਿੰਘ ਟੌਹੜਾ ਪਟਿਆਲਾ ਜ਼ਿਲ੍ਹਾ ਪ੍ਰੀਸ਼ਦ ਦਾ ਮੈਂਬਰ ਹੈ। ਬੀਬੀ ਟੌਹੜਾ ਦਾ ਸਸਕਾਰ ਬਿਲਕੁਲ ਉਸੇ ਹੀ ਥਾਂ 'ਤੇ ਕੀਤਾ ਗਿਆ ਜਿੱਥੇ ਉਨ੍ਹਾਂ ਦੇ ਪਤੀ ਜਥੇਦਾਰ ਟੌਹੜਾ ਦਾ ਸਸਕਾਰ ਕੀਤਾ ਗਿਆ ਸੀ।

# ਮੱਧ-ਪੂਰਬੀ ਏਸ਼ੀਆ:ਲੋਕ ਰੋਹ ਦੀ ਤਾਨਾਸ਼ਾਹਾਂ ਨੂੰ ਵੰਗਾਰ

**ਨਰਦੇਵ ਸਿੰਘ**

ਟਿਊਨਿਸ਼ੀਆ ਦੇ ਲੋਕਾਂ ਦੀ ਆਪਣੇ ਦੇਸ਼ ਦੇ 23 ਸਾਲ ਪੁਰਾਣੇ ਡਿਕਟੇਟਰ ਖਿਲਾਫ ਖੁੱਲ੍ਹੀ ਤੇ ਵਿਸ਼ਾਲ ਬਗਾਵਤ ਨੇ ਅਰਬ ਦੇਸ਼ਾਂ ਅੰਦਰ ਨਵੇਂ ਯੁੱਗ ਦੀ ਸ਼ੁਰੂਆਤ ਕਰ ਦਿੱਤੀ ਹੈ। ਇਸਨੇ ਸ਼ਾਂਤ ਸਮਝੇ ਜਾਂਦੇ ਉਤਰੀ ਅਫਰੀਕਾ ਅਤੇ ਮੱਧ-ਪੂਰਬ ਦੇ ਅਮਰੀਕਾ ਪੱਖੀ ਤਾਨਾਸ਼ਾਹਾਂ ਨੂੰ ਕੰਬਣੀਆਂ ਛੇੜ ਦਿੱਤੀਆਂ ਹਨ। ਟਿਊਨਿਸ਼ੀਆ ਦੇ ਤਾਨਾਸ਼ਾਹ ਬਿਨ ਨੂੰ ਦੇਸ਼ ਛੱਡਕੇ ਭੱਜਣਾ ਪਿਆ। ਇਸ ਲੋਕ ਰੋਹ ਦੀਆਂ ਵੀ ਖ਼ਬਰਾਂ ਆ ਰਹੀਆਂ ਹਨ।

ਲੋਕ ਰੋਹ ਅੱਗੇ ਝੁਕਦਿਆਂ ਮੁਬਾਰਕ ਨੇ ਆਪਣਾ ਮੰਤਰੀ ਮੰਡਲ ਭੰਗ ਕਰ ਦਿੱਤਾ ਹੈ। ਟੈਲੀਵਿਜ਼ਨ 'ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਉਸਨੇ ਕਿਹਾ, "ਜਮਹੂਰੀਅਤ ਅਤੇ ਅਜ਼ਾਦੀ ਲਈ ਨਵੇਂ ਕਦਮ ਚੁੱਕੇ ਜਾਣਗੇ। ਬੇਰੁਜ਼ਗਾਰੀ ਘਟਾਉਣ ਅਤੇ ਲੋਕਾਂ ਦਾ ਜੀਵਨ ਸੁਧਾਰਨ ਲਈ ਤੇ ਗਰੀਬਾਂ ਦੀ ਸਹਾਇਤਾ ਲਈ ਨਵੇਂ ਕਦਮ ਉਠਾਏ ਜਾਣਗੇ।" ਖੁਦ ਰਾਸ਼ਟਰਪਤੀ ਦੇ ਐਲਾਨ ਤੋਂ ਹੀ ਸਪਸ਼ਟ ਹੈ




ਤੋਂ ਘਬਰਾਈ 22 ਮੈਂਬਰੀ ਅਰਬ ਲੀਗ ਨੂੰ ਸੰਬੋਧਨ ਕਰਦਿਆਂ ਇਕ ਅਰਬ ਲੀਡਰ ਨੇ ਕਿਹਾ, "ਟਿਊਨਿਸ਼ੀਆ ਦੀ ਕ੍ਰਾਂਤੀ ਸਾਥੋਂ ਬਹੁਤੀ ਦੂਰ ਨਹੀਂ ਹੈ। ਅਰਬ ਲੋਕ ਇਕ ਵਿਸ਼ੇਸ਼ ਤਰ੍ਹਾਂ ਦੀ ਨਿਰਾਸ਼ਾ ਅਤੇ ਰਾਜ ਵਿਰੁੱਧ ਗੁੱਸੇ ਨਾਲ ਭਰੇ ਪਏ ਹਨ।"

ਮਿਸਰ ਵਿਚ ਵਿਰੋਧੀ ਧਿਰ ਦੇ ਆਗੂ ਅਲਬਰਦਾਈ ਨੇ ਕਿਹਾ, "ਜੋ ਕੁੱਝ ਟਿਊਨਿਸ਼ੀਆ ਵਿਚ ਵਾਪਰਿਆ ਹੈ, ਉਹ ਅਸੁਭਾਵਿਕ ਨਹੀਂ ਹੈ। ਇਹ ਮਿਸਰ ਦੇ ਤਾਨਾਸ਼ਾਹ ਅਤੇ ਉਸਦੀ ਪਿੱਠ ਪੂਰਨ ਵਾਲੇ ਅਮਰੀਕਾ ਲਈ ਅੱਖਾਂ ਖੋਲ੍ਹਣ ਵਾਲਾ ਵਰਤਾਰਾ ਹੈ। ਦਬਾ ਕੇ ਰੱਖਣ ਨਾਲ ਸਥਿਰਤਾ ਨਹੀਂ ਲਿਆਂਦੀ ਜਾ ਸਕਦੀ। ਕਿਸੇ ਦਾ ਇਹ ਸੋਚਣਾ ਮੂਰਖਤਾ ਹੋਵੇਗੀ ਕਿ ਧੌਂਸ ਨਾਲ ਸ਼ਾਂਤੀ ਰੱਖੀ ਜਾ ਸਕਦੀ ਹੈ। ਟਿਊਨਿਸ਼ੀਆ ਤੋਂ ਬਾਅਦ ਹੁਣ ਮਿਸਰ ਬਗਾਵਤ ਦਾ ਕੇਂਦਰ ਬਣਿਆ ਹੋਇਆ ਹੈ, ਜਿਥੇ ਲੋਕ ਅਮਰੀਕਾ ਪੱਖੀ ਡਿਕਟੇਟਰ ਹੋਸਨੀ ਮੁਬਾਰਕ ਨੂੰ ਗੱਦੀ ਤੋਂ ਲਾਹੁਣ ਲਈ ਸੜਕਾਂ ਉਤੇ ਆ ਗਏ। ਵੱਡੇ ਮੁਜ਼ਾਹਰਿਆਂ 'ਤੇ ਚੱਲੀਆਂ ਗੋਲੀਆਂ ਨਾਲ 150 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ 4000 ਤੋਂ ਵਧੇਰੇ ਜਖ਼ਮੀ ਹੋ ਚੁੱਕੇ ਹਨ। ਫੌਜ ਨੂੰ ਗਲ਼ੀਆਂ ਵਿਚ ਉਤਾਰ ਦਿੱਤਾ ਗਿਆ। ਸਰਕਾਰ ਵੱਲੋਂ ਇੰਟਰਨੈਟ ਅਤੇ ਸਾਰੇ ਟੈਲੀਫੋਨ ਸਿਸਟਮ ਨੂੰ ਜਾਮ ਕਰ ਦਿੱਤਾ ਗਿਆ ਹੈ। ਲੋਕਾਂ ਵੱਲੋਂ ਵੱਡੇ ਸ਼ਾਪਿੰਗ ਮਾਲ, ਬੈਂਕ ਆਦਿ ਨੂੰ ਲੁੱਟਣ ਤੇ ਫੌਜ ਦੇ ਲੋਕਾਂ ਨਾਲ ਰਲ਼ਣ ਕਿ ਰੋਟੀ, ਰੁਜ਼ਗਾਰ ਅਤੇ ਜਮਹੂਰੀਅਤ ਦੀ ਉੱਥੇ ਬੇਹੱਦ ਘਾਟ ਹੈ ਤੇ ਇਹ ਮੁੱਦੇ ਉੱਥੇ ਵੱਡੇ ਲੋਕ ਰੋਹ ਦਾ ਕਾਰਨ ਬਣ ਰਹੇ ਹਨ। ਟਿਊਨਿਸ਼ੀਆ ਤੋਂ ਸ਼ੁਰੂ ਹੋਈ ਇਹ ਲਹਿਰ ਇੱਥੇ ਹੀ ਨਹੀਂ ਰੁਕ ਰਹੀ ਸਗੋਂ ਇਸਨੇ ਅਲਜੀਰੀਆ, ਯਮਨ ਅਤੇ ਜਾਰਡਨ ਨੂੰ ਵੀ ਆਪਣੇ ਘੇਰੇ ਵਿਚ ਲੈ ਲਿਆ ਹੈ। ਘੱਟੋ-ਘੱਟ 16000 ਲੋਕਾਂ ਨੇ ਯਮਨ ਦੇ 30 ਸਾਲ ਪੁਰਾਣੇ ਅਮਰੀਕਾ ਪੱਖੀ ਡਿਕਟੇਟਰ ਅਬਦੁਲਾ ਸਾਲਹੇ ਦੀ ਬਰਖਾਸਤਗੀ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤਾ ਜਿਸ ਵਿਚ ਵੱਡੀ ਗਿਣਤੀ ਨੌਜਵਾਨ ਅਤੇ ਵਿਦਿਆਰਥੀ ਸ਼ਾਮਲ ਸਨ।

ਟਿਊਨਿਸ਼ੀਆ ਬਗਾਵਤ ਤੋਂ ਘਬਰਾਏ ਸਾਲਹੇ ਨੇ ਤੁਰੰਤ ਟੈਲੀਵਿਜ਼ਨ 'ਤੇ ਕੁੱਝ ਸੰਵਿਧਾਨਕ ਸੁਧਾਰਾਂ ਦਾ ਐਲਾਨ ਕੀਤਾ। ਉਸਨੇ ਫੌਜ ਦੀਆਂ ਤਨਖਾਹਾਂ ਵਿਚ ਵਾਧੇ, ਆਮਦਨ ਕਰ ਵਿਚ ਕਟੌਤੀ ਤੇ ਕੀਮਤਾਂ ਨੂੰ ਕੰਟਰੋਲ ਕਰਨ ਦਾ ਐਲਾਨ ਕੀਤਾ। ਉਸਦਾ ਇਹ ਐਲਾਨ ਜਨਤਾ ਦੇ ਗੁੱਸੇ ਨੂੰ ਠੰਢਾ ਕਰਨ ਵਿਚ ਕਾਮਯਾਬ ਨਹੀਂ ਹੋਇਆ। ਅਮਰੀਕਾ ਦੇ ਪੱਕੇ ਜੋਟੀਦਾਰ ਜਾਰਡਨ ਦੇ ਰਾਜੇ ਅਬਦੁਲਾ ਦੂਜੇ ਨੂੰ ਵੀ ਨਿਘਰ ਰਹੀ ਆਰਥਿਕਤਾ ਅਤੇ ਸਿਮਟ ਰਹੀ ਜਮਹੂਰੀਅਤ ਵਿਚ ਸੁਧਾਰ ਕਰਨ ਦਾ ਐਲਾਨ ਕਰਨਾ ਪਿਆ। ਲੇਕਿਨ ਉਸਦੇ ਐਲਾਨ 6 ਪ੍ਰਤੀਸ਼ਤ ਦੀ ਦਰ ਨਾਲ ਵੱਧ ਰਹੀਆਂ ਕੀਮਤਾਂ ਤੇ 12 ਪ੍ਰਤੀਸ਼ਤ ਤੋਂ ਵੱਧਕੇ 25 ਪ੍ਰਤੀਸ਼ਤ ਹੋ ਚੁੱਕੀ ਬੇਰੁਜ਼ਗਾਰੀ ਕਾਰਨ ਅਸਰਅੰਦਾਜ਼ ਨਹੀਂ ਹੋ ਰਹੇ ਹਨ। ਉੱਥੇ ਵੀ ਲੋਕ ਕੀਮਤਾਂ ਘਟਾਉਣ, ਰੁਜ਼ਗਾਰ ਦੇਣ ਤੇ ਪ੍ਰਧਾਨ ਮੰਤਰੀ ਦੀ ਬਰਖ਼ਾਸਤਗੀ ਲਈ ਹਜ਼ਾਰਾਂ ਦੀ ਗਿਣਤੀ ਵਿਚ ਮੁਜ਼ਾਹਰੇ ਕਰ ਰਹੇ ਹਨ।

ਅਰਬ ਦੇਸ਼ਾਂ ਅੰਦਰ ਉਠ ਰਹੇ ਇਨ੍ਹਾਂ ਤੂਫਾਨਾਂ ਦਾ ਆਮ ਕਰਕੇ ਦੁਨੀਆਂ ਦੇ ਲੋਕਾਂ ਲਈ ਤੇ ਖਾਸ ਕਰਕੇ ਅਮਰੀਕਾ ਦੀਆਂ ਨੀਤੀਆਂ ਲਈ ਖਾਸ ਮਹੱਤਵ ਹੈ। ਇਨ੍ਹਾਂ ਤੂਫਾਨਾਂ ਦਾ ਪਹਿਲਾਂ ਸਾਂਝਾ ਲੱਛਣ ਹੈ ਕਿ ਇਹ ਵਧਦੀਆਂ ਕੀਮਤਾਂ, ਰੁਜ਼ਗਾਰ, ਰੋਟੀ ਅਤੇ ਜਮਹੂਰੀਅਤ ਦੇ ਮੁੱਦੇ ਦੁਆਲੇ ਕੇਂਦਰਤ ਹਨ। ਦੂਜਾ ਸਾਂਝਾ ਲੱਛਣ ਹੈ ਕਿ ਇਨ੍ਹਾਂ ਸਾਰੇ ਰਾਜਾਂ ਦੀਆਂ ਤਾਨਾਸ਼ਾਹ ਸਰਕਾਰਾਂ ਨੂੰ ਦੁਨੀਆਂ ਦੇ ਸਭ ਤੋਂ ਵੱਡੇ 'ਜਮਹੂਰੀ' ਮੁਲਕ ਅਮਰੀਕਾ ਦੀ ਹਮਾਇਤ ਹਾਸਲ ਹੈ। ਤੀਜਾ, ਇਨ੍ਹਾਂ ਸਾਰੀਆਂ ਬਗਾਵਤਾਂ ਅੰਦਰ, ਰਾਜਨੀਤਕ ਦਿਸ਼ਾ ਦੀ ਬੇਹੱਦ ਕਮੀ ਹੈ ਜਾਂ ਕਹੀਏ ਇਹ ਅੱਕੇ ਲੋਕਾਂ ਵੱਲੋਂ ਆਪ ਮੁਹਾਰੇ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨ ਹੀ ਹਨ।

ਜਿਥੋਂ ਤੱਕ ਪਹਿਲੇ ਲੱਛਣ ਦਾ ਸਬੰਧ ਹੈ, ਭਾਵੇਂ ਬੁਰਜੂਆ ਆਰਥਿਕ ਮਾਹਰਾਂ ਨੇ ਅੰਦਾਜ਼ਾ ਲਾਇਆ ਹੈ ਕਿ 2011 ਦੌਰਾਨ ਮੱਧ ਪੂਰਬ ਤੇ ਉਤਰੀ ਅਫਰੀਕਾ ਰਿਕਾਰਡ ਦਰ ਨਾਲ ਵਿਕਾਸ ਕਰੇਗਾ, ਪਰ ਵਿਕਾਸ ਦਾ ਇਹ ਮਾਡਲ ਦੁਨੀਆ ਦੇ ਬਾਕੀ ਹਿੱਸਿਆਂ ਦੀ ਤਰ੍ਹਾਂ ਹੀ ਇੱਥੇ ਵੀ ਅਮੀਰਾਂ ਤੇ ਗਰੀਬਾਂ ਦੀ ਖਾਈ ਨੂੰ ਹੋਰ ਵਧਾ ਰਿਹਾ ਹੈ। 1979 ਵਿਚ ਜਦੋਂ ਇਰਾਨ ਵਿਚ ਆਈ ਕ੍ਰਾਂਤੀ ਕਾਰਨ ਇਹ ਅਮਰੀਕਾ ਦੇ ਕੰਟਰੋਲ ਹੇਠੋਂ ਨਿਕਲ ਗਿਆ, ਉਦੋਂ ਤੋਂ ਹੀ ਮਿਸਰ ਮੱਧ-ਪੂਰਬ ਵਿਚ ਅਮਰੀਕੀ ਧੁਰੇ ਦੇ ਤੌਰ 'ਤੇ ਕੰਮ ਕਰਦਾ ਆ ਰਿਹਾ ਹੈ। ਇਹ ਮੱਧ ਪੂਰਬ ਵਿਚ ਅਮਰੀਕਾ ਦੇ ਸਾਰੇ ਕੁੰਜੀਵਤ ਓਪਰੇਸ਼ਨਾਂ ਵਿਚ ਡਟਵੀਂ ਹਮਾਇਤ ਕਰਦਾ ਆ ਰਿਹਾ ਹੈ ਤੇ ਅਰਬ-ਇਜ਼ਰਾਇਲ ਸ਼ਾਂਤੀ ਯਤਨਾਂ ਵਿਚ ਇਸਦੀ ਖਾਸ ਭੂਮਿਕਾ ਰਹੀ ਹੈ। ਇਸ ਬਦਲੇ ਅਮਰੀਕਾ ਇਸਨੂੰ ਹਰ ਸਾਲ 1.3 ਬਿਲੀਅਨ ਡਾਲਰ ਦੀ ਫੌਜੀ ਮੱਦਦ ਦਿੰਦਾ ਆ ਰਿਹਾ ਹੈ। ਵਿਕੀਲੀਕਸ ਤੋਂ ਲੀਕ ਕੇਬਲਾਂ ਅਨੁਸਾਰ ਮਿਸਰ, ਫ਼ਲਸਤੀਨੀਆਂ ਨੂੰ ਦਬਾਉਣ, ਇਜ਼ਰਾਇਲ ਨਾਲ ਸਹਿਯੋਗ ਕਰਨ ਅਤੇ ਇਰਾਨ ਖਿਲਾਫ ਤਿਆਰੀਆਂ ਕਰਨ ਵਿਚ ਅਮਰੀਕਾ ਦਾ ਡਟਵਾਂ ਸਹਿਯੋਗੀ ਰਿਹਾ ਹੈ, ਲੇਕਿਨ ਮਿਸਰ ਦੀ 8 ਕਰੋੜ ਅਬਾਦੀ ਵਿਚੋਂ ਅੱਧੀ ਆਬਾਦੀ 2 ਡਾਲਰ ਪ੍ਰਤੀ ਦਿਨ ਤੋਂ ਵੀ ਘੱਟ ਤੇ ਗੁਜ਼ਾਰਾ ਕਰ ਰਹੀ ਹੈ। ਉਥੇ ਅਨਾਜ ਤੇ ਤੇਲ ਸਬਸਿਡੀਆਂ ਜੋ ਕੁੱਲ ਘਰੇਲੂ ਉਤਪਾਦਨ ਦਾ 7 ਫ਼ੀਸਦ ਬਣਦੀਆਂ ਸਨ, ਬੰਦ ਕਰਨ ਦੀ ਹਦਾਇਤ ਕੀਤੀ ਸੀ। ਯਮਨ ਦੀ ਅਮਰੀਕਾ ਲਈ ਇਕ ਹੋਰ ਖਾਸ ਯੁੱਧਨੀਤਕ ਮਹੱਤਤਾ ਹੈ। ਇੱਥੇ ਅਮਰੀਕਾ ਦੀ ਮੌਜੂਦਗੀ, ਚੀਨ ਨੂੰ ਤੇਲ ਦੀ ਬਰਾਮਦ ਅਤੇ ਉਸਦੇ ਬਾਹਰਲੇ ਮੁਲਕਾਂ ਨਾਲ ਵਪਾਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰ ਸਕਦੀ ਹੈ ਤੇ ਇਰਾਨ ਉਤੇ ਦਬਾਅ ਬਣਾਉਣ ਲਈ ਵੀ ਕਾਫੀ ਮਹੱਤਵਪੂਰਨ ਹੈ। ਯਮਨ ਜੋ ਖੁਦ ਵੀ ਘਰੇਲੂ ਯੁੱਧ ਵਰਗੀ ਵਿਚੋਂ ਗੁਜ਼ਰ ਰਿਹਾ ਹੈ, ਜਿਸਦੀ 23 ਬਿਲੀਅਨ ਅਬਾਦੀ ਵਿਚੋਂ ਅੱਧੀ ਗਰੀਬੀ ਦੀ ਰੇਖਾ ਤੋਂ ਹੇਠਾਂ ਜਿਉ ਰਹੀ ਹੈ, ਉਥੇ ਵੀ ਅਲਕਾਇਦਾ ਨੂੰ ਕੰਟਰੋਲ ਕਰਨ ਦੇ ਨਾਂ ਹੇਠ ਅਮਰੀਕਾ ਨੇ ਪੱਕਾ ਅੱਡਾ ਬਣਾ ਲਿਆ ਹੈ ਤੇ ਅਮਰੀਕਾ ਉਥੋਂ ਦੇ ਡਿਕਟੇਟਰ ਸਾਲਹੇ ਦੀ ਭਰਭੂਰ ਹਿਮਾਇਤ ਕਰ ਰਿਹਾ ਹੈ। ਯਮਨ ਨੇ ਵੀ ਪਿਛਲੇ ਹੀ ਸਾਲ ਆਈ.ਐਮ.ਐਫ. ਤੋਂ ਸਬਸਿਡੀਆਂ ਘਟਾਉਣ ਅਤੇ ਹੋਰ ਸਮਾਜਿਕ ਸਹੂਲਤਾਂ ਤੇ ਕੱਟ ਲਾਉਣ ਦੀਆਂ ਕਰੜੀਆਂ ਸ਼ਰਤਾਂ ਬਦਲੇ 369.8 ਮਿਲੀਅਨ ਡਾਲਰ ਦਾ ਕਰਜ਼ਾ ਲਿਆ ਹੈ। ਅਮਰੀਕੀ ਨੀਤੀਆਂ ਨੇ ਇਨ੍ਹਾਂ ਦੇਸ਼ਾਂ ਵਿਚ ਲੋਕਾਂ ਦੀਆਂ ਜਿਉਣ ਹਾਲਾਤ ਨੂੰ ਔਖਾ ਬਣਾ ਦਿੱਤਾ ਹੈ ਅਤੇ ਇੱਥੇ ਨੌਜਵਾਨਾਂ ਲਈ ਇਥੇ ਕੋਈ ਭਵਿੱਖ ਨਹੀਂ ਹੈ।

ਅਮਰੀਕਾ ਹੁਣ ਆਪਣੇ ਤਾਨਾਸ਼ਾਹਾਂ ਦੀ ਗੱਦੀ ਸਲਾਮਤ ਬਣਾਕੇ ਰੱਖਣ ਦੀ ਥਾਂ, ਉਨ੍ਹਾਂ ਦੇ ਚਿਹਰੇ ਬਦਲਕੇ ਤੇ ਲੋਕਾਂ ਨਾਲ ਫੋਕੀ ਹਮਦਰਦੀ ਦਿਖਾਕੇ, ਆਪਣੀ ਸਰਦਾਰੀ ਨੂੰ ਇੱਥੇ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸਨੇ ਮਿਸਰ ਦੀ ਬਗਾਵਤ ਨੂੰ ਠੰਢੀ ਕਰਨ ਲਈ, ਆਪਣੇ ਪਰਖੇ ਹੋਏ ਸਾਬਕਾ ਜਰਨਲ ਉਮਰ ਸੁਲੇਮਾਨ ਨੂੰ ਉਪ-ਰਾਸ਼ਟਰਪਤੀ ਬਣਾ ਦਿੱਤਾ ਹੈ। ਅਮਰੀਕਾ ਦਾ ਪਰਖਿਆ ਮੁਹੰਮਦ ਅਲਬਰਦਾਈ ਵੀ ਮੀਡੀਏ ਨੇ ਅਗਲੇ ਉਮੀਦਵਾਰ ਵਜੋਂ ਉਭਾਰਿਆ ਹੈ। ਨਿਸ਼ਚਿਤ ਹੀ ਪੂੰਜੀਵਾਦ ਤੋਂ ਨਿਜਾਤ ਪਾਉਣ ਦਾ ਰਸਤਾ ਦਿਖਾਉਣ ਵਾਲੀ ਖੱਬੇ ਪੱਖੀ ਲਹਿਰ ਬੇਹੱਦ ਕਮਜ਼ੋਰ ਹੋਣ ਕਰਕੇ, ਇਨ੍ਹਾਂ ਬਗਾਵਤਾਂ ਨੂੰ ਵਕਤੀ ਤੌਰ 'ਤੇ ਅਮਰੀਕਾ 'ਜਮਹੂਰੀ ਸੁਧਾਰਾਂ' ਦੇ ਨਾਂ 'ਤੇ ਠੰਢਾ ਕਰ ਸਕਦਾ ਹੈ, ਲੇਕਿਨ ਪੂੰਜੀਵਾਦ ਦਾ ਵਧ ਰਿਹਾ ਸੰਕਟ ਕਿਸੇ ਵੀ ਹਾਲਤ ਵਿਚ ਲੋਕਾਂ ਦੀਆਂ ਜਿਉਣ ਹਾਲਤਾਂ ਵਿਚ ਸੁਧਾਰ ਨਹੀਂ ਕਰ ਸਕਦਾ ਅਤੇ ਅਮਰੀਕਾ ਲਈ ਲੋਕ ਬਗਾਵਤਾਂ ਦੀ ਇਹ ਵੰਗਾਰ ਸਦਾ ਹੀ ਬਣੀ ਰਹੇਗੀ।

## ਹਿਟਲਰ ਨੂੰ ਭਰੋਸੇਯੋਗ ਏਜੰਟ ਨੇ ਦਿੱਤਾ ਸੀ 'ਧੋਖਾ'

ਲੰਡਨ: ਦੂਜੀ ਸੰਸਾਰ ਜੰਗ ਨਾਲ ਸਬੰਧਿਤ ਦਸਤਾਵੇਜ਼ ਜਿਸ ਨੂੰ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ ਗਿਆ ਹੈ, ਅਨੁਸਾਰ ਨਾਜ਼ੀਆਂ ਨੂੰ ਉਨ੍ਹਾਂ ਦੇ ਇਕ ਬੇਹੱਦ ਭਰੋਸੇਯੋਗ ਏਜੰਟ ਨੇ ਮੂਰਖ ਬਣਾਇਆ ਤੇ ਇਸ ਦੂਹਰੇ ਏਜੰਟ ਸਦਕਾ ਹੀ ਦੂਜੀ ਸੰਸਾਰ ਜੰਗ ਜਲਦੀ ਸਮਾਪਤ ਹੋ ਸਕੀ।



ਬਰਤਾਨੀਆ ਵਿਚ ਨਾਜ਼ੀਆਂ ਦੇ ਬੇਹੱਦ ਭਰੋਸੇਮੰਦ ਏਜੰਟ ਜੁਆਨ ਪੁਜੋਲ ਗਾਰਸੀਆ ਨੇ ਗੱਠਜੋੜ ਫ਼ੌਜਾਂ ਦੀ ਡੀ. ਡੇਅ ਲੈਂਡਿੰਗ ਯੋਜਨਾ ਬਾਰੇ ਗ਼ਲਤ ਜਾਣਕਾਰੀ ਭੇਜੀ ਸੀ। ਇਸ ਗ਼ਲਤ ਜਾਣਕਾਰੀ 'ਤੇ ਨਾਜ਼ੀ ਤਾਨਾਸ਼ਾਹ ਹਿਟਲਰ ਵੀ ਯਕੀਨ ਕਰ ਗਿਆ ਸੀ। ਪੁਜੋਲ ਜੋ ਕਿ ਸਪੇਨੀ ਵਪਾਰੀ ਸੀ ਤੇ ਜਿਸ ਨੂੰ ਜਰਮਨ ਆਪਣਾ ਲੰਡਨ ਵਿਚ ਬੇਹੱਦ ਭਰੋਸੇਯੋਗ ਬੰਦਾ ਮੰਨਦੇ ਸਨ, ਉਹ ਅਸਲ ਵਿਚ ਦੂਜੀ ਸੰਸਾਰ ਜੰਗ ਦੌਰਾਨ ਇੰਗਲੈਂਡ ਲਈ ਕੰਮ ਕਰ ਰਿਹਾ ਸੀ। ਉਸ ਵੱਲੋਂ ਜਰਮਨੀ ਨੂੰ ਭੇਜੇ ਖੁਫ਼ੀਆ ਸੁਨੇਹੇ ਦੇ ਪ੍ਰਕਾਸ਼ਿਤ ਹੋਣ ਨਾਲ ਪਤਾ ਲੱਗਿਆ ਹੈ ਕਿ ਇਕ ਦੂਹਰੇ ਏਜੰਟ (ਸੂਹੀਏ) ਨੇ ਦੂਜੀ ਸੰਸਾਰ ਜੰਗ ਜਿੱਤਣ ਵਿਚ ਕਿਸ ਤਰ੍ਹਾਂ ਗੱਠਜੋੜ ਫ਼ੌਜਾਂ ਦੀ ਸਹਾਇਤਾ ਕੀਤੀ। ਇਸ ਖੁਫ਼ੀਆ ਸੁਨੇਹੇ ਵਿਚ ਨਾਜ਼ੀਆਂ ਨੂੰ ਦੱਸਿਆ ਗਿਆ ਕਿ ਗੱਠਜੋੜ ਫ਼ੌਜਾਂ ਨੂੰ ਪਾਸ ਡੇ ਕਲਾਇਸ ਦੀ ਥਾਂ ਨੋਰਮਾਂਡੀ ਕੋਸਟ ਵਿਚ ਉਤਾਰਿਆ ਜਾ ਰਿਹਾ ਹੈ। ਇਸ ਇਕ ਸੁਨੇਹੇ ਨੇ ਸਮੁੱਚੀ ਜੰਗ ਦਾ ਸਰੂਪ ਬਦਲ ਦਿੱਤਾ ਸੀ।

ਇਹ ਜਾਣਕਾਰੀ ਬੀ.ਬੀ.ਸੀ. ਦੀ ਰਿਪੋਰਟ ਵਿਚ ਦਿੱਤੀ ਗਈ ਹੈ। ਇਸ ਰਿਪੋਰਟ ਅਨੁਸਾਰ ਸਾਰਬੋ ਨੇ ਆਪਣੀ ਭਰੋਸੇਯੋਗਤਾ ਬਣਾਉਣ ਲਈ ਨਾਜ਼ੀਆਂ ਨੂੰ ਕੁਝ ਸਹੀ ਜਾਣਕਾਰੀ ਵੀ ਦਿੱਤੀ ਪਰ ਜਦੋਂ ਫਰਾਂਸ 'ਤੇ ਹਮਲੇ ਦਾ ਸਮਾਂ ਆਇਆ ਤਾਂ ਉਸ ਨੇ ਨਾਜ਼ੀਆਂ ਨੂੰ ਮੂਰਖ ਬਣਾ ਦਿੱਤਾ। ਇਹ ਵੀ ਜ਼ਿਕਰਯੋਗ ਹੈ ਕਿ ਇਸ ਦੀਆਂ ਸੇਵਾਵਾਂ ਬਦਲੇ ਨਾਜ਼ੀ ਹਾਈ ਕਮਾਂਡ ਨੇ ਹਿਟਲਰ ਦੀ ਪ੍ਰਵਾਨਗੀ ਨਾਲ ਉਸ ਨੂੰ ਆਇਰਨ ਕਰਾਸ ਦਿੱਤਾ ਜਦੋਂਕਿ ਬਰਤਾਨੀਆ ਨੇ ਉਸ ਨੂੰ ਮੈਂਬਰ ਆਫ਼ ਬ੍ਰਿਟਿਸ਼ ਅੰਪਾਇਰ (ਐਮ. ਬੀ.ਈ.) ਦਾ ਖ਼ਿਤਾਬ ਦਿੱਤਾ।



ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# 84: ਚਾਰ ਦਿਨ ਜਿਨ੍ਹਾਂ ਹਿਰਦੇ ਵਲੂੰਧਰ ਸੁੱਟੇ



***ਭਾਰਤ ਦੇ ਸ਼ਹਿਰੀ ਵਿਕਾਸ ਮੰਤਰੀ ਅਤੇ ਸੀਨੀਅਰ ਕਾਂਗਰਸ ਆਗੂ ਕਮਲ ਨਾਥ ਖ਼ਿਲਾਫ਼ ਅਮਰੀਕਾ ਵਿਚ ਕਾਰਵਾਈ ਸ਼ੁਰੂ ਹੋਣ ਦੇ ਮਾਮਲੇ ਨਾਲ ਨਵੰਬਰ 1984 ਦੇ ਸਿੱਖ ਕਤਲੇਆਮ ਦਾ ਮੁੱਦਾ ਇਕ ਵਾਰ ਫਿਰ ਭਖ਼ ਗਿਆ ਹੈ। ਯਾਦ ਰਹੇ ਕਿ ਉਦੋਂ ਇਕੱਲੇ ਦਿੱਲੀ ਸ਼ਹਿਰ ਵਿਚ 2733 ਸਿੱਖਾਂ ਨੂੰ ਜਿਊਂਦੇ ਸਾੜ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਕਾਰੋਬਾਰ ਵੀ ਤਬਾਹ ਕਰ ਦਿੱਤੇ ਗਏ ਸਨ। 26 ਸਾਲ ਬੀਤ ਜਾਣ ਤੋਂ ਬਾਅਦ ਵੀ ਇਹ ਕੇਸ ਜਿਉਂ ਦੇ ਤਿਉਂ ਲਟਕ ਰਹੇ ਹਨ। ਇਨ੍ਹਾਂ ਕੇਸਾਂ ਵਿਚ ਕਾਂਗਰਸੀ ਆਗੂਆਂ; ਸੱਜਣ ਕੁਮਾਰ, ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ ਦਾ ਨਾਂ ਮੁੱਖ ਰੂਪ ਵਿਚ ਆਉਂਦਾ ਰਿਹਾ ਹੈ। ਹੁਣ ਸੱਜਣ ਕੁਮਾਰ ਖ਼ਿਲਾਫ਼ ਦਿੱਲੀ ਦੀ ਇਕ ਅਦਾਲਤ 'ਚ ਲਗਾਤਾਰ ਕਾਰਵਾਈ ਚੱਲ ਰਹੀ ਹੈ। ਚੇਤੇ ਰਹੇ, ਅਮਰੀਕਾ ਵਿਚ ਭਾਵੇਂ ਕਮਲ ਨਾਥ ਖ਼ਿਲਾਫ਼ ਕਾਰਵਾਈ ਦੇ ਆਸਾਰ ਨਜ਼ਰ ਆ ਰਹੇ ਹਨ, ਪਰ ਪਿਛਲੇ ਸਾਲਾਂ ਦੌਰਾਨ ਭਾਰਤ ਤੇ ਅਮਰੀਕਾ ਵਿਚਕਾਰ ਆਈਆਂ ਨਜ਼ਦੀਕੀਆਂ ਇਸ ਕੇਸ ਵਿਚ ਰੋੜਾ ਬਣ ਸਕਦੀਆਂ ਹਨ। ਕਮਲ ਨਾਥ ਖ਼ਿਲਾਫ਼ ਅਮਰੀਕਾ ਵਿਚ ਹੋਈ ਕਾਰਵਾਈ ਦਾ ਸਿੱਟਾ ਭਾਵੇਂ ਕੁਝ ਵੀ ਨਿਕਲੇ, ਪਰ ਇਸ ਨਾਲ ਸਿੱਖਾਂ ਨਾਲ ਹੋਈ ਜ਼ਿਆਦਤੀ ਦਾ ਮਾਮਲਾ ਇਕ ਵਾਰ ਫਿਰ ਸੰਸਾਰ ਭਰ ਅਤੇ ਮੀਡੀਆ ਵਿਚ ਚਰਚਾ ਦਾ ਵਿਸ਼ਾ ਬਣ ਗਿਆ ਹੈ।***

## ਚਾਰ ਦਿਨਾਂ ਦੀ ਦਾਸਤਾਨ

***ਪਹਿਲਾ ਦਿਨ (31 ਅਕਤੂਬਰ)***

- ਸਵੇਰੇ 9.20 ਵਜੇ ਇੰਦਰਾ ਗਾਂਧੀ ਨੂੰ ਗੋਲੀਆਂ ਵੱਜਣ ਦੀ ਖ਼ਬਰ।
- ਸ਼ਾਮ ਤੇ ਰਾਤ ਨੂੰ ਆਲ ਇੰਡੀਆ ਇੰਚਸਟੀਚਿਊਟ ਆਫ਼ ਮੈਡੀਕਲ ਸਾਇੰਸ (ਏਮਜ਼) ਆਲੇ-ਦੁਆਲੇ ਭੀੜ ਜਮ੍ਹਾਂ
- ਸਿੱਖਾਂ ਅਤੇ ਸਿੱਖਾਂ ਦੇ ਕਾਰੋਬਾਰਾਂ 'ਤੇ ਹਮਲੇ
- ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ।
- ਵਿਰੋਧੀ ਧਿਰ ਦੇ ਲੀਡਰ ਅਤੇ ਸੀਨੀਅਰ ਵਕੀਲ ਰਾਮ ਜੇਠ ਮਲਾਨੀ, ਗ੍ਰਹਿ ਮੰਤਰੀ ਪੀ ਵੀ ਨਰਸਿਮਹਾ ਰਾਓ ਨੂੰ ਮਿਲੇ ਅਤੇ ਸਿੱਖਾਂ ਦੀ ਸੁਰੱਖਿਆ ਲਈ ਤੁਰੰਤ ਕਦਮ ਉਠਾਉਣ ਲਈ ਕਿਹਾ।
- ਦਿੱਲੀ ਦੇ ਲੈਫਟੀਨੈਂਟ ਗਵਰਨ ਪੀ ਜੀ ਗਵਈ ਅਤੇ ਪੁਲਿਸ ਕਮਿਸ਼ਨਰ ਐਸ ਸੀ ਟੰਡਨ ਵੱਲੋਂ ਹਮਲਿਆਂ ਵਾਲੇ ਇਲਾਕਿਆਂ ਦਾ ਦੌਰਾ।

***ਦੂਜਾ ਦਿਨ (1 ਨਵੰਬਰ)***

- ਪੂਰਬੀ ਦਿੱਲੀ ਵਿਚ ਇਕ ਸਿੱਖ ਦਾ ਕਤਲ
- 9 ਵਜੇ ਭੀੜ ਵਲੋਂ ਜਥੇਬੰਦ ਹਮਲੇ ਸ਼ੁਰੂ
- ਸਭ ਤੋਂ ਪਹਿਲਾਂ ਗੁਰਦੁਆਰੇ 'ਤੇ ਹਮਲਾ। ਫਿਰ ਤਰਲੋਕਪੁਰੀ, ਮੰਗੋਲਪੁਰੀ, ਸੁਲਤਾਨਪੁਰੀ ਅਤੇ ਪਾਲਮ ਕਾਲੋਨੀ ਵਿਚ ਹਮਲੇ।

***ਤੀਜਾ ਦਿਨ (2 ਨਵੰਬਰ)***

- ਸਾਰੇ ਦਿੱਲੀ ਸ਼ਹਿਰ ਵਿਚ ਕਰਫ਼ਿਊ ਦਾ ਐਲਾਨ, ਪਰ ਲਾਗੂ ਨਹੀਂ ਕੀਤਾ ਗਿਆ।
- ਸ਼ਹਿਰ ਵਿਚ ਫੌਜ ਲਾਈ, ਪਰ ਸਥਾਨਕ ਪੁਲਿਸ ਵੱਲੋਂ ਸਹਿਯੋਗ ਨਾ ਮਿਲਣ ਕਾਰਨ ਕੋਈ ਵੀ ਕਾਰਵਾਈ ਨਾ ਕੀਤੀ ਜਾ ਸਕੀ, ਕਿਉਂਕਿ ਕਾਰਵਾਈ ਦੇ ਹੁਕਮ ਸੀਨੀਅਰ ਪੁਲਿਸ ਅਫ਼ਸਰਾਂ ਅਤੇ ਮੈਜਿਸਟਰੇਟਾਂ ਨੇ ਦੇਣੇ ਸਨ।

***ਚੌਥਾ ਦਿਨ (3 ਨਵੰਬਰ)***

- ਹਿੰਸਾ ਜਾਰੀ। ਸ਼ਾਮ ਤੱਕ ਫੌਜ ਅਤੇ ਪੁਲਿਸ ਵੱਲੋਂ ਹਿੰਸਾ ਰੋਕਣ ਲਈ ਕਾਰਵਾਈ।

## 'ਦੋਸ਼ੀ ਕੌਣ' ਰਿਪੋਰਟ ਵਿਚ ਉਠਾਏ ਸਵਾਲ

1984 ਦੇ ਕਤਲੇਆਮ ਤੋਂ ਤੁਰੰਤ ਬਾਅਦ ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੈਟਿਕ ਰਾਈਟਸ (ਪੀ.ਯੂ.ਡੀ.ਆਰ.) ਅਤੇ ਪੀਪਲਜ਼ ਯੂਨੀਅਨ ਫ਼ਾਰ ਯੂਨੀਅਨ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਨੇ ਇਸ ਕਤਲੇਆਮ ਬਾਰੇ ਕਿਤਾਬਚਾ 'ਦੋਸ਼ੀ ਕੌਣ' (ਹੂ ਆਰ ਦਿ ਗਿਲਟੀ?) ਛਾਪਿਆ ਸੀ। ਇਸ ਕਿਤਾਬਚੇ ਵਿਚ ਹਮਲਾਵਰਾਂ ਦੇ ਪਿਛੋਕੜ; ਪੁਲਿਸ, ਪ੍ਰਸ਼ਾਸਨ, ਫ਼ੌਜ, ਕਾਂਗਰਸ, ਮੀਡੀਆ ਅਤੇ ਵਿਰੋਧੀ ਧਿਰ ਤੇ ਆਮ ਲੋਕਾਂ ਦੇ ਰਵੱਈਏ ਬਾਰੇ ਡੂੰਘੀ ਪੁਣਛਾਣ ਕੀਤੀ ਗਈ ਸੀ। ਰਿਪੋਰਟ ਦੇ ਆਖ਼ਰ ਵਿਚ ਕੁਝ ਸਵਾਲ ਉਠਾਏ ਗਏ ਸਨ ਜਿਨ੍ਹਾਂ ਦੇ ਵੇਰਵੇ ਇਸ ਪ੍ਰਕਾਰ ਹਨ:

(1) ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਦੇ ਐਲਾਨ ਅਤੇ ਹਿੰਸਾ ਸ਼ੁਰੂ ਹੋਣ ਤਕ ਦੇ ਸੱਤ ਘੰਟਿਆਂ ਦੌਰਾਨ ਸਰਕਾਰ ਤੇ ਪ੍ਰਸ਼ਾਸਨ ਨੇ ਕੀ ਕੀਤਾ?

(2) ਸਰਕਾਰ ਨੇ ਲੁੱਟਾਂ ਅਤੇ ਕਤਲਾਂ ਦੀਆਂ ਰਿਪੋਰਟਾਂ ਤੋਂ ਬਾਅਦ ਵੀ ਕੋਈ ਕਾਰਵਾਈ ਕਿਉਂ ਨਾ ਕੀਤੀ ਅਤੇ ਚੌਕਸ ਕਰਨ ਦੇ ਬਾਵਜੂਦ ਸੁਰੱਖਿਆ ਬਲ ਕਿਉਂ ਨਾ ਲਾਏ?

(3) ਪ੍ਰਧਾਨ ਮੰਤਰੀ ਦੇ ਨਜ਼ਦੀਕੀ ਕੁਝ ਕਾਂਗਰਸੀ ਲੀਡਰਾਂ ਨੂੰ ਮੰਤਰੀਆਂ ਤੇ ਅਫ਼ਸਰਾਂ ਵਾਲੀਆਂ ਤਾਕਤਾਂ ਵਰਤਣ ਦੀ ਖੁੱਲ੍ਹ ਕਿਉਂ ਦਿੱਤੀ ਗਈ?

(4) ਹਿੰਸਾ ਰੋਕਣ ਤੇ ਕਰਫ਼ਿਊ ਲਾਗੂ ਕਰਨ ਵਿਚ ਫ਼ੌਜ ਨੂੰ ਹਦਾਇਤਾਂ ਦੇਣ ਦੇ ਸਿਲਸਿਲੇ ਵਿਚ ਕੋਈ ਸਾਂਝਾ ਕੰਟਰੋਲ ਬੋਰਡ ਕਿਉਂ ਨਾ ਬਣਾਇਆ ਗਿਆ?

(5) ਪੁਲਿਸ ਵੱਲੋਂ ਜਾਣ-ਬੁੱਝ ਕੇ ਅਤੇ ਯੋਜਨਾਬੱਧ ਢੰਗ ਨਾਲ ਕਾਰਵਾਈ ਨਾ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਸੀ?

(6) ਯੋਜਨਾਬੱਧ ਢੰਗ ਨਾਲ ਇਹ ਹਿੰਸਾ ਫੈਲਾਉਣ ਲਈ ਜ਼ਿੰਮੇਵਾਰ ਕੌਣ ਸੀ?

(7) 'ਖ਼ੂਨ ਦਾ ਬਦਲਾ ਖ਼ੂਨ' ਵਰਗੇ ਭੜਕਾਊ ਨਾਅਰੇ ਦੂਰਦਰਸ਼ਨ 'ਤੇ ਕਿਉਂ ਨਸ਼ਰ ਕੀਤੇ ਗਏ?

(8) ਇਸ ਕਤਲੇਆਮ ਵਿਚ ਕਾਂਗਰਸ ਦੇ ਮੈਂਬਰਾਂ ਦੇ ਸ਼ਾਮਲ ਹੋਣ ਬਾਰੇ ਪੁਣਛਾਣ ਕਰਨ ਲਈ ਕਾਂਗਰਸ ਨੇ ਕੋਈ ਜਾਂਚ ਕਿਉਂ ਨਾ ਕੀਤੀ?

ਇਨ੍ਹਾਂ ਸਵਾਲਾਂ ਦੇ ਜਵਾਬ ਅੱਜ ਤਕ ਭਾਰਤ ਸਰਕਾਰ ਅਤੇ ਇਸ ਕਤਲੇਆਮ ਦੇ ਮੁੱਖ ਤੌਰ 'ਤੇ ਜ਼ਿੰਮੇਵਾਰ ਸਮਝੀ ਜਾਂਦੀ ਕਾਂਗਰਸ ਪਾਰਟੀ ਨੇ ਨਹੀਂ ਦਿੱਤੇ। 'ਦੋਸ਼ੀ ਕੌਣ' ਨਾਂ ਦੇ ਇਸ ਕਿਤਾਬਚੇ ਨੂੰ ਆਧਾਰ ਬਣਾ ਕੇ ਬਹੁਤ ਸਾਰੀਆਂ ਸੰਸਥਾਵਾਂ ਨੇ ਪੀੜਤਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ, ਪਰ ਸਰਕਾਰ ਦੇ ਕੰਨਾਂ ਤਕ ਇਹ ਆਵਾਜ਼ ਫਿਰ ਵੀ ਨਾ ਪੁੱਜੀ।

# ਜਾਂਚ ਕਮਿਸ਼ਨਾਂ ਦੇ ਗੇੜ 'ਚ ਗੁਆਚ ਗਿਆ ਇਨਸਾਫ਼

### ਮਰਵਾਹ ਕਮਿਸ਼ਨ

ਅਡੀਨਸ਼ਨਲ ਪੁਲਿਸ ਕਮਿਸ਼ਨਰ ਵੇਦ ਮਰਵਾਹ ਦੀ ਅਗਵਾਈ ਹੇਠ ਨਵੰਬਰ 1984 ਵਿਚ ਇਹ ਕਮਿਸ਼ਨ ਕਾਇਮ। ਇਸ ਕਮਿਸ਼ਨ ਨੇ ਸਿੱਖਾਂ 'ਤੇ ਹਮਲਿਆਂ ਬਾਰੇ ਪੁਲਿਸ ਦੀ ਭੂਮਿਕਾ ਬਾਰੇ ਜਾਂਚ ਕਰਨੀ ਸੀ। ਦਿੱਲੀ ਪੁਲਿਸ ਦੇ ਕਈ ਅਫ਼ਸਰ ਇਸ ਕਮਿਸ਼ਨ ਖਿਲਾਫ ਦਿੱਲੀ ਹਾਈ ਕੋਰਟ ਚਲੇ ਗਏ। 1985 ਦੇ ਅੱਧ ਤੱਕ ਮਰਵਾਹ ਕਮਿਸ਼ਨ ਨੇ ਜਾਂਚ ਮੁਕੰਮਲ ਕੀਤੀ।

ਇਸ ਤੋਂ ਬਾਅਦ ਉਸ ਨੂੰ ਰੋਕ ਦਿੱਤਾ ਗਿਆ। ਸਾਰਾ ਰਿਕਾਰਡ ਸਰਕਾਰ ਨੇ ਕਬਜ਼ੇ 'ਚ ਲੈ ਲਿਆ ਅਤੇ ਬਾਅਦ ਵਿਚ ਨਵੇਂ ਬਣਾਏ ਮਿਸ਼ਰਾ ਕਮਿਸ਼ਨ ਨੂੰ ਸੌਂਪ ਦਿੱਤਾ ਗਿਆ। ਇਸ ਰਿਕਾਰਡ ਦਾ ਸਭ ਤੋਂ ਅਹਿਮ ਹਿੱਸਾ ਜੋ ਸ੍ਰੀ ਮਰਵਾਹ ਨੇ ਖੁਦ ਲਿਖਿਆ ਸੀ, ਮਿਸ਼ਰਾ ਕਮਿਸ਼ਨ ਨੂੰ ਸੌਂਪਿਆ ਨਹੀਂ ਗਿਆ।

### ਮਿਸ਼ਰਾ ਕਮਿਸ਼ਨ

ਮਈ 1985 ਵਿਚ ਜਸਟਿਸ ਰੰਗਨਾਥ ਮਿਸ਼ਰਾ ਦੀ ਅਗਵਾਈ ਵਿਚ ਕਮਿਸ਼ਨ ਕਾਇਮ। ਇਸ ਕਮਿਸ਼ਨ ਨੇ ਆਪਣੀ ਰਿਪੋਰਟ ਅਗਸਤ 1986 'ਚ ਸੌਂਪੀ ਜੋ 6 ਮਹੀਨੇ ਬਾਅਦ, ਫਰਵਰੀ 1987 ਵਿਚ ਨਸ਼ਰ ਕੀਤੀ ਗਈ। ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਅਤੇ ਹਿਊਮਨ ਰਾਈਟਸ ਵਾਚ ਵੱਲੋਂ ਰਿਪੋਰਟ ਦੀ ਤਿੱਖੀ ਨੁਕਤਾਚੀਨੀ, ਕਿਉਂਕਿ ਇਸ ਵਿਚ ਕਿਸੇ ਵੀ ਦੋਸ਼ੀ ਖ਼ਿਲਾਫ਼ ਅਪਰਾਧਕ ਕਾਰਵਾਈ ਦੀ ਸਿਫ਼ਾਰਸ਼ ਨਹੀਂ ਸੀ ਕੀਤੀ ਗਈ।

### ਕਪੂਰ-ਮਿੱਤਲ ਕਮੇਟੀ

ਫਰਵਰੀ 1987 ਵਿਚ ਕਾਇਮ ਇਸ ਕਪੂਰ-ਮਿੱਤਲ ਕਮੇਟੀ ਵਿਚ ਜਸਟਿਸ ਦਲੀਪ ਕਪੂਰ ਅਤੇ ਜਸਟਿਸ ਕੁਸਮ ਮਿੱਤਲ ਨੂੰ ਲਾਇਆ ਗਿਆ। ਇਸ ਕਮੇਟੀ ਨੇ ਆਪਣੀ ਰਿਪੋਰਟ 1990 ਵਿਚ ਸੌਂਪੀ ਜਿਸ ਵਿਚ ਅਜਿਹੇ 72 ਪੁਲਿਸ ਅਫ਼ਸਰਾਂ ਦੀ ਸ਼ਨਾਖ਼ਤ ਕੀਤੀ ਗਈ ਜਿਨ੍ਹਾਂ ਨੇ ਲਾਪਰਵਾਹੀ ਵਰਤੀ ਸੀ। ਕਮੇਟੀ ਨੇ ਇਨ੍ਹਾਂ 72 ਵਿਚੋਂ 30 ਪੁਲਿਸ ਅਫ਼ਸਰਾਂ ਨੂੰ ਮੁਅੱਤਲ ਕਰਨ ਦੀ ਸਿਫ਼ਾਰਸ਼ ਕੀਤੀ ਸੀ ਪਰ ਕਿਸੇ ਵੀ ਪੁਲਿਸ ਅਫ਼ਸਰ ਨੂੰ ਸਜ਼ਾ ਨਹੀਂ ਦਿੱਤੀ ਗਈ।

### ਜੈਨ ਬੈਨਰਜੀ ਕਮੇਟੀ

ਇਸ ਕਮੇਟੀ ਦੀ ਸਿਫ਼ਾਰਸ਼ ਮਿਸ਼ਰਾ ਕਮਿਸ਼ਨ ਨੇ ਕੇਸ ਦਰਜ ਕਰਨ ਲਈ ਕੀਤੀ ਸੀ। ਇਸ ਕਮੇਟੀ ਦੀ ਅਗਵਾਈ



ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਐਮ ਐਲ ਜੈਨ ਅਤੇ ਪੁਲਿਸ ਦੇ ਸਾਬਕਾ ਇੰਸਪੈਕਟਰ ਜਨਰਲ ਏ ਕੇ ਬੈਨਰਜੀ ਨੇ ਕੀਤੀ। ਇਸ ਕਮੇਟੀ ਨੇ ਅਗਸਤ 1987 ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ, ਪਰ ਕੇਸ ਦਰਜ ਨਹੀਂ ਕੀਤਾ ਗਿਆ।

### ਪੋਟੀ ਰੋਸ਼ਾ ਕਮੇਟੀ

ਵੀ.ਪੀ. ਸਿੰਘ ਸਰਕਾਰ ਵੱਲੋਂ ਮਾਰਚ 1990 ਵਿਚ ਇਹ ਕਮੇਟੀ ਬਣਾਈ। ਇਸ ਕਮੇਟੀ ਨੇ ਅਗਸਤ 1990 ਵਿਚ ਸਿਫ਼ਾਰਸ਼ਾਂ ਪੇਸ਼ ਕੀਤੀਆਂ ਅਤੇ ਪੀੜਤਾਂ ਨੂੰ ਆਪੋ-ਆਪਣੇ ਹਲਫ਼ਨਾਮੇ ਦੇਣ ਲਈ ਕਿਹਾ। ਪੀੜਤਾਂ ਦੇ ਹਲਫ਼ਨਾਮਿਆਂ ਵਿਚ ਸੱਜਣ ਕੁਮਾਰ ਦਾ ਨਾਂ ਆਇਆ। ਕੇਂਦਰੀ ਜਾਂਚ ਬਿਊਰੋ ਦੀ ਟੀਮ ਜਦੋਂ ਕੇਸ ਦੇ ਸਿਲਸਿਲੇ ਵਿਚ ਸੱਜਣ ਕੁਮਾਰ ਦੇ ਘਰ ਗਈ ਤਾਂ ਉਸ ਦੇ ਹਮਾਇਤੀਆਂ ਨੇ ਟੀਮਦੇ ਮੈਂਬਰਾਂ ਨੂੰ ਬੰਦੀ ਬਣਾ ਲਿਆ। ਇਸ ਕਮੇਟੀ ਦਾ ਕਾਰਜ ਸਮਾਂ ਸਤੰਬਰ 1990 ਵਿਚ ਖ਼ਤਮ ਹੋ ਗਿਆ।

### ਜੈਨ ਅਗਰਵਾਲ ਕਮੇਟੀ

ਇਹ ਕਮੇਟੀ ਦਸੰਬਰ 1990 ਵਿਚ ਪੋਟੀਰੋਸ਼ਾ ਕਮੇਟੀ ਦੀ ਮਿਆਦ ਮੁੱਕਣ ਤੋਂ ਬਆਦ ਬਣਾਈ ਗਈ। ਇਸ ਵਿਚ ਦਿੱਲੀ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜੇ.ਡੀ. ਜੈਨ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਪੁਲਿਸ ਮੁਖੀ ਡੀ.ਕੇ. ਅਗਰਵਾਲ ਸ਼ਾਮਲ ਸਨ। ਇਸ ਕਮੇਟੀ ਨੇ ਕਾਂਗਰਸੀ ਆਗੂਆਂ ਐਚ.ਕੇ.ਐਲ.ਭਗਤ, ਸੱਜਣ ਕੁਮਾਰ, ਜਗਦੀਸ਼ ਟਾਈਟਲਰ ਅਤੇ ਧਰਮ ਦਾਸ ਸ਼ਾਸਤਰੀ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ।

### ਅਹੂਜਾ ਕਮੇਟੀ

ਮਿਸ਼ਰਾ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ ਬਣਾਈ ਇਸ ਕਮੇਟੀ ਦਾ ਕੰਮ ਦਿੱਲੀ ਵਿਚ ਹੋਏ ਕੁੱਲ ਕਤਲਾਂ ਬਾਰੇ ਜਾਣਕਾਰੀ ਇਕੱਠੀ ਕਰਨਾ ਸੀ। ਇਸ ਕਮੇਟੀ ਨੇ ਅਗਸਤ 1987 ਵਿਚ ਰਿਪੋਰਟ ਪੇਸ਼ ਕੀਤੀ, ਜਿਸ ਵਿਚ ਕਿਹਾ ਗਿਆ ਕਿ ਇਕੱਲੇ ਦਿੱਲੀ ਸ਼ਹਿਰ ਵਿਚ ਹੀ 2733 ਸਿੱਖਾਂ ਨੂੰ ਕਤਲ ਕੀਤਾ ਗਿਆ।

### ਢਿੱਲੋਂ ਕਮੇਟੀ

ਇਹ ਕਮੇਟੀ 1985 ਵਿਚ ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਬਣਾਈ ਗਈ। ਇਸ ਕਮੇਟੀ ਦਾ ਕੰਮ ਪੀੜਤਾਂ ਦੇ ਮੁੜ-ਵਸੇਬੇ ਬਾਰੇ ਵਿਚ ਸਿਫ਼ਾਰਸ਼ਾਂ ਕਰਨੀਆਂ ਸਨ। 1985 ਦੇ ਅਖੀਰ ਤੱਕ ਇਸ ਕਮੇਟੀ ਨੇ ਰਿਪੋਰਟ ਸੌਂਪੀ ਪਰ ਸਰਕਾਰ ਨੂੰ ਇਸ ਦੀਆਂ ਸਿਫ਼ਾਰਸ਼ਾਂ ਮੰਨੀਆਂ ਨਹੀਂ।

### ਨਰੂਲਾ ਕਮੇਟੀ

ਦਿੱਲੀ ਦੀ ਮਦਨ ਲਾਲ ਖੁਰਾਣਾ ਸਰਕਾਰ ਨੇ ਦਸੰਬਰ 1993 ਵਿਚ ਇਹ ਕਮੇਟੀ ਕਾਇਮ ਕੀਤੀ। ਇਸ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਵਿਚੋਂ ਇਕ ਇਹ ਸੀ ਕਿ ਕੇਂਦਰ ਸਰਕਾਰ ਪੀੜਤਾਂ ਲਈ ਮੁਆਵਜ਼ਾ ਰਾਸ਼ੀ ਜਾਰੀ ਕਰੇ। ਮਦਨ ਲਾਲ ਖੁਰਾਣਾ ਨੇ ਇਹ ਮਾਮਲਾ ਕੇਂਦਰ ਸਰਕਾਰ ਅੱਗੇ ਰੱਖਿਆ ਅਤੇ 1994 ਵਿਚ ਕੇਂਦਰ ਸਰਕਾਰ ਨੇ ਕਹਿ ਦਿੱਤਾ ਕਿ ਇਹ ਮਾਮਲਾ ਕੇਂਦਰ ਸਰਕਾਰ ਦੇ ਘੇਰੇ ਵਿਚ ਆਉਂਦਾ ਹੀ ਨਹੀਂ। ਇਹ ਫੈਸਲਾ ਕਰਨ ਲਈ ਪੀ.ਵੀ.ਨਰਸਿਮਹਾ ਰਾਓ ਸਰਕਾਰ ਨੇ 2 ਸਾਲ ਲਾ ਦਿੱਤੇ। ਇਸ ਕਮੇਟੀ ਨੇ ਆਪਣੀ ਰਿਪੋਰਟ ਜਨਵਰੀ 1994 ਵਿਚ ਦਿੱਤੀ ਸੀ ਅਤੇ ਐਚ.ਕੇ.ਐਲ.ਭਗਤ, ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਸੀ ਪਰ ਨਰਸਿਮਹਾ ਰਾਓ ਸਰਕਾਰ ਨੇ ਕੇਸ ਲਟਕਾਈ ਰੱਖਿਆ। ਉਂਝ, ਆਖ਼ਰਕਾਰ ਸੀ.ਬੀ.ਆਈ. ਨੇ ਦਸੰਬਰ 1994 ਵਿਚ ਕੇਸ ਦਰਜ ਕਰ ਲਿਆ।

### ਨਾਨਾਵਟੀ ਕਮਿਸ਼ਨ

ਇਹ ਕਮਿਸ਼ਨ ਸੰਨ 2000 ਵਿਚ ਰਾਜ ਸਭਾ ਵੱਲੋਂ ਮਤਾ ਪਾਸ ਕਰਨ ਤੋਂ ਬਾਅਦ ਬਣਾਇਆ ਗਿਆ। ਇਸ ਦੀ ਅਗਵਾਈ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੀ.ਟੀ.ਨਾਨਾਵਟੀ ਨੇ ਕੀਤੀ ਅਤੇ ਫਰਵਰੀ 2004 ਵਿਚ ਰਿਪੋਰਟ ਸੌਂਪ ਦਿੱਤੀ। ਰਿਪੋਰਟ ਵਿਚ ਜਗਦੀਸ਼ ਟਾਈਟਲਰ ਖ਼ਿਲਾਫ਼ ਸਬੂਤ ਦਰਜ ਸਨ। ਇਸ ਵਿਚ ਇਹ ਕਿਹਾ ਗਿਆ ਕਿ ਸੱਜਣ ਕੁਮਾਰ ਵੀ ਸਿੱਖਾਂ ਵਿਰੁੱਧ ਕਾਰਵਾਈ ਵਿਚ ਸ਼ਾਮਲ ਸੀ।

# ਸਰੋਤਿਆਂ ਦੀ ਪਸੰਦ ਬਣੇਗੀ 'ਦਿਲਬਰ':ਸਰਬਜੀਤ ਚੀਮਾ

**ਗੀਤ-ਸੰਗੀਤ**

ਸਵਰਨ ਸਿੰਘ ਟਹਿਣਾ*

ਪੋਟਿਆਂ 'ਤੇ ਗਿਣੇ ਜਾਣ ਵਾਲੇ ਚੰਗੇ ਗਾਇਕਾਂ 'ਚੋਂ ਸਰਬਜੀਤ ਚੀਮਾ ਇੱਕ ਹੈ। ਉਸ ਦੇ ਸੁਥਰੇ ਗੀਤਾਂ ਨੇ ਵਪਾਰਕ ਪੱਖੋਂ ਵੀ ਕਮਾਲ ਦੀ ਕਾਮਯਾਬੀ ਹਾਸਲ ਕੀਤੀ ਤੇ ਸਮਾਜਿਕ ਪੱਖੋਂ ਵੀ। ਅੱਜ ਵੀ ਜਦੋਂ ਉਸ ਦਾ ਜ਼ਿਕਰ ਛਿੜਦਾ ਹੈ ਤਾਂ ਸਭ ਤੋਂ ਪਹਿਲਾਂ 'ਰੰਗਲਾ ਪੰਜਾਬ' ਚੇਤੇ ਆਉਂਦਾ ਹੈ, ਬਾਅਦ 'ਚ 'ਪੈਸਾ ਜਿਵੇਂ ਨਚਾਈ ਜਾਂਦਾ' ਤੇ ਫੇਰ 'ਨਾ ਮਾਰੀਂ ਨਾ ਮਾਰੀਂ ਨੀਂ ਮਾਂ' ਗੀਤ।

ਪੰਜਾਬ ਦੇ ਮੋਹਰਲੀ ਕਤਾਰ ਦੇ ਦਸ ਗਾਇਕਾਂ ਨੇ ਸਮੇਂ-ਸਮੇਂ 'ਤੇ ਸਮਾਜਿਕ ਸਰੋਕਾਰਾਂ ਦੀ ਗੱਲ ਕਰਨੀ ਆਪਣਾ ਫ਼ਰਜ਼ ਸਮਝਿਆ ਹੈ, ਚੀਮਾ ਵੀ ਉਨ੍ਹਾਂ 'ਚੋਂ ਇੱਕ ਹੋਣ ਕਾਰਨ ਇਸ ਜ਼ਿੰਮੇਵਾਰੀ ਤੋਂ ਕਦੇ ਮੁਨਕਰ ਨਹੀਂ ਹੋਇਆ। ਉਸ ਦੇ ਗੀਤ ਪੰਜਾਬ ਦੇ ਪਿੰਡਾਂ ਦੀ ਗੱਲ ਕਰਦੇ ਨੇ, ਪੇਂਡੂ ਹੁਸਨ ਦੀ ਬਾਤ ਪਾਉਂਦੇ ਨੇ, ਮਿੱਟੀ ਨਾਲ ਮਿੱਟੀ ਹੁੰਦੇ ਕਿਸਾਨ ਨੂੰ ਹੱਲਾਸ਼ੇਰੀ ਦਿੰਦੇ ਨੇ, ਜ਼ੁਬਾਨ ਨਾਲੋਂ ਨਾ ਟੁੱਟਣ ਦੀ ਨੇਕ ਰਾਇ ਦਿੰਦੇ ਨੇ ਤੇ ਸਭ ਤੋਂ ਵੱਡੀ ਗੱਲ ਆਪਣੇ ਵਿਰਸੇ ਨਾਲ ਜੁੜੇ ਰਹਿਣ ਦੀ ਗੱਲ ਕਰਦੇ ਹਨ। ਪਿੱਛੇ ਜਿਹੇ ਜਦੋਂ ਚੀਮੇ ਨੇ ਆਪਣੀ ਪੂਰੀ ਕੈਸਿਟ ਵਿਚ ਝੂਮਰ, ਭੰਗੜਾ, ਗਿੱਧਾ ਤੇ ਇਸ ਨਾਲ ਜੁੜੀਆਂ ਹੋਰ ਵੰਨਗੀਆਂ ਪੇਸ਼ ਕੀਤੀਆਂ ਸਨ ਤਾਂ ਉਸ ਦੀ ਸੋਚ 'ਤੇ ਰਸ਼ਕ ਹੋਇਆ ਸੀ। ਵਪਾਰਕ ਪੱਖੋਂ ਭਾਵੇਂ ਇਹ ਕੈਸਿਟ ਜਿਵੇਂ ਮਰਜ਼ੀ ਰਹੀ ਹੋਵੇ, ਪਰ ਸੂਝਵਾਨ ਸਰੋਤਿਆਂ ਵੱਲੋਂ ਖੂਬ ਸਲਾਹੀ ਗਈ ਸੀ।

ਚੀਮੇ ਦੀ 'ਰੰਗ' ਕੈਸਿਟ ਨੂੰ ਅੱਜ ਤੱਕ ਚੇਤੇ ਕੀਤਾ ਜਾਂਦੈ। ਇਸ ਜ਼ਰੀਏ ਕੀਤੇ ਗਏ ਨਵੇਂ ਤਜਰਬਿਆਂ ਨੇ ਵੱਡੀ ਬਾਜ਼ੀ ਮਾਰੀ। 'ਤੇਰੇ ਲੱਕ ਦਾ ਹੁਲਾਰਾ ਰੰਗ ਰਾਰਾ...ਰੀਰੀ...ਰਾਰਾ' ਗੀਤ ਵੱਖਰੀ ਭਾਂਤ ਅਤੇ ਆਵਾਜ਼ ਨੂੰ ਸਟੂਡੀਓ ਵਿਚ ਵੱਖਰਾ ਰੂਪ ਦੇਣ ਕਰਕੇ ਸਭ ਨੂੰ ਚੰਗਾ ਲੱਗਾ। ਬਹੁਤ ਘੱਟ ਲੋਕਾਂ ਨੂੰ ਪਤੈ ਕਿ ਚੀਮਾ ਸਿਰਫ਼ ਗਾਉਣਾ ਹੀ ਨਹੀਂ ਜਾਣਦਾ, ਸਗੋਂ ਕਲਮ ਅਜ਼ਮਾਈ ਵਿਚ ਵੀ ਮਾਹਰ ਹੈ। ਉਸ ਦੇ ਹਿੱਟ ਗੀਤਾਂ ਵਿਚੋਂ ਕਈ ਉਸ ਨੇ ਖੁਦ ਲਿਖੇ ਨੇ। ਉਹ ਆਖਦੈ, 'ਗੀਤ ਚੋਣ ਵੇਲੇ ਮੇਰੇ ਲਈ ਦੋ ਗੱਲਾਂ ਅਹਿਮ ਹੁੰਦੀਆਂ ਨੇ, ਪਹਿਲੀ ਇਹ ਕਿ ਗੀਤ ਵਿਚ ਹੁਸਨ ਦੀ ਤਾਰੀਫ਼ ਜਾਂ ਵਿਛੋੜੇ ਦੀ ਤਾਬ ਨੀਵੇਂ ਦਰਜੇ ਦੀ ਸ਼ਾਇਰੀ ਜ਼ਰੀਏ ਪੇਸ਼ ਨਾ ਕੀਤੀ ਗਈ ਹੋਵੇ ਤੇ ਦੂਜੀ, ਗੀਤ ਵਿਚੋਂ ਪੇਂਡੂ ਪੰਜਾਬ ਦੇ ਦਰਸ਼ਨ ਹੁੰਦੇ ਹੋਣ।'

ਬੜੀ ਵਾਰ ਦੇਖਣ 'ਚ ਆਉਂਦਾ ਹੈ ਕਿ ਬੁਲੰਦੀ 'ਤੇ ਪਹੁੰਚਣ ਵਾਲਾ ਆਪਣੀ ਜਨਮ ਮਿੱਟੀ ਵਿਸਾਰ ਛੱਡਦੈ। ਉਸ ਨੂੰ ਆਪਣੇ ਪਿੰਡ ਦੀ ਯਾਦ ਮੁੜ ਉਦੋਂ ਆਉਂਦੀ ਹੈ, ਜਦੋਂ ਉਸ ਦਾ ਬੈਕ ਗੇਅਰ ਪੈ ਜਾਂਦਾ ਹੈ। ਪਰ ਚੀਮੇ ਨੂੰ ਆਪਣੇ ਪਿੰਡ ਦੀ ਮਿੱਟੀ ਨਾਲ ਅੱਜ ਵੀ ਓਨਾ ਹੀ ਮੋਹ ਹੈ, ਜਿੰਨਾ ਬਾਪੂ ਦੀ ਉਂਗਲ ਫੜ ਤੁਰਨ ਤੇ ਜੁੰਡੀ ਦੇ ਯਾਰਾਂ ਨਾਲ ਲੁਕਣ ਮੀਟੀ ਖੇਡਣ ਵੇਲੇ ਹੁੰਦਾ ਸੀ। ਏਸੇ ਕਰਕੇ ਉਹ ਹਰ ਸਾਲ ਆਪਣੇ ਪਿੰਡ ਅਜਿਹਾ ਸਭਿਆਚਾਰਕ ਮੇਲਾ ਕਰਵਾਉਂਦੈ, ਜਿਥੇ ਨਾਮਣੇ ਵਾਲੇ ਕਲਾਕਾਰ ਹਾਜ਼ਰੀ ਲਵਾਉਂਦੇ ਨੇ। ਪਿੱਛੇ ਜਿਹੇ ਉਸ ਨੇ ਭਰੂਣ ਹੱਤਿਆ ਪ੍ਰਤੀ ਚੇਤੰਨਤਾ ਪੈਦਾ ਕਰਨ ਲਈ ਅਜਿਹਾ ਮੇਲਾ ਕਰਾਇਆ ਸੀ ਜਿਸ ਦੀ ਚਰਚਾ ਅੱਜ ਤੱਕ ਛਿੜਦੀ ਰਹਿੰਦੀ ਹੈ। ਉਸ ਮੇਲੇ ਵਿਚ ਬਹੁਗਿਣਤੀ ਗੀਤ ਸਮਾਜਿਕ ਮਸਲਿਆਂ ਨੂੰ ਪੇਸ਼ ਕਰਦੇ ਗਾਏ ਗਏ।

ਕੁੱਝ ਸਾਲ ਪਹਿਲਾਂ ਚੀਮੇ ਨੇ ਗਾਇਕੀ ਦੇ ਨਾਲ-ਨਾਲ ਪੰਜਾਬੀ ਫ਼ਿਲਮਾਂ ਦੀ ਖੜੋਤ ਤੋੜਨ ਲਈ ਅਦਾਕਾਰੀ ਦਾ ਖੇਤਰ ਵੀ ਚੁਣ ਲਿਆ। ਭਾਵੇਂ ਉਸ ਤੋਂ ਪਹਿਲਾਂ ਹੀ ਕਈ ਗਵੱਈਏ ਅਦਾਕਾਰੀ ਦੇ ਪਿੜ ਵਿਚ ਨਿੱਤਰ ਆਏ ਸਨ, ਪਰ ਉਸ ਦੀ



ਆਮਦ ਵੱਖਰੀ ਤਰ੍ਹਾਂ ਦੀ ਸੀ। ਉਸ ਨੇ ਪਹਿਲੀ ਹੀ ਫ਼ਿਲਮ ਜ਼ਰੀਏ ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਗਲਵੱਕੜੀਆਂ ਪਵਾ ਦਿੱਤੀਆਂ। ਫ਼ਿਲਮ 'ਪਿੰਡ ਦੀ ਕੁੜੀ' ਭਾਵੇਂ ਵਪਾਰਕ ਪੱਖੋਂ ਬਹੁਤੀ ਬਾਜ਼ੀ ਨਹੀਂ ਮਾਰ ਸਕੀ, ਪਰ ਦੇਖਣ ਵਾਲੇ ਇਸ ਵਿਚਲੇ ਸੰਦੇਸ਼ ਬਾਰੇ ਭਲੀ ਭਾਂਤ ਜਾਣਦੇ ਨੇ। ਚੀਮੇ ਦਾ ਪੰਜਾਬੀ ਫ਼ਿਲਮਾਂ ਬਾਰੇ ਕਹਿਣੈ, 'ਜੇ ਫ਼ਿਲਮ ਸਮਾਜਿਕ ਕੁਰੀਤੀਆਂ ਤੋਂ ਪਾਸਾ ਵੱਟ ਵਧੀਆ ਬਿਜ਼ਨੈਸ ਕਰ ਵੀ ਲੈਂਦੀ ਹੈ ਤਾਂ ਉਸ ਨੂੰ ਵੱਡੀ ਕਾਮਯਾਬੀ ਨਹੀਂ ਸਮਝਣਾ ਚਾਹੀਦਾ।' ਚੀਮੇ ਦੀ ਦੂਜੀ ਫ਼ਿਲਮ 'ਆਪਣੀ ਬੋਲੀ ਆਪਣਾ ਦੇਸ' ਪਿਆਰ ਤੇ ਵਪਾਰ ਦੋਹਾਂ ਪੱਖਾਂ ਤੋਂ ਸੰਪੂਰਨ ਰਹੀ। 'ਬਿੱਗ ਬੌਸ 4' ਦੀ ਜੇਤੂ ਸ਼ਵੇਤਾ ਤਿਵਾੜੀ ਚੀਮੇ ਦੀ ਹੀਰੋਇਨ ਸੀ। ਚੀਮਾ ਸਾਹਿਬਦੀਪ ਦੇ ਰੋਲ ਵਿਚ ਬੇਹੱਦ ਜਚਿਆ। ਫ਼ਿਲਮ ਵਿਚ ਮਜਬੂਰੀਆਂ ਮਾਰੇ ਗੱਭਰੂ ਵੱਲੋਂ ਪ੍ਰਵਾਸ ਧਾਰਨ ਦੀ ਗੱਲ ਕੀਤੀ ਗਈ। ਆਪਣੀ ਕਲਾ ਦੀ ਬਦੌਲਤ ਉਹ ਵਿਦੇਸ਼ਾਂ ਵਿਚ ਛਾ ਜਾਂਦਾ ਹੈ, ਉਸ ਦੀ ਅਵਾਜ਼ ਹਰ ਪੰਜਾਬੀ ਦੇ ਕੰਨਾਂ ਨੂੰ ਚੰਗੀ ਲੱਗਦੀ ਹੈ ਤੇ ਜਦੋਂ ਉਹ ਪੈਸੇ ਕਮਾ ਆਪਣੇ ਬਾਪ ਦੀ ਗਹਿਣੇ ਪਈ ਕੋਠੀ ਨੂੰ ਸੇਠ ਕੋਲੋਂ ਛੁਡਵਾਉਂਦਾ ਹੈ ਤਾਂ ਗੱਚ ਭਰ ਆਉਂਦਾ ਹੈ। ਫ਼ਿਲਮੀ ਪਰਦੇ 'ਤੇ ਵੀ ਚੀਮੇ ਦਾ ਗਾਇਕ ਵਜੋਂ ਪੇਸ਼ ਹੋਣਾ ਦਰਸ਼ਕਾਂ ਨੂੰ ਖੂਬ ਪਸੰਦ ਆਇਆ।

ਬਹੁਤ ਜਲਦ ਚੀਮਾ ਆਪਣੀ ਨਵੀਂ ਫ਼ਿਲਮ 'ਵੈਲਕਮ ਟੂ ਪੰਜਾਬ' ਲੈ ਕੇ ਹਾਜ਼ਰ ਹੋਣ ਵਾਲਾ ਹੈ। ਇਸ ਵਿਚ ਇੱਕ ਵਾਰ ਫਿਰ ਉਸ ਨੇ ਪੰਜਾਬ ਦੇ ਮਸਲਿਆਂ ਦੀ ਗੱਲ ਕੀਤੀ ਹੈ। ਇਹ ਉਹ ਮਸਲੇ ਹਨ, ਜਿਨ੍ਹਾਂ ਬਾਰੇ ਅਸੀਂ ਜਾਣਦੇ ਸਾਰੇ ਹਾਂ ਪਰ ਧਿਆਨ ਘੱਟ ਦਿੰਦੇ ਹਾਂ। ਪੰਜਾਬ ਪੁਲਾਂ 'ਤੇ ਖੜ੍ਹਾ ਕੀਤਾ ਜਾ ਰਿਹੈ ਪਰ ਜ਼ਮੀਨੀ ਹਕੀਕਤਾਂ ਲਾਂਭੇ ਹੋ ਗਈਆਂ ਨੇ। ਚੀਮੇ ਨੂੰ ਇਸ ਫਿਲਮ ਤੋਂ ਢੇਰ ਸਾਰੀਆਂ ਉਮੀਦਾਂ ਨੇ। ਇੱਕ ਹੋਰ ਫ਼ਿਲਮ ਜਿਸ ਦੀ ਸ਼ੂਟਿੰਗ ਹਾਲੇ ਸ਼ੁਰੂ ਹੋਣੀ ਹੈ, ਵੀ ਪੰਜਾਬ 'ਤੇ ਅਧਾਰਤ ਹੈ। ਇਸ ਵਿਚ ਪੰਜਾਬ ਦੇ ਉਨ੍ਹਾਂ ਸਾਰੇ ਮੁੱਦਿਆਂ ਨੂੰ ਉਭਾਰਿਆ ਜਾਵੇਗਾ, ਜਿਨ੍ਹਾਂ 'ਰੰਗਲੇ ਪੰਜਾਬ' ਨੂੰ 'ਗੰਧਲਾ' ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

ਚੀਮਾ ਜਾਣਦਾ ਹੈ ਕਿ ਉਹ ਪਹਿਲਾਂ ਗਾਇਕ ਹੈ ਤੇ ਬਾਅਦ 'ਚ ਅਦਾਕਾਰ। ਏਸੇ ਕਰਕੇ ਫ਼ਿਲਮਾਂ ਦੇ ਨਾਲ-ਨਾਲ ਕੈਸਿਟਾਂ ਕਰਨੀਆਂ ਉਹ ਬੇਹੱਦ ਜ਼ਰੂਰੀ ਸਮਝਦਾ ਹੈ। ਫ਼ਿਲਮਾਂ ਕਿਸਾਨਾਂ ਦੇ ਟਰੈਕਟਰਾਂ, ਬੱਸਾਂ, ਹੱਟੀਆਂ-ਭੱਠੀਆਂ 'ਤੇ ਨਹੀਂ ਚੱਲ ਸਕਦੀਆਂ, ਉਥੇ ਬੈਠਿਆਂ ਦਾ ਮਨੋਰੰਜਨ ਸਿਰਫ਼ ਆਵਾਜ਼ ਕਰ ਸਕਦੀ ਹੈ। ਏਸੇ ਕਰਕੇ ਉਹ ਆਪਣੀ ਆਵਾਜ਼ ਸਰੋਤਿਆਂ ਤੱਕ ਪੁਚਾਉਣ ਲਈ ਹੁਣ ਨਵੀਂ ਕੈਸਿਟ 'ਦਿਲਬਰ' ਲੈ ਕੇ ਆਇਆ ਹੈ। 'ਦਿਲਬਰ' ਜ਼ਰੀਏ ਉਸ ਨੇ ਸੱਜਣਾਂ ਨਾਲ ਦਿਲਬਰੀਆਂ ਵੀ ਕੀਤੀਆਂ ਨੇ ਤੇ ਆਪਣਾ ਪੁਰਾਣਾ ਰੰਗ ਵੀ ਦਿਖਾਇਆ ਹੈ, ਜਿਸ ਵਿਚ 'ਰੰਗਲੇ ਪੰਜਾਬ' ਦੀ ਬਾਤ ਪਾਈ ਗਈ ਹੈ। ਅੱਠ ਗੀਤਾਂ ਜ਼ਰੀਏ ਉਸ ਨੇ ਮੁਹੱਬਤ, ਗ਼ੈਰਤ, ਵਿਛੋੜੇ, ਪਰਵਾਸ ਤੇ ਆਪਣੀ ਮਿੱਟੀ ਦੀ ਯਾਦ ਦੇ ਰੰਗ ਪੇਸ਼ ਕੀਤੇ ਹਨ। ਉਸ ਦੇ ਗੀਤਾਂ ਨੂੰ ਸੰਗੀਤ ਦਾ ਤੁੜਕਾ ਜਾਣੇ ਪਛਾਣੇ ਸੰਗੀਤਕਾਰ ਅਮਨ ਹੇਅਰ ਨੇ ਲਗਾਇਆ ਹੈ ਤੇ ਗੀਤਾਂ ਦੇ ਬੋਲ ਉਨ੍ਹਾਂ ਸ਼ਖ਼ਸੀਅਤਾਂ ਨੇ ਲਿਖੇ ਹਨ, ਜਿਨ੍ਹਾਂ ਦੇ ਲਿਖੇ ਨੂੰ ਅਕਸਰ 'ਚੰਗਾ' ਹੀ ਮੰਨਿਆ ਜਾਂਦੈ। ਗਿੱਲ ਸੁਰਜੀਤ, ਇੰਦਾ ਰਾਏਕੋਟੀ, ਵਿਜੈ ਧੰਮੀ, ਜਸਬੀਰ ਸਿੰਘ ਸੰਘੇੜਾ, ਸੁਖਵਿੰਦਰ ਅਦਲੋਵਾਲ ਤੇ ਚੀਮੇ ਨੇ ਖੁਦ ਗੀਤ ਲਿਖੇ ਹਨ।

'ਮਿਊਜ਼ਿਕ ਰੂਟਸ' ਵੱਲੋਂ ਅਮਰਜੀਤ ਚੀਮਾ ਦੀ ਅਗਵਾਈ 'ਚ ਰਿਲੀਜ਼ 'ਦਿਲਬਰ' ਵਿਚ ਹਰ ਰੰਗ ਦਾ ਮੈਟਰ ਦਰਜ ਹੈ, ਇੱਕ ਪਾਸੇ ਜੇ ਯਾਰਾਂ ਦੀ ਯਾਰੀ 'ਤੇ ਰੱਬ ਜਿੱਡੇ ਮਾਣ ਦੀ ਗੱਲ ਹੈ ਤਾਂ ਦੂਜੇ ਪਾਸੇ ਅਤਿ ਤੇ ਖ਼ੁਦਾ ਦਾ ਵੈਰ ਬਿਆਨਿਆ ਗਿਆ ਹੈ। ਜੇ ਦਿਲ ਦੀ ਡਾਇਰੀ 'ਤੇ ਸੱਜਣਾਂ ਦੇ ਲਿਖੇ ਨਾਂ ਦੀ ਗੱਲ ਕੀਤੀ ਗਈ ਹੈ ਤਾਂ ਨੱਚਦੇ, ਟੱਪਦੇ, ਲੁੱਡੀਆਂ ਪਾਉਂਦੇ ਦਿਲ ਦੀ ਗੱਲ ਵੀ ਕੀਤੀ ਗਈ ਹੈ। ਚੈਨਲਾਂ 'ਤੇ ਚੱਲ ਰਿਹਾ ਗੀਤ ਸਭ ਦਾ ਧਿਆਨ ਆਪਣੇ ਵੱਲ ਖਿੱਚ ਰਿਹਾ ਹੈ, ਜਿਸ ਵਿਚ ਚੀਮੇ ਨੇ ਯਾਰਾਂ ਦੀ ਦਰਿਆਦਿਲੀ ਬਿਆਨ ਕੀਤੀ ਹੈ। ਬੋਲ ਹਨ:

ਸਾਨੂੰ ਯਾਰਾਂ ਦੀ ਯਾਰੀ ਦੇ ਉਤੇ ਸੋਹਣੀਏ,  
ਰੱਬ ਦੀ ਸਹੁੰ ਰੱਬ ਜਿੱਡਾ ਮਾਣ ਨੀਂ।

ਪੰਜਾਬ ਵੱਲ ਮਾੜੀ ਨਜ਼ਰ ਰੱਖਣ ਵਾਲਿਆਂ ਦੇ ਟਾਕਰੇ ਲਈ ਪੰਜਾਬੀਆਂ ਦੇ ਦ੍ਰਿੜ ਹੌਂਸਲਿਆਂ ਦੀ ਚੀਮਾ ਕਦਰ ਕਰਦਾ ਹੈ। ਭਾਵੇਂ ਅੱਜ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦਾ ਘੁਣ ਖੋਖਲਾ ਕਰਦਾ ਜਾ ਰਿਹਾ ਹੈ ਪਰ ਚੀਮਾ ਚਾਹੁੰਦਾ ਹੈ ਕਿ ਪੰਜਾਬੀ ਗੱਭਰੂ ਨਰੋਈਆਂ ਸਿਹਤਾਂ ਵਾਲੇ ਰਹਿਣ ਤੇ ਸੰਮਾਂ ਵਾਲੀਆਂ ਡਾਂਗਾਂ ਮੋਢੇ ਰੱਖ ਜੱਚਦੇ ਰਹਿਣ। 'ਦਿਲਬਰ' 'ਚ ਉਸ ਨੇ ਗਾਇਆ ਹੈ :

ਜਿਹੜੇ ਵੈਰੀ ਨੇ ਪੰਜਾਬੀਆਂ ਦੇ ਮਿੱਤਰੋ  
ਉਨ੍ਹਾਂ ਦੇ ਫੱਟ ਚੁੱਕਦੇ ਰਹਿਣਗੇ,  
ਸੰਮਾਂ ਵਾਲੀ ਡਾਂਗ ਮੋਢੇ ਧਰ ਕੇ  
ਪੰਜਾਬੀ ਮੁੰਡੇ ਬੁੱਕਦੇ ਰਹਿਣਗੇ।

ਇਨਸਾਨ ਭਾਵੇਂ ਕਿੰਨੀ ਵੀ ਤਰੱਕੀ ਕਰ ਲਵੇ, ਆਪਣੇ ਪਿੰਡ ਦੀ ਮਿੱਟੀ ਨੂੰ ਭੁਲਾ ਸਕਣਾ ਸੁਖਾਲਾ ਨਹੀਂ ਹੁੰਦਾ। ਚੀਮੇ ਦੇ ਬਹੁਗਿਣਤੀ ਗੀਤਾਂ ਵਿਚੋਂ 'ਪੰਜਾਬ' ਤੇ 'ਪੰਜਾਬੀ' ਦਾ ਝਲਕਾਰਾ ਇਹੀ ਸਿੱਧ ਕਰਦਾ ਹੈ ਕਿ ਉਸ ਦੇ ਚੇਤੇ ਵਿਚ ਹਾਲੇ ਵੀ ਪਿੰਡ ਵਸਿਆ ਹੋਇਆ ਹੈ। 'ਆਪਣੀ ਬੋਲੀ ਆਪਣਾ ਦੇਸ' ਦੇ ਇੱਕ ਦ੍ਰਿਸ਼ ਵਿਚ ਵੀ ਉਹ ਆਪਣੇ ਪਿੰਡ ਦੀ ਮਿੱਟੀ ਨੂੰ ਪੋਟਲੀ ਵਿਚ ਬੰਨ੍ਹਦਾ ਹੈ, ਜਦੋਂ ਮਜਬੂਰੀ ਵੱਸ ਇੰਗਲੈਂਡ ਵੱਲ ਚਾਲੇ ਪਾਉਂਦਾ ਹੈ। ਡਾਇਲਾਗ 'ਚ ਉਹ ਕਹਿੰਦਾ ਹੈ, 'ਇਸ ਮਿੱਟੀ ਨੂੰ ਮੈਂ ਜਦ ਵੀ ਦੇਖਾਂਗਾ, ਮੈਨੂੰ ਆਪਣੇ ਫ਼ਰਜ਼ਾਂ ਦਾ ਅਹਿਸਾਸ ਹੋਵੇਗਾ, ਆਪਣੇ ਪਿੰਡ ਦੀ ਯਾਦ ਆਵੇਗੀ।' 'ਦਿਲਬਰ' ਵਿਚਲੇ 'ਪਿੰਡ ਦਾ ਨਜ਼ਾਰਾ' ਗੀਤ ਜ਼ਰੀਏ ਉਸ ਨੇ ਪਿੰਡਾਂ ਵਿਚਲੇ ਸਾਂਝੇ ਘਰਾਂ, ਚਾਚਿਆਂ-ਤਾਇਆਂ ਨਾਲ ਮੋਹ ਪਿਆਰ, ਦਾਦੇ-ਦਾਦੀ ਕੋਲੋਂ ਸੁਣੀਆਂ ਕਹਾਣੀਆਂ ਅਤੇ ਬਚਪਨ ਦੇ ਬਾਕੀ ਦਿਨਾਂ ਨੂੰ ਭਿੱਜ ਕੇ ਚੇਤੇ ਕੀਤਾ ਹੈ:

ਕਿਵੇਂ ਮੈਂ ਭੁਲਾਵਾਂ  
ਮੌਜਾਂ ਨਿੱਕੇ ਹੁੰਦੇ ਮਾਣੀਆਂ,  
ਦਾਦੇ ਅਤੇ ਦਾਦੀ ਕੋਲੋਂ  
ਸੁਣੀਆਂ ਕਹਾਣੀਆਂ।  
ਰਾਤ ਪਈ ਬਾਤ ਦਾ ਹੁੰਗਾਰਾ  
ਯਾਦ ਆਉਂਦਾ ਏ,  
ਮੈਨੂੰ ਮੇਰੇ ਪਿੰਡ ਦਾ  
ਨਜ਼ਾਰਾ ਯਾਦ ਆਉਂਦਾ ਏ।

ਸਿਆਣੇ ਆਖਦੇ ਨੇ ਕਿ ਅਤਿ ਤੇ ਖ਼ੁਦਾ ਦਾ ਹਮੇਸ਼ਾ ਵੈਰ ਰਿਹਾ ਹੈ। 'ਹੰਕਾਰਿਆ ਸੋ ਮਾਰਿਆ' ਕਹਾਵਤ ਵੀ ਏਸੇ ਗੱਲ ਦੀ ਨਿਸ਼ਾਨਦੇਹੀ ਕਰਦੀ ਹੈ। ਚੀਮਾ ਬੰਦੇ ਨੂੰ ਨੀਵਾਂ ਰਹਿਣ ਲਈ ਆਖਦਾ ਏ, ਕਿਉਂਕਿ ਕੁਦਰਤ ਪਲਾਂ ਵਿਚ ਹੀ 'ਬੱਲੇ ਬੱਲੇ' ਤੋਂ 'ਥੱਲੇ ਥੱਲੇ' ਕਰਾ ਸਕਦੀ ਹੈ। 'ਅਤਿ' ਗੀਤ ਜ਼ਰੀਏ ਚੀਮੇ ਨੇ ਇਹੀ ਕੁੱਝ ਪੇਸ਼ ਕੀਤਾ ਹੈ:

ਸਦਾ ਬੱਲੇ-ਬੱਲੇ ਬਲਵਾਨਾਂ  
ਤੇਰੀ ਰਹਿਣੀ ਨਾ,  
ਚੜ੍ਹੀ ਗੁੱਡੀ ਅੰਬਰਾਂ ਦੇ ਨਾਲ  
ਸਦਾ ਖਹਿਣੀ ਨਾ,  
ਤੂੰ ਐਵੇਂ ਕਿਸੇ ਮਾੜੇ ਉਤੇ ਕਹਿਰ ਨਾ ਕਮਾ,  
ਚੰਗੀ ਨਹੀਂਓਂ ਹੁੰਦੀ ਬਹੁਤੀ ਅਤਿ ਚੰਦਰੀ,  
ਇਹ ਦਿੰਦੀ ਗੋਡਣੀ ਲਵਾ।

'ਦਿਲਬਰ' ਦਾ ਟਾਈਟਲ ਗੀਤ 'ਸਾਨੂੰ ਦਿਲ 'ਚ ਵਸਾ ਲੈ ਸੋਹਣੀਏ, ਅਸੀਂ ਤੇਰੇ ਦਿਲਬਰ ਹਾਂ', 'ਮਾਰ ਤਾੜੀ ਉਤੇ ਤਾੜੀ ਗਿੱਧਾ ਪਾਉਣ ਜੱਟੀਆਂ' ਤੇ 'ਸਾਡੇ ਦਿਲ ਦੀ ਡਾਇਰੀ ਦੇ ਹਰ ਵਰਕੇ 'ਤੇ ਤੇਰਾ ਨਾਂ ਲਿਖਿਆ ਮੁਟਿਆਰੇ' ਵੀ ਸਰੋਤਿਆਂ ਨੂੰ ਆਪਣੇ ਨਾਲ ਜੋੜ ਲੈਂਦੇ ਹਨ। ਹਰ ਗੀਤ 'ਚੋਂ ਚੀਮੇ ਵੱਲੋਂ ਕੀਤੀ ਮਿਹਨਤ ਸਾਫ਼ ਝਲਕਦੀ ਹੈ।

ਚੀਮੇ ਮੁਤਾਬਕ, 'ਇਸ ਕੈਸਿਟ ਦੇ ਚਾਰ ਗੀਤਾਂ ਦੇ ਵੀਡੀਓ ਤਿਆਰ ਕੀਤੇ ਗਏ ਹਨ। 'ਯਾਰਾਂ ਦੀ ਯਾਰੀ' ਗੀਤ ਜੈਜ਼ ਵਿਰਕ ਵੱਲੋਂ ਇੰਗਲੈਂਡ ਦੀਆਂ ਖ਼ੂਬਸੂਰਤ ਲੋਕੇਸ਼ਨਾਂ 'ਤੇ ਫ਼ਿਲਮਾਇਆ ਗਿਆ ਹੈ। 'ਦਿਲਬਰ' 'ਤੇ ਸਾਰੀ ਟੀਮ ਵੱਲੋਂ ਖੂਬ ਮਿਹਨਤ ਕੀਤੀ ਗਈ ਹੈ ਤੇ ਉਮੀਦ ਹੈ ਕਿ ਇਹ ਨਵਾਂ ਮਾਅਰਕਾ ਮਾਰਨ 'ਚ ਸਫ਼ਲ ਰਹੇਗੀ।'

*ਫੋਨ:91-98141-78883

## ਕਾਵਿ-ਮੰਚ

### ਧੀਆਂ ਨਾ ਮਾਰੋ

ਉਠੋ ਵੇ ਵੀਰ ਲਿਖਾਰੀਓ ਤੇ ਸਾਹਿਤਕਾਰੋ  
ਜ਼ਰਾ ਜਾਗੋ ਗੂੜ੍ਹੀ ਨੀਂਦ 'ਚੋਂ ਕੁਝ ਸੋਚ ਵਿਚਾਰੋ  
ਜਾਗੋ ਵੇ ਮੀਡੀਆ ਵਾਲਿਓ ਤੇ ਪੱਤਰਕਾਰੋ  
ਜਾਗੋ ਵੇ ਕਵੀਓ ਸੁੱਤਿਓ ਜ਼ਰਾ ਕਲਮ ਸਵਾਰੋ  
ਜ਼ਰਾ ਉਠੋ ਉਠ ਕੇ ਆਪਣੀ ਅਣਖ ਵੰਗਾਰੋ  
ਅਸਮਾਨ ਦੇ ਉਤੇ ਲਿਖ ਦਈਏ ਧੀਆਂ ਨਾ ਮਾਰੋ।

ਉਠੋ ਕਲਗੀਧਰ ਦੇ ਯੋਧਿਓ ਵੀਰੋ ਸਰਦਾਰੋ,  
ਹੁਣ ਵੇਲਾ ਨਹੀਂ ਏ ਸੌਣ ਦਾ ਤਿੱਖੇ ਹਥਿਆਰੋ,  
ਧੀਆਂ ਵੀ ਰੱਬ ਦੀ ਦੇਣ ਨੇ, ਧੀ ਨੂੰ ਸਤਿਕਾਰੋ,  
ਤੁਸੀਂ ਵੀਰ ਹੋ ਨਲੂਏ ਸ਼ੇਰ ਦੇ ਅਜੀਤ ਜੁਝਾਰੋ,  
ਤੁਸੀਂ ਡੁੱਬੋ ਨਾ ਮੰਝਧਾਰ ਵਿਚ, ਮਾਝੀ ਪਤਵਾਰੋ...।

ਜਾਗੋ ਨੀ ਭੈਣੋ ਲਿਖਾਰਨੋ ਖੰਡੇ ਦੀਏ ਧਾਰੋ,  
ਤੁਸੀਂ ਮਾਂ ਭਾਗੋ ਦੀਆਂ ਬੇਟੀਆਂ ਤਿੱਖੀਓ ਤਲਵਾਰੋ,  
ਸਿਰ ਉਤੇ ਕਫ਼ਨ ਬੰਨ੍ਹ ਲਵੋ ਤੇ ਕਦੇ ਨਾ ਹਾਰੋ,  
ਹੁਣ ਛੱਡ ਦਿਓ ਪਾਉਣੀਆਂ ਬੋਲੀਆਂ ਤੇ ਕਲਮ ਸ਼ਿੰਗਾਰੋ,  
ਤੁਸੀਂ ਮਦਰ ਟੈਰੇਸਾ ਵਾਂਗੂ ਸਮਾਜ ਸੁਧਾਰੋ...।

ਤੁਸੀਂ ਧੀਆਂ ਧਰਤੀ ਮਾਂ ਦੀਆਂ ਉਠ ਕੇ ਲਲਕਾਰੋ,  
ਤੁਸੀਂ ਸ਼ੀਹਣੀਆਂ ਵਾਂਗਰ ਗਰਜ ਕੇ ਜ਼ਰਾ ਭਬਕਾਂ ਮਾਰੋ,  
ਤੁਸੀਂ ਜਨਮ ਦਾਤੀਆਂ ਜੱਗ ਦੀਆਂ ਹਿੰਮਤ ਨਾ ਹਾਰੋ,  
ਤੁਸੀਂ ਬੇੜੀ ਡੁੱਬਦੀ ਆਪਣੀ ਆਪੇ ਹੀ ਤਾਰੋ,  
ਜਾਗੋ ਵੇ ਸੁੱਤਿਓ ਲੀਡਰੋ ਨੀ ਜਾਗੋ ਸਰਕਾਰੋ...।

ਤੁਸੀਂ ਪਹਿਲਾਂ ਧੀਆਂ ਬਣਦੀਆਂ ਫਿਰ ਬਣਦੀਆਂ ਮਾਂਵਾਂ,  
ਤੁਸੀਂ ਸਾਰੇ ਜੱਗ ਨੂੰ ਦੇਣੀਆਂ ਨਿੱਤ ਠੰਢੀਆਂ ਛਾਂਵਾਂ,  
ਕਿਉਂ ਡਰ-ਡਰ ਕੱਟਦੀਆਂ ਜ਼ਿੰਦਗੀ ਤੇ ਭਰਦੀਆਂ ਹਾਵਾਂ,  
ਕਿਉਂ ਜ਼ਾਲਮ ਲੋਕੀਂ ਧੀਆਂ ਨੂੰ ਨਿੱਤ ਦੇਣ ਸਜ਼ਾਵਾਂ,  
ਕਿਉਂ ਧੀਆਂ ਮਾਰਨ ਵਾਸਤੇ ਚੱਲ ਪਈਆਂ ਹਵਾਵਾਂ,  
ਕਰੋ ਪਾਠ ਚੰਡੀ ਦੀ ਵਾਰ ਦਾ ਖਿੜੀਓ ਗੁਲਜ਼ਾਰੋ...।

ਅਸੀਂ ਡਰੀਆਂ ਬਹੁਤ ਸਮਾਜ ਤੋਂ ਹੁਣ ਹੋਰ ਨਾ ਡਰਨਾ,  
ਅਸੀਂ ਡਟ ਕੇ ਇਸ ਬੁਰਾਈ ਦਾ ਹੁਣ ਸਾਹਮਣਾ ਕਰਨਾ,  
ਅਸੀਂ ਜ਼ੁਲਮ ਬਥੇਰਾ ਸਹਿ ਲਿਆ ਹੁਣ ਹੋਰ ਨਾ ਜਰਨਾ,  
ਬੰਦ ਕਰੋ ਧੀਆਂ ਨੂੰ ਮਾਰਨਾ ਅਸੀਂ ਹੋਰ ਨਾ ਮਰਨਾ,  
ਬੋਲੋ 'ਸੁਰਜੀਤ' ਦੇ ਨਗ਼ਮਿਓ, ਗਰਜੋ ਨੀ ਵਾਰੋ...।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ,*  
*ਫੋਨ:916-687-3536*

### ਗੁਰੂਘਰਾਂ ਵਿਚ ਪੁਲਿਸ

ਇਹ ਦਰਦ ਬਿਆਨਣ ਲਈ ਮੇਰੇ ਅੱਖਰ ਮੁੱਕ ਜਾਂਦੇ ਨੇ।  
ਦਿਲ ਰੋਂਦਾ ਏ ਤਾਂ ਉਸ ਦੇ ਵੀ ਅੱਥਰੂ ਸੁੱਕ ਜਾਂਦੇ ਨੇ।  
ਹਰ ਸਿੱਖ ਦੇ ਵਾਂਗੂੰ ਮੇਰੀ ਵੀ ਉਦੋਂ ਰੂਹ ਕੁਰਲਾਉਂਦੀ ਏ।  
ਜਦੋਂ ਚੜ੍ਹ ਕੇ ਟੋਲੀ ਪੁਲਿਸ ਦੀ ਕਿਸੇ ਗੁਰੂਘਰ ਆਉਂਦੀ ਏ।  
ਕੌਮ ਦੇ ਪਹਿਰੇਦਾਰੋ! ਤੁਸੀਂ ਇੰਜ ਨਾ ਕਰਿਆ ਕਰੋ।  
ਉਸ ਪਿਉ ਦੀ ਬਖ਼ਸ਼ੀ ਦਾੜ੍ਹੀ ਨੂੰ ਐਵੇਂ ਨਾ ਫੜਿਆ ਕਰੋ।  
ਇਨ੍ਹਾਂ ਗੱਲਾਂ ਦੇ ਨਾਲ ਕੌਮ ਬੜਾ ਕੁਝ ਗਵਾਉਂਦੀ ਏ...।

ਤੁਸੀਂ ਆਪਸੀ ਝਗੜੇ ਕਿਉਂ ਨਹੀਂ ਬਹਿ ਕੇ ਨਿਪਟਾ ਸਕਦੇ।  
ਕਿਸੇ ਭਟਕੇ ਹੋਏ ਵੀਰ ਨੂੰ ਕਿਉਂ ਨਹੀਂ ਸਮਝਾ ਸਕਦੇ।  
ਸਾਡੀ ਕੌਮ ਤਾਂ ਗ਼ੈਰਾਂ 'ਤੇ ਵੀ ਕਰਮ ਕਮਾਉਂਦੀ ਏ...।  
ਇਕ ਪਾਸੇ ਨੇ ਜਦ ਚਰਚੇ ਅੱਜ ਸਾਡੀਆਂ ਚੜ੍ਹਤਾਂ ਦੇ।  
ਕਿਉਂ ਕਰਦੇ ਹੋ ਕੰਮ ਤੁਸੀਂ ਐਸੀ ਅਨਪੜ੍ਹਤਾ ਦੇ।  
ਇਹੋ ਜਿਹੀ ਬੇਹੂਦਗੀ ਤੁਹਾਡੀ ਜੱਗ ਹਸਾਉਂਦੀ ਏ...।

ਮਨ ਨੀਵਾਂ ਮੱਤ ਉਚੀ ਤੁਸੀਂ ਕਿਉਂ ਨਹੀਂ ਰੱਖਦੇ।  
ਬਿਨਾਂ ਪ੍ਰਧਾਨਗੀਆਂ ਤੋਂ ਵੀ ਤੁਸੀਂ ਹੀਰੇ ਹੋ ਲੱਖ ਦੇ।  
ਸੋਚ ਏ ਬਾਜ਼ਾਂ ਵਾਲੇ ਦੀ ਤੁਹਾਨੂੰ ਕੀ ਸਮਝਾਉਂਦੀ ਏ...।

*-ਦੀਪ ਮੰਗਲੀ, ਨਿਊ ਯਾਰਕ।*

### ਭਟਕਦੀਆਂ ਰੂਹਾਂ

ਜਿਨ ਮਾਂਵਾਂ ਜੰਮਿਆ ਇਹ ਕਾਰਾ ਕਰਨ ਵਾਲਿਆਂ ਨੂੰ।  
ਬੰਬ ਬਣਾ ਕੇ ਵਿਚ ਜਹਾਜ਼ ਦੇ ਧਰਨ ਵਾਲਿਆਂ ਨੂੰ।  
ਤੁਸੀਂ ਜਿਸ ਮਿੱਟੀ ਵਿਚ ਖੇਡੇ ਉਹ ਜੂਹਾਂ ਵੀ ਰੋਣਗੀਆਂ।  
ਸੌ ਜਨਮਾਂ ਤਕ ਉਹ ਮਾਂਵਾਂ ਦੀਆਂ ਰੂਹਾਂ ਵੀ ਰੋਣਗੀਆਂ।  
ਕਿੰਨਾ ਚਾਅ ਹੋਣਾ ਉਨ੍ਹਾਂ ਨੂੰ ਵਤਨੀਂ ਮੁੜਨੇ ਦਾ।  
ਚਿਰਾਂ ਪਿੱਛੋਂ ਜਾ ਵਤਨਾਂ ਦੀ ਮਿੱਟੀ ਨਾਲ ਜੁੜਨੇ ਦਾ।  
ਸਭ ਸੱਧਰਾਂ ਨੂੰ ਵੈਰੀ ਉਹ ਕਿਹੜੀ ਬਲੀ ਚੜ੍ਹਾ ਦਿੱਤਾ।  
ਕਿੰਨਿਆਂ ਨਿਰਦੋਸ਼ਾਂ ਨੂੰ ਤੁਸਾਂ ਵਿਚ ਆਸਮਾਨ ਉਡਾ ਦਿੱਤਾ।

ਕਿੰਨਿਆਂ ਘਰਾਂ ਦੇ ਦੀਵੇ ਤੁਸਾਂ ਇਕ ਪਲ ਵਿਚ ਬੁਝਾ ਦਿੱਤੇ।  
ਕਈ ਮਾਂਵਾਂ ਦੀ ਗੋਦ ਤੇ ਕਈ ਸੁਹਾਗ ਮਿਟਾ ਦਿੱਤੇ।  
ਤੁਸੀਂ ਕੀਤੀਆਂ ਜੋ ਕਦੇ ਜ਼ਖ਼ਮ ਉਨ੍ਹਾਂ ਦੇ ਸੀਣ ਨਾ ਦੇਣਗੀਆਂ।  
ਤੁਹਾਡੀਆਂ ਸੌ ਪੁਸ਼ਤਾਂ ਨੂੰ ਬਦ-ਦੁਆਵਾਂ ਜੀਉਣ ਨਾ ਦੇਣਗੀਆਂ।

ਦੁਨੀਆਂ ਦੀਆਂ ਅਦਾਲਤਾਂ ਤੁਹਾਨੂੰ ਛੱਡ ਵੀ ਦੇਣਗੀਆਂ।  
ਕੁਝ ਘੁੰਡੀਆਂ ਇਸ ਦਲਦਲ ਵਿਚੋਂ ਕੱਢ ਵੀ ਦੇਣਗੀਆਂ।  
ਪਰ ਰੂਹਾਂ 'ਤੇ ਬੋਝ ਪਾਪ ਦਾ ਸਦਾ ਹੀ ਰਹਿਣਾ ਏ।  
ਇਹ ਪਾਪ ਕਦੇ ਵੀ ਪਾਪੀਓ ਤੁਹਾਡੇ ਸਿਰੋਂ ਨਾ ਲਹਿਣਾ ਏ।

*-ਦੀਪ ਮੰਗਲੀ, ਨਿਊ ਯਾਰਕ।*

### ਸਾਰਿਆਂ ਦਾ ਸਰਦਾਰ

ਰੋਜ਼ ਨਵੇਂ ਹੀ ਛਪਦੇ ਰਹਿੰਦੇ ਭਾਵੇਂ ਨਿੱਤ ਹਜ਼ਾਰ।  
ਪੰਜਾਬ ਟਾਈਮਜ਼ ਹੀ ਸਾਰਿਆਂ 'ਚੋਂ ਅਖ਼ਬਾਰਾਂ ਦਾ ਸਰਦਾਰ।

ਨਕਲੀ ਸਾਧਾਂ ਤੋਂ ਉਗਰਾਹੀਆਂ ਦੀ ਨਾ ਝਾਕ ਕੋਈ।  
ਪੱਖਪਾਤ ਨਹੀਂ ਕਰਦਾ, ਕਿੰਨਾ ਗੂੜ੍ਹਾ ਸਾਕ ਕੋਈ।  
ਮੂੰਹੋਂ ਆਈਆਂ ਬਾਤਾਂ ਪਾਵੇ, ਮੇਜਰ ਵੀਰ ਕੁਲਾਰ...

ਇਕ ਵਾਰੀ ਹੈ ਪੜ੍ਹਦਾ ਜਿਹੜਾ ਕਰਦਾ ਰਹੇ ਉਡੀਕ।  
ਐਫ ਬੀ ਆਈ ਕੋਲੇ ਕੀ ਕੀ, ਦੱਸਦਾ ਹੈ ਮਾਨ ਮਨਦੀਪ।  
ਰੋਮਾਣਾ, ਪੰਨੂ, ਬਸਰਾ ਵੀ ਸਿਆਸਤ ਦੇ ਨੇ ਮਾਹਰ....।

ਆਲੂ ਪਹਿਲਾਂ ਕਿੱਥੇ ਆਇਆ, ਬਾਸੀ ਦੱਸ ਦਿੰਦਾ।  
ਭੌਰਾ ਕਲਮ ਚਲਾਉਂਦਾ ਸ਼ਬਦਾਂ ਵਿਚ ਭਰ ਰਸ ਦਿੰਦਾ।  
ਤਰਲੋਚਨ ਸਿੰਘ ਦੁਪਾਲਪੁਰ ਦਾ ਕਰਦੇ ਸਭ ਸਤਿਕਾਰ...।

ਗੁਰਨਾਮ ਕੌਰ ਕਿਆ ਯਾਦਾਂ ਲਿਖਦੀ ਡਿਗਰੀ ਡਾਕਟਰ ਦੀ।  
ਪਟਿਆਲੇ ਦੇ ਪ੍ਰੋਫੈਸਰ ਮੰਨਣ ਸਾਰੇ ਮਾਸਟਰ ਜੀ।  
ਬੀਬੀ ਸੁਰਜੀਤ ਕੌਰ ਹੈ ਲਿਖਦੀ, ਸਾਈਂ ਬਖ਼ਸ਼ਣਹਾਰ...।

ਗੁਰੂ ਘਰਾਂ ਵਿਚ ਪੈਂਦਾ ਸਾਰੇ ਰੌਲਾ ਪੜ੍ਹ ਲੈਂਦੇ।  
ਵਤਨ ਦੀਆਂ ਕਈ ਪੜ੍ਹ ਕੇ ਦਿਲ ਨੂੰ ਹੌਲਾ ਕਰ ਲੈਂਦੇ।  
ਫਿਕਰ ਕੋਈ ਨੀ ਰਹਿੰਦਾ, ਨਾਨਕ ਦੁਖੀਆ ਸਭ ਸੰਸਾਰ...।

*-ਰਾਜ ਧਾਲੀਵਾਲ, ਕੈਲੀਫੋਰਨੀਆ।*

# ਖ਼ਾਲਸਾ ਸਿਰਜਣਾ ਦੇ ਤ੍ਰੈਸ਼ਤਾਬਦੀ ਸਮਾਰੋਹ


**ਡਾ. ਗੁਰਨਾਮ ਕੌਰ**

'ਆਸਾ ਦੀ ਵਾਰ' ਵਿਚ ਗੁਰੂ ਅੰਗਦ ਦੇਵ ਨੇ ਹਉਮੈ ਨੂੰ 'ਦੀਰਘ ਰੋਗੁ' ਕਿਹਾ ਹੈ ਅਤੇ ਜਪੁ ਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਨੇ ਇਸ ਨੂੰ 'ਕੂੜੈ ਪਾਲਿ' ਕਿਹਾ ਹੈ ਜੋ ਮਨੁਖ ਦੇ ਪਰਮਾਤਮਾ ਨਾਲੋਂ ਵਿਛੋੜੇ ਦਾ ਕਾਰਨ ਬਣਦੀ ਹੈ। ਇਹ ਮਨੁਖ ਅਤੇ ਪਰਮਾਤਮਾ ਵਿਚ ਹੀ ਵਿੱਥ ਨਹੀਂ ਪਾਉਂਦੀ ਸਗੋਂ ਮਨੁਖ ਨੂੰ ਮਨੁਖ



*ਡਾ. ਗੁਰਨਾਮ ਕੌਰ*

ਨਾਲੋਂ ਦੂਰ ਕਰਨ ਦਾ ਵੀ ਕਾਰਨ ਬਣਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਮਨੁਖ ਨੂੰ ਇਸ ਰੋਗ ਤੋਂ ਸੁਚੇਤ ਹੋਣ ਲਈ ਆਗਾਹ ਕੀਤਾ ਗਿਆ ਹੈ ਕਿਉਂਕਿ ਇਸ ਦੀ ਚੇਤਨਤਾ ਵਿਚ ਹੀ ਇਸ ਦਾ ਇਲਾਜ ਹੈ ਜਿਸ ਨੂੰ ਗੁਰੂ ਸਾਹਿਬ ਨੇ 'ਦਾਰੂ ਭੀ ਇਸੁ ਮਾਹਿ' ਕਿਹਾ ਹੈ। ਪਰ ਕੀ ਅਸੀਂ ਸ਼ਬਦ ਦੇ ਲੜ ਲੱਗ ਕੇ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਇਸ ਹਉਮੈ ਤੋਂ ਛੁਟਕਾਰਾ ਪਾ ਸਕੇ ਹਾਂ? ਹਰ ਰੋਜ਼ ਅਸੀਂ ਇੱਥੋਂ ਦੀਆਂ ਅਖ਼ਬਾਰਾਂ ਵਿਚ ਗੁਰੂਘਰਾਂ ਵਿਚ ਚੌਧਰ ਲਈ ਹੁੰਦੀਆਂ ਲੜਾਈਆਂ ਦੀਆਂ ਖ਼ਬਰਾਂ ਪੜ੍ਹਦੇ ਹਾਂ ਜਿਸ ਤੋਂ ਆਮ ਸਿੱਖ ਸੋਚਾਂ ਵਿਚ ਵੀ ਪੈ ਜਾਂਦਾ ਹੈ ਅਤੇ ਸ਼ਬਦ ਗੁਰੂ ਦੀ ਹਾਜ਼ਰੀ ਵਿਚ ਪੱਗੋ-ਲੱਥੀ ਹੋ ਰਹੇ ਪ੍ਰਬੰਧਕਾਂ ਹੱਥੋਂ ਹੁੰਦੀ ਬੇ-ਅਦਬੀ ਤੋਂ ਪ੍ਰੇਸ਼ਾਨ ਵੀ ਹੁੰਦਾ ਹੈ। ਉਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਇਥੇ ਪੈਦਾ ਹੋਏ ਅਤੇ ਪ੍ਰਵਾਨ ਚੜ੍ਹ ਰਹੇ ਆਪਣੇ ਬੱਚਿਆਂ ਨੂੰ ਕੌਮ ਦੇ ਇਨ੍ਹਾਂ ਲੀਡਰਾਂ ਦੇ



*ਸਵਰਗੀ ਕੈਪਟਨ ਕੰਵਲਜੀਤ ਸਿੰਘ*

ਅਜਿਹੇ ਦ੍ਰਿਸ਼ ਦੇਖਣ ਲਈ ਗੁਰਦੁਆਰੇ ਲੈ ਕੇ ਜਾਵੇ ਜਾਂ ਉਨ੍ਹਾਂ ਨੂੰ ਅਜਿਹੀਆਂ ਪ੍ਰਦਰਸ਼ਨੀਆਂ ਤੋਂ ਦੂਰ ਹੀ ਰੱਖੇ। ਇਸੇ ਹਉਮੈ ਦੀ ਭੇਟ ਖ਼ਾਲਸੇ ਦੀ ਸਿਰਜਣਾ ਦੇ ਤਿੰਨ ਸੌ-ਸਾਲਾ ਜਸ਼ਨ ਵੀ ਚੜ੍ਹ ਗਏ।

ਧਾਰਮਿਕ ਜਸ਼ਨਾਂ ਦੇ ਪ੍ਰਬੰਧ ਦਾ ਹੱਕ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਦੇ ਪ੍ਰਧਾਨ ਦਾ ਬਣਦਾ ਸੀ ਪਰ ਇਹ ਤੱਥ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ ਹੈ ਕਿ ਨਾ ਸ਼੍ਰੋਮਣੀ ਕਮੇਟੀ ਦੀ ਕੋਈ ਸੁਤੰਤਰ ਹੋਂਦ ਹੈ ਅਤੇ ਨਾ ਹੀ ਇਸ ਦਾ ਪ੍ਰਧਾਨ ਜਾਂ ਅਕਾਲ ਤਖ਼ਤ ਦਾ ਜਥੇਦਾਰ ਕਿਸੇ ਸੁਤੰਤਰ ਤਾਕਤ ਦਾ ਮਾਲਕ ਹੈ। ਇਹ ਸਭ ਅਕਾਲੀ ਦਲ ਦੇ ਪ੍ਰਧਾਨ 'ਤੇ ਹੀ ਆਸ਼ਰਿਤ ਹਨ। ਬੇਸ਼ੱਕ ਸ਼੍ਰੋਮਣੀ ਕਮੇਟੀ ਇੱਕ ਚੁਣੀ ਹੋਈ ਸੰਸਥਾ ਹੈ ਅਤੇ ਕਹਿਣ ਨੂੰ ਪ੍ਰਧਾਨ ਦੀ ਵੀ ਹਰ ਸਾਲ ਚੋਣ ਹੁੰਦੀ ਹੈ ਪਰ ਪ੍ਰਧਾਨ ਕਿਸ ਨੂੰ ਬਣਾਉਣਾ ਹੈ ਇਹ ਫੈਸਲਾ ਅਕਾਲੀ ਦਲ ਦਾ ਪ੍ਰਧਾਨ ਹੀ ਕਰਦਾ ਹੈ ਅਤੇ ਉਸੇ ਦੀ ਭੇਜੀ ਪਰਚੀ ਵਿਚੋਂ ਪ੍ਰਧਾਨ ਦਾ ਨਾਂ ਨਿਕਲਦਾ ਹੈ।

ਪੁਰਾਣੀ ਪੰਜਾਬੀ ਕਹਾਵਤ ਹੈ, ਜਿਸ ਦਾ ਰਾਜ, ਉਸੇ ਦਾ ਤੇਜ਼। ਜਿਸ ਦਾ ਰਾਜ ਅਤੇ ਤੇਜ਼ ਹੈ ਉਸ ਅੰਦਰ ਹਉਮੈ ਪ੍ਰਵੇਸ਼ ਨਾ ਕਰੇ, ਇਹ ਸੰਭਵ ਨਹੀਂ ਹੈ। ਸ਼ਾਇਦ ਇਸੇ ਲਈ ਗੁਰੂ ਅਰਜਨ ਦੇਵ ਨੇ "ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ" ਲਈ ਅਕਾਲ ਪੁਰਖ਼ ਅੱਗੇ ਅਰਦਾਸ ਕੀਤੀ ਹੈ। ਹਉਮੈ ਦਾ ਇਹ ਨਜ਼ਾਰਾ ਸਭ ਤੋਂ ਵੱਧ ਖਾਲਸਾ ਸਿਰਜਣਾ ਦੇ ਇਨ੍ਹਾਂ ਜਸ਼ਨਾਂ ਵਿਚ ਮਿਲਿਆ। ਸਾਰਿਆਂ ਨੂੰ ਪਤਾ ਹੀ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪ੍ਰਧਾਨਗੀ ਤੋਂ ਹਟਾ ਕੇ ਇਨ੍ਹਾਂ ਜਸ਼ਨਾਂ ਤੋਂ ਲਾਂਭੇ ਕਰ ਦਿੱਤਾ ਗਿਆ ਸੀ। ਹੁਣੇ ਜਿਹੇ ਅਖ਼ਬਾਰਾਂ ਵਿਚ ਛਪਿਆ ਹੈ ਕਿ ਜਥੇਦਾਰ ਟੌਹੜਾ ਦੀ ਧਰਮ ਪਤਨੀ ਬੀਬੀ ਜੋਗਿੰਦਰ ਕੌਰ ਦੇ ਅਕਾਲ ਚਲਾਣੇ ਉਪਰ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਆਪਣੇ ਸੋਗ ਸੁਨੇਹੇ ਵਿਚ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਬੀਬੀ ਜੋਗਿੰਦਰ ਕੌਰ ਦਾ ਦੇਹਾਂਤ ਸਿੱਖ ਪੰਥ ਲਈ ਇੱਕ ਅਜਿਹਾ ਨੁਕਸਾਨ ਹੈ, ਜਿਸਦੀ ਭਰਪਾਈ ਕਦੇ ਵੀ ਨਹੀਂ ਹੋ ਸਕਦੀ। ਇਹ ਪੰਕਤੀ ਪੜ੍ਹ ਕੇ ਮੈਂ ਸੋਚ ਹੀ ਰਹੀ ਸੀ ਕਿ ਟੌਹੜਾ ਸਾਹਿਬ ਨਾਲ 1999 ਵਿਚ ਜੋ ਕੁੱਝ ਹੋਇਆ ਉਸ ਲਈ ਜ਼ਿਆਦਾਤਰ ਕੌਣ ਜ਼ਿੰਮੇਵਾਰ ਸੀ ਕਿ ਮੇਰੀ ਨਿਗ੍ਹਾ ਖ਼ਬਰਾਂ ਦੀਆਂ ਅਗਲੀਆਂ ਪੰਕਤੀਆਂ 'ਤੇ ਪਈ, "ਚੇਤੇ ਰਹੇ ਕਿ 1999 'ਚ ਜਥੇਦਾਰ ਟੌਹੜਾ ਨੂੰ ਅਕਾਲੀ ਦਲ ਵਿਚੋਂ ਖ਼ਾਰਜ ਕਰਨ ਵਿਚ ਸ. ਸੁਖਬੀਰ ਸਿੰਘ ਬਾਦਲ ਨੇ ਹੀ ਮੁੱਖ ਭੂਮਿਕਾ ਨਿਭਾਈ ਸੀ।" ਸੁਣਨ ਵਿਚ ਆਇਆ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਇਹ ਖਦਸ਼ਾ ਸੀ ਕਿ ਸ਼ਾਇਦ ਟੌਹੜਾ ਸਾਹਿਬ ਹੀ ਸੀਨੀਅਰ ਅਤੇ ਨਿਧੜਕ ਹੋਣ ਕਰਕੇ ਉਸ ਦੀ 'ਕੁਰਸੀ' ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਬਣਨਗੇ। ਇਹ ਧੜੇਬਾਜੀ ਉਪਰ ਤੋਂ ਲੈ ਕੇ ਹੇਠਾਂ ਤੱਕ ਨਜ਼ਰ ਆਈ। ਟੌਹੜਾ-ਪੱਖੀ ਵਿਦਵਾਨਾਂ ਜਾਂ ਧਾਰਮਿਕ ਹਸਤੀਆਂ ਨੂੰ ਸਰਕਾਰ ਵੱਲੋਂ ਵਿਉਂਤੇ ਗਏ ਸੈਮੀਨਾਰ ਜਾਂ ਜਸ਼ਨਾਂ ਵਿਚ ਬਿਲਕੁਲ ਨਹੀਂ ਬੁਲਾਇਆ ਗਿਆ।

ਸਾਡੀ ਯੂਨੀਵਰਸਿਟੀ ਵਿਚੋਂ ਮੇਰੇ ਵਿਭਾਗ ਵਿਚੋਂ ਮੈਨੂੰ ਅਤੇ ਧਰਮ ਅਧਿਐਨ ਵਿਭਾਗ ਵਿਚੋਂ ਡਾ. ਜੋਧ ਸਿੰਘ ਨੂੰ ਸੱਦਿਆ ਗਿਆ ਸੀ। ਜਸ਼ਨਾਂ ਦੀ ਸਮਾਪਤੀ ਤੋਂ ਬਾਅਦ ਕਦੀ ਕਦੀ ਡਾ. ਬਲਕਾਰ ਸਿੰਘ ਨੇ ਡਾ. ਕੇਹਰ ਸਿੰਘ ਨੂੰ ਮਖੌਲ ਕਰਦਿਆਂ ਕਹਿਣਾ, "ਕੇਹਰ ਸਿੰਘ! ਮੈਂ ਤਾਂ ਭਲਾਂ ਟੌਹੜਾ ਸਾਹਿਬ ਦੇ ਹੱਕ ਵਿਚ ਹਾਂ ਇਸ ਲਈ ਮੈਨੂੰ ਨਹੀਂ ਸੱਦਿਆ ਪਰ ਤੂੰ ਤਾਂ ਬਾਦਲ ਦਾ ਬੰਦਾ ਹੈਂ ਤੇ ਟੌਹੜਾ ਸਾਹਿਬ ਦੇ ਖ਼ਿਲਾਫ ਬਥੇਰੇ ਬਿਆਨ ਦਿੱਤੇ ਹਨ, ਤੈਨੂੰ ਭਲਾਂ ਕਿਉਂ ਨਹੀਂ ਸੱਦਿਆ?"

ਸੈਮੀਨਾਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਕੈਂਪਸ ਵਿਚ ਰੱਖਿਆ ਗਿਆ ਜਿਸ ਦਾ ਪ੍ਰਬੰਧ ਸਵਰਗੀ ਮੰਤਰੀ ਕੈਪਟਨ ਕੰਵਲਜੀਤ ਸਿੰਘ ਦੀ ਨਿਗਰਾਨੀ ਹੇਠ ਸ. ਇੰਦਰਜੀਤ ਸਿੰਘ ਆਈ.ਏ.ਐਸ. ਕਰ ਰਹੇ ਸਨ। ਹਿੱਸਾ ਲੈਣ ਵਾਲੇ ਵਿਦਵਾਨਾਂ ਲਈ ਪੰਜਾਬ ਸਰਕਾਰ ਵੱਲੋਂ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਰਿਹਾਇਸ਼ ਲਈ ਗੈਸਟ ਹਾਊਸ ਰਾਖਵੇਂ ਕਰਵਾਏ ਗਏ ਸਨ। ਉਦਘਾਟਨੀ ਸਮਾਰੋਹ ਵਿਚ ਵੱਡੀਆਂ ਵੱਡੀਆਂ ਹਸਤੀਆਂ ਸ਼ਾਮਲ ਹੋਈਆਂ ਜਿਨ੍ਹਾਂ ਵਿਚ ਜਨਾਬ ਫ਼ਾਰੂਕ ਅਬਦੁੱਲਾ ਅਤੇ ਹਿਮਾਚਲ ਪ੍ਰਦੇਸ਼ ਦਾ ਮੁੱਖ ਮੰਤਰੀ ਵੀ ਸ਼ਾਮਲ ਸੀ। ਦੁਪਹਿਰ ਦਾ ਖਾਣਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਭਵਨ ਵਿਚ ਰੱਖਿਆ ਗਿਆ। ਮੈਨੂੰ ਇਸ ਗੱਲ ਦੀ ਹੈਰਾਨੀ ਹੋਈ ਕਿ ਆਮ ਸੰਸਥਾਵਾਂ ਜਾਂ ਯੂਨੀਵਰਸਿਟੀਆਂ ਦੇ ਸੈਮੀਨਾਰਾਂ ਵਿਚ ਬੀਬੀਆਂ ਦੀ ਵਾਹਵਾ ਸ਼ਮੂਲੀਅਤ ਹੁੰਦੀ ਹੈ। ਇੱਥੇ ਦੁਪਹਿਰ ਦੇ ਖਾਣੇ ਤੇ ਅਸੀਂ ਤਿੰਨ ਬੀਬੀਆਂ ਸਾਂ-ਡਿਪਟੀ ਕਮਿਸ਼ਨਰ ਵਿੰਨੀ ਮਹਾਜਨ, ਪੰਜਾਬ ਯੂਨੀਵਰਸਿਟੀ ਤੋਂ ਡਾ. ਇੰਦੂ ਬਾਂਗਾ ਅਤੇ ਮੈਂ। ਸੈਮੀਨਾਰ ਨਿਰਦੇਸ਼ਕ ਸ. ਇੰਦਰਜੀਤ ਸਿੰਘ ਆਈ.ਏ.ਐਸ. ਨਿਹਾਇਤ ਹੀ ਸਾਊ ਸੁਭਾ ਦਾ ਨੌਜੁਆਨ ਅਫਸਰ ਹਰ ਇੱਕ ਵਿਦਵਾਨ ਦਾ ਨਿਜੀ ਤੌਰ 'ਤੇ ਧਿਆਨ ਰੱਖ ਰਿਹਾ ਸੀ। ਆਈ.ਏ.ਐਸ. ਅਫਸਰਾਂ ਵਾਲੀ ਫੂੰ-ਫਾਂ ਉਸ ਦੇ ਨੇੜੇ ਤੇੜੇ ਵੀ ਨਹੀਂ ਸੀ। ਮੇਲੇ ਵਰਗਾ ਮਾਹੌਲ ਵੀ ਨਹੀਂ ਸੀ, ਸੈਮੀਨਾਰ ਬੜੇ ਸੁਚੱਜੇ ਢੰਗ ਨਾਲ ਚੱਲ ਰਿਹਾ ਸੀ। ਸ਼ਾਮ ਦੇ ਖਾਣੇ ਵਾਸਤੇ ਗਵਰਨਰ ਪੰਜਾਬ ਵੱਲੋਂ ਸੱਦਾ-ਪੱਤਰ ਸੀ। ਸ਼ਾਮ ਨੂੰ ਆਪਣੀ ਆਪਣੀ ਗੱਡੀ ਵਿਚ ਮੈਂ ਅਤੇ ਡਾ. ਜੋਧ ਸਿੰਘ ਗਵਰਨਰ ਹਾਊਸ ਪਹੁੰਚ ਗਏ ਜਿਥੇ ਕੁੱਝ ਵਿਦਵਾਨ ਖੁੱਲੇ ਘਾਹ ਦੇ ਮੈਦਾਨ ਵਿਚ ਬੈਠੇ ਵਿਚਾਰ ਚਰਚਾ ਕਰ ਰਹੇ ਸੀ। ਅਸੀਂ ਵੀ ਸ਼ਾਮਲ ਹੋ ਗਏ ਅਤੇ ਏਨੇ ਨੂੰ ਯੋਗੀ ਹਰਭਜਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਬੀਬੀ ਇੰਦਰਜੀਤ ਕੌਰ ਅਮਰੀਕਨ ਸਿੱਖ ਬੀਬੀਆਂ ਅਤੇ ਵੀਰਾਂ ਸਮੇਤ ਪਹੁੰਚ ਗਏ। ਮੈਨੂੰ ਉਥੇ ਦੇਖ ਕੇ ਯੋਗੀ ਜੀ ਅਤੇ ਬੀਬੀ ਜੀ ਬਹੁਤ ਖੁਸ਼ ਹੋਏ ਅਤੇ ਬੋਲੇ, "ਅੱਜ ਸਾਡਾ ਸਿਰ ਮਾਣ ਨਾਲ ਉਚਾ ਹੋ ਗਿਆ ਹੈ ਕਿ ਸਾਡੀ ਧੀ ਇਸ ਸੈਮੀਨਾਰ ਵਿਚ ਸ਼ਾਮਲ ਹੋਈ ਹੈ।" ਜਦੋਂ ਗਵਰਨਰ ਪੰਜਾਬ ਨਾਲ ਜਾਣ-ਪਛਾਣ ਕਰਾਈ ਜਾ ਰਹੀ ਸੀ ਤਾਂ ਯੋਗੀ ਜੀ ਨੇ ਬਹੁਤ ਹੀ ਮਾਣ ਨਾਲ ਕਿਹਾ, "ਇਹ ਸਾਡੀ ਧੀ ਹੈ।"

ਇਥੇ ਇਹ ਦੇਖ ਕੇ ਖੁਸ਼ੀ ਹੋਈ ਕਿ ਮੇਰੇ ਅਤੇ ਹੋਮ ਸੈਕਟਰੀ ਬੀਬੀ (ਸ਼ਾਇਦ ਮਿਸਿਜ ਗੁਪਤਾ) ਦੇ ਇਲਾਵਾ ਬੀਬੀ ਇੰਦਰਜੀਤ ਕੌਰ ਅਤੇ ਅਮਰੀਕਨ ਬੀਬੀਆਂ ਸ਼ਾਮਲ ਸਨ। ਅਸੀਂ ਸਵੈ-ਪੜਚੋਲ ਕਰਨ ਦੀ ਥਾਂ ਤੇ ਆਪਣੇ ਨਾਲ ਹੁੰਦੀਆਂ ਬੇਇਨਸਾਫੀਆਂ ਦਾ ਰੌਲਾ ਬਹੁਤ ਪਾਉਂਦੇ ਰਹਿੰਦੇ ਹਾਂ ਜਿਸ ਲਈ ਦੂਸਰੀਆਂ ਪਾਰਟੀਆਂ ਜਾਂ ਭਾਈਚਾਰਿਆਂ ਨੂੰ ਦੋਸ਼ ਦਿੰਦੇ ਰਹਿੰਦੇ ਹਾਂ। ਸਿੱਖਾਂ ਵਿਚ ਭਾਈਚਾਰਕ ਸਾਂਝ ਜਾਂ ਮਿਲਵਰਤਣ ਕਿੰਨੀ ਕੁ ਹੈ? ਇਸ ਦਾ ਨਜ਼ਾਰਾ ਦੇਖਣ ਨੂੰ ਚੰਡੀਗੜ੍ਹ ਵਿਚ ਹੋ ਰਹੇ ਸੈਮੀਨਾਰਾਂ ਤੋਂ ਮਿਲਿਆ। ਸਰਕਾਰ ਵੱਲੋਂ ਕਰਵਾਏ ਜਾ ਰਹੇ ਸੈਮੀਨਾਰ ਦੇ ਦੂਸਰੇ ਦਿਨ ਇੱਕ ਪਾਸੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ (ਬਾਅਦ ਵਿਚ ਪੰਜਾਬੀ ਯੂਨੀਵਰਸਿਟੀ

## ਰੰਗ-ਬੇਰੰਗ

ਦੇ ਵਾਈਸ ਚਾਂਸਲਰ) ਡਾ. ਜਸਵੀਰ ਸਿੰਘ ਆਹਲੂਵਾਲੀਆ ਵੱਲੋਂ ਆਪਣੇ ਵਿਭਾਗ ਵੱਲੋਂ ਕਰਵਾਏ ਜਾ ਰਹੇ ਸੈਮੀਨਾਰ ਦਾ ਉਦਘਾਟਨ ਸੀ। ਦੂਸਰੇ ਪਾਸੇ ਚੰਡੀਗੜ੍ਹ ਦੇ ਸਿੱਖ ਵਿਦਵਾਨਾਂ ਵੱਲੋਂ ਸਥਾਪਤ ਕੀਤੇ ਅਦਾਰੇ 'ਇੰਸਟੀਚਿਊਟ ਆਫ਼ ਸਿੱਖ ਸਟੱਡੀਜ' ਵੱਲੋਂ ਰੱਖੇ ਸੈਮੀਨਾਰ ਦਾ ਉਦਘਾਟਨ ਸੀ। ਸਿੱਖ ਦਰਸ਼ਨ, ਸਿੱਖ ਇਤਿਹਾਸ ਜਾਂ ਸਾਹਿਤ ਨਾਲ ਜੁੜੇ ਆਖ਼ਰ ਕਿੰਨੇ ਕੁ ਵਿਦਵਾਨ ਹਨ? ਉਹੀ ਗਿਣੇ-ਚੁਣੇ ਵਿਦਵਾਨ ਅਤੇ ਡੈਲੀਗੇਟ ਤਿੰਨੇ ਪਾਸੇ ਸੱਦੇ ਹੋਏ ਸਨ ਜੋ ਗੱਡੀਆਂ ਵਿਚ ਕਦੀ ਇੱਕ ਪਾਸੇ ਦੌੜਦੇ, ਕਦੀ ਦੂਜੇ ਪਾਸੇ ਅਤੇ ਕਦੀ ਤੀਜੇ ਪਾਸੇ। ਮੈਂ ਪੰਜਾਬ ਸਰਕਾਰ ਦੇ ਸੈਮੀਨਾਰ ਦੇ ਪ੍ਰਬੰਧਕਾਂ ਵਿਚੋਂ ਇੱਕ ਜ਼ਿੰਮੇਵਾਰ ਵਿਅਕਤੀ ਨੂੰ ਪੁੱਛਿਆ, "ਇੰਸਟੀਚਿਊਟ ਆਫ ਸਿੱਖ ਸਟੱਡੀਜ ਤਾਂ ਮੰਨ ਲਿਆ ਕਿ ਪ੍ਰਾਈਵੇਟ ਅਦਾਰਾ ਹੈ ਪਰ ਸਕੂਲ ਬੋਰਡ ਅਤੇ ਪੰਜਾਬ ਸਰਕਾਰ ਦੇ ਸੈਮੀਨਾਰ ਦੇ ਪ੍ਰਬੰਧਕਾਂ ਨੂੰ ਤਾਂ ਇਹ ਧਿਆਨ ਹੋਣਾ ਚਾਹੀਦਾ ਸੀ ਕਿ ਦੋ ਸੈਮੀਨਾਰ ਇੱਕ ਦਿਨ ਨਾ ਰੱਖਣ?" ਜੁਆਬ ਸੀ, "ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸੈਮੀਨਾਰ ਦੇ ਕਰਤਾ-ਧਰਤਾ ਕੈਪਟਨ ਕੰਵਲਜੀਤ ਸਿੰਘ ਹਨ। ਡਾ. ਆਹਲੂਵਾਲੀਆ ਅਤੇ ਕੈਪਟਨ ਦੀ ਆਪਸ ਵਿਚ ਬਹੁਤੀ ਬਣਦੀ ਨਹੀਂ। ਇਸ ਲਈ ਬਿਨਾ ਇੱਕ-ਦੂਜੇ ਨਾਲ ਸਲਾਹ ਕੀਤੇ ਸੈਮੀਨਾਰ ਇੱਕੋ ਦਿਨ ਰੱਖ ਲਏ।"

ਦੂਸਰੇ ਦਿਨ ਰਾਤ ਦਾ ਖਾਣਾ ਮੁੱਖ ਮੰਤਰੀ ਬਾਦਲ ਸਾਹਿਬ ਦੀ ਸਰਕਾਰੀ ਰਿਹਾਇਸ਼ 'ਤੇ ਸੀ। ਬੀਬੀਆਂ ਦੀ ਹਾਜ਼ਰੀ ਦੇ ਪੱਖੋਂ ਹਾਲਤ ਇੱਥੇ ਵੀ ਉਹੋ ਸੀ। ਇੱਥੋਂ ਤੱਕ ਕਿ ਬੀਬੀ ਸੁਰਿੰਦਰ ਕੌਰ ਬਾਦਲ ਵੀ ਸ਼ਾਮਲ ਨਹੀਂ ਸਨ। ਇਥੇ ਵੀ ਮੇਰੇ ਸਮੇਤ, ਡਿਪਟੀ ਕਮਿਸ਼ਨਰ ਵਿੰਨੀ ਮਹਾਜਨ, ਸ਼੍ਰੀਮਤੀ ਰੂਪਮ ਦਿਓਲ ਬਜਾਜ ਆਈ.ਏ.ਐਸ, ਅਸੀਂ ਤਿੰਨ ਬੀਬੀਆਂ ਹੀ ਸ਼ਾਮਲ ਸਾਂ। ਬੀਬੀ ਰੂਪਮ ਦਿਓਲ ਬਜਾਜ ਆਈ.ਏ.ਐਸ. ਬਹੁਤ ਭਾਰੀ-ਭਰਕਮ ਸਿਲਕ ਦੀ ਜ਼ਰੀਦਾਰ ਸਾੜੀ ਪਾ ਕੇ ਅਤੇ ਖ਼ੂਬ ਮੇਕ-ਅਪ ਕਰਕੇ ਆਈ ਹੋਈ ਸੀ ਜੋ ਕਿ ਨੀਲੀਆਂ ਪੱਗਾਂ ਦੇ ਸਮੁੰਦਰ ਵਿਚ ਕੁੱਝ ਓਪਰੀ ਲੱਗ ਰਹੀ ਸੀ। ਸ. ਬਲਵਿੰਦਰ ਸਿੰਘ ਭੂੰਦੜ ਅਤੇ ਸ. ਸੁਖਦੇਵ ਸਿੰਘ ਢੀਂਡਸਾ ਨੂੰ ਮੇਰੀ ਥੋੜੀ ਜਿਹੀ ਪਛਾਣ ਸੀ ਅਤੇ ਉਨ੍ਹਾਂ ਨੂੰ ਸਾਡੀ ਯੂਨੀਵਰਸਿਟੀ ਵਿਚ ਇੰਟਰਵਿਊਆਂ ਕਰਾਉਣ ਤੇ ਵਾਈਸ ਚਾਂਸਲਰ 'ਤੇ ਲਗਵਾਈ ਗਈ ਰੋਕ ਦਾ ਪਤਾ ਸੀ। ਮੈਨੂੰ ਸ. ਬਲਵਿੰਦਰ ਸਿੰਘ ਭੂੰਦੜ ਨੇ ਪੁੱਛਿਆ, "ਤੁਹਾਡੀ ਇੰਟਰਵਿਊ ਹੋ ਗਈ?" ਮੈਂ ਕਿਹਾ, "ਨਹੀਂ ਜੀ।" ਕਹਿੰਦੇ, "ਅੱਜ ਬਾਦਲ ਸਾਹਿਬ ਨਾਲ ਗੱਲ ਕਰਦੇ ਹਾਂ।"

ਮੈਂ ਆ ਕੇ ਬਾਕੀਆਂ ਨਾਲ ਕੁਰਸੀ ਲੈ ਕੇ ਬੈਠ ਗਈ। ਥੋੜੀ ਦੇਰ ਬਾਅਦ ਨਾਭੇ ਤੋਂ ਜੇਤੂ ਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਰਾਜਾ ਨਰਿੰਦਰ ਸਿੰਘ ਬੈਠੇ ਵਿਦਵਾਨਾਂ ਨਾਲ ਇੱਕ ਇੱਕ ਸੀਟ ਤੇ ਸ਼ਿਸ਼ਟਾਚਾਰ ਵੱਜੋਂ ਜਾਣ-ਪਛਾਣ ਕਰਨ ਆਏ। ਜਦੋਂ ਮੇਰੇ ਕੋਲ ਪਹੁੰਚੇ ਤਾਂ ਮੈਂ ਸੀਟ ਤੋਂ ਉਠ ਕੇ 'ਸਤਿ ਸ੍ਰੀ ਅਕਾਲ' ਬੁਲਾਈ ਤੇ ਆਪਣਾ ਨਾਮ ਦੱਸਿਆ ਤਾਂ ਉਹ ਬੋਲੇ, "ਮੈਂ ਜਾਣਦਾ ਹਾਂ ਅਤੇ ਮੈਨੂੰ ਤੁਹਾਡੀ ਯੂਨੀਵਰਸਿਟੀ ਦੀ ਸਮੱਸਿਆ ਦਾ ਵੀ ਪਤਾ ਹੈ। ਜਦੋਂ ਬਾਦਲ ਸਾਹਿਬ ਖਾਣਾ ਖਾਣ ਲੱਗਣਗੇ ਆਪਾਂ ਉਨ੍ਹਾਂ ਨਾਲ ਗੱਲ ਕਰਾਂਗੇ। ਮੈਂ ਤੁਹਾਡੇ ਨਾਲ ਚੱਲਾਂਗਾ।"

ਮੈਂ ਕੀ ਕਹਿਣਾ ਸੀ, ਮੈਂ ਤਾਂ ਪਹਿਲਾਂ ਵੀ ਸਾਥੀ ਅਧਿਆਪਕਾਂ ਦੇ ਬਹੁਤਾ ਕਹਿਣ ਤੇ ਉਨ੍ਹਾਂ ਨਾਲ ਤੁਰ ਪਈ ਸੀ। ਮੈਨੂੰ ਪਤਾ ਸੀ ਕਿ ਹੋਣਾ-ਹੁਆਉਣਾ ਕੁੱਝ ਨਹੀਂ ਹੈ, ਐਵੇਂ ਮੱਥਾ ਮਾਰਨ ਵਾਲੀ ਗੱਲ ਹੈ। ਆਪਣੀਆਂ ਆਪਣੀਆਂ ਪਲੇਟਾਂ ਵਿਚ ਖਾਣਾ ਪਾ ਕੇ ਖਾਣ ਲੱਗ ਪਏ। ਏਨੀ ਦੇਰ ਨੂੰ ਰਾਜਾ ਨਰਿੰਦਰ ਸਿੰਘ ਆਏ ਅਤੇ ਬੋਲੇ, "ਆਉ ਬਾਦਲ ਸਾਹਿਬ ਨਾਲ ਗੱਲ ਕਰੀਏ।" ਅਸੀਂ ਕੋਲ ਗਏ ਤਾਂ ਕੋਈ ਹੋਰ ਆ ਕੇ ਗੱਲ ਕਰਨ ਲੱਗ ਪਿਆ ਤਾਂ ਅਸੀਂ ਥੋੜਾ ਪਰੇ ਹੋ ਕੇ ਖੜ੍ਹ ਗਏ ਅਤੇ ਉਸ ਦੇ ਗੱਲ ਖਤਮ ਕਰਨ ਤੇ ਨੇੜੇ ਹੋਏ ਤਾਂ ਮੰਤਰੀ ਜੀ ਨੇ ਮੇਰੀ ਜਾਣ-ਪਛਾਣ ਕਰਾਈ ਅਤੇ ਯੂਨੀਵਰਸਿਟੀ ਤੇ ਸਰਕਾਰ ਵੱਲੋਂ ਲਾਈ ਰੋਕ ਬਾਰੇ ਦੱਸਿਆ। ਬਾਦਲ ਸਾਹਿਬ ਇੱਕ ਦਮ ਬੋਲੇ, "ਬੀਬੀ! ਤੁਹਾਡੀ ਇੰਟਰਵਿਊ ਇਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਕਰਨੀ ਹੈ?" ਮੈਂ ਹੈਰਾਨ ਜਿਹੀ ਹੋ ਕੇ ਕਿਹਾ, "ਨਹੀਂ ਜੀ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ।" ਅੱਗੋਂ ਬਾਦਲ ਸਾਹਿਬ ਬੋਲੇ, "ਬੀਬੀ! ਤੁਸੀਂ ਮੈਨੂੰ 14 ਮਈ ਤੋਂ ਬਾਅਦ ਮਿਲਿਓ।" ਰਾਜਾ ਨਰਿੰਦਰ ਸਿੰਘ ਚੁੱਪ ਕਰ ਗਏ ਅਤੇ ਮੈਂ ਵੀ ਇਸ਼ਾਰਾ ਸਮਝ ਗਈ ਕਿਉਂਕਿ 14 ਮਈ ਨੂੰ ਡਾ. ਪੁਆਰ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸੇਵਾ-ਕਾਲ ਖਤਮ ਹੋਣਾ ਸੀ ਅਤੇ ਇਸ ਤੋਂ ਪਿੱਛੋਂ ਤਾਂ ਮਿਲਣ ਦੀ ਜ਼ਰੂਰਤ ਹੀ ਨਹੀਂ ਸੀ।

ਕਿਸੇ ਕੌਮ ਦਾ, ਘਰ ਦਾ, ਕਮਿਊਨਿਟੀ ਦਾ, ਫੈਕਲਟੀ ਦਾ ਬੇੜਾ ਗਰਕ ਕਰਨ ਲਈ ਬਾਹਰ ਦੇ ਬੰਦਿਆਂ ਦੀ ਲੋੜ ਨਹੀਂ ਹੁੰਦੀ; ਇਹ ਤਾਂ ਆਪਣਿਆਂ ਹੱਥੋਂ ਹੀ ਹੋਣਾ ਹੁੰਦਾ ਹੈ। ਸਾਡੀਆਂ ਬੇੜੀਆਂ ਵਿਚ ਵੱਟੇ ਪਾਉਣ ਵਾਲੇ ਵੀ ਸਾਡੇ ਹੀ ਅਧਿਆਪਕ ਸਾਥੀ ਸਨ ਜਿਨ੍ਹਾਂ ਨੇ ਜਦੋਂ ਦੀ ਸਰਕਾਰ ਬਦਲੀ ਸੀ ਵਾਈਸ ਚਾਂਸਲਰ ਨੂੰ ਕੋਈ ਕੰਮ ਨਹੀਂ ਸੀ ਕਰਨ ਦਿੱਤਾ। ਇਹ ਲੋਕ ਸਾਡੇ ਧੜੇ ਦੇ, ਸਾਡੀਆਂ ਹੀ ਵੋਟਾਂ ਨਾਲ ਯੂਨੀਅਨ ਵਿਚ



*ਸਵਰਗੀ ਗੁਰਚਰਨ ਸਿੰਘ ਟੌਹੜਾ*

ਆਉਂਦੇ ਰਹੇ ਸਨ ਪਰ ਵਾਈਸ ਚਾਂਸਲਰ ਦਾ ਰਾਹ ਰੋਕਣ ਲਈ ਸਾਡਾ ਹੀ, ਆਪਣੀ ਫੈਕਲਟੀ ਦਾ ਹੀ ਨੁਕਸਾਨ ਕੀਤਾ। ਵਾਈਸ ਚਾਂਸਲਰਾਂ ਨੂੰ ਕਿੰਨਾ ਕੁ ਫਰਕ ਪੈਂਦਾ ਹੈ? ਉਨ੍ਹਾਂ ਨੂੰ ਤਾਂ ਜਿੰਨਾ ਸੇਵਾ-ਕਾਲ ਮਿਲਿਆ ਹੈ, ਉਹ ਉਨ੍ਹਾਂ ਨੇ ਪੂਰਾ ਕਰਨਾ ਹੈ ਅਤੇ ਨਵੀਂ ਸਰਕਾਰ ਨੇ ਆਪਣੇ ਹਮਾਇਤੀਆਂ ਨੂੰ ਫਾਇਦਾ ਦੇਣ ਲਈ ਨਵਾਂ ਵੀ.ਸੀ. ਜਾਂ ਕੋਈ ਵੀ ਅਹੁਦੇਦਾਰ ਲਾਉਣਾ ਹੀ ਹੁੰਦਾ ਹੈ। ਇੱਕ ਵਾਰ ਮੈਂ ਸਾਡੇ ਬਹੁਤ ਹੀ ਸਤਿਕਾਰ ਯੋਗ ਪ੍ਰੋਫੈਸਰ ਅਤੇ ਕਵੀ ਕੁਲਵੰਤ ਗਰੇਵਾਲ ਨੂੰ ਕੈਂਪਸ ਦੀ ਹਲਕੇ ਪੱਧਰ ਦੀ ਸਿਆਸਤ ਬਾਰੇ ਉਲਾਂਭਾ ਦਿੱਤਾ ਤਾਂ ਗਰੇਵਾਲ ਸਾਹਿਬ ਨੇ ਮੇਰੇ ਉਲਾਂਭੇ ਤੋਂ ਉਦਾਸ ਹੋ ਕੇ ਮੇਰੀ ਗੱਲ ਦਾ ਉਤਰ ਦੇਣ ਦੀ ਥਾਂ ਕਿਹਾ, "ਬੀਬਾ ਜੀ! ਜੇ ਬਲਕਾਰ (ਡਾ. ਬਲਕਾਰ ਸਿੰਘ) ਡੀਨ ਬਣ ਕੇ ਵਿਚਾਲੇ ਨਾ ਖੜ੍ਹਾ ਹੁੰਦਾ ਅਸੀਂ ਹੁਣ ਤੱਕ ਕਦੋਂ ਦਾ ਵਾਈਸ ਚਾਂਸਲਰ ਨੂੰ ਢਾਹ ਲੈਣਾ ਸੀ?" ਮੈਂ ਉਤਰ ਦਿੱਤਾ, "ਹੁਣ ਤਾਂ ਡਾ. ਬਲਕਾਰ ਸਿੰਘ ਡੀਨ ਨਹੀਂ ਹੈ ਗਰੇਵਾਲ ਸਾਹਿਬ! ਤੁਸੀਂ ਆਪਣਾ ਜ਼ੋਰ ਲਾ ਕੇ ਦੇਖ ਲਵੋ ਪਰ ਤੁਸੀਂ ਟਰਮ ਖਤਮ ਹੋਣ ਤੋਂ ਇੱਕ ਦਿਨ ਪਹਿਲਾਂ ਵੀ ਵਾਈਸ ਚਾਂਸਲਰ ਨੂੰ ਨਹੀਂ ਹਟਾ ਸਕਦੇ।" ਇਹੀ ਸੱਚ ਹੋਇਆ।

(ਚਲਦਾ...)

## ਸਿਆਣਿਆਂ ਦਾ ਕਿਹਾ

(1) ਹੈਰਾਨੀ ਦੀ ਗੱਲ ਹੈ ਕਿ ਬ੍ਰਾਹਮਣ ਨੇ ਬਾਕੀ ਲੋਕਾਂ ਵਾਸਤੇ ਤਾਂ ਸਤੀ ਪ੍ਰਥਾ ਚਲਾਈ ਪਰ ਅੱਜ ਤੱਕ ਇੱਕ ਵੀ ਬ੍ਰਾਹਮਣ ਦੀ ਲੜਕੀ ਸਤੀ ਨਹੀਂ ਹੋਈ।

(2) ਹਾਥੀ ਜਿਉਂਦਾ ਲੱਖ ਦਾ ਤੇ ਮਰਿਆ ਸਵਾ ਲੱਖ ਦਾ।

(3) ਕੀਤੀਆਂ ਦੁੱਲੇ ਦੀਆਂ ਪੇਸ਼ ਲੱਧੀ ਦੇ ਆਈਆਂ ਵਾਂਗ ਸਿੱਖ ਲੀਡਰਾਂ ਦੀਆਂ ਗਲਤੀਆਂ ਦਾ ਖਮਿਆਜ਼ਾ ਸਿੱਖ ਕੌਮ ਭੁਗਤ ਰਹੀ ਹੈ।

(4) ਦੁੱਧ ਉਹਦਾ ਜਿਹੜਾ ਉਬਲਣ ਤੋਂ ਪਹਿਲਾਂ ਸਾਂਭ ਲਵੇ।

(5) ਆਪਣੀ ਹੀ ਧੋਤੀ ਵਿਚ ਅੜ ਕੇ ਡਿੱਗਣ ਵਾਲੇ ਲੋਕ ਹੁਣ ਹੁਕਮਰਾਨ ਬਣ ਗਏ ਹਨ ਅਤੇ ਸਿੱਖ ਸਿਰਫ ਪਨਾਹਗੀਰ, ਰਿਫਿਊਜ਼ੀ ਜਾਂ ਫਿਰ ਅਤਿਵਾਦੀ, ਵਖਵਾਦੀ।

(6) ਜਦੋਂ ਸਮੁੰਦਰ 'ਚ ਤੂਫਾਨ ਆਉਂਦਾ ਹੈ ਤਾਂ ਜਹਾਜ ਡੁੱਬਦੇ ਹਨ, ਮੱਛੀਆਂ ਨਹੀਂ।

(7) ਜਦੋਂ ਸੰਢਾ ਮਰ ਜਾਏ ਤਾਂ ਚੰਮ-ਜੂੰਆਂ ਵੀ ਨਾਲ ਹੀ ਮਰ ਜਾਂਦੀਆਂ ਹਨ।

(8) ਲਾਹੌਰ ਢਹਿੰਦਾ ਢਹਿੰਦਾ ਵੀ ਢਹੂ ਤਾਂ ਕਿਸੇ ਪਿੰਡ ਜਿੱਡਾ ਤੇ ਰਹੂ।

(9) ਜਿਸ ਦਰਖਤ 'ਤੇ ਬਿਜਲੀ ਡਿੱਗਦੀ ਰਹੇ ਉਹ ਕਿਵੇਂ ਵੱਧ ਫੁੱਲ ਸਕਦਾ ਹੈ ਅਤੇ ਕਿਵੇਂ ਹਰਾ ਭਰਾ ਰਹਿ ਸਕਦਾ ਹੈ। ਇਹੋ ਹਾਲ ਭਾਰਤ 'ਚ ਘੱਟਗਿਣਤੀਆਂ ਦਾ ਹੈ।

(10) ਤੱਤੀ ਜਾਂ ਠੰਡੀ ਜਦੋਂ ਵੀ ਹਵਾ ਵਗੇ ਤਾਂ ਉਹ ਚੂਹੇ ਨੂੰ ਖੁੱਡ ਵਿਚ ਵੀ ਲਗਦੀ ਹੈ।

(11) ਭਾਰਤੀ ਸੰਵਿਧਾਨ ਅਨੁਸਾਰ ਇੱਕਲੇ ਸਿੱਖ ਨੂੰ ਹੀ ਹਿੰਦੂ ਨਹੀਂ ਸਮਝਿਆ ਗਿਆ, ਸਗੋਂ ਗੁਰਦੁਆਰੇ ਵੀ ਮੰਦਰ ਹੀ ਸਮਝੇ ਗਏ ਹਨ। ਸੰਵਿਧਾਨ ਦੀ ਧਾਰਾ 25 ਬੀ-2 ਬੜੀ ਸਪਸ਼ਟ ਹੈ।

(12) ਜਦੋਂ ਡਾਕਟਰ ਵੀ ਬਿਮਾਰ ਹੋਣ ਤਾਂ ਮਰੀਜਾਂ ਦਾ ਇਲਾਜ ਕੌਣ ਕਰੇ?

(13) ਜਦੋਂ ਕੋਈ ਕੈਂਸਰ ਨਾਲ ਮਰ ਰਿਹਾ ਹੋਵੇ ਉਸ ਦੇ ਗਿੱਟੇ 'ਤੇ ਹੋਈ ਫਿਨਸੀ ਦੀ ਕੀ ਮਹੱਤਤਾ ਰਹਿੰਦੀ ਹੈ। ਸਿੱਖ ਸਮਾਜ ਵਿਚ ਪ੍ਰਚਾਰਕ ਕੈਂਸਰ ਦੇ ਇਲਾਜ ਵੱਲ ਧਿਆਨ ਨਹੀਂ ਦਿੰਦੇ ਸਗੋਂ ਫਿਨਸੀ ਦਾ ਹੀ ਇਲਾਜ ਕਰੀ ਜਾਂਦੇ ਹਨ।

(14) ਅਕਾਲ ਤਖਤ ਦਾ ਇੱਕ ਸਾਬਕਾ ਜਥੇਦਾਰ ਕਹਿ ਰਿਹਾ ਹੈ ਕਿ ਸਿੱਖ ਲਵ ਕੁਸ਼ ਦੀ ਔਲਾਦ ਹਨ ਤਾਂ ਫਿਰ ਉਹ ਜਾਂ ਤਾਂ ਸੱਚ ਮੁੱਚ ਹੀ ਦਿਮਾਗੀ ਤੌਰ 'ਤੇ ਹਿੱਲ ਗਿਆ ਹੈ ਜਾਂ ਫਿਰ ਉਹ ਸੰਵਿਧਾਨ ਦੀ ਧਾਰਾ 25-ਬੀ ਨੂੰ ਪਾੜਨ ਤੇ ਸਾੜਨ ਵਾਲਿਆਂ ਨੂੰ ਸਿੱਧੇ ਢੰਗ ਨਾਲ ਬੇਵਕੂਫ ਕਹਿ ਰਿਹਾ ਹੈ।

(15) ਅਕਾਲੀ ਲੀਡਰ ਕੌਮ ਦੀ ਭਲਾਈ ਨੂੰ ਭੁੱਲ ਕੇ ਆਪਣੀਆਂ ਹੀ ਗਰਜਾਂ, ਕੁਰਸੀਆਂ ਅਤੇ ਗੁਰਦਵਾਰਿਆਂ ਦੀਆਂ ਗੋਲਕਾਂ ਲਈ ਲੜ ਰਹੇ ਹਨ।

(16) ਚੋਣਾਂ ਦਾ ਰਾਹ ਸਿੱਖ ਧਰਮ ਦੀ ਸੋਚ ਨਾਲ ਮੇਲ ਨਹੀਂ ਖਾਂਦਾ। ਧਰਮ ਤਿਆਗ ਤੇ ਨਿਮਰਤਾ ਸਿਖਾਉਂਦਾ ਹੈ ਜਦਕਿ ਚੋਣਾਂ ਦਾ ਰਸਤਾ ਹਰ ਹੀਲੇ ਕਾਬਜ਼ ਹੋਣਾ ਚਾਹੁੰਦਾ ਹੈ।

(17) ਪਿੰਜਰੇ 'ਚ ਕੈਦ ਪੰਛੀ ਅਸਮਾਨੀਂ ਉਡਾਰੀਆਂ ਲਾਉਣ ਦੀ ਸੋਚ ਵੀ ਕਿਵੇਂ ਸਕਦਾ ਹੈ, ਉਹਦੀ ਕਿਸਮਤ ਤਾਂ ਪਿੰਜਰੇ ਵਾਲੇ ਦੇ ਹੱਥ ਵਿਚ ਹੈ। ਜੇ ਉਹ ਆਪ ਹੀ ਉਡਾਰੀਆਂ ਨਹੀਂ ਲਾ ਸਕਦਾ ਤਾਂ ਕਿਸੇ ਨੂੰ ਅੰਬਰੀ ਹੁਲਾਰਿਆਂ ਬਾਰੇ ਕੀ ਦਸ ਸਕਦਾ ਹੈ।

(18) ਕਿਸੇ ਵੀ ਕੌਮ ਵਿਚ ਸ਼ਹੀਦੀਆਂ ਕੌਮ ਦੀ ਮੌਤ ਨਹੀਂ ਹੁੰਦੀ ਪਰ ਵਿਚਾਰਧਾਰਾ ਦਾ ਮਰ ਜਾਣਾ ਯਕੀਨਨ ਮੌਤ ਹੁੰਦੀ ਹੈ।

(19) ਪੰਜਾਬ ਦੇ ਹਰ ਚਾਰ ਪੰਜ ਮੀਲ ਦੇ ਏਰੀਏ ਵਿਚ ਕਿਸੇ ਨਾ ਕਿਸੇ ਸੰਤ ਦਾ ਡੇਰਾ ਹੈ। ਇਨ੍ਹਾਂ ਨੇ ਬਿਮਾਰ ਸਿੱਖ ਸਮਾਜ ਦਾ ਕੋਈ ਇਲਾਜ ਨਹੀਂ ਕੀਤਾ ਸਗੋਂ ਇਹ ਆਪ ਦਿਨੋ ਦਿਨ ਵੱਧ ਬਿਮਾਰ ਤੇ ਮੱਕਾਰ ਹੁੰਦੇ ਜਾਂਦੇ ਹਨ।

(20) ਗਿਆਨ ਕਿਸੇ ਕੋਲੋਂ ਮੰਗਿਆਂ ਨਹੀਂ ਮਿਲਦਾ।

(21) ਪੰਜਾਬ ਦੇ ਬਹੁਤੇ ਸਾਧ ਐਸੇ ਹਨ ਜਿਹੜੇ ਪੜ੍ਹ ਸਕਦੇ ਹਨ ਪਰ ਲਿਖ ਨਹੀਂ ਸਕਦੇ। ਜੇ ਕੋਈ ਇਨ੍ਹਾਂ ਸਾਧਾਂ ਨੂੰ ਚੌਥੀ ਦੇ ਇਮਤਿਹਾਨ ਵਿਚ ਬਿਠਾ ਦੇਵੇ ਤਾਂ ਇਹ 99 ਫੀਸਦੀ ਫੇਲ੍ਹ ਹੋ ਜਾਣਗੇ।

(22) ਆਜ਼ਾਦੀ ਨਾਗਰਿਕਾਂ ਦੇ ਹੱਥਾਂ ਵਿਚ ਹੋਣੀ ਚਾਹੀਦੀ ਹੈ। ਰਾਜ ਕਰਨ ਵਾਲਿਆਂ ਦੇ ਹੱਥਾਂ ਵਿਚ ਨਹੀਂ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਇਹ ਇਤਫ਼ਾਕ ਹੋ ਸਕਦੈ ਕਿ ਮਨਹੂਸ?

*ਫ਼ੌਜੀ ਆਪਣੀਆਂ ਪਤਨੀਆਂ ਨੂੰ ਵੀ 'ਜੀ' ਕਹਿ ਕੇ ਬੁਲਾਉਣਾ ਬੁਰਾ ਨਹੀਂ ਸਮਝਦੇ ਕਿਉਂਕਿ ਉਹ ਜਾਣਦੇ ਹਨ ਕਿ ਜੰਗਾਂ ਤੇ ਝਗੜਿਆਂ ਦੇ ਨਤੀਜੇ ਪਛਤਾਵੇ ਵਿਚ ਹੀ ਸਮੇਟਣੇ ਪੈਂਦੇ ਹਨ। ਕਹਿ ਤਾਂ ਦਿੰਦੇ ਹਾਂ ਕਿ ਜ਼ਿੰਦਗੀ ਅਸੂਲਾਂ ਤੋਂ ਪਿਆਰੀ ਨਹੀਂ ਪਰ ਸੋਚ ਕੇ ਵੇਖਿਓ, ਹੋਣੀ ਮੌਤ ਦਾ ਕੋਈ ਅਸੂਲ ਜਾਂ ਨਿਯਮ ਨਹੀਂ ਛੱਡਦੀ ਤੇ ਕਈ ਵਾਰ ਜੀਭ ਸੁਆਦ ਦੇ ਚੱਕਰ ਵਿਚ ਅਸੂਲਾਂ ਨੂੰ ਤਾਅਨੇ ਦੇਣ ਲੱਗ ਪੈਂਦੀ ਹੈ। 'ਟੁੱਟ ਗਈ ਤੜਕ ਕਰਕੇ' ਜਾਂ 'ਤੇਰੀ ਸਾਡੀ ਬੱਸ ਵੇ।'*

*ਇਕ ਵਾਰ ਬੱਕਰੀ ਨੇ ਗਾਂ ਨੂੰ ਪੁੱਛਿਆ- "ਤੂੰ ਕਾਹਤੋਂ ਅੜਿੰਗਦੀ ਐਂ?"*

*"ਮਾਲਕ ਨੂੰ ਇਹ ਦੱਸਣ ਲਈ ਕਿ ਚਾਰਾ ਖੁਰਲੀ ਵਿਚ ਸੁੱਟ, ਵਰਨਾ ਬਾਲਟੀ ਵਿਚ ਮਾਰੂੰ ਲੱਤ, ਫਿਰ ਬੈਠਾ ਦੇਖੇਂਗਾ ਦੁੱਧ ਨੂੰ! ਤੇ ਤੂੰ ਖਾ-ਖਾ ਕੇ ਆਫਰੀ ਪਈ ਵੀ 'ਮਿਆਂ ਮਿਆਂ' ਕਰੀ ਜਾਨੀ ਐਂ... ਕਾਹਤੋਂ, ਢਿੱਡ ਦੁਖਦੈ...?"*

*"ਢਿੱਡ ਕਾਹਨੂੰ ਦੁਖਦਾ ਭੈਣੇ! ਸਰਦਾਰ ਦੇ ਸਵੇਰੇ ਪੁੱਤ ਜੰਮਿਐ, ਤਿੰਨ ਧੀਆਂ ਤੋਂ ਤੇ ਲੋਹੜੀ ਵਿਚ ਵੀ ਦਸ ਕੁ ਦਿਨ ਰਹਿੰਦੇ ਨੇ। ਅੱਵਲ ਤਾਂ ਸਾਡੀ ਦੋਹਾਂ ਦੀ ਖ਼ੈਰ ਨ੍ਹੀਂ ਪਰ ਦੁਹਾਈਆਂ ਇਸ ਕਰਕੇ ਪਾਉਂਦੀਆਂ ਆਂ ਕਿ ਆਹ ਘੂਕ ਸੁੱਤਾ ਪਿਆ ਮੇਰਾ ਬਚੜਾ ਤਾਂ ਬੱਸ ਕੁਝ ਹੀ ਦਿਨਾਂ ਦਾ ਪ੍ਰਾਹੁਣੈ।"*

*ਤੇ ਗਾਂ ਦੀ ਵੀ ਜਿਵੇਂ ਭੁੱਖ ਹੀ ਮਰ ਗਈ ਹੋਵੇ।*

*ਖ਼ੈਰ! ਅਕਾਲ ਚਲਾਣਾ ਤਾਂ ਸਾਰਿਆਂ ਨੇ ਕਰਨਾ ਹੈ ਪਰ ਕਈ ਮੌਤ ਤੋਂ ਵੀ ਪਹਿਲਾਂ ਹੀ ਪੂਰੇ ਹੋ ਜਾਂਦੇ ਹਨ।*

ਧਾਰਮਿਕ ਅਸਥਾਨਾਂ ਉਤੇ ਨੱਕ ਹਰ ਕੋਈ ਰਗੜਦਾ ਹੈ, ਹੱਥ ਵੀ ਜੁੜਦੇ ਨੇ ਪਰ ਮਨੋਕਾਮਨਾਵਾਂ ਕੁਝ ਇਕ ਦੀਆਂ ਪੂਰੀਆਂ ਹੋਣੀਆਂ ਹੁੰਦੀਆਂ ਹਨ, ਵਿਸ਼ਵਾਸ ਸਾਰਿਆਂ ਦਾ ਬਣਿਆ ਰਹਿੰਦਾ ਹੈ। ਇਸੇ ਲਈ ਭਟਕਣਾ ਦੇ ਰੂਪ ਵਿਚ ਭੱਜੇ ਆਉਂਦੇ ਲੋਕ ਸਾਹਿਤ ਦਾ ਰੂਪ ਧਾਰਨ ਕਰਦੇ ਰਹਿੰਦੇ ਨੇ। ਬਹੁਤ ਸਾਰੇ ਲੋਕਾਂ ਨੂੰ ਜ਼ਿੰਦਗੀ ਵਿਚ ਸ਼ਾਂਤੀ ਦੇ ਅਰਥ ਹੀ ਨਹੀਂ ਮਿਲਦੇ ਕਿਉਂਕਿ ਇਹ ਸਾਰੀ ਦੀ ਸਾਰੀ ਹੀ ਸ਼ੋਰ-ਸ਼ਰਾਬੇ ਉਤੇ ਵਿਲਕਦਿਆਂ ਗੁਜ਼ਰ ਜਾਂਦੀ ਹੈ। ਪਿੰਡਾਂ ਵਿਚ ਸਾਧਾਂ ਨੂੰ ਝੁਕ ਕੇ ਅਤੇ ਸ਼ਰਧਾ ਨਾਲ ਖ਼ੈਰ ਪਾਉਣ ਦਾ ਰਿਵਾਜ ਇਸ ਕਰਕੇ ਘਟਦਾ ਜਾ ਰਿਹਾ ਹੈ ਕਿਉਂਕਿ ਲੋਕ ਸੋਚਦੇ ਹਨ ਕਿ ਜੇ ਚਿੱਟੇ ਕੱਪੜਿਆਂ ਹੇਠ ਦਾਗ਼ੀ ਬਦਨ ਹੋ ਸਕਦੇ ਹਨ ਤਾਂ ਇਹ ਵੀ ਹੋ ਸਕਦਾ ਹੈ ਕਿ ਭਗਵਿਆਂ ਹੇਠ ਚੋਰ ਵੀ ਹੋਣ। ਕਈ ਲੋਕ ਦਾਅਵੇਦਾਰ ਹੁੰਦੇ ਨੇ ਕਿ ਉਨ੍ਹਾਂ ਨੇ ਕਦੇ ਕਿਸੇ ਦੀ ਚਮਚਾਗਿਰੀ ਨਹੀਂ ਕੀਤੀ ਪਰ ਇਨ੍ਹਾਂ ਦਾ ਲਗਾਤਾਰ ਪਿੱਛਾ ਕਰ ਕੇ ਵੇਖਿਓ...ਇਹ ਵੱਡੇ ਲੋਕਾਂ ਨੂੰ ਮਹਾਂਪੁਰਸ਼ ਦੱਸ ਕੇ ਅਜਿਹੇ ਵਿਸ਼ੇਸ਼ਣਾਂ ਨਾਲ ਸੋਹਲੇ ਗਾਉਣਗੇ ਕਿ ਲੱਗੇਗਾ ਕਿ ਚਾਪਲੂਸ ਇਨ੍ਹਾਂ ਤੋਂ ਵੱਡੇ ਹੋ ਹੀ ਨਹੀਂ ਸਕਦੇ। ਅੱਜ ਕੱਲ੍ਹ ਵਜ਼ੀਰੀਆਂ ਮਿਲਦੀਆਂ ਹੀ ਇਸੇ ਯੋਗਤਾ ਨਾਲ ਹਨ।

ਜਦੋਂ ਦਾ ਰਿਸ਼ਤਿਆਂ ਦੀਆਂ ਨੀਂਹਾਂ ਵਿਚ ਦਰਦ ਨਹੀਂ ਰਿਹਾ, ਸਬੰਧਾਂ ਦੇ ਮਖੌਲ ਉਡਣ ਤੇ ਖੱਖੜੀਆਂ ਹੋਣ ਦੇ ਆਸਾਰ ਵਧ ਗਏ ਹਨ। ਲੱਗਦਾ ਨਹੀਂ ਕਿ ਇਸੇ ਕਰਕੇ ਇੱਜ਼ਤਾਂ ਹੁਣ ਸ਼ਰਮਾ ਕੇ ਨਹੀਂ, ਟਿੱਚਰ ਕਰਕੇ ਲੰਘਣ ਲੱਗ ਪਈਆਂ ਹਨ। ਜਿੰਨੇ ਪੁਆੜੇ ਅੱਜ ਕੱਲ੍ਹ ਜੋਬਨ ਰੁੱਤ ਵਿਚ ਪੈਂਦੇ ਨੇ, ਇਨ੍ਹਾਂ ਦਾ ਵਿਸ਼ਲੇਸ਼ਣ ਕਰ ਕੇ ਵੇਖੀਏ ਤਾਂ ਝੱਟ ਗੱਲ ਖ਼ਾਨੇ ਵਿਚ ਪੈ ਜਾਵੇਗੀ ਕਿ ਇਨਸਾਨੀਅਤ ਅਤੇ ਜ਼ਮੀਰ ਲਹੂ-ਲੁਹਾਣ ਹੋਈਆਂ ਮਨੁੱਖ ਤੋਂ ਪਾਣੀ ਮੰਗਣਾ ਵੀ ਮੁਨਾਸਿਫ਼ ਨਹੀਂ ਸਮਝਦੀਆਂ ਹੋਣਗੀਆਂ। ਹਉਮੈ ਦੀ ਜ਼ਿੱਦ ਦਾ ਭਾਰ ਜਦੋਂ ਦਾ ਮਨੁੱਖ ਦੀਆਂ ਮੁੱਛਾਂ ਨੇ ਚੁੱਕਣਾ ਸ਼ੁਰੂ ਕੀਤਾ ਹੈ, ਅੱਖਾਂ ਵਿਚਲੀ ਲਾਲੀ ਪਿਆਰ ਦੇ ਲੱਖ ਛਿੱਟੇ ਮਾਰਨ ਉਤੇ ਵੀ ਖਹਿੜਾ ਨਹੀਂ ਛੱਡਦੀ। ਜਦੋਂ ਦੀਆਂ ਧੀਆਂ ਬਾਪ ਨੂੰ ਪਿਆਰ ਵਿਚ ਅੜਿੱਕਾ ਬਣਨ ਉਤੇ ਫਾਹੇ ਲੈਣ ਦੇ ਤਾਲਿਬਾਨੀ ਫ਼ਰਮਾਨ ਜਾਰੀ ਕਰਨ ਲੱਗ ਪਈਆਂ ਹਨ, ਮਾਂਵਾਂ ਦੀਆਂ ਕੁੱਖਾਂ ਵੱਲ ਕੁੜੀਮਾਰਾਂ ਦੀਆਂ ਛੁਰੀਆਂ ਹੋਰ ਵੀ ਤਿੱਖੀਆਂ ਹੋ ਕੇ ਭੱਜਣ ਲੱਗ ਪਈਆਂ ਹਨ। ਇਹ ਗੱਲ ਵੀ ਭਾਵੁਕਤਾ ਨਾਲ ਵਿਚਾਰਨ ਵਾਲੀ ਹੈ ਕਿ ਜਦੋਂ ਦੀਆਂ ਜਵਾਨੀਆਂ ਲਾਵਾਂ ਜਾਂ ਫੇਰੇ ਲੈਣ ਤੋਂ ਪਹਿਲਾਂ ਬਿਸਤਰਿਆਂ ਵੱਲ ਵਧਣ ਲੱਗ ਪਈਆਂ ਹਨ ਜਾਂ ਪਿਆਰ ਉਤੇ ਕਾਮ ਭਾਰੂ ਹੋ ਗਿਆ ਹੈ, ਦੁਸ਼ਮਣੀਆਂ ਦੇ ਤੂਫ਼ਾਨ ਵਿਚ ਸਮਾਜ ਲਗਾਤਾਰ ਨਿੱਘਰਦਾ ਨਹੀਂ, ਸਗੋਂ ਧੱਸਦਾ ਹੀ ਜਾ ਰਿਹਾ ਹੈ।

ਸਾਡੇ ਪਿੰਡਾਂ ਵੱਲ ਹਾਲੇ ਵੀ ਸਵੇਰੇ ਉਠ ਕੇ ਜੇਜੋਂ ਦਾ ਨਾਂ ਲੈਣਾ ਜਾਂ ਲੰਬੜਦਾਰ ਦੇ ਮੱਥੇ ਲੱਗਣਾ ਸ਼ੁਭ ਨਹੀਂ ਸਮਝਿਆ ਜਾਂਦਾ। ਕਈ ਪਾਤਰ ਪਿੰਡਾਂ ਵਿਚ ਅਜਿਹੇ ਵੀ ਹੁੰਦੇ ਹਨ ਕਿ ਬਿੱਲੀ ਦੇ ਰਸਤਾ ਕੱਟਣ ਨਾਲੋਂ ਵੀ ਇਨ੍ਹਾਂ ਨੂੰ ਵੱਧ ਮਨਹੂਸ ਸਮਝਦਿਆਂ ਵਹਿਮੀ ਲੋਕ ਇਨ੍ਹਾਂ ਦੀ 'ਲੋਲ੍ਹੋ' ਬਣਾ ਕੇ, ਜੁੱਤੀਆਂ ਮਾਰ ਕੇ ਅਗਲਾ ਕਾਰਜ ਅਰੰਭਦੇ ਹਨ। ਇਵੇਂ ਕਈਆਂ ਦੀ ਸਥਿਤੀ 'ਤੇਰੀ ਆਈ, ਮੈਂ ਮਰਜਾਂ' ਵਾਲੀ ਹੁੰਦੀ ਹੈ ਤੇ ਕਈ 'ਆਪ ਤਾਂ ਡੁੱਬਣਾ ਹੀ ਸੀ, ਜਜ਼ਮਾਨ ਵੀ ਨਾਲ ਹੀ ਡੋਬ ਲਏ' ਵਾਂਗ ਹੁੰਦੇ ਹਨ। ਅਕਸਰ ਲੋਕਾਂ ਨੂੰ ਕਹਿੰਦਿਆਂ ਸੁਣਿਆ ਹੋਵੇਗਾ 'ਏਦਾਂ ਹੋ ਤਾਂ ਨ੍ਹੀਂ ਸਕਦਾ? ਇਤਫ਼ਾਕਨ ਹੋ ਗਿਆ ਹੋਵੇ, ਤਾਂ ਪਤਾ ਨਹੀਂ।' ਖ਼ੈਰ! ਇਕ ਅਜਿਹੀ ਘਟਨਾ ਦੀ ਪੱਤਰੀ ਖੋਲ੍ਹ ਕੇ, ਸੋਚ ਦੇ ਟਕੇ ਰੁਪਈਏ ਨਾਲ ਵੇਖਦੇ ਹਾਂ ਕਿ ਰਾਹੂ-ਕੇਤੂ ਕਿਤੇ ਜੋਤਿਸ਼ ਦੇ ਇਕੋ ਖ਼ਾਨੇ ਵਿਚ 'ਕੱਠੇ ਤਾਂ ਨ੍ਹੀਂ ਹੋ'ਗੇ!

ਸੁਰਜਨ ਸਿੰਘ ਤੇ ਕਰਤਾਰ ਸਿੰਘ, ਦੋਹਾਂ ਦੇ ਪਿੰਡ ਮਸਾਂ ਚਾਰ ਕੁ ਕੋਹ ਦੀ ਵਿੱਥ ਉਤੇ ਹੋਣਗੇ। ਸੁੱਚੇ ਤੇ ਨਰੈਣੇ ਵਾਂਗ ਫ਼ੌਜ ਵਿਚ ਭਰਤੀ ਹੋ ਕੇ ਪੱਗ-ਵੱਟ ਭਰਾਵਾਂ ਵਾਂਗ ਮਿਲਣ ਲੱਗੇ। ਦੋਹਾਂ ਦੀ ਰਜਮੈਂਟ ਇਕ, ਪਰ ਫ਼ਰਕ ਦੋਹਾਂ ਵਿਚ ਇੰਨਾ ਹੋ ਗਿਆ ਕਿ ਸੁਰਜਨ ਕੈਪਟਨ ਬਣ ਕੇ ਸੇਵਾਮੁਕਤ ਹੋਇਆ ਤੇ ਕਰਤਾਰ ਸਿੰਘ ਮਸਾਂ ਸਿਪਾਹੀ ਤੋਂ ਹੌਲਦਾਰ ਹੀ ਬਣ ਸਕਿਆ। ਫਿਰ ਵੀ ਦੋਹਾਂ ਦੇ ਪਿਆਰ ਦੀ ਬੇੜੀ ਵਿਚ ਵੱਟੇ ਉਦੋਂ ਪਏ ਜਦੋਂ ਕਰਤਾਰ ਸਿੰਘ ਦਾ ਬੇਟਾ ਬਲਜੀਤ ਅਤੇ ਸੁਰਜਨ ਦੀ ਧੀ ਕਮਲਜੀਤ ਪਿਆਰ ਵਿਚ ਪੀਂਘ ਤੇ ਹੁਲਾਰਾ ਬਣ ਗਏ। ਦੋਵਾਂ ਨੇ ਉਹੀ ਕਸਮਾਂ ਖਾਧੀਆਂ ਜੋ ਅੱਜ ਕੱਲ੍ਹ ਮੁੰਡੇ-ਕੁੜੀਆਂ ਅਕਸਰ ਖਾਂਦੇ ਹਨ। ਦੋਵਾਂ ਜਿਗਰੀ ਯਾਰਾਂ ਨੇ ਆਪਣੀ ਕਲਯੁੱਗੀ ਔਲਾਦ ਨੂੰ ਸਮਝਾਉਣ ਦੇ ਬੜੇ ਵਾਸਤੇ ਪਾਏ, ਆਪਣੇ ਸਬੰਧਾਂ ਦੇ ਤਰਲੇ ਕੱਢੇ ਪਰ ਇਸ਼ਕ ਭੂਤਨਾ ਬਣ ਕੇ ਚਿੰਬੜਿਆ ਲੱਥਿਆ ਹੀ ਉਦੋਂ, ਜਦੋਂ ਦੋਵੇਂ ਕੋਰਟ ਜ਼ਰੀਏ ਪਤੀ-ਪਤਨੀ ਬਣ ਗਏ। ਸੁਰਜਨ ਨੂੰ ਲੱਗਦਾ ਸੀ ਕਿ ਕਰਤਾਰ ਆਪਣੇ ਪੁੱਤ ਨੂੰ ਕੁਰਾਹਿਓਂ ਮੋੜ ਸਕਦਾ ਸੀ, ਤੇ ਉਹ ਖ਼ਫ਼ਾ ਹੋ ਕੇ ਤੂਤ ਦੇ ਮੋਛੇ ਵਰਗੀ ਉਮਰਾਂ ਦੀ ਯਾਰੀ ਤੋੜ ਗਿਆ। ਸੱਚ ਇਹ ਸੀ ਕਿ ਕਰਤਾਰ ਸਿੰਹੁ ਦੀ ਪੁੱਤਰ ਦੀ ਅੜੀ ਅੱਗੇ ਇਕ ਨਾ ਚੱਲੀ। ਸੁਰਜਨ ਤੇ ਕਰਤਾਰ ਦਾ ਪਿਆਰ ਕੁੜੱਤਣ ਵੱਲ ਮੁੜਿਆ ਅਤੇ ਨਜ਼ਰਾਂ ਦੁਸ਼ਮਣੀ ਦੀ ਬੋਲੀ ਬੋਲਣ ਲੱਗ ਪਈਆਂ। ਜਿਹੜੀਆਂ ਬਾਹਾਂ ਗਲਵਕੜੀ ਲਈ ਕਾਹਲੀਆਂ ਹੁੰਦੀਆਂ ਸਨ, ਉਹ ਗ਼ੁੱਸੇ ਵਿਚ ਤਣੀਆਂ ਰਹਿਣ ਲੱਗ ਪਈਆਂ। ਸੁਰਜਨ ਸਿੰਘ ਖੇਤੀਬਾੜੀ ਦੇ ਧੰਦੇ ਵਿਚ ਲੱਗ ਗਿਆ ਅਤੇ ਕਰਤਾਰ ਨੇ ਲਾਗਲੇ ਸ਼ਹਿਰ ਦੀ ਇਕ ਪ੍ਰਾਈਵੇਟ ਮਿੱਲ ਵਿਚ ਸੁਰੱਖਿਆ ਗਾਰਡ ਦੀ ਨੌਕਰੀ ਕਰ ਲਈ।

ਇਕ ਦਿਨ ਕਰਤਾਰ ਸਿੰਹੁ ਸਵੇਰੇ ਆਪਣੇ ਕੰਮ ਉਤੇ ਜਾਣ ਲਈ ਬੱਸ ਅੱਡੇ ਉਤੇ ਸੰਘਣੀ ਧੁੰਦ ਵਿਚ ਬੱਸ ਦੀ ਉਡੀਕ ਕਰ ਰਿਹਾ ਸੀ ਕਿ ਮੋਟਰਸਾਈਕਲ ਉਤੇ ਕੋਲੋਂ ਲੰਘਣ ਲੱਗੇ ਆਦਮੀ ਨੂੰ ਤੇਜ਼ ਰਫ਼ਤਾਰ ਟਰੱਕ ਨੇ ਅਜਿਹੀ ਫੇਟ ਮਾਰੀ ਕਿ ਉਹ ਪਲਟੀਆਂ ਖਾਂਦਾ ਸਣੇ ਮੋਟਰਸਾਈਕਲ ਡੂੰਘੇ ਟੋਏ ਵਿਚ ਜਾ ਪਿਆ। ਫੱਟੜ ਮੋਟਰਸਾਈਕਲ ਵਾਲੇ ਦਾ ਰਿਵਾਲਵਰ ਤੇ ਜੇਬ ਵਿਚਲੇ ਕਾਗ਼ਜ਼ ਭੁੜਕ ਕੇ ਅਹੁ ਜਾ ਪਏ। ਕਰਤਾਰ ਸਿੰਹੁ ਭੱਜਾ ਗਿਆ ਤਾਂ ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਇਹ ਤਾਂ ਉਹਦਾ ਯਾਰ ਤੇ ਹੁਣ ਕੁੜਮ ਬਣਿਆ ਸੁਰਜਨ ਸਿੰਹੁ ਹੀ ਸੀ। ਸਿਰ ਤੇ ਛਾਤੀ ਵਿਚ ਸੱਟਾਂ ਲੱਗਣ ਨਾਲ ਉਹ ਲਹੂ-ਲੁਹਾਣ ਹੋਇਆ ਬੇਸੁਰਤ ਜਿਹਾ ਹੋ ਗਿਆ ਸੀ। ਰਿਵਾਲਵਰ ਤੇ ਕਾਗ਼ਜ਼ ਆਪਣੀ ਜੇਬ ਵਿਚ ਪਾ ਕੇ ਉਹਨੇ ਮਾਰੂਤੀ ਕਾਰ ਵਿਚ ਜਾ ਰਹੇ ਇਕ ਰਾਹਗੀਰ ਨੂੰ ਰੋਕ ਕੇ ਤਰਲਾ ਕੀਤਾ, "ਮੇਰਾ ਭਰਾ ਦੁਰਘਟਨਾ ਵਿਚ ਜ਼ਖ਼ਮੀ ਹੋ ਗਿਐ, ਆਖ਼ਰੀ ਦਮ ਨੇ, ਇਹਨੂੰ ਹਸਪਤਾਲ ਲਿਜਾਣ ਵਿਚ ਮਦਦ ਕਰ। ਟਰੱਕ ਵਾਲਾ ਤਾਂ ਸਾਲਾ ਭੱਜ ਗਿਐ।"

ਦੋਵਾਂ ਨੇ ਬੜੇ ਜ਼ੋਰ ਨਾਲ ਸੁਰਜਨ ਨੂੰ ਚੁੱਕ ਕੇ ਕਾਰ ਵਿਚ ਪਾਇਆ। ਉਹਦੇ ਮੂੰਹ ਵਿਚ ਪਾਣੀ ਦਾ ਘੁੱਟ ਪਾਇਆ ਤਾਂ ਸੁਰਜਨ ਨੇ ਅੱਖ ਪੁੱਟ ਲਈ- 'ਓਹ ਮੇਰਿਆ ਜਿਗਰੀ ਯਾਰਾ, ਮੈਨੂੰ ਬਚਾ ਲੈ, ਅੱਜ ਦੋਹਾਂ ਦੀ ਆਉਣੀ ਸੀ ਪਰ ਲੱਗਦੈ ਹੋਣੀ ਮੇਰੇ ਨਾਲ ਹੀ ਹੱਥ ਮਿਲਾ ਲਵੇਗੀ।' ਧੁੰਦ ਇੰਨੀ ਸੰਘਣੀ ਕਿ ਮੀਟਰ ਤਕ ਵੀ ਕੁਝ ਨਾ ਦਿਸੇ। ਪਿਛਲੀ ਸੀਟ ਉਤੇ ਪੱਟਾਂ ਵਿਚ ਲੇਟੇ ਸੁਰਜਨ ਨੂੰ ਉਹ ਦਿਲਬਰੀਆਂ ਦੇਵੇ- 'ਹੌਸਲਾ ਰੱਖ, ਸਮਝ ਲੈ ਸਰਹੱਦ ਉਤੇ ਜ਼ਖ਼ਮੀ ਹੋ ਗਿਐਂ। ਫ਼ੌਜੀਆਂ ਵਾਲਾ ਦਿਲ ਰੱਖ...ਵੱਡਾ...।' ਤੇ ਨਾਲ ਹੀ ਉਹਦੀ ਹਾਲਤ ਨਾਜ਼ੁਕ ਹੁੰਦਿਆਂ ਵੇਖ ਕੇ ਅਣਜਾਣ ਕਾਰ ਵਾਲੇ ਨੂੰ ਆਖੇ- 'ਖਿੱਚ ਦੇ ਗੱਡੀ ਕੇਰਾਂ ਜੁਆਨਾ, ਲਾ ਦੇ ਬੇੜਾ ਪਾਰ ਇਹਦੇ ਪ੍ਰਾਣ ਤੇਰੇ ਹੀ ਹੱਥ ਨੇ!' ਤੇ ਵੇਖਦਿਆਂ ਵੇਖਦਿਆਂ ਹੀ ਕਹਿਰ ਦੇ ਬੱਦਲ ਫਟ ਗਏ ਜਿਵੇਂ ਅੰਬਰ ਦੋ ਹਿੱਸਿਆਂ ਵਿਚ ਵੰਡ ਹੋ ਗਿਆ ਹੋਵੇ...। ਤੇਜ਼ ਸਪੀਡ ਨਾਲ ਜਾ ਰਹੀ ਇਹ ਬਦਕਿਸਮਤ ਕਾਰ ਸ਼ਹਿਰ ਪਹੁੰਚਣ ਤੋਂ ਪਹਿਲਾਂ ਹੀ ਸੜਕ ਦੇ ਇਕ ਕਿਨਾਰੇ ਖ਼ਰਾਬ ਖੜ੍ਹੇ ਟਰੱਕ ਹੇਠਾਂ ਜਾ ਵੜੀ। ਜ਼ਖ਼ਮੀ ਸੁਰਜਨ ਤਾਂ ਕਰਤਾਰ ਦੇ ਹੱਥਾਂ ਵਿਚੋਂ ਭੁੜਕ ਕੇ ਹੇਠਾਂ ਜਾ ਪਿਆ ਤੇ ਰੱਬ ਦਾ ਰੂਪ ਕਾਰ ਵਾਲਾ ਥਾਏਂ ਮੌਤ ਦੀ ਬੁੱਕਲ ਵਿਚ ਵੜ ਗਿਆ। ਸਬੱਬੀਂ ਪੁਲਿਸ ਦੀ ਗਸ਼ਤ ਕਰਦੀ ਗੱਡੀ ਕੋਲੋਂ ਲੰਘ ਰਹੀ ਸੀ। ਦੋਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਕਾਰ ਵਾਲਾ ਤਾਂ ਡਾਕਟਰਾਂ ਨੇ ਪੈਂਦੀ ਸੱਟੇ ਮ੍ਰਿਤਕ ਕਰਾਰ ਦੇ ਦਿੱਤਾ ਤੇ ਸੁਰਜਨ ਅਮਰਜੈਂਸੀ ਵਿਚ ਭੱਜੇ-ਦੌੜੇ ਡਾਕਟਰਾਂ ਦੇ ਹੱਥਾਂ ਵਿਚ ਲੁੜ੍ਹਕ ਗਿਆ। ਅਸਲ ਵਿਚ ਉਹਦਾ ਖ਼ੂਨ ਹੀ ਇੰਨਾ ਨਿਕਲ ਗਿਆ ਸੀ ਕਿ ਕਰਤਾਰ ਸਿੰਹੁ ਦੇ ਕੱਪੜੇ ਵੀ ਬਰਸਾਤ ਵਿਚ ਭਿੱਜਣ ਵਾਂਗ ਤਿੱਪ-ਤਿੱਪ ਚੋਅ ਰਹੇ ਸਨ। ਛੇਤੀ ਹੀ ਇਸ ਗੱਲ ਦਾ ਖ਼ੁਲਾਸਾ ਵੀ ਹੋ ਚੁੱਕਾ ਸੀ ਕਿ ਕਾਰ ਚਾਲਕ ਉਨ੍ਹਾਂ ਦੇ ਹੀ ਪਿੰਡਾਂ ਦਾ ਕੁਲਬੀਰ ਸਿੰਘ ਸੀ ਜੋ ਸੁਰਜਨ ਦੀ ਧੀ ਕਮਲਜੀਤ ਦਾ ਮੰਗੇਤਰ ਸੀ ਜੋ ਬਾਅਦ ਵਿਚ ਕਰਤਾਰ ਦੀ ਨੂੰਹ ਬਣ ਗਈ ਸੀ।

ਰਿਸ਼ਤੇਦਾਰਾਂ ਤੇ ਘਰਦਿਆਂ, ਪੇਂਡੂਆਂ ਦੀ ਹਾਜ਼ਰੀ ਵਿਚ ਔਰਤਾਂ ਦੇ ਚੀਕ-ਚਿਹਾੜੇ ਵਿਚ ਹਸਪਤਾਲ ਕੁਰਲਾਉਣ ਲੱਗ ਪਿਆ ਸੀ। ਪੁਲਿਸ ਆਈ, ਕਾਰਵਾਈ ਸ਼ੁਰੂ ਹੋਈ, ਅਣਪਛਾਤੇ ਟਰੱਕ ਡਰਾਈਵਰ ਅਤੇ ਸੜਕ ਵਿਚ ਖ਼ਰਾਬ ਖੜ੍ਹੇ ਟਰੱਕ ਚਾਲਕ ਵਿਰੁਧ ਪਰਚੇ ਦਰਜ ਹੋ ਕੇ ਦੋਸ਼ੀਆਂ ਦੀ ਭਾਲ ਵਿਚ ਪੁਲਿਸ ਦੀ ਹਿਲਜੁਲ ਸ਼ੁਰੂ ਹੋ ਗਈ। ਲਾਸ਼ਾਂ ਦਾ ਪੋਸਟ-ਮਾਰਟਮ ਹੋਇਆ ਤੇ ਇਹ ਵਾਰਸਾਂ ਹਵਾਲੇ ਕਰ ਦਿੱਤੀਆਂ ਗਈਆਂ। ਜਿਸ ਘਰ ਵਿਚ ਕਰਤਾਰ ਸਿੰਹੁ ਦੇ ਪੈਰ ਰੱਖਣ ਉਤੇ ਵੀ ਪਾਬੰਦੀ ਸੀ, ਹਾਲਾਤ ਦਾ ਤਕਾਜਾ ਦੇਖੋ ਕਿ ਉਹਦੇ ਹੱਥਾਂ ਵਿਚ ਹੀ ਨਹੀਂ ਸਗੋਂ ਹੱਥ ਧੀ ਤੇ ਜਵਾਈ ਦੇ ਮਹਿੰਦੀ ਰੰਗੇ ਹੱਥਾਂ ਵਿਚ ਲਾਸ਼ ਸਰਕਾਰੀ ਐਂਬੂਲੈਂਸ ਵਿਚੋਂ ਉਤਾਰੀ ਜਾ ਰਹੀ ਸੀ। 'ਦੰਦ ਸ਼ਿੱਕਲ' ਨਾਲ ਜੂਝਦੀ ਧੀ ਵਿਰਲਾਪ ਕਰ ਰਹੀ ਸੀ-'ਪਾਪਾ ਮੈਂ ਮਨਹੂਸ ਹਾਂ, ਮੈਨੂੰ ਮੁਆਫ਼ ਕਰ ਦੇਵੋ।' ਤੇ ਨਾਲ ਹੀ ਦੰਦ ਪੀਚ ਹੋਣ ਲੱਗ ਪੈਂਦੇ ਤੇ ਔਰਤਾਂ ਨਾਸਾਂ ਘੁੱਟ ਕੇ ਚਮਚੇ ਨਾਲ ਮੂੰਹ ਵਿਚ ਪਾਣੀ ਪਾਉਣ ਲੱਗ ਪੈਂਦੀਆਂ।

ਗੱਲ ਹਾਲੇ ਇਥੇ ਮੁੱਕਦੀ ਨਹੀਂ ਲੱਗਦੀ ਸੀ। ਇਉਂ ਜਾਪਦਾ ਸੀ, ਹੋਣੀ ਤੇ ਰੱਬ ਹਾਲੇ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸਨ ਹੋਏ। ਸੁਰਜਨ ਦਾ ਵੱਡਾ ਭਰਾ ਜਿਸ ਦੇ ਕੋਈ ਔਲਾਦ ਨਹੀਂ ਸੀ ਤੇ ਬੀਵੀ ਵੀ ਡੇਢ ਦਹਾਕਾ ਪਹਿਲਾਂ ਸਾਥ ਛੱਡ ਗਈ ਸੀ, ਦਿਲ ਦਾ ਮਰੀਜ਼ ਹੋਣ ਕਰਕੇ ਉਹਨੂੰ ਹੌਸਲਾ ਦੇਣ ਵਾਲੇ ਵੱਧ ਸਨ। ਰਿਸ਼ਤੇਦਾਰ ਆਣ ਢੁੱਕੇ ਸਨ। ਸੂਰਜ ਛਿਪਣ ਤੋਂ ਪਹਿਲਾਂ ਲਾਂਬੂ ਲਾਉਣ ਦੀਆਂ ਤਰਕਾਂ ਦੇਣ ਵਾਲੇ 'ਛੇਤੀ ਕਰੋ, ਛੇਤੀ ਕਰੋ' ਦੇ ਹੁਕਮ ਜਾਰੀ ਕਰੀ ਜਾ ਰਹੇ ਸਨ। 'ਨ੍ਹਾਈ-ਧੋਈ' ਮਗਰੋਂ ਸੁਰਜਨ ਦੀ ਅਰਥੀ ਤਿਆਰ ਹੋ ਗਈ। ਅਮਰੀਕ ਛੋਟੇ ਭਰਾ ਦੀ ਅਰਥੀ ਨੂੰ ਮੋਢਾ ਦੇਣ ਲਈ ਜ਼ਿੱਦ ਕਰਨ ਲੱਗਾ। ਕਿਉਂਕਿ ਸਾਰੇ ਜਾਣਦੇ ਸਨ ਕਿ ਇਹ ਦਿਲ ਦਾ ਮਰੀਜ਼ ਹੈ, ਰੋਇਆ ਵੀ ਖੁੱਲ੍ਹ ਕੇ ਨਹੀਂ, ਇਹ ਨਾ ਈ ਕਾਨ੍ਹੀ ਲੱਗੇ ਤਾਂ ਚੰਗਾ। ਪਰ ਉਹ ਆਖੇ- 'ਭਰਾ ਨੇ ਮੈਨੂੰ ਗਲ ਲਾ ਕੇ ਰੱਖਿਐ, ਰੋਟੀ ਸਤਿਕਾਰ ਨਾਲ ਦਿੱਤੀ, ਭਰਾ ਨੂੰ ਮੋਢਾ ਵੀ ਨਹੀਂ ਦੇ ਸਕਦਾ!' ਤੇ ਅੜੀ ਵਿਚ ਸਿਰ ਵਾਲੇ ਪਾਸਿਓਂ ਭਰਾ ਨੂੰ ਸਹਾਰਾ ਦੇ ਕੇ ਅਰਥੀ ਸਿਵਿਆਂ ਵੱਲ ਤੋਰ ਲਈ।

ਹਾਲੇ ਪਿੰਡ ਦੀ ਫਿਰਨੀ ਤੋਂ ਸਿਵਿਆਂ ਵੱਲ ਨਿਕਲੇ ਹੀ ਸੀ ਕਿ ਉਹ ਕੁਝ ਵਾਪਰ ਗਿਆ, ਜੀਹਦੀ ਆਸ ਹੀ ਨਹੀਂ ਸੀ। ਭਰਾ ਦਾ ਗ਼ਮ ਲੱਗਦਾ ਸੀ ਕਿ ਅਮਰੀਕ ਉਤੇ ਭਾਰੂ ਹੋ ਗਿਆ। ਦਿਲ ਫੇਲ੍ਹ ਹੋ ਗਿਆ ਤੇ ਦੂਜੇ ਅਟੈਕ ਵਿਚ ਹੀ ਜਾਹ-ਜਾਂਦੀ ਹੋ ਗਈ ਪਰ ਜਦੋਂ ਡਿੱਗਿਆ ਤਾਂ ਸੁਰਜਨ ਨਾਲ ਇਕੋ ਦਿਨ ਵਿਚ ਤੀਜਾ ਐਕਸੀਡੈਂਟ ਇਹ ਸੀ ਜਦੋਂ ਲਾਸ਼ ਅਰਥੀ ਤੋਂ ਨੀਵੇਂ ਖੇਤ ਵਿਚ ਡਿੱਗ ਪਈ। ਸੁਰਜਨ ਦਾ ਬਦਕਿਸਮਤ ਸਰੀਰ ਫਿਰ ਅਰਥੀ ਉਤੇ ਟਿਕਾ ਕੇ ਸਿਵਿਆਂ ਵੱਲ ਲਿਆਂਦਾ ਗਿਆ ਤੇ ਅਮਰੀਕ ਸਿੰਘ ਨੂੰ ਗੱਡੀ ਵਿਚ ਹਸਪਤਾਲ ਤੋਰ ਦਿੱਤਾ ਗਿਆ। ਸਸਕਾਰ ਕਰ ਕੇ ਮੁੜਦਿਆਂ ਹਸਪਤਾਲ ਤੋਂ ਵੀ ਇਹ ਖ਼ਬਰ ਆ ਗਈ ਸੀ ਕਿ ਅਮਰੀਕ ਵੀ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ ਹੈ। ਇਕ ਦਿਨ ਵਿਚ ਤਿੰਨ ਮੌਤਾਂ। ਲੱਗਦਾ ਸੀ ਰੱਬ ਨੇ ਪੁੱਠੀਆਂ ਕੌਡਾਂ ਵਿਚ ਤਿੰਨ ਕਾਣੇ ਪਾ ਦਿੱਤੇ ਸਨ।

ਕਰਤਾਰ ਫਿਰ ਸੁਰਜਨ ਦੇ ਘਰੇ ਹੀ ਰਿਹਾ। ਦੁੱਖ-ਦਰਦ ਵੰਡਾਉਣ ਵਾਲੇ ਉਹਦੇ ਤੋਂ ਹੀ ਪੁੱਛਦੇ ਸਨ ਕਿ ਕਿਵੇਂ ਹੋ ਗਿਆ ਸੀ ਇਹ ਸਭ ਕੁਝ। ਕੁਦਰਤ ਦਾ ਇਹ ਜੱਗੋ-ਤੇਰ੍ਹਵਾਂ ਕਹਿਰ ਸਿਰਫ਼ ਉਸੇ ਨੇ ਹੀ ਫ਼ਿਲਮ ਵਾਂਗ ਅੱਖਾਂ ਨਾਲ ਵੇਖਿਆ ਸੀ।

ਦੋਵਾਂ ਦੀਆਂ ਆਖਰੀ ਰਸਮਾਂ ਵੀ ਪੂਰੀ ਹੋ ਗਈਆਂ। ਪਿੰਡ ਦਾ ਸਰਪੰਚ ਜਦੋਂ ਸ਼ਰਧਾਂਜਲੀ ਭੇਟ ਕਰ ਕੇ ਬੈਠਣ ਲੱਗਾ ਤਾਂ ਕਰਤਾਰ ਸਿੰਹੁ ਨੇ ਵੀ ਚਾਰ ਸ਼ਬਦ ਕਹਿਣ ਦੀ ਇੱਛਾ ਜਤਾਈ ਪਰ ਇਨ੍ਹਾਂ ਚਾਰ ਸ਼ਬਦਾਂ ਵਿਚ ਜੋ ਸੀ, ਉਹ ਸੁਨਾਮੀ ਲਹਿਰਾਂ ਤੋਂ ਘੱਟ ਨਹੀਂ ਸੀ। ਸੁਰਜਨ ਦਾ ਰਿਵਾਲਵਰ ਸਰਪੰਚ ਨੂੰ ਫੜਾਉਂਦਿਆਂ ਉਹ ਕਹਿਣ ਲੱਗਾ, "ਇਹ ਦੁਰਘਟਨਾ ਵੇਲੇ ਉਥੇ ਜਾ ਪਿਆ ਸੀ ਤੇ ਆਹ ਉਹਦੀ ਜੇਬ ਵਿਚੋਂ ਨਿਕਲੇ ਬਾਕੀ ਕਾਗ਼ਜ਼ ਨੇ...ਮੈਂ ਪੜ੍ਹ ਕੇ ਸੁਣਾਉਣ ਲੱਗਾ ਹਾਂ, 'ਕਰਤਾਰ ਸਿੰਘ ਨੂੰ ਮੈਂ ਇਸ ਕਰਕੇ ਗੋਲੀ ਮਾਰੀ ਹੈ ਕਿ ਇਹਨੇ ਮੇਰੀ ਧੀ ਨੂੰ ਨਹੀਂ, ਆਪਣੀ ਹੀ ਧੀ ਨੂੰ ਨੂੰਹ ਬਣਾਇਆ ਹੈ। ਇਹਨੇ ਪੁੱਤ ਨੂੰ ਸਮਝਾਉਣ ਦੀ ਬਜਾਏ ਮੇਰਾ ਜਵਾਈ ਬਣਾ ਦਿੱਤਾ। ਤੇ ਆਪਣੇ ਮੈਂ ਗੋਲੀ ਇਸ ਕਰਕੇ ਮਾਰ ਰਿਹਾ ਹਾਂ...ਪੱਗ-ਵੱਟ ਭਰਾ ਕੁੜਮ ਨਹੀਂ ਬਣ ਸਕਦੇ।"

ਤੇ ਅੰਤਿਮ ਅਰਦਾਸ ਵਿਚ ਸ਼ਾਮਲ ਲੋਕ ਸਮਝ ਗਏ ਸਨ ਕਿ ਉਸ ਦਿਨ ਦੁਰਘਟਨਾ ਨਾ ਹੁੰਦੀ ਤਾਂ ਉਸ ਬੱਸ ਅੱਡੇ ਉਤੇ ਸੁਰਜਨ ਤੇ ਕਰਤਾਰ ਦੀਆਂ ਲਾਸ਼ਾਂ ਹੋਣੀਆਂ ਸਨ ਪਰ ਫ਼ਰਕ ਸਿਰਫ਼ ਇੰਨਾ ਰਹਿ ਗਿਆ ਕਿ ਇਨ੍ਹਾਂ ਦੀ ਗਿਣਤੀ ਅੱਜ ਵਾਂਗ ਤਿੰਨ ਨਹੀਂ...ਦੋ ਹੀ ਹੋਣੀ ਸੀ।

ਅਸਲ ਵਿਚ ਜੇ ਉਪਰ ਵਾਲਾ ਰੰਗ ਨਾ ਵਿਖਾਵੇ ਤਾਂ ਡਾਕਟਰ, ਪੁਲਿਸ ਤੇ ਵਕੀਲ ਫਿਰ ਕਿਹੜਾ ਕੰਮ ਕਰਨਗੇ! ਇਹ ਇਤਫ਼ਾਕ ਸੀ ਜਾਂ ਮਨਹੂਸਪੁਣੇ ਦੀ ਹੱਦ, ਇਹਦੇ ਬਾਰੇ ਤਾਂ ਫ਼ੈਸਲਾ ਕੀਤਾ ਨਹੀਂ ਜਾ ਸਕਦਾ, ਪਰ ਜੇ ਏਦਾਂ ਨਾ ਹੋਵੇ ਤਾਂ ਫਿਰ ਅਖ਼ਬਾਰਾਂ ਵਿਚ ਕੀ ਛਪੇਗਾ?

ਅੰਤਿਕਾ:

ਖ਼ਬਰ ਨਹੀਂ ਪਿਆਰਿਆ ਵਿਚ ਦੁਨੀਆਂ,
ਕਾਇਮ ਰਹੇਗਾ ਨਾਮ-ਓ-ਨਿਸ਼ਾਨ ਭਲਕੇ।
ਖ਼ਬਰ ਨਹੀਂ ਬਾਜ਼ਾਰ ਦੇ ਬਾਣੀਏ ਨੇ,
ਛੱਡ ਚੱਲਣਾ ਸ਼ਹਿਰ ਮੁਲਤਾਨ ਭਲਕੇ।
ਖ਼ਬਰ ਨਹੀਂ ਕਿ ਅਤਰ-ਫ਼ਲੇਲ ਮਲੀਏ,
ਹੋਣਾ ਜੰਗਲਾਂ ਵਿਚ ਅਸਥਾਨ ਭਲਕੇ।
ਖ਼ਬਰ ਨਹੀਂ ਜੇ ਇਸ ਕਲਬੂਤ ਵਿਚੋਂ,
ਕੱਢ ਲੈਣ ਜਮਦੂਤ ਪਰਾਣ ਭਲਕੇ।
ਪਤਾ ਰੱਬ ਕਰੀਮ ਨੂੰ ਦਯਾ ਸਿੰਘਾ,
ਕਾਇਮ ਰਹੇਗਾ ਜ਼ਮੀਂ ਆਸਮਾਨ ਭਲਕੇ।

***(ਸਾਧੂ ਦਯਾ ਸਿੰਘ ਆਰਿਫ਼ ਦੇ 'ਜ਼ਿੰਦਗੀ ਬਿਲਾਸ' ਵਿਚੋਂ)***

## ਜਾਂਦੀ ਉਮਰ ਨੂੰ ਵੇਖ ਦਿਲਗੀਰ ਹੋ ਨਾ!



### ਧੁੱਪੇ ਬੈਠੀਆਂ ਯਾਦਾਂ

ਇਹ ਫੋਟੋ ਦੇਖਣ ਵਿਚ ਤਾਂ ਬੜੀ ਸਾਧਾਰਨ ਜਿਹੀ ਲੱਗਦੀ ਹੈ ਪਰ ਇਸ ਵਿਚਲੇ ਕਈ ਪਾਤਰ ਕਾਫ਼ੀ ਅਹਿਮ ਨੇ। ਇਹ ਫੋਟੋ ਓਨੀ ਹੀ ਪੁਰਾਣੀ ਹੈ ਜਿੰਨੇ ਸਾਲਾਂ ਵਿਚ ਬੱਚੇ ਦੇ ਜੰਮ ਕੇ ਮੁੱਛਾਂ-ਦਾੜ੍ਹੀ ਆ ਜਾਂਦੀ ਹੈ ਤੇ ਜਵਾਨੀ ਲਿਸ਼ਕੋਰਾਂ ਮਾਰਨ ਲੱਗ ਪੈਂਦੀ ਹੈ। ਫਰਵਰੀ 1996 ਦੀ, ਮੇਰੇ ਪਿੰਡ ਵਿਚ ਮੇਰੇ ਘਰ ਦੇ ਸਾਹਮਣੇ ਵਾਲੀ ਹਵੇਲੀ ਵਿਚ ਅਤਿ ਦੀ ਠੰਢ ਤੇ ਸਮਾਂ ਸਵੇਰੇ ਕੋਈ 9 ਕੁ ਵਜੇ ਦਾ। ਇਨ੍ਹਾਂ ਵਿਚ ਨਜ਼ਰੀਂ ਪੈ ਰਹੀ ਹੈ ਮੰਚ ਸੰਚਾਲਿਕਾ ਆਸ਼ਾ ਸ਼ਰਮਾ, ਸੀ.ਐਮ.ਸੀ. ਦੀ ਚੜ੍ਹਾਈ ਅਤੇ 'ਕੁਲਫ਼ੀ ਗਰਮਾ-ਗਰਮ' ਵੇਲੇ 'ਤੇਰੀ ਮੇਰੀ ਇਕ ਜਿੰਦੜੀ' ਵਾਂਗ ਜਰਨੈਲ ਘੁਮਾਣ ਤੇ ਭਗਵੰਤ ਮਾਨ, ਜਗਤਾਰ ਜੱਗੀ, ਪਰਮਿੰਦਰ ਸੰਧੂ ਦਾ ਭਰਾ ਬਿੱਟੂ ਸੰਧੂ ਸਾਡੇ ਬੰਗਿਆਂ ਦਾ ਮਰਹੂਮ ਬਜ਼ੁਰਗ ਪੱਤਰਕਾਰ ਹਰੀ ਕ੍ਰਿਸ਼ਨ ਖੋਸਲਾ। ਫੋਟੋ ਦੀ ਘਟਨਾ ਪਿੱਛੋਂ ਪਿੱਠ-ਭੂਮੀ ਹੈ ਕਿ ਜਦੋਂ ਅਕਤੂਬਰ 1995 ਵਿਚ ਮਾਣਕ ਨੂੰ ਕੇ.ਪੀ.ਐਸ. ਗਿੱਲ ਨੇ ਜਲਾਲ ਵਿਚ ਕਾਰ ਭੇਟ ਕੀਤੀ ਤੇ ਗਾਇਕਾਂ ਨੇ ਮਾਰੂਤੀ ਹੀ ਮੈਨੂੰ ਮੇਰੇ ਪਿੰਡ ਵਿਚ। ਇਸ ਕਰਕੇ ਕਿ ਸ਼ਮਸ਼ੇਰ ਸੰਧੂ ਤੋਂ ਪਿੱਛੋਂ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ, ਢਾਡੀਆਂ, ਕਵੀਸ਼ਰਾਂ ਤੇ ਸਾਜ਼ਾਂ ਬਾਰੇ ਸਰਗਰਮੀ ਨਾਲ ਮੈਂ ਜ਼ਿਕਰਯੋਗ ਕੰਮ ਮੁਕਾ ਲਿਆ ਸੀ। ਇਨ੍ਹਾਂ ਸਾਰਿਆਂ ਨੇ ਹਰਭਜਨ ਮਾਨ, ਜੱਸੀ, ਸਰਦੂਲ-ਨੂਰੀ ਵਾਲੇ ਅਸਲ ਸਮਾਗਮ ਤੋਂ ਪਹਿਲਾਂ ਹਾਜ਼ਰੀ ਲੁਆ ਕੇ ਆਪਣੇ ਪ੍ਰੋਗਰਾਮਾਂ ਉਤੇ ਜਾਣਾ ਸੀ। ਵੇਲਾ ਲੰਘ ਗਿਐ ਜਾਂ ਬੀਤ ਗਿਐ ਪਰ ਇਨ੍ਹਾਂ ਸਾਰਿਆਂ ਦੇ ਰਾਹ ਅਲੱਗ ਅਲੱਗ ਨੇ। ਕਈ ਵੱਡੇ ਬਣ ਗਏ ਨੇ ਤੇ ਕਈ ਛੋਟੇ ਪੈ ਗਏ ਨੇ। ਇਸ ਦਿਨ ਮਿਲੀ ਮਾਰੂਤੀ ਕਾਰ ਨੂੰ ਅਗਲੇ ਦਿਨ ਭਾਜੀ ਬਰਜਿੰਦਰ ਸਿੰਘ ਨੇ 'ਅਜੀਤ' ਦਫ਼ਤਰ ਤੋਂ ਬੀ.ਐਮ.ਸੀ. ਚੌਕ ਤਕ ਆਪ ਚਲਾਇਆ। ਇਸ ਤੋਂ ਅਗਲੇ ਦਿਨ 'ਪੰਜਾਬੀ ਟ੍ਰਿਬਿਊਨ' ਦੇ ਤਤਕਾਲੀਨ ਸੰਪਾਦਕ ਹਰਭਜਨ ਹਲਵਾਰਵੀ ਨਾਲ ਮੈਂ ਜਦੋਂ ਖ਼ੁਸ਼ੀ ਸਾਂਝੀ ਕਰਨ ਗਿਆ ਤਾਂ ਉਹ ਉਬਲ ਕੇ ਬੋਲਿਆ, "ਤੂੰ ਸਾਡੀ ਅਖ਼ਬਾਰ ਵਿਚ ਲਿਖਦੈਂ ਤੇ ਮੈਂ ਸੰਪਾਦਕ ਹਾਂ, ਕਾਰ ਤੈਨੂੰ ਕਿਵੇਂ ਮਿਲ ਗਈ?"

ਔਰਤ ਪਹਿਲੇ ਬੱਚੇ ਦੇ ਜਨਮ ਵੇਲੇ ਅਸਹਿ ਪੀੜਾ ਕਰਕੇ ਦਾਈ ਨੂੰ ਆਖਦੀ ਐ- 'ਹੁਣ ਹੋਰ ਨ੍ਹੀਂ', ਪਰ ਅਪਰੇਸ਼ਨ ਚਾਰ-ਪੰਜ ਬੱਚਿਆਂ ਤੋਂ ਬਾਅਦ ਕਰਵਾਉਣਾ ਪਸੰਦ ਕਰਦੀ ਐ।

***-ਐਸ. ਅਸ਼ੋਕ ਭੌਰਾ***

ਵਿਚਾਰ-ਚਰਚਾ

# ਜੁਝਾਰੂ ਲਹਿਰ ਪਿੱਛੋਂ ਹੁਣ ਅਵਤਾਰ ਸਿੰਘ ਵੱਲੋਂ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਉਤੇ ਹਮਲੇ

## ਅਵਤਾਰ ਸਿੰਘ ਦੇ ਬੇਬੁਨਿਆਦ ਹਮਲਿਆਂ ਦਾ ਢੁਕਵਾਂ ਜਵਾਬ

***'ਪੰਜਾਬ ਟਾਈਮਜ਼' ਦੇ ਪਿਛਲੇ ਤੋਂ ਪਿਛਲੇ ਹਫ਼ਤੇ ਦੇ ਅੰਕ ਵਿਚ ਅਸਾਂ ਡਾ. ਹਰਪਾਲ ਸਿੰਘ ਪੰਨੂੰ ਰਾਹੀਂ ਪ੍ਰਾਪਤ ਹੋਇਆ ਸ. ਅਵਤਾਰ ਸਿੰਘ ਦਾ ਇਕ ਪ੍ਰਤੀਕਰਮ ਛਾਪਿਆ ਸੀ ਜਿਸ ਵਿਚ ਉਨ੍ਹਾਂ ਵੱਲੋਂ ਜੁਝਾਰੂ ਲਹਿਰ ਬਾਰੇ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਦੇ ਪ੍ਰਤੀਕਰਮ ਦਾ ਜਵਾਬ ਦਿੱਤਾ ਗਿਆ ਸੀ। ਹੁਣ ਅਸੀਂ ਸ. ਕਰਮਜੀਤ ਸਿੰਘ ਵੱਲੋਂ ਭੇਜਿਆ ਗਿਆ ਇਸ ਪ੍ਰਤੀਕਰਮ ਦਾ ਮੋੜਵਾਂ ਪ੍ਰਤੀਕਰਮ ਛਾਪਣ ਦੀ ਖੁਸ਼ੀ ਲੈ ਰਹੇ ਹਾਂ।-ਸੰਪਾਦਕ***

ਇਹ ਲੇਖ ਇਕ ਪ੍ਰਤੀਕਰਮ ਤੋਂ ਪੈਦਾ ਹੋਏ ਪ੍ਰਤੀਕਰਮ ਦਾ ਮੋੜਵਾਂ ਪ੍ਰਤੀਕਰਮ ਹੈ। ਹੋਇਆ ਇਸ ਤਰ੍ਹਾਂ ਕਿ ਕਰੀਬ ਡੇਢ ਸਾਲ ਪਹਿਲਾਂ ਫ਼ਗਵਾੜਾ ਕਾਲਜ ਦੇ ਇਕ ਲੈਕਚਰਾਰ ਸ. ਅਵਤਾਰ ਸਿੰਘ ਨੇ ਘੱਲੂਘਾਰਾ ਦਿਵਸ ਦੇ ਸੰਬੰਧ ਵਿਚ ਅੰਮ੍ਰਿਤਸਰ ਵਿਖੇ ਹੋਏ ਇਕ ਸੈਮੀਨਾਰ ਦੌਰਾਨ ਆਪਣਾ ਪੇਪਰ ਪੜ੍ਹਿਆ। ਉਸ ਵਿਚ ਜੁਝਾਰੂ ਲਹਿਰ ਬਾਰੇ ਕੁਝ ਟਿੱਪਣੀਆਂ ਕੀਤੀਆਂ ਗਈਆਂ ਸਨ ਜਿਨ੍ਹਾਂ ਰਾਹੀਂ ਇਸ ਇਤਿਹਾਸਕ ਅਤੇ ਸ਼ਾਨਾਂਮੱਤੇ ਵਰਤਾਰੇ ਦੀ ਵਿਆਖਿਆ ਬਹੁਤ ਹੀ ਨੀਵੀਂ ਪੱਧਰ ਉਤੇ ਅਤੇ ਲਹਿਰ ਨੂੰ ਤੁੱਛ ਜਿਹੀ ਸਮਝ ਕੇ ਕੀਤੀ ਗਈ ਸੀ। ਉਸ ਵਿਚ ਸਿੱਖੀ ਮਾਰਗ ਦੀ ਵਿਆਖਿਆ ਵੀ ਬਹੁਤ ਹਾਸੋਹੀਣੀ ਕਿਸਮ ਦੀ ਸੀ। ਅਸਾਂ ਇਸ ਦਾ ਸਖ਼ਤ ਨੋਟਿਸ ਲਿਆ ਅਤੇ ਉਨ੍ਹਾਂ ਵਲੋਂ ਕੀਤੀਆਂ ਟਿੱਪਣੀਆਂ ਦਾ ਇਕ ਇਕ ਕਰਕੇ ਬਣਦਾ ਤੇ ਢੁੱਕਵਾਂ ਜਵਾਬ ਦਿੱਤਾ। ਕੈਲੀਫੋਰਨੀਆ ਵਿਚ ਛਪਦੇ ਅਖ਼ਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਸਾਡਾ ਇਹ ਜਵਾਬ ਛਪਿਆ ਅਤੇ ਇਸ ਤੋਂ ਇਲਾਵਾ

**ਕਰਮਜੀਤ ਸਿੰਘ**
**ਫੋਨ:99150-91063**

ਅੰਮ੍ਰਿਤਸਰ ਤੋਂ ਛਪਦੇ ਇਕ ਮੈਗਜ਼ੀਨ 'ਆਵਾਜ਼-ਏ-ਖ਼ਾਲਸਾ' ਵਿਚ ਵੀ ਇਹ ਪ੍ਰਤੀਕਰਮ ਛਪਿਆ ਅਤੇ ਸ. ਅਵਤਾਰ ਸਿੰਘ ਦੇ ਨਿਵਾਸ ਸਥਾਨ ਤੋਂ 20-25 ਕਿਲੋਮੀਟਰ ਦੂਰ ਜਲੰਧਰ ਸਥਿਤ ਰੋਜ਼ਾਨਾ ਅਖ਼ਬਾਰ 'ਅੱਜ ਦੀ ਆਵਾਜ਼' ਨੇ ਬਾਕਾਇਦਾ ਪਹਿਲੇ ਪੰਨੇ 'ਤੇ ਛਾਪਿਆ ਅਤੇ ਇੰਜ ਅਵਤਾਰ ਸਿੰਘ ਦੇ ਇਸ ਕਥਨ ਵਿਚ ਕੋਈ ਸੱਚਾਈ ਨਹੀਂ ਕਿ ਇਹ ਕਿਸੇ ਬਾਹਰਲੇ ਪੇਪਰ ਵਿਚ ਛਪਿਆ। ਤੱਥਾਂ ਨੂੰ ਲੁਕਾਉਣਾ ਉਨ੍ਹਾਂ ਦੇ ਸੁਭਾਅ ਨੇ ਪ੍ਰਵਾਨ ਕਰ ਲਿਆ ਹੈ।

ਸ. ਅਵਤਾਰ ਸਿੰਘ ਡੇਢ ਸਾਲ ਖ਼ਾਮੋਸ਼ ਰਹੇ ਅਤੇ ਉਨ੍ਹਾਂ ਨੇ ਸਾਡੇ ਪ੍ਰਤੀਕਰਮ ਦਾ ਕੋਈ ਜਵਾਬ ਨਾ ਦਿੱਤਾ। ਹੁਣ ਉਨ੍ਹਾਂ ਨੇ ਡਾ. ਹਰਪਾਲ ਸਿੰਘ ਪੰਨੂੰ ਰਾਹੀਂ ਸਾਡੇ ਪ੍ਰਤੀਕਰਮ ਦਾ ਪ੍ਰਤੀਕਰਮ ਅਖ਼ਬਾਰ 'ਪੰਜਾਬ ਟਾਈਮਜ਼' ਨੂੰ ਛਪਣ ਲਈ ਭੇਜਿਆ। ਇਹ ਪਹਿਲਾਂ ਕਿੱਥੇ ਛਪਿਆ, ਸਾਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਅਤੇ ਇਹ ਹੁਣ ਡਾ. ਪੰਨੂੰ ਰਾਹੀਂ ਹੀ ਕਿਉਂ ਭੇਜਿਆ ਗਿਆ, ਇਸ ਦਾ ਵੀ ਸਾਨੂੰ ਕੋਈ ਪਤਾ ਨਹੀਂ। ਇਸ ਸਾਰੇ ਮਾਜਰੇ ਵਿਚ ਡਾ. ਪੰਨੂੰ ਦਾ ਆਪਣਾ ਕੋਈ ਵਿਸ਼ੇਸ਼ ਹਿੱਤ ਪੂਰਾ ਹੁੰਦਾ ਹੈ ਕਿ ਨਹੀਂ, ਇਸ ਬਾਰੇ ਵੀ ਅਸੀਂ ਫਿਲਹਾਲ ਕੁਝ ਨਹੀਂ ਕਹਿ ਸਕਦੇ ਪਰ ਅਸੀਂ ਇਥੇ ਇਹ ਨੁਕਤਾ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਅੱਜ ਕਲ੍ਹ ਅਜਮੇਰ ਸਿੰਘ ਦੀਆਂ ਲਿਖਤਾਂ ਉਤੇ ਹੋ ਰਹੀ ਬਹਿਸ ਵਿਚ ਹਰਪਾਲ ਸਿੰਘ ਪੰਨੂੰ ਦੀਆਂ ਧਾਰਨਾਵਾਂ ਦੀ ਅਸੀਂ ਨੁਕਤਾਚੀਨੀ ਜ਼ਰੂਰ ਕੀਤੀ ਸੀ ਪਰ ਉਸ ਨੁਕਤਾਚੀਨੀ ਨੂੰ ਅਵਤਾਰ ਸਿੰਘ ਦੇ ਪ੍ਰਤੀਕਰਮ ਨਾਲ ਜੋੜਨ ਦੀ ਖਿੱਚ ਪੰਨੂੰ ਸਾਹਿਬ ਨੂੰ ਕਿਉਂ ਲੱਗੀ, ਇਸ ਦਾ ਜਵਾਬ ਵੀ ਉਹੀ ਦੇ ਸਕਦੇ ਹਨ।

ਸ. ਅਵਤਾਰ ਸਿੰਘ ਨੇ ਜੁਝਾਰੂ ਲਹਿਰ ਦੀ ਰੱਜ ਕੇ ਨਿੰਦਾ ਕਰਨ ਪਿੱਛੋਂ ਹੁਣ ਆਪਣੇ ਤਾਜ਼ਾ ਪ੍ਰਤੀਕਰਮ ਵਿਚ ਆਪਣਾ ਗੁੱਸਾ ਬਿਨਾਂ ਨਾਂ ਲਏ ਤੋਂ ਸਪੱਸ਼ਟ ਤੌਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਉਤੇ ਕੱਢਿਆ ਹੈ ਜਿਨ੍ਹਾਂ ਨੂੰ ਸਮੁੱਚੇ ਖ਼ਾਲਸਾ ਪੰਥ ਨੇ ਵੀਹਵੀਂ ਸਦੀ ਦਾ ਮਹਾਨ ਸ਼ਹੀਦ ਕਰਾਰ ਦਿੱਤਾ ਹੋਇਆ ਹੈ। ਸ. ਅਵਤਾਰ ਸਿੰਘ ਨੇ ਆਪਣੇ ਪ੍ਰਤੀਕਰਮ ਦਾ ਸਿਰਲੇਖ਼ 'ਜੋ ਆਪ ਹਨੇਰੇ ਵਿਚ ਹੈ, ਉਸ ਨੂੰ ਸਾਡੇ ਜਗਣ 'ਤੇ ਇਤਰਾਜ਼ ਹੈ', ਦੇ ਕੇ ਆਪਣੇ ਆਪ ਨੂੰ ਜਾਗੇ ਹੋਣ ਦਾ ਦਾਅਵਾ ਕੀਤਾ ਹੈ ਪਰ ਅੱਗੇ ਚੱਲ ਕੇ ਅਸੀਂ ਵੇਖਾਂਗੇ ਕਿ ਤੱਥ ਇਸ ਦਾਅਵੇ ਦੀ ਪ੍ਰੋੜ੍ਹਤਾ ਨਹੀਂ ਕਰਦੇ। ਸੁਣੀਆਂ ਸੁਣਾਈਆਂ ਗੱਲਾਂ ਨੂੰ ਤੱਥ ਬਣਾ ਕੇ, ਅਸਲ ਮੁੱਦਿਆਂ ਤੋਂ ਧਿਆਨ ਹਟਾ ਕੇ, ਪਾਠਕਾਂ ਨੂੰ ਇਧਰ ਓਧਰ ਦੀ ਸੈਰ ਕਰਾਉਣ ਦੀ ਕਲਾ ਵਰਤ ਕੇ ਜਾਂ ਫਿਰ ਜ਼ਾਤੀ ਹਮਲੇ ਕਰਕੇ ਅਤੇ ਮਿਹਣਿਆਂ ਅਤੇ ਤੋਹਮਤਾਂ ਦਾ ਦਾਅ ਖੇਡ ਕੇ ਸ. ਅਵਤਾਰ ਸਿੰਘ ਨੂੰ ਇਹ ਤਸੱਲੀ ਹੋ ਗਈ ਜਾਪਦੀ ਹੈ ਕਿ ਮੁੱਦਿਆਂ ਬਾਰੇ ਪੁੱਛੇ ਸਵਾਲਾਂ ਦਾ ਜਵਾਬ ਦੇ ਦਿੱਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਜਿਸ ਵਰਤਾਰੇ ਦੇ ਉਹ ਨੇੜੇ ਤੇੜੇ ਵੀ ਨਹੀਂ ਰਹੇ ਉਸ ਬਾਰੇ ਉਹ ਬੜੇ ਭਰੋਸੇ ਅਤੇ ਅਥਾਰਿਟੀ ਨਾਲ ਫੈਸਲੇ ਵੀ ਦੇ ਰਹੇ ਹਨ।

ਇਹ ਹੈਰਾਨਜਨਕ ਗੱਲ ਬੜੇ ਗ਼ੌਰ ਨਾਲ ਸੁਣਨ, ਸੋਚਣ ਤੇ ਵਿਚਾਰਨ ਵਾਲੀ ਹੈ ਕਿ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਬਾਰੇ ਸਰਕਾਰ ਅਤੇ ਸ. ਅਵਤਾਰ ਸਿੰਘ ਦੀ ਵਿਚਾਰਧਾਰਕ ਪੁਜ਼ੀਸ਼ਨ ਇੰਨ ਬਿੰਨ ਮਿਲਦੀ ਹੈ। ਫ਼ਰਕ ਸਿਰਫ਼ ਸ਼ਬਦਾਂ ਦਾ ਹੇਰ-ਫੇਰ ਹੈ। ਜਿਹੜੀ ਗੱਲ ਤੱਥਾਂ ਦੀ ਤਹਿ ਵਿਚ ਅਤੇ ਘਟਨਾਵਾਂ ਦੇ ਪਿਛੋਕੜ ਵਿਚ ਜਾਏ ਬਿਨਾਂ ਬੜੀ ਭੱਦੀ ਸ਼ਬਦਾਵਲੀ ਵਿਚ ਫ਼ੌਜੀ ਜਰਨੈਲ ਕੇ.ਐਸ. ਬਰਾੜ ਆਪਣੀ ਪੁਸਤਕ 'ਓਪਰੇਸ਼ਨ ਬਲੂ ਸਟਾਰ ਏ ਟਰੂ ਸਟੋਰੀ' ਵਿਚ ਕਰ ਰਿਹਾ ਹੈ, ਐਨ ਉਹੋ ਗੱਲ ਨਰਮ ਸ਼ਬਦਾਂ ਦੀ ਪੁੱਠ ਚਾੜ ਕੇ ਸ. ਅਵਤਾਰ ਸਿੰਘ ਕਰ ਰਹੇ ਹਨ। ਜਨਰਲ ਬਰਾੜ ਫ਼ੌਜੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਾ ਹੋਇਆ ਆਪਣੀ ਪੁਸਤਕ ਵਿਚ ਇਹ ਦਲੀਲ ਦਿੰਦਾ ਹੈ ਕਿ ਸੰਤ ਜਰਨੈਲ ਸਿੰਘ ਸਮੇਤ ਅਤਿਵਾਦੀਆਂ ਨੇ ਦਰਬਾਰ ਸਾਹਿਬ ਨੂੰ ਹਥਿਆਰਾਂ ਦਾ ਅੱਡਾ ਬਣਾਇਆ ਹੋਇਆ ਸੀ ਅਤੇ ਅਕਾਲ ਤਖ਼ਤ ਉਨ੍ਹਾਂ ਦੀ ਰਿਹਾਇਸ਼ ਬਣ ਚੁੱਕਾ ਸੀ, ਇਸ ਲਈ ਉਨ੍ਹਾਂ ਨੂੰ ਉਥੋਂ ਕੱਢਣ ਲਈ ਫ਼ੌਜੀ ਕਾਰਵਾਈ ਜ਼ਰੂਰੀ ਸੀ। ਦੂਜੇ ਪਾਸੇ ਸ. ਅਵਤਾਰ ਸਿੰਘ ਸ਼ਬਦਾਂ ਦੀ ਕਲਾਬਾਜ਼ੀ ਰਾਹੀਂ ਇਹੋ ਗੱਲਾਂ ਇਕ ਵੱਖਰੇ ਅੰਦਾਜ਼ ਵਿਚ ਕਰਦੇ ਹੋਏ ਸਵਾਲ ਉਠਾਉਂਦੇ ਹਨ ਕਿ ਅਕਾਲ ਤਖ਼ਤ ਨੂੰ ਰਿਹਾਇਸ਼ਗਾਹ ਕਿਉਂ ਬਣਾਇਆ ਗਿਆ? ਗੁਰੂ ਘਰ ਨੂੰ ਕਿਲ੍ਹਾ ਕਿਉਂ ਬਣਾਇਆ ਗਿਆ ਅਤੇ ਫਿਰ ਹਾਕਮਾਨਾ ਅੰਦਾਜ਼ ਵਿਚ ਇਹ ਮੰਗ ਵੀ ਕਰ ਰਹੇ ਹਨ ਕਿ 'ਇਸ ਗੱਲ ਦੀ ਪੜਤਾਲ ਕੀਤੀ ਜਾਵੇ ਕਿ ਧਰਮ-ਯੁੱਧ ਮੋਰਚੇ ਦੌਰਾਨ ਅਕਾਲ ਤਖ਼ਤ ਨੂੰ ਰਿਹਾਇਸ਼ਗਾਹ ਵਜੋਂ ਵਰਤਣਾ ਉਸੇ ਤਰ੍ਹਾਂ ਦਾ ਬਹਾਨਾ ਦੇਣ ਵਾਲਾ ਕਦਮ ਤਾਂ ਨਹੀਂ ਸੀ?'

ਇਹ ਟਿੱਪਣੀ ਕਰਕੇ ਸ. ਅਵਤਾਰ ਸਿੰਘ ਦਾ 'ਅੰਦਰਲਾ ਅਪਰਾਧ' ਕਿਵੇਂ ਲੁਕ ਛਿਪ ਕੇ ਬਾਹਰ ਆਉਣ ਲਈ ਉਤਾਵਲਾ ਹੈ ਕਿ ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਹੀ ਸਰਕਾਰ ਨੂੰ ਫ਼ੌਜੀ ਹਮਲਾ ਕਰਨ ਦਾ ਬਹਾਨਾ ਮੁਹੱਈਆ ਕਰਵਾਇਆ। ਹੁਣ ਇਹ ਜਾਗਿਆ ਹੋਇਆ ਬੁੱਧੀਜੀਵੀ ਇਕ ਸ਼ਹੀਦ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਸ਼ਾਇਦ ਕਿਸੇ ਪੜਤਾਲੀਆ ਕਮਿਸ਼ਨ ਨੂੰ ਕਾਇਮ ਕਰਨ ਦਾ ਅਧਿਕਾਰ ਹਾਸਲ ਕਰਨਾ ਚਾਹੁੰਦਾ ਹੈ। ਉਹ ਇਹ ਹਕੀਕਤ ਜਾਣ-ਬੁੱਝ ਕੇ ਭੁਲਦਾ ਹੈ ਕਿ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਤੇ ਹੋਰ ਕਈ ਉਘੀਆਂ ਸਿੱਖ ਜਥੇਬੰਦੀਆਂ ਸੰਤ ਜਰਨੈਲ ਸਿੰਘ ਨੂੰ ਸ਼ਹੀਦ ਕਰਾਰ ਦਿੰਦੀਆਂ ਹਨ, ਜੋ ਦਰਬਾਰ ਸਾਹਿਬ ਦੀ ਰਾਖੀ ਕਰਦੇ ਹੋਏ ਸ਼ਹੀਦ ਹੋਏ।

ਅਕਾਲ ਤਖ਼ਤ ਸਾਹਿਬ ਬਾਰੇ ਉਨ੍ਹਾਂ ਦਾ ਤਸੱਵਰ 'ਬਿਪਰਨ ਕੀ ਰੀਤ' ਦੇ ਪੈਰੋਕਾਰਾਂ ਨਾਲ ਨੇੜਲੀ ਸਾਂਝ ਰਖਦਾ ਹੈ। ਕੀ ਅਕਾਲ ਤਖ਼ਤ ਉਹ ਜਗ੍ਹਾ ਨਹੀਂ ਸੀ ਜਿਥੇ ਗੁਰੂ ਹਰਗੋਬਿੰਦ ਸਾਹਿਬ ਨੂੰ ਹਥਿਆਰ ਅਤੇ ਹੋਰ ਜੰਗੀ ਸਾਜ਼ੋ ਸਾਮਾਨ ਭੇਟ ਕੀਤਾ ਜਾਂਦਾ ਸੀ? ਇਹ ਉਹ ਪਾਵਨ ਸਥਾਨ ਹੈ ਜਿਥੇ ਰਾਜ (ਸਟੇਟ) ਦੀ ਗੱਲ ਹੋਣੀ ਹੀ ਹੋਣੀ ਹੈ ਤੇ ਹੁੰਦੀ ਰਹੀ ਵੀ ਹੈ, ਪਰ 'ਅਕਾਲ' ਦੇ ਪ੍ਰਸੰਗ ਵਿਚ। ਦੂਜੇ ਸ਼ਬਦਾਂ ਵਿਚ 'ਰਾਜ' ਦੀ ਗੱਲ ਵਿਚੋਂ 'ਅਕਾਲ' ਕਦੇ ਮਨਫ਼ੀ ਨਹੀਂ ਹੋਵੇਗਾ। ਅੱਜ ਕਲ੍ਹ ਅਕਾਲੀ ਦਲ ਦਾ ਸੰਕਟ ਕਿਉਂ ਡੂੰਘਾ ਹੁੰਦਾ ਜਾ ਰਿਹਾ ਹੈ? ਇਸ ਦਾ ਵੱਡਾ ਕਾਰਨ ਇਹੋ ਹੈ ਕਿ ਇਸ ਪਾਰਟੀ ਦੀ ਰੂਹ ਵਿਚੋਂ 'ਅਕਾਲ' ਦਾ ਤਸੱਵਰ ਮਨਫ਼ੀ ਹੁੰਦਾ ਜਾ ਰਿਹਾ ਹੈ। ਹਰਮੰਦਿਰ ਸਾਹਿਬ ਤੇ ਅਕਾਲ ਤਖ਼ਤ ਵਿਚ ਜ਼ਰੂਰ ਕੋਈ ਨਾ ਕੋਈ ਵੱਡਾ ਫ਼ਰਕ ਹੈ ਜੋ ਅਤੀ ਸੂਖਸ਼ਮ ਹੈ ਅਤੇ ਜੋ ਸਾਡੀ ਪਕੜ ਵਿਚ ਅਜੇ ਨਹੀਂ ਹੈ। ਸਾਡੇ ਸੁਚੇਤ ਮਨਾਂ ਉਤੇ ਚਲੰਤ ਰਾਜਨੀਤਕ ਪ੍ਰਣਾਲੀਆਂ ਅਤੇ ਵਰਤਾਰਿਆਂ ਦਾ ਦਬਾਅ, ਰੋਹਬਦਾਬ, ਪ੍ਰਭਾਵ ਅਤੇ ਅਖ਼ੌਤੀ ਤੇਜ-ਪ੍ਰਤਾਪ ਇਸ ਰੂਹਾਨੀ ਫ਼ਰਕ ਨੂੰ ਸਮਝਣ ਵਿਚ ਵੀ ਵੱਡੀ ਰੁਕਾਵਟ ਬਣਿਆ ਹੋਇਆ ਹੈ। ਪੰਥ ਨੇ ਸਿਧਾਂਤ ਰੂਪ ਵਿਚ ਇਸ ਦਬਾਅ ਤੋਂ ਅਜੇ ਆਜ਼ਾਦ ਹੋਣਾ ਹੈ ਅਤੇ ਇਹ ਮਹਾਨ ਸੰਸਥਾ 'ਸਭਿ ਹੀ ਤੇ ਰਹਿਤ ਨਿਰਾਲਮ' ਕਿਵੇਂ ਹੈ, ਇਸ ਦੀ ਧੁਰ ਆਤਮਾ ਤੱਕ ਅਸੀਂ ਅਜੇ ਅਪੜਨਾ ਹੈ।

ਫ਼ਿਲਹਾਲ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਹਰਮੰਦਿਰ ਸਾਹਿਬ ਤੇ ਅਕਾਲ ਤਖ਼ਤ ਇਕੋ ਹੀ ਤਸਵੀਰ ਦੇ ਦੋ ਪਾਸੇ ਹਨ, ਅਸੀਂ ਸਿਰਫ਼ ਇਕ ਪਾਸੇ ਦੀ ਵਿਆਖਿਆ ਕਰਦੇ ਹਾਂ ਜਦਕਿ ਦੂਜੇ ਪਾਸੇ ਦੀ ਵਿਆਖਿਆ ਵਰਤਮਾਨ ਰਾਜਨੀਤਕ ਵਰਤਾਰਿਆਂ ਦੀ ਅਧੀਨਗੀ ਨੂੰ ਪ੍ਰਵਾਨ ਕਰਕੇ ਕਰਦੇ ਹਾਂ। ਸ. ਅਵਤਾਰ ਸਿੰਘ ਦੀ ਲਿਖਤ ਉਤੇ ਵੀ ਇਸ ਅਧੀਨਗੀ ਦਾ ਕਾਲਾ ਪਰਛਾਂਵਾਂ ਨਜ਼ਰ ਆਉਂਦਾ ਹੈ। ਜੇ ਹਰਮੰਦਿਰ ਸਾਹਿਬ ਸਚਖੰਡ ਹੈ ਤਾਂ ਅਕਾਲ ਤਖ਼ਤ ਇਸ ਧਰਤੀ ਉਤੇ ਸਚਖੰਡ ਦਾ ਪ੍ਰਕਾਸ਼ ਹੈ ਅਤੇ ਖ਼ਾਲਸੇ ਰਾਹੀਂ ਹੀ ਇਹ ਪ੍ਰਕਾਸ਼ ਇਤਿਹਾਸ ਵਿਚ ਮਾਰਚ ਕਰਦਾ ਹੈ। ਇਹ ਹਕੀਕਤ ਵੀ ਯਾਦ ਰੱਖਣ ਵਾਲੀ ਹੈ ਕਿ 'ਚਾਰ ਦਿਵਸ ਕੇ ਭੂਪਤ' ਦੀਆਂ ਮੈਲੀਆਂ ਨਜ਼ਰਾਂ ਤੋਂ ਇਸ ਅਸਥਾਨ ਦੀ ਰਾਖੀ ਵੀ ਕਰਨੀ ਹੈ ਅਤੇ ਖ਼ਾਲਸਾ ਸਮੇਂ ਸਮੇਂ ਕਰਦਾ ਵੀ ਰਿਹਾ ਹੈ। ਅਸੀਂ ਸ. ਅਵਤਾਰ ਸਿੰਘ ਤੋਂ ਬੜੀ ਨਿਮਰਤਾ ਸਹਿਤ ਇਹ ਸਵਾਲ ਪੁੱਛਦੇ ਹਾਂ ਕਿ ਕੀ ਸੰਤ ਜਰਨੈਲ ਸਿੰਘ ਨੇ ਕਿਸੇ ਦੇਸ਼ ਜਾਂ ਤਾਕਤ ਉਤੇ ਹਮਲਾ ਕਰਨ ਲਈ ਇਹ ਹਥਿਆਰ ਇਕੱਠੇ ਕੀਤੇ ਸਨ? ਕੀ ਇਨ੍ਹਾਂ ਹਥਿਆਰਾਂ ਦਾ ਮਨੋਰਥ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਵਿਚ ਦਹਿਸ਼ਤ ਪੈਦਾ ਕਰਨਾ ਸੀ? ਜੇ ਆਪਣੀ ਰਾਖੀ ਲਈ ਕਿਰਪਾਨ ਇਕ ਸਿੱਖ ਕੋਲ ਹਥਿਆਰ ਹੈ ਤਾਂ ਸਮੇਂ ਮੁਤਾਬਕ ਖ਼ਾਲਸਾ ਜੀ ਦੇ ਘਰ ਦੀ ਰਾਖੀ ਲਈ ਹੋਰ ਹਥਿਆਰ ਰੱਖਣੇ ਕਿਹੜੇ ਸਿੱਖੀ ਸਿਧਾਂਤਾਂ ਦੀ ਉਲੰਘਣਾ ਸੀ? ਕੀ ਇਹ ਸਾਰਾ ਵਰਤਾਰਾ ਸਿੱਖ ਪੰਥ ਨੂੰ ਆਪਣੀ ਗਵਾਚੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਦੇ ਪ੍ਰਤੀਕ ਦੀ ਯਾਦ ਨਹੀਂ ਸੀ ਕਰਾ ਰਿਹਾ? ਜਦੋਂ ਸ਼ਾਂਤਮਈ ਮੋਰਚਿਆਂ ਦੌਰਾਨ ਅਣਗਿਣਤ ਕੁਰਬਾਨੀਆਂ ਕਰਨ, ਜੇਲ੍ਹਾਂ ਕੱਟਣ ਤੇ ਜਾਇਦਾਦਾਂ ਜ਼ਬਤ ਕਰਾਉਣ ਪਿਛੋਂ ਖ਼ਾਲਸਾ ਪੰਥ ਨੂੰ ਕੁਝ ਵੀ ਹਾਸਲ ਨਹੀਂ ਸੀ ਹੋ ਸਕਿਆ ਤਾਂ ਉਸ ਸਮੇਂ ਦਸਮ ਪਿਤਾ ਦੀਆਂ ਹਦਾਇਤਾਂ ਮੁਤਾਬਕ ਤਲਵਾਰ 'ਤੇ ਹੱਥ ਚਲੇ ਜਾਣਾ ਵਾਜਿਬ ਹੀ ਹੁੰਦਾ ਹੈ। ਕੀ ਅਕਾਲ ਤਖ਼ਤ ਉਤੇ ਹਥਿਆਰਾਂ ਦਾ ਇਹ ਪ੍ਰਤੀਕ ਸਮੇਂ ਦੀਆਂ ਹਾਲਤਾਂ ਮੁਤਾਬਕ ਉਸੇ ਮਾਰਗ 'ਤੇ ਚਲਣ ਦੀ ਇਕ ਪਿਆਰੀ ਯਾਦ ਨਹੀਂ ਸੀ ਦਿਵਾ ਰਿਹਾ? ਸ. ਅਵਤਾਰ ਸਿੰਘ ਬਜਾਏ ਇਸ ਦੇ ਕਿ ਉਹ ਨਿਮਰ ਹੋ ਕੇ ਸੰਤ ਜਰਨੈਲ ਸਿੰਘ ਦੀ ਰਣਨੀਤੀ ਦੇ ਡੂੰਘੇ, ਗੰਭੀਰ ਤੇ ਰੂਹਾਨੀ ਰਾਜ਼ ਨੂੰ ਸਮਝਦੇ, ਉਲਟਾ ਉਹ ਕਿਵੇਂ ਬਿਨਾਂ ਕਿਸੇ ਸੰਕੋਚ, ਸੰਗ-ਸ਼ਰਮ ਤੋਂ ਸਰਕਾਰੀ ਪੈਂਤੜੇ ਉਤੇ ਹੀ ਆਪਣਾ ਅੰਗੂਠਾ ਲਾਉਂਦੇ ਹਨ ਅਤੇ ਕਿਵੇਂ ਐਨੇ ਵੱਡੇ ਵਰਤਾਰੇ ਬਾਰੇ ਅੰਞਾਣ ਕਿਸਮ ਦਾ ਸਿੱਧੜ ਜਿਹਾ ਸਾਧਾਰਨੀਕਰਨ ਕਰਦੇ ਹਨ। ਇਸੇ ਨੂੰ ਤਾਂ ਕਹਿੰਦੇ ਹਨ: ਆਪਣਿਆਂ ਦੇ ਗਿੱਟੇ ਭੰਨੇ, ਚੁੰਮੇ ਪੈਰ ਪਰਾਇਆਂ ਦੇ।

ਸ. ਅਵਤਾਰ ਸਿੰਘ ਨੂੰ ਸ਼ਬਦਾਂ ਦੀ ਦੁਨੀਆਂ ਨਾਲ ਮਨਭਾਉਂਦੇ ਕੌਤਕ ਕਰਨ ਦਾ ਬਹੁਤ ਸ਼ੌਕ ਹੈ। ਇਤਿਹਾਸ, ਰਾਜ ਕਰੇਗਾ ਖ਼ਾਲਸਾ, ਜੁਝਾਰੂ ਲਹਿਰ, ਗੁਰਬਾਣੀ, ਸਿੱਖੀ, ਅਖ਼ਬਾਰਾਂ, ਪੱਤਰਕਾਰੀ ਅਤੇ ਦੋਸਤੀ ਬਾਰੇ ਉਨ੍ਹਾਂ ਦੇ ਸੰਕਲਪ ਤੇ ਟਿੱਪਣੀਆਂ ਅਲੂੜ ਮੁੰਡਿਆਂ ਵਰਗੀਆਂ ਹਨ। ਪਹਿਲੀ ਨਜ਼ਰੇ ਲਗਦਾ ਹੈ ਜਿਵੇਂ ਅਸੀਂ ਕਿਸੇ ਗੂੜ੍ਹ ਗਿਆਨ ਦਾ ਆਨੰਦ ਮਾਣ ਰਹੇ ਹਾਂ ਪਰ ਦਿਮਾਗ਼ ਉਤੇ ਥੋੜ੍ਹਾ ਜਿਹਾ ਭਾਰ ਪਾਉਣ ਮਗਰੋਂ ਹੀ ਇਹ ਪਤਾ ਲਗ ਜਾਂਦਾ ਹੈ ਕਿ ਗੂੜ੍ਹ ਗਿਆਨ ਦੀ ਜਾਅਲੀ ਸ਼ਬਦਾਵਲੀ ਵੀ ਹੋਇਆ ਕਰਦੀ ਹੈ। ਇਕੋ ਵਾਕ ਰਾਹੀਂ ਇਲਹਾਮੀ ਅੰਦਾਜ਼ ਵਿਚ ਫੈਸਲੇ ਸੁਣਾਉਣਾ ਉਨ੍ਹਾਂ ਦੀ ਮਨਪਸੰਦ ਖੇਡ ਹੈ। ਜਿਵੇਂ "ਸਿੱਖੀ ਦਾ ਮਾਰਗ ਤਿਆਗ ਤੋਂ ਵਿਰਾਗ ਵੱਲ ਜਾਂਦਾ ਹੈ, ਜਾਂ ਆਸ਼ਾ ਤੋਂ ਨਿਰਾਸ਼ਾ ਵੱਲ ਜਾਂਦਾ ਹੈ। ਧਰਮ ਨਦਰ ਹੈ ਤੇ ਇਤਿਹਾਸ ਖ਼ਬਰ ਹੈ ਜਾਂ ਲੇਖਕ ਤੇ ਪੱਤਰਕਾਰ ਵਿਚ ਇੰਨਾ ਫਰਕ ਹੈ ਜਿੰਨਾ ਕਿਤਾਬ ਤੇ ਖ਼ਬਰ ਵਿਚ। ਖ਼ਬਰ ਸਨਸਨੀਖੇਜ਼ ਹੈ ਜੋ ਉਤੇਜਨਾ ਨੂੰ ਭੜਕਾਉਂਦੀ ਹੈ। 'ਰਾਜ ਕਰੇਗਾ ਖ਼ਾਲਸਾ' ਪੜ੍ਹਨ ਵੇਲੇ ਵੀ ਸਾਡਾ ਧਿਆਨ ਲਾਲੜੂ ਤੋਂ ਅੱਗੇ ਨਹੀਂ ਟੱਪਦਾ ਜਾਂ ਅੰਮ੍ਰਿਤ ਵੇਲੇ ਅਖ਼ਬਾਰੀ ਕਰਿੰਦੇ ਮਾਸੂਮ ਮਸਤਕ ਵਿਚ ਖ਼ਬਰ ਘਸੋੜ ਕੇ ਗੰਭੀਰਤਾ ਨੂੰ ਭੰਗ ਕਰਦੇ ਹਨ" ਆਦਿਕ ਆਦਿਕ। ਕੁਝ ਟਿੱਪਣੀਆਂ ਤਾਂ ਐਨੀਆਂ ਮਜ਼ਾਕ ਦਾ ਕਾਰਨ ਬਣਦੀਆਂ ਹਨ ਕਿ ਉਨ੍ਹਾਂ ਦਾ ਜਵਾਬ ਦੇਣਾ ਹੀ ਅਸੀਂ ਮੁਨਾਸਿਬ ਨਹੀਂ ਸਮਝਦੇ। ਪਰ ਜਿਵੇਂ ਉਨ੍ਹਾਂ ਨੂੰ ਪੰਜਾਬੀ ਦੇ ਇਸ ਮੁਹਾਵਰੇ ਵਿਚ ਯਕੀਨ ਹੋ ਗਿਆ ਹੈ ਕਿ 'ਦੱਬੀ ਜਾ ਨਿਹਾਲਿਆ, ਘਰ ਦਾ ਕੋਈ ਮਾਲਿਕ ਘਰ ਵਿਚ ਨਹੀਂ ਹੈਗਾ' ਤਾਂ ਇਸ ਹਾਲਤ ਵਿਚ ਅਸੀਂ ਉਨ੍ਹਾਂ ਦੇ ਇਸ ਯਕੀਨ ਵਿਚ ਵਿਘਨ ਪਾ ਕੇ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਸ਼ਾਸਤਰ ਦੀ ਵਿੱਦਿਆ ਦਾ ਸ਼ਸਤਰ ਵਰਤਣ ਦੀ ਜਾਚ ਸਾਨੂੰ ਆਉਂਦੀ ਹੈ ਅਤੇ ਉਨ੍ਹਾਂ ਨੂੰ ਇਹ ਭੁਲੇਖਾ ਕੱਢ ਦੇਣਾ ਚਾਹੀਦਾ ਹੈ ਕਿ ਉਹ ਜੁਝਾਰੂ ਲਹਿਰ ਜਾਂ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਉਤੇ ਹਮਲੇ ਕਰਕੇ ਆਪਣੀ ਕਿਸੇ ਨਵੀਂ ਚਾਲ ਨੂੰ ਅੱਗੇ ਵਧਾਉਣ ਵਿਚ ਕਾਮਯਾਬ ਹੋ ਜਾਣਗੇ। ਇਹ ਠੀਕ ਹੈ ਕਿ ਪੰਥ ਬੜੇ ਵੱਡੇ ਸੰਕਟ ਵਿਚੋਂ ਲੰਘ ਰਿਹਾ ਹੈ ਤੇ ਬਾਗ਼ ਨੂੰ ਉਜੜਦਾ ਵੇਖ ਕੇ ਪਟਵਾਰਪੁਣੇ ਦਾ ਕੰਮ ਹੁਣ ਗਾਲ੍ਹੜਾਂ ਨੇ ਸੰਭਾਲ ਲਿਆ ਹੈ, ਪਰ ਕੁਝ ਵਿਚਾਰਧਾਰਕ ਦੀਪਕ ਅਜੇ ਮੌਜੂਦ ਹਨ ਜੋ ਬਣਦਾ ਜਵਾਬ ਦੇਣ ਦੇ ਸਮਰੱਥ ਹਨ।

ਸੰਤ ਜਰਨੈਲ ਸਿੰਘ ਅਕਾਲ ਤਖ਼ਤ 'ਤੇ ਕਿਉਂ ਗਏ? ਧਰਮ-ਯੁੱਧ ਮੋਰਚੇ ਦੀ ਰੂਹ ਦਾ ਹਾਣੀ ਕੌਣ ਸੀ? ਕੌਣ ਸੀ ਉਹ ਹਸਤੀ ਜਿਸ ਨੇ ਉਸ ਦੌਰ ਨੂੰ ਰੂਹਾਨੀ ਰੌਣਕਾਂ ਨਾਲ ਰੰਗ ਦਿੱਤਾ ਸੀ? ਕਿਵੇਂ ਤੇ ਕਿਨ੍ਹਾਂ ਹਾਲਤਾਂ ਵਿਚ ਮੁੱਠੀ ਭਰ ਸਿੰਘ ਇਕ ਲੱਖ ਫ਼ੌਜ ਦਾ ਸਾਹਮਣੇ ਕਰ ਰਹੇ ਸਨ? ਕੌਣ ਸੀ ਜਿਸ ਨੇ ਆਪਣੀ ਕੌਮ ਨੂੰ ਸੰਤ ਦਾ ਸਿਪਾਹੀ ਰੂਪ ਦਿਖਾਇਆ? ਕੌਣ ਸੀ ਜੋ ਇਕੱਲਾ ਭਾਰਤ ਦੀ ਸੰਚਾਰ ਸਲਤਨਤ ਦੇ ਝੂਠ ਦੀ ਹਨੇਰੀ ਦਾ ਸਾਹਮਣਾ ਕਰ ਰਿਹਾ ਸੀ? ਇੰਨੇ ਅਸਾਧਾਰਣ ਤੇ ਵੱਡੇ ਵਰਤਾਰੇ ਦੀ ਵਿਆਖਿਆ ਕੋਈ ਵੱਡੀ ਕਮਾਈ ਵਾਲਾ ਵਿਦਵਾਨ ਹੀ ਕਰ ਸਕਦਾ ਹੈ, ਪਰ ਸ. ਅਵਤਾਰ ਸਿੰਘ ਕਿੰਨੀ ਮੌਜ ਨਾਲ ਇਹ ਟਿੱਪਣੀ ਕਰ ਰਹੇ ਹਨ ਕਿ ਫ਼ੌਜੀ ਹਮਲੇ ਦਾ ਬਹਾਨਾ ਉਨ੍ਹਾਂ ਨੇ ਮੁਹੱਈਆ ਕੀਤਾ ਜਿਨ੍ਹਾਂ ਨੇ ਅਕਾਲ ਤਖ਼ਤ ਨੂੰ ਆਪਣੀ ਰਿਹਾਇਸ਼ਗਾਹ ਬਣਾਇਆ ਹੋਇਆ ਸੀ।

ਸ. ਅਵਤਾਰ ਸਿੰਘ ਦਾ ਸਿੱਖੀ ਦੀਆਂ ਕਦਰਾਂ ਕੀਮਤਾਂ ਨਾਲ ਇੰਨਾ ਕੁ ਹੀ ਪਿਆਰ ਹੈ ਕਿ ਉਨ੍ਹਾਂ ਨੂੰ ਇਹ ਵੀ ਚੇਤੇ ਨਹੀਂ ਕਿ ਦੁਸ਼ਮਣ ਦੇ ਕੈਂਪ ਵਿਚ ਵੀ ਬੈਠੀ ਇਕ ਚੰਗੀ ਰੂਹ ਜਨਰਲ ਸਿਨਹਾ ਨੇ ਦਰਬਾਰ ਸਾਹਿਬ ਵਿਚ ਫ਼ੌਜੀ ਕਾਰਵਾਈ ਕਰਨ ਤੋਂ ਇਸ ਕਰਕੇ ਨਾਂਹ ਕਰ ਦਿੱਤੀ ਸੀ ਤੇ ਭਾਰਤ ਸਰਕਾਰ ਨੂੰ ਚਿਤਾਵਨੀ ਵੀ ਦਿੱਤੀ ਸੀ ਕਿ ਇਸ ਦੇ ਭਿਆਨਕ ਸਿੱਟੇ ਨਿਕਲਣਗੇ। ਇਸੇ ਜਰਨੈਲ ਨੇ ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਦਰਬਾਰ ਸਾਹਿਬ ਦੀ ਰਾਖੀ ਲਈ ਫ਼ੌਜ ਨੂੰ ਦਿੱਤੇ ਜਵਾਬ ਦੀ ਵੀ ਭਰਪੂਰ ਪ੍ਰਸੰਸਾ ਕੀਤੀ। ਵਿਦੇਸ਼ਾਂ ਵਿਚ ਬੈਠੀ ਇਕ ਬੀਬੀ ਪੈਟੀ ਗਰਿਊ ਨੂੰ ਵੀ ਇਹ ਸੋਝੀ ਸੀ ਕਿ ਫ਼ੌਜ ਕਿਸੇ ਵਿਸ਼ੇਸ਼ ਹਸਤੀ ਨੂੰ ਨਹੀਂ ਸਗੋਂ ਇਕ ਕੌਮ ਦੇ ਕਲਚਰ ਨੂੰ ਤਬਾਹ ਕਰਨ ਲਈ ਹਰਮੰਦਰ ਸਾਹਿਬ 'ਤੇ ਹਮਲਾ ਕਰਨ ਲਈ ਗਈ ਸੀ। ਦੂਜੇ ਪਾਸੇ ਵਾਗ੍ਹੇ ਤੋਂ ਪਾਰ ਇਕ ਮੁਸਲਮਾਨ ਸ਼ਾਇਰ ਅਫਸਲ ਅਹਿਸਨ ਰੰਧਾਵਾ ਦੀ ਇਤਿਹਾਸਕ ਸਮਝ ਕਿੰਨੀ ਜਰਖੇਜ਼ ਸੀ ਜਦੋਂ ਉਹ ਆਪਣੀ ਇਕ ਯਾਦਗਾਰੀ ਕਵਿਤਾ ਵਿਚ ਲਿਖਦਾ ਹੈ ਕਿ ਦੁਸ਼ਮਣ 'ਪੰਜ ਸਦੀਆਂ ਦਾ ਵੈਰ' ਕੱਢਣ ਲਈ ਦਰਬਾਰ ਸਾਹਿਬ ਵਿਚ ਦਾਖਲ ਹੋਇਆ ਸੀ। ਉਸ ਦੀ ਕਵਿਤਾ ਦੇ ਇਹ ਲਫ਼ਜ਼ 'ਅੱਜ ਵੈਰੀਆਂ ਕੱਢ ਵਖਾਲਿਆ, ਹਾਏ! ਪੰਜ ਸਦੀਆਂ ਦਾ ਵੈਰ', ਦੀ ਟਿੱਪਣੀ ਵੀ ਸ. ਅਵਤਾਰ ਸਿੰਘ ਦੀ ਕੋਰੀ ਜ਼ਮੀਰ ਉਤੇ ਵੀ ਕੋਈ ਅਸਰ ਨਹੀਂ ਕਰ ਸਕੀ ਕਿ ਬਾਹਰਲੇ ਲੋਕ ਇਸ ਦਰਦਨਾਕ ਸਾਕੇ ਬਾਰੇ ਕੀ ਕਹਿੰਦੇ ਹਨ ਅਤੇ ਉਹ ਖੁਦ ਕਿਸ ਰਾਹ 'ਤੇ ਪੈ ਗਿਆ ਹੈ?

ਅਵਤਾਰ ਸਿੰਘ ਕੋਲੋਂ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਪੰਜਾਬੀ ਸੂਬੇ ਦੇ ਇਕ ਮੋਰਚੇ ਦੌਰਾਨ ਜਦੋਂ ਆਈ.ਜੀ. ਅਸ਼ਵਨੀ ਕੁਮਾਰ ਦੀ ਪੁਲਿਸ ਦਰਬਾਰ ਸਾਹਿਬ ਵਿਚ ਦਾਖ਼ਲ ਹੋਈ ਸੀ, ਭਲਾ ਉਸ ਸਮੇਂ ਸਿੱਖਾਂ ਨੇ ਪੁਲਿਸ ਦਾਖਲੇ ਲਈ ਕਿਹੜਾ ਬਹਾਨਾ ਮੁਹੱਈਆ ਕੀਤਾ ਸੀ? ਫਿਰ ਅਗਲਾ ਸਵਾਲ ਇਹ ਕੀਤਾ ਜਾ ਸਕਦਾ ਹੈ ਕਿ ਦਰਬਾਰ ਸਾਹਿਬ ਉਤੇ ਹੋਏ ਫ਼ੌਜੀ ਹਮਲੇ ਦੇ ਨਾਲ ਨਾਲ ਬਾਕੀ ਚਾਲੀ ਤੋਂ ਵੱਧ ਇਤਿਹਾਸਕ ਗੁਰਦੁਆਰਿਆਂ ਉਤੇ ਫ਼ੌਜੀ ਹਮਲਾ ਕਿਉਂ ਕੀਤਾ ਗਿਆ? ਉਨ੍ਹਾਂ ਗੁਰੂ ਘਰਾਂ ਵਿਚ ਸਿੱਖਾਂ ਨੇ ਕਿਹੜੇ ਹਥਿਆਰ ਜਮ੍ਹਾ ਕਰ ਰੱਖੇ ਸਨ?

ਸ. ਅਵਤਾਰ ਸਿੰਘ ਅਖ਼ਬਾਰਾਂ ਤੋਂ ਵੀ ਬਹੁਤ ਡਰੇ ਹੋਏ ਹਨ ਕਿਉਂਕਿ ਉਨ੍ਹਾਂ ਦੇ ਵਿਚਾਰ ਮੁਤਾਬਕ, 'ਖ਼ਬਰ ਸਨਸਨੀਖੇਜ਼ ਹੈ ਜੋ ਉਤੇਜਨਾ ਨੂੰ ਭੜਕਾਉਂਦੀ ਹੈ ਤੇ ਜਿਸ ਨਾਲ ਗੰਭੀਰਤਾ ਨਸ਼ਟ ਹੁੰਦੀ ਹੈ।' ਆਪ ਜੀ ਆਖ਼ਦੇ ਹਨ ਕਿ, 'ਅਖ਼ਬਾਰੀ ਕਰਿੰਦੇ ਅੰਮ੍ਰਿਤ ਵੇਲੇ ਮਾਸੂਮ ਮਸਤਕ ਵਿਚ ਖ਼ਬਰਾਂ ਘੁਸੇੜ ਜਾਂਦੇ ਹਨ'। ਜਿਥੋਂ ਤੱਕ ਮੇਰਾ ਖ਼ਿਆਲ ਹੈ ਕਿ ਅੰਮ੍ਰਿਤ ਵੇਲਾ ਸਵੇਰੇ ਤਿੰਨ ਜਾਂ ਚਾਰ ਵਜੇ ਸ਼ੁਰੂ ਹੁੰਦਾ ਹੈ। ਅਖ਼ਬਾਰ ਵਿਚ ਤੀਹ ਸਾਲ ਦੇ ਲੰਮੇ ਤਜਰਬੇ ਪਿੱਛੋਂ ਮੈਂ ਇਹ ਗੱਲ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਕੋਈ ਵੀ ਕਰਿੰਦਾ ਇਸ ਸਮੇਂ ਦੌਰਾਨ ਅਖ਼ਬਾਰ ਨਹੀਂ ਸੁੱਟਦਾ। ਅਖ਼ਬਾਰਾਂ ਸੁੱਟਣ ਦਾ ਔਸਤ ਸਮਾਂ ਆਮ ਕਰਕੇ ਸਵੇਰੇ 6 ਵਜੇ ਤੋਂ 9 ਵਜੇ ਤੱਕ ਹੁੰਦਾ ਹੈ। ਸਾਫ਼ ਜ਼ਾਹਰ ਹੈ ਕਿ ਸ. ਅਵਤਾਰ ਸਿੰਘ ਦੇ ਸਿਮਰਨ ਤੇ ਭਗਤੀ ਦਾ ਸਮਾਂ (ਜੇ ਉਹ ਸੱਚਮੁਚ ਕਰਦੇ ਹਨ) ਕਦੇ ਵੀ ਭੰਗ ਨਹੀਂ ਹੋ ਸਕਦਾ ਅਤੇ ਇੰਝ ਕੋਈ ਵੀ ਅਖ਼ਬਾਰੀ ਕਰਿੰਦਾ ਉਨ੍ਹਾਂ ਦੇ 'ਮਾਸੂਮ ਮਸਤਕ' ਨੂੰ ਜ਼ਖ਼ਮੀ ਨਹੀਂ ਕਰ ਸਕਦਾ। ਫਿਰ ਵੀ ਜੇਕਰ ਕੋਈ ਅਖ਼ਬਾਰੀ ਕਰਿੰਦਾ ਸਵੇਰੇ 4 ਵਜੇ ਹੀ ਉਨ੍ਹਾਂ ਦੇ ਮਾਸੂਮ ਮਸਤਕ ਨਾਲ ਜਾ ਟਕਰਾਉਂਦਾ ਹੈ ਤਾਂ ਉਹ ਅਖ਼ਬਾਰ ਬੰਦ ਕਰਾ ਸਕਦੇ ਹਨ। ਮੇਰਾ ਖ਼ਿਆਲ ਹੈ ਕਿ ਕੋਈ ਵੀ ਲੋਕਰਾਜੀ ਸਰਕਾਰ ਏਸ ਗੱਲ ਉਤੇ ਤਾਂ ਪਾਬੰਦੀ ਨਹੀਂ ਲਾਉਂਦੀ। ਜੇਕਰ ਇਸ ਵੀਰ ਨੂੰ ਸਨਸਨੀਖੇਜ਼ ਖ਼ਬਰਾਂ ਤੋਂ ਡਰ ਲਗਦਾ ਹੈ ਤੇ ਉਨ੍ਹਾਂ ਦੀ ਗੰਭੀਰਤਾ ਵਿਚ ਵਿਘਨ ਪੈਂਦਾ ਹੈ ਤਾਂ ਉਹ ਪਹਾੜਾਂ ਵਿਚ ਕਿਉਂ ਨਹੀਂ ਚਲੇ ਜਾਂਦੇ ਜਿਥੇ ਨਾ ਕੋਈ ਅਖ਼ਬਾਰ ਹੋਵੇਗੀ, ਨਾ ਕੋਈ ਪੱਤਰਕਾਰ ਉਨ੍ਹਾਂ ਦੇ ਮਾਸੂਮ ਮਸਤਕ ਨੂੰ ਪਰੇਸ਼ਾਨ ਕਰੇਗਾ ਅਤੇ ਨਾਲ ਹੀ ਪਹਾੜਾਂ ਵਿਚ ਰਹਿਣ ਨਾਲ 'ਜੋਗੀਨੁਮਾ ਬਿਰਤੀ' ਨੂੰ ਵੀ ਚਾਰ ਚੰਨ ਲੱਗਣਗੇ। ਵੈਸੇ ਸਿੱਧ ਵੀ ਤਾਂ ਪਹਾੜਾਂ ਵਿਚ ਛਿਪ ਹੀ ਗਏ ਸਨ, ਜੇਕਰ ਇਕ ਆਧੁਨਿਕ ਸਿੱਧ ਹੋਰ ਚਲਾ ਗਿਆ ਤਾਂ ਕੌਮ ਨੂੰ ਇਸ ਨਾਲ ਕੋਈ ਖ਼ਾਸ ਫ਼ਰਕ ਨਹੀਂ ਪੈਣ ਲੱਗਾ।

ਜਦੋਂ ਉਨ੍ਹਾਂ ਨੇ ਜ਼ਾਤੀ ਹਮਲੇ ਕਰਨ ਦਾ ਦਾਅ ਖੇਡਣ ਵਿਚ ਤਸੱਲੀ ਲੱਭਣੀ ਹੁੰਦੀ ਹੈ ਤਾਂ ਉਦੋਂ ਵੀ ਉਹ ਤੱਥਾਂ ਨੂੰ ਆਵਾਜ਼ ਮਾਰਨ ਦੀ ਜ਼ਰੂਰਤ ਨਹੀਂ ਸਮਝਦੇ। ਮਿਸਾਲ ਦੇ ਤੌਰ ਤੇ ਜਦੋਂ ਮੈਂ ਇਕ ਮੈਗਜ਼ੀਨ 'ਸ਼ਹਾਦਤ ਇੰਟਰਨੈਸ਼ਨਲ' ਦੇ ਟਾਈਟਲ ਹੇਠ ਕੱਢਿਆ ਤਾਂ ਉਨ੍ਹਾਂ ਨੇ ਪਹਿਲੇ ਅੰਕ ਦੇ ਨਿਕਲਣ ਸਮੇਂ ਹੀ ਇਹ ਭਵਿੱਖਬਾਣੀ ਕਰ ਦਿੱਤੀ ਕਿ ਇਹ ਅੰਕ ਪਹਿਲਾ ਤੇ ਆਖ਼ਰੀ ਹੋਵੇਗਾ। ਅੱਗੇ ਜਾ ਕੇ ਉਹ ਬੜੇ ਭਰੋਸੇ ਨਾਲ ਐਲਾਨ ਕਰਦੇ ਹਨ ਕਿ ਉਨ੍ਹਾਂ ਦੀ ਭਵਿੱਖਬਾਣੀ ਸੱਚੀ ਹੋਈ ਅਤੇ 'ਉਹ ਸੱਚਮੁੱਚ ਆਖ਼ਰੀ ਅੰਕ ਹੀ ਸੀ'। ਇਥੇ ਵੀ ਉਹ ਪੜਤਾਲ ਕਰਨ ਤੋਂ ਬੁਰੀ ਤਰ੍ਹਾਂ ਖੁੰਝ ਗਏ ਕਿਉਂਕਿ ਇਹ 'ਸੱਚਮੁੱਚ' ਆਖ਼ਰੀ ਅੰਕ ਨਹੀਂ ਸੀ। ਉਹ ਇਹ ਵੀ ਭੁੱਲ ਗਏ ਕਿ ਦੂਜੇ ਅੰਕ ਵਿਚ ਬਾਕਾਇਦਾ ਉਨ੍ਹਾਂ ਦੀ ਇਕ ਕਹਾਣੀ ਵੀ ਛਪੀ।

ਫਿਰ ਉਨ੍ਹਾਂ ਨੂੰ ਇਹ ਵੀ ਯਾਦ ਨਹੀਂ ਰਿਹਾ ਕਿ ਉਸ ਤੋਂ ਅੱਗੇ ਵੀ 'ਸ਼ਹਾਦਤ ਇੰਟਰਨੈਸ਼ਨਲ' ਦੇ ਹੋਰ ਅੰਕ ਛਪਦੇ ਰਹੇ ਹਨ। ਇਸ ਤੋਂ ਅੱਗੇ ਉਨ੍ਹਾਂ ਨੇ ਮੈਨੂੰ ਅਖ਼ਬਾਰ ਕੱਢਣ ਦਾ ਮਿਹਣਾ ਦਿੱਤਾ ਜਿਸ ਦਾ ਨਾਂ ਮੈਂ 'ਹੰਸ ਸਰਵਰ' ਰੱਖਿਆ। ਪਰ ਇਸ 'ਜਾਗਦੇ' ਵੀਰ ਨੇ ਲਿਖਿਆ ਹੈ ਕਿ 'ਇਸ ਅਖ਼ਬਾਰ ਦੇ 'ਨਾਂ' ਵਿਚ ਹੀ ਉਸ ਦੇ ਨਾ ਚਲਣ ਦੇ ਇਸ਼ਾਰੇ ਸਨ। ਉਹ ਵੀ ਬੰਦ ਹੋ ਗਈ।' ਸ. ਅਵਤਾਰ ਸਿੰਘ 'ਨਾਂ' ਨੂੰ ਹੀ ਸਭ ਕੁਝ ਸਮਝ ਬੈਠੇ ਹਨ ਤੇ ਅਖ਼ਬਾਰ ਵਿਚਲੀ ਸਮਗਰੀ ਦੇ ਮਿਆਰ ਬਾਰੇ ਜਾਣ-ਬੁਝ ਕੇ ਚੁੱਪ ਹਨ। ਉਹ ਗੁਰਬਾਣੀ ਨੂੰ ਕਾਫ਼ੀ ਚੰਗੀ ਤਰ੍ਹਾਂ ਸਮਝਦੇ ਹਨ ਪਰ ਇਹ ਕਿਉਂ ਨਹੀਂ ਜਾਣਦੇ ਕਿ 'ਹੰਸ ਸਰਵਰ' ਨਾਂ ਤਾਂ ਗੁਰਬਾਣੀ ਵਿਚੋਂ ਹੀ ਲਿਆ ਗਿਆ ਹੈ (ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ)। ਪਾਠਕ ਧਿਆਨ ਦੇਣ ਕਿ ਨਾਂ ਨਾਲ ਇਨ੍ਹਾਂ ਦਾ ਕਿੰਨੀ ਨੀਵੀਂ ਪੱਧਰ ਉਤੇ ਮੋਹ ਹੋ ਗਿਆ ਹੈ। ਪਿੱਛੇ ਜਿਹੇ ਪੰਜਾਬੀ ਵਿਚ ਇਕ ਮੈਗਜ਼ੀਨ ਸ਼ੁਰੂ ਹੋਇਆ ਜਿਸ ਦਾ ਨਾਂ 'ਹੁਣ' ਸੀ। ਇਹ ਮੈਗਜ਼ੀਨ ਕਾਮਯਾਬ ਵੀ ਹੋ ਨਿਕਲਿਆ। ਪਰ ਕੋਈ ਵੀ ਪਾਠਕ ਕਹਿ ਸਕਦਾ ਸੀ ਕਿ ਇਹ ਕਿਹੋ ਜਿਹਾ ਨਾਂ ਰੱਖਿਆ ਗਿਆ ਹੈ, ਪਰ ਸ. ਅਵਤਾਰ ਸਿੰਘ ਨੇ ਇਸ ਨਾਂ ਉਤੇ ਕਦੇ ਕੋਈ ਇਤਰਾਜ਼ ਨਹੀਂ ਕੀਤਾ ਕਿਉਂਕਿ ਉਨ੍ਹਾਂ ਨੂੰ ਵੀ ਇਸ ਵਿਚ ਛਪਣ ਦਾ ਮੌਕਾ ਮਿਲਦਾ ਹੈ। ਅਸੀਂ ਤਾਂ ਇਹ ਸਮਝਦੇ ਹਾਂ ਕਿ ਕਿਸੇ ਵੀ ਮੈਗਜ਼ੀਨ ਦੀ ਸਮਗਰੀ ਹੀ ਪ੍ਰਮੁੱਖ ਤੌਰ 'ਤੇ ਕਾਮਯਾਬੀ ਦਾ ਮਾਪਦੰਡ ਹੁੰਦੀ ਹੈ। ਜੇਕਰ ਉਹ 'ਸ਼ਹਾਦਤ ਇੰਟਰਨੈਸ਼ਨਲ' ਅਤੇ 'ਹੰਸ ਸਰਵਰ' ਦੀ ਸਮਗਰੀ ਦੇ ਮਿਆਰ ਬਾਰੇ ਕਿਸੇ ਵੀ ਲੇਖਕ ਕੋਲ ਪੜਤਾਲ ਕਰਾਉਣਾ ਚਾਹੁਣ ਤਾਂ ਸਾਨੂੰ ਉਸ ਦਾ ਫੈਸਲਾ ਮਨਜ਼ੂਰ ਹੋਵੇਗਾ।

ਜੇ ਮੈਗਜ਼ੀਨ ਜਾਂ ਅਖ਼ਬਾਰ ਨਹੀਂ ਚੱਲਿਆ ਤਾਂ ਇਸ ਵਿਚ ਉਨ੍ਹਾਂ ਵਲੋਂ ਤੋਹਮਤ ਜਾਂ ਮੇਹਣਾ ਮਾਰਨਾ ਵੀ ਸਾਨੂੰ ਬੇਤੁਕਾ ਜਿਹਾ ਲਗਦਾ ਹੈ ਕਿਉਂਕਿ ਵੱਡੇ ਵੱਡੇ ਸਾਹਿਤਕਾਰਾਂ, ਲੇਖਕਾਂ ਤੇ ਸਿਆਸਤਦਾਨਾਂ ਦੇ ਮੈਗਜ਼ੀਨ ਨਿਕਲਣਸਾਰ ਹੀ ਬੰਦ ਹੁੰਦੇ ਰਹੇ ਹਨ। ਜੇ ਭਲਾ ਡਾਲਰਾਂ ਜਾਂ ਪਾਊਂਡਾਂ ਦਾ ਮੀਂਹ ਵਰ੍ਹਦਾ ਤਾਂ ਕੀ ਉਹ ਬੰਦ ਹੋ ਸਕਦੇ ਸਨ? ਸਾਫ਼ ਜ਼ਾਹਰ ਹੈ ਕਿ ਉਨ੍ਹਾਂ ਦੀ ਜ਼ਮੀਰ ਵਿਚ ਦੱਬਿਆ ਤੇ ਲੁਕਿਆ ਸੁੱਚਾ ਹਿੱਸਾ ਸਾਡੇ ਹੱਕ ਵਿਚ ਭੁਗਤ ਗਿਆ ਹੈ ਅਤੇ ਉਸ ਹਿੱਸੇ ਨੇ ਮੰਨ ਲਿਆ ਹੈ ਕਿ ਇਹ ਮੈਗਜ਼ੀਨ ਮਾਇਆ ਦੀ ਕਮੀ ਕਾਰਨ ਬੰਦ ਹੋਏ ਹਨ, ਨਾ ਕਿ ਇਨ੍ਹਾਂ ਵਿਚਲੀ ਸਮਗਰੀ ਦੇ ਮਿਆਰ ਕਾਰਨ।

ਧਰਮ ਤੇ ਇਤਿਹਾਸ ਦੇ ਸੰਬੰਧਾਂ ਬਾਰੇ ਚਰਚਾ ਕਰਦਿਆਂ ਇਤਿਹਾਸ ਤੋਂ ਉਨ੍ਹਾਂ ਨੂੰ ਘਿਰਨਾ ਵਰਗਾ ਅਹਿਸਾਸ ਹੋ ਜਾਂਦਾ ਹੈ ਅਤੇ ਉਹ ਇਹ ਇਸ ਘਿਰਨਾ ਦੇ ਅਹਿਸਾਸ ਨੂੰ ਲੋਕ ਮਨਾਂ ਵਿਚ ਸਥਾਪਿਤ ਕਰਨ ਲਈ ਸਿਰਦਾਰ ਕਪੂਰ ਸਿੰਘ ਅਤੇ ਭਾਈ ਵੀਰ ਸਿੰਘ ਨੂੰ ਜਾ ਟੋਲਦੇ ਹਨ। ਪਤਾ ਨਹੀਂ ਉਨ੍ਹਾਂ ਦੋਹਾਂ ਵਿਦਵਾਨਾਂ ਨੇ ਇਹ ਟਿੱਪਣੀਆਂ ਕਿਸ ਉਚੀ ਪੱਧਰ 'ਤੇ ਅਤੇ ਕਿਸ ਪ੍ਰਸੰਗ ਵਿਚ ਖਲੋ ਕੇ ਦਿੱਤੀਆਂ ਹੋਣਗੀਆਂ? ਪਰ ਸ. ਅਵਤਾਰ ਸਿੰਘ ਨੂੰ ਇਸ ਨਾਲ ਕੋਈ ਵਾਸਤਾ ਨਹੀਂ। ਉਨ੍ਹਾਂ ਨੇ ਸਿਰਦਾਰ ਕਪੂਰ ਸਿੰਘ ਦੀ ਇਕ ਲਿਖਤ ਵਿਚੋਂ ਇਹ ਹਵਾਲਾ ਇਸ ਤਰ੍ਹਾਂ ਦਿੱਤਾ ਹੈ: 'ਸਿੱਖੀ ਦਾ ਸੱਚ ਅਤੇ ਉਸ ਦੀ ਮਾਨਤਾ ਇਤਿਹਾਸ ਉਤੇ ਨਿਰਭਰ ਨਹੀਂ ਹੈ'। ਅਸੀਂ ਸਿਰਦਾਰ ਕਪੂਰ ਸਿੰਘ ਦੀ ਵਿਦਵਤਾ ਦਾ ਪੂਰਾ ਸਤਿਕਾਰ ਕਰਦਿਆਂ ਇਹ ਕਹਿਣ ਦੀ ਖੁੱਲ੍ਹ ਲੈਂਦੇ ਹਾਂ ਕਿ ਹਰ ਇਤਿਹਾਸਕਾਰ ਦੀ ਇਤਿਹਾਸ ਬਾਰੇ ਪਰਿਭਾਸ਼ਾ ਵੱਖਰੀ ਵੱਖਰੀ ਹੁੰਦੀ ਹੈ। ਜੇ ਸਿੱਖੀ ਦਾ ਸੱਚ ਅਤੇ ਉਸ ਦੀ ਮਾਨਤਾ ਇਤਿਹਾਸ ਉਤੇ ਨਿਰਭਰ ਨਹੀਂ ਤਾਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਖ਼ਾਲਸਾ ਪੰਥ ਦੇ ਮਹਾਨ ਕਾਰਨਾਮੇ ਜਾਨਣ ਲਈ ਅਸੀਂ ਕਿਹੜੇ ਸੋਮੇ ਦੀ ਤਲਾਸ਼ ਕਰੀਏ? ਕੀ ਸ. ਅਵਤਾਰ ਸਿੰਘ ਸਾਨੂੰ ਇਸ ਬਾਰੇ ਕੋਈ ਜਾਣਕਾਰੀ ਦੇ ਸਕਦੇ ਹਨ? ਫਿਰ ਇਕ ਹੋਰ ਗੱਲ ਇਹ ਹੈ ਕਿ ਸਿਰਦਾਰ ਕਪੂਰ ਸਿੰਘ ਅਤੇ ਭਾਈ ਵੀਰ ਸਿੰਘ ਨੇ ਵੀ ਤਾਂ ਇਤਿਹਾਸ ਲਿਖਿਆ ਹੈ।

ਸ. ਅਵਤਾਰ ਸਿੰਘ ਕਹਿੰਦੇ ਹਨ ਕਿ 'ਧਰਮ ਨਦਰ ਤੇ ਇਤਿਹਾਸ ਖ਼ਬਰ ਹੈ'। ਚਲੋ, ਇਸੇ ਧਾਰਨਾ ਦੀ ਵਿਆਖਿਆ ਕਰਦੇ ਹਾਂ। ਜੇ ਧਰਮ 'ਨਦਰ' ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਇਹ 'ਨਦਰ' ਧਰਤੀ ਨੂੰ ਵੀ ਤਾਂ ਨਸੀਬ ਹੋਣੀ ਚਾਹੀਦੀ ਹੈ। ਜਿਉਂ ਹੀ ਇਹ ਨਦਰ ਧਰਤੀ ਨੂੰ ਨਸੀਬ ਹੁੰਦੀ ਹੈ ਤਾਂ ਇਹ ਇਤਿਹਾਸ ਬਣ ਜਾਂਦਾ ਹੈ। ਅਸੀਂ ਤਾਂ ਇਹ ਕਹਿਣਾ ਚਾਹੁੰਦੇ ਹਾਂ ਕਿ ਇਤਿਹਾਸ ਤੇ ਨਦਰ ਇਕ ਦੂਜੇ ਦੇ ਪੂਰਕ ਹੀ ਹਨ। ਸਾਡੀ ਰੋਜ਼ਾਨਾ ਅਰਦਾਸ ਕੀ ਹੈ? ਪੰਜ ਮਿੰਟਾਂ ਵਿਚ ਖ਼ਾਲਸਾ ਪੰਥ ਦਾ ਸੰਖੇਪ ਇਤਿਹਾਸ ਹੀ ਤਾਂ ਹੈ। ਇਹੋ ਤਾਂ 'ਇਤਿਹਾਸ' ਹੈ ਜਿਸ ਨੂੰ ਸ. ਅਵਤਾਰ ਸਿੰਘ ਮਹਿਜ਼ 'ਖ਼ਬਰ' ਕਹਿ ਕੇ ਨੀਵਾਂ ਵਿਖਾਉਣ ਵਿਚ ਮਾਣ ਮਹਿਸੂਸ ਕਰਦੇ ਹਨ। ਜੇ 'ਨਦਰ' ਨੇ ਧਰਤੀ ਉਤੇ ਮਾਰਚ ਨਹੀਂ ਕਰਨਾ ਜਾਂ ਦੂਜੇ ਸ਼ਬਦਾਂ ਵਿਚ ਇਤਿਹਾਸ ਨਹੀਂ ਬਣਨਾ ਤਾਂ ਫਿਰ ਇਹ ਨਦਰ ਤਾਂ 'ਵੇਦਾਂਤ' ਦਾ ਹੀ ਹਮਸਫ਼ਰ ਬਣੇਗੀ। ਵੈਸੇ ਇੰਝ ਲਗਦਾ ਹੈ ਕਿ ਉਹ ਉਸ ਪਾਸੇ ਵੱਲ ਜਾਣ ਲਈ ਕਮਰਕੱਸੇ ਕੱਸੀ ਬੈਠੇ ਹਨ। ਸੁਖਮਨੀ ਦੀ ਪਾਵਨ ਬਾਣੀ ਤਾਂ ਇਹ ਕਹਿੰਦੀ ਹੈ ਕਿ ਸਭ ਤੋਂ 'ਸ੍ਰੇਸ਼ਟ ਧਰਮ' ਉਸ ਪਰਮ ਹਕੀਕਤ ਨੂੰ ਯਾਦ ਕਰਨਾ ਹੈ ਅਤੇ ਉਸ ਯਾਦ ਨੂੰ ਨਿਰਮਲ ਕਰਮਾਂ ਰਾਹੀਂ ਧਰਤੀ ਉਤੇ ਉਤਾਰਨਾ ਹੈ। ਇਹ ਨਿਰਮਲ ਕਰਮ ਤਾਂ ਫਿਰ ਇਤਿਹਾਸ ਵਿਚ ਸਫ਼ਰ ਕਰਦਿਆਂ ਹੀ ਕੀਤੇ ਜਾ ਸਕਦੇ ਹਨ। ਇਕ ਰੂਸੀ ਲੇਖਕ ਨਿਕੋਲਸ ਬਰਦਯੇਵ ਆਪਣੀ ਪੁਸਤਕ 'ਇਤਿਹਾਸ ਦੇ ਅਰਥ' ਵਿਚ ਇਤਿਹਾਸ ਤੇ ਅਕਾਲ ਪੁਰਖ਼ ਨੂੰ ਨਾਲ ਨਾਲ ਜੋੜਦਾ ਹੈ। ਉਸ ਦੇ ਆਪਣੇ ਸ਼ਬਦਾਂ ਵਿਚ 'ਇਤਿਹਾਸ ਕੀ ਹੈ? ਅਨੰਤਤਾ (ਅਕਾਲ ਪੁਰਖ਼) ਅਤੇ ਸਮੇਂ (ਇਤਿਹਾਸ) ਵਿਚਕਾਰ ਡੂੰਘੇ ਰਿਸ਼ਤਿਆਂ ਤੇ ਸੰਬੰਧਾਂ ਦਾ ਨਤੀਜਾ। ਇਤਿਹਾਸ ਇਕ ਤਰ੍ਹਾਂ ਨਾਲ 'ਅਨੰਤਤਾ' ਦਾ ਸਮੇਂ ਦੇ ਪ੍ਰਵਾਹ ਵਿਚ 'ਨਿਰੰਤਰ ਵਿਸਫੋਟ' ਹੁੰਦਾ ਹੈ।

ਰਾਜ ਦੇ ਸੰਕਲਪ ਬਾਰੇ ਆਪ ਦੀ ਸ਼ਿਕਾਇਤ ਇਸ ਪ੍ਰਕਾਰ ਹੈ ਅਖੇ 'ਰਾਜ ਕਰੇਗਾ ਖ਼ਾਲਸਾ ਪੜ੍ਹਨ ਵੇਲੇ ਵੀ ਅਸੀਂ ਲਾਲੜੂ ਨਹੀਂ ਟੱਪਦੇ... ਅਸੀਂ 'ਸਗਲੀ ਧਰਤੀ ਸਾਧ ਕੀ' ਦੇ ਵਿਪਰੀਤ ਕੇਵਲ ਭਾਰਤੀ ਪੰਜਾਬ ਨੂੰ ਹੀ ਸਿੱਖੀ ਦੀ ਕਰਮ ਭੂਮੀ ਮੰਨ ਲਿਆ ਹੈ। ਇਥੇ ਵਸਣ ਵਾਲਿਆਂ ਨੇ 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ' ਦੇ ਉਲਟ ਖੁਦ ਨੂੰ ਅਸਲ ਖ਼ਾਲਸਾ ਪੰਥ ਸਮਝਿਆ ਹੋਇਆ ਹੈ।' ਪਾਠਕ ਚੰਗੀ ਤਰ੍ਹਾਂ ਵੇਖ ਸਕਦੇ ਹਨ ਕਿ ਇਹ ਸਤਰਾਂ ਲਿਖ ਕੇ ਸ. ਅਵਤਾਰ ਸਿੰਘ ਕਿਵੇਂ ਹਵਾ ਵਿਚ ਤਲਵਾਰਾਂ ਘੁਮਾ ਰਹੇ ਹਨ। ਹੁਣ ਇਹ ਬੁੱਧੀਜੀਵੀ ਵੱਖ ਵੱਖ ਦੇਸ਼ਾਂ ਵਿਚ ਰਹਿੰਦੇ ਵਿਦੇਸ਼ੀ ਸਿੱਖਾਂ ਨੂੰ ਪ੍ਰਵਚਨ ਕਰ ਰਹੇ ਹਨ ਕਿ ਉਹ ਆਪੋ ਆਪਣੇ ਦੇਸ਼ ਵਿਚ ਰਾਜ ਕਰੇਗਾ ਖ਼ਾਲਸਾ ਦੇ ਝੰਡੇ ਝੁਲਾ ਦੇਣ ਅਤੇ ਪੰਜਾਬ ਦੇ ਲੋਕ ਭੁੱਲ ਜਾਣ ਕਿ ਕੇਵਲ ਭਾਰਤੀ ਪੰਜਾਬ ਹੀ ਸਿੱਖੀ ਦੀ ਕਰਮ ਭੂਮੀ ਹੈ। ਭੁੱਲ ਜਾਣ ਦੀ ਸਲਾਹ ਦੇਣਾ ਉਨ੍ਹਾਂ ਦਾ ਸ਼ੁਗਲ ਬਣ ਗਿਆ ਹੈ ਅਤੇ ਯਾਦ ਕਰਨ ਵਾਲੀ ਹਕੀਕਤ ਦਾ ਉਹ ਮਜ਼ਾਕ ਉਡਾਉਂਦੇ ਹਨ। ਉਹ ਨਹੀਂ ਜਾਣਦੇ ਕਿ ਯਹੂਦੀ ਸਾਰੀ ਦੁਨੀਆਂ ਵਿਚ ਵਸੇ ਹੋਏ ਸਨ, ਖ਼ੁਸ਼ਹਾਲ ਵੀ ਰੱਜ ਕੇ ਸਨ, ਦੁਨੀਆਂ ਦੇ ਸਭ ਤੋਂ ਵੱਡੇ ਚਿੰਤਕ, ਵਿਦਵਾਨ ਤੇ ਸਾਇੰਸਦਾਨ ਵੀ ਯਹੂਦੀ ਹੀ ਸਨ। ਪਰ ਹੋਇਆ ਕੀ? 60 ਲੱਖ ਯਹੂਦੀਆਂ ਦਾ ਦੂਜੀ ਵਿਸ਼ਵ ਜੰਗ ਵਿਚ ਕਤਲੇਆਮ ਹੋਇਆ। ਜਦ ਤਕ ਉਹ ਆਪਣੀ ਕਰਮ ਭੂਮੀ ਇਸਰਾਈਲ ਵਿਚ ਨਹੀਂ ਗਏ, ਆਪਣਾ ਰਾਜ ਭਾਗ ਨਹੀਂ ਸੰਭਾਲਿਆ, ਉਨਾ ਚਿਰ ਤਕ ਕਿਸੇ ਨੇ ਉਨ੍ਹਾਂ ਦੀ ਧੇਲੇ ਦੀ ਕੀਮਤ ਵੀ ਨਹੀਂ ਸੀ ਪਾਈ।

ਫਿਰ ਸਾਡੇ ਕੋਲ ਤਾਂ ਚੰਗੇ ਭਾਗਾਂ ਨੂੰ ਸਿੱਖਾਂ ਦਾ ਵੱਡਾ ਭਾਰੀ ਹਿੱਸਾ ਪੰਜਾਬ ਵਿਚ ਵਸਦਾ ਹੈ ਅਤੇ ਖ਼ਾਲਸਾ ਤੇ ਗੁਰੂ ਸਾਹਿਬਾਨ ਦੀਆਂ ਯਾਦਾਂ ਦੀ ਖੁਸ਼ਬੋ ਵੀ ਇਸ ਧਰਤੀ ਉਤੇ ਸਾਨੂੰ ਨਸੀਬ ਹੁੰਦੀ ਹੈ। ਇਹੋ ਸਾਡਾ ਮੰਚ ਹੈ ਜਿਥੋਂ ਅਸੀਂ ਸਾਰੇ ਸੰਸਾਰ ਨੂੰ ਸੰਬੋਧਨ ਹੋ ਸਕਦੇ ਹਾਂ ਤੇ ਵੱਖ ਵੱਖ ਦੇਸ਼ਾਂ ਵਿਚ ਵਸਦੇ ਸਿੱਖਾਂ ਦੀ ਰੱਖਿਆ ਤੇ ਰਿਆਇਤ ਲਈ ਦੁਆ ਕਰਦੇ ਹਾਂ। ਪਰ ਦੁੱਖ ਤਾਂ ਇਸ ਗੱਲ ਦਾ ਹੈ ਕਿ ਦੁਸ਼ਮਣ ਸਾਨੂੰ ਪੰਜਾਬ ਵਿਚੋਂ ਕੱਢਣ ਲਈ ਇੰਨਾ ਉਤਾਵਲਾ ਨਹੀਂ ਜਿੰਨੇ ਸ. ਅਵਤਾਰ ਸਿੰਘ ਬੇਚੈਨ ਹੋ ਰਹੇ ਹਨ। ਜਦੋਂ ਅਵਤਾਰ ਸਿੰਘ ਦਾ ਕੰਮ ਰਾਸ ਨਾ ਆਉਂਦਾ ਹੋਵੇ ਤਾਂ ਉਹ ਸਿਰਦਾਰ ਕਪੂਰ ਸਿੰਘ ਦਾ ਹਵਾਲਾ ਤਾਂ ਦਿੰਦੇ ਹਨ ਪਰ ਇਸ ਗੱਲ ਨੂੰ ਭੁਲਾ ਦਿੰਦੇ ਹਨ ਕਿ ਅਨੰਦਪੁਰ ਸਾਹਿਬ ਦੇ ਮਤੇ ਦੇ ਸਿਰਜਣਹਾਰ ਇਸ ਵਿਦਵਾਨ ਨੇ ਵੀ 'ਖ਼ਾਲਸਾ ਜੀ ਦੇ ਬੋਲ ਬਾਲੇ' ਦੀ ਰੀਝ ਨੂੰ ਸਥਾਪਿਤ ਕਰਨ ਲਈ ਆਪਣੇ ਆਪ ਨੂੰ ਪੰਜਾਬ ਤੱਕ ਹੀ ਸੀਮਤ ਰੱਖਿਆ ਸੀ। ਭਲਾ ਜੇਕਰ ਉਹ ਅਵਤਾਰ ਸਿੰਘ ਦੀ ਸਲਾਹ ਲੈਂਦੇ ਅਤੇ ਆਸਾਮ, ਬੰਗਾਲ, ਯੂ.ਕੇ., ਅਮਰੀਕਾ, ਯੂਰਪ ਤੇ ਇਥੋਂ ਤੱਕ ਦੱਖਣੀ ਤੇ ਉਤਰੀ ਧਰੁੱਵ ਦੇ ਇਲਾਕੇ ਅਨੰਦਪੁਰ ਸਾਹਿਬ ਦੇ ਮਤੇ ਵਿਚ ਸ਼ਾਮਿਲ ਕਰਦੇ ਤਾਂ ਉਸ ਹਾਲਤ ਵਿਚ ਉਨ੍ਹਾਂ ਦੀ ਰਾਜਨੀਤਕ ਵਿਦਵਤਾ ਅਤੇ ਅੰਤਰਰਾਸ਼ਟਰੀ ਸਮਝ ਬਾਰੇ ਦੁਨੀਆਂ ਕੀ ਕਹਿੰਦੀ? ਇਸ ਦਾ ਜਵਾਬ ਖੁਦ ਸ. ਅਵਤਾਰ ਸਿੰਘ ਦੇ ਮੂੰਹੋਂ ਹੀ ਫ਼ਬਦਾ ਚੰਗਾ ਲੱਗੇਗਾ। ਵੈਸੇ ਸਿਰਦਾਰ ਕਪੂਰ ਸਿੰਘ ਜਿਉਂਦੇ ਹੁੰਦੇ ਤਾਂ ਇਸ 'ਚੇਲੇ' ਦੀ ਡਿਪਲੋਮੈਟਿਕ ਸਿਆਣਪ ਉਤੇ ਬੜਾ ਮਾਯੂਸ ਹਾਸਾ ਹੱਸਦੇ। ਅਸੀਂ ਤਾਂ ਇਹ ਕਹਿਣਾ ਚਾਹੁੰਦੇ ਹਾਂ ਕਿ ਜੇ ਤੁਹਾਡਾ ਕਿੱਲਾ ਹੀ ਮਜ਼ਬੂਤ ਨਹੀਂ ਤਾਂ ਤੁਹਾਨੂੰ ਉਖਾੜਨਾ ਤੇ ਉਖਾੜਨ ਦੇ ਇਸ ਕਾਰਜ ਨੂੰ ਜਾਇਜ਼ ਠਹਿਰਾਉਣਾ ਸਰਕਾਰਾਂ ਲਈ ਖੱਬੇ ਹੱਥ ਦੀ ਖੇਡ ਹੁੰਦੀ ਹੈ। ਜੇ ਅਸੀਂ ਥੋੜ੍ਹੇ ਬਹੁਤੇ ਮਜ਼ਬੂਤ ਹਾਂ ਤਾਂ ਇਸ ਕਰਕੇ ਕਿ ਪੰਜਾਬ ਵਿਚ ਸਾਡਾ ਕਿੱਲਾ ਅਜੇ ਕਾਇਮ ਹੈ। ਮੁਸਲਮਾਨ ਭਰਾਵਾਂ ਉਤੇ ਅਤਿਆਚਾਰ ਇਸ ਲਈ ਹੋ ਰਹੇ ਹਨ ਕਿਉਂਕਿ ਉਹ ਭਾਰਤ ਵਿਚ ਖਿੰਡੇ ਹੋਏ ਹਨ।

ਸ. ਅਵਤਾਰ ਸਿੰਘ ਸਾਡੀ ਸੋਚ ਨੂੰ 'ਸਿੱਖੀ ਦੀਆਂ ਪੁੜੀਆਂ ਵਿਚ ਲਿਪਟੀ ਨਕਸਲੀ ਸੋਚ' ਕਹਿ ਕੇ ਅਸਲ ਵਿਚ 'ਵਿਚਲੀ ਗੱਲ' ਲਾਂਭੇ ਲਾਂਭੇ ਲਿਜਾਣ ਦੀ ਨੱਠ-ਭੱਜ ਵਿਚ ਜ਼ਿਆਦਾ ਸਮਾਂ ਖਰਚ ਕਰਦੇ ਹਨ ਪਰ ਆਪਣੀ ਸਫ਼ਾਈ ਤੇ ਬਚਾਅ ਲਈ ਆਪਣੀ ਲਿਖਤ ਨੂੰ ਅੰਤਮ ਛੋਹ ਦੇਣ ਵਾਸਤੇ ਉਸੇ ਨਕਸਲੀ ਸੋਚ ਦੇ ਹਮਦਰਦ ਸੁਰਜੀਤ ਪਾਤਰ ਦਾ ਮੋਢਾ ਵਰਤਣ ਵਿਚ ਮਾਣ ਮਹਿਸੂਸ ਕਰ ਰਹੇ ਹਨ। ਇਹੋ ਜਿਹੀ ਲੁਕਣਮੀਚੀ ਖੇਡ ਕੇ ਭਲਾ ਉਹ ਕਿਸ ਦੀਆਂ ਅੱਖਾਂ ਵਿਚ ਘੱਟਾ ਪਾ ਰਹੇ ਹਨ?

ਉਨ੍ਹਾਂ ਨੂੰ ਇਸ ਗੱਲ ਉਤੇ ਵੀ ਬਹੁਤ ਗੁੱਸਾ ਚੜ੍ਹਿਆ ਹੋਇਆ ਹੈ ਕਿ ਪਿਛਲੇ 30-35 ਸਾਲਾਂ ਤੋਂ ਸਿੱਖ ਰਸਾਲਿਆਂ ਦੇ ਮੁੱਖ ਪੰਨਿਆਂ ਉਤੇ ਢੱਠੇ ਹੋਏ ਅਕਾਲ ਤਖ਼ਤ ਦੀਆਂ ਫੋਟੋਆਂ ਲਗਾਤਾਰ ਕਿਉਂ ਛਪ ਰਹੀਆਂ ਹਨ। ਉਨ੍ਹਾਂ ਨੂੰ ਇਹ ਨਵੀਂ ਸੋਝੀ ਹੋਈ ਹੈ ਕਿ ਅਜਿਹਾ ਕਰਨ ਨਾਲ ਸਾਡੀ ਇੱਜ਼ਤ ਆਬਰੂ ਦਾ ਨਿਰਾਦਰ ਹੁੰਦਾ ਹੈ। ਕੀ ਇਸ ਟਿੱਪਣੀ ਉਤੇ 'ਕੁਰਬਾਨ' ਹੋਣ ਨੂੰ ਜੀਅ ਨਹੀਂ ਕਰਦਾ? ਪਹਿਲੀ ਗੱਲ ਤਾਂ ਇਹ ਹੈ ਕਿ ਇਤਿਹਾਸਕ ਤਰੀਕਾਂ ਤੋਂ ਬੇਖ਼ਬਰ ਇਸ ਵੀਰ ਨੂੰ ਇਹ ਨਹੀਂ ਪਤਾ ਕਿ ਅਕਾਲ ਤਖ਼ਤ ਢੱਠੇ ਨੂੰ 30-35 ਸਾਲ ਨਹੀਂ ਹੋਏ 26-27 ਸਾਲ ਹੀ ਹੋਏ ਹਨ। ਉਂਜ ਇਹੋ ਜਿਹੇ ਦਰਜਨਾਂ ਸ਼ੁਗਲ ਮੇਲੇ ਕਰਕੇ ਉਨ੍ਹਾਂ ਨੇ ਆਪਣੇ ਪ੍ਰਤੀਕਰਮ ਵਿਚ ਪਾਠਕਾਂ ਦਾ ਖ਼ੂਬ ਮਨੋਰੰਜਨ ਕੀਤਾ ਹੈ। ਦੂਜੀ ਗੱਲ ਇਹ ਹੈ ਕਿ ਜੇ ਤਸਵੀਰਾਂ ਛਪਣ ਨਾਲ ਕੌਮ ਦੀ ਇੱਜ਼ਤ ਆਬਰੂ ਦਾ ਨਿਰਾਦਰ ਹੁੰਦਾ ਹੈ ਤਾਂ ਫਿਰ ਉਹ ਸਿੱਖਾਂ ਦੇ ਅਜਾਇਬ ਘਰਾਂ ਨੂੰ ਵੀ ਬੰਦ ਕਰਾਉਣ ਦੀ ਮੁਹਿੰਮ ਕਿਉਂ ਨਹੀਂ ਚਲਾਉਂਦੇ ਜਿਥੇ ਵਕਤ ਦੀਆਂ ਸਰਕਾਰਾਂ ਦੇ ਜ਼ੁਲਮਾਂ ਨੂੰ ਦਰਸਾਉਂਦੀਆਂ ਤਸਵੀਰਾਂ ਤੇ ਪੇਂਟਿੰਗਾਂ ਲੱਗੀਆਂ ਹੋਈਆਂ ਹਨ? ਅਰਦਾਸ ਉਤੇ ਵੀ ਕਿਉਂ ਪਾਬੰਦੀ ਨਹੀਂ ਲਗਾ ਦੇਣਾ ਚਾਹੁੰਦੇ ਜਿਸ ਵਿਚ ਆਰਿਆਂ ਨਾਲ ਚੀਰਨ, ਦੇਗ਼ਾਂ ਵਿਚ ਉਬਲਣ, ਬੰਦ ਬੰਦ ਕਟਵਾਉਣ ਦੇ ਨਜ਼ਾਰੇ ਅਸੀਂ ਹਰ ਰੋਜ਼ ਇਕਾਗਰਚਿਤ ਹੋ ਕੇ ਆਪਣੀਆਂ ਅੱਖਾਂ ਸਾਹਮਣੇ ਲਿਆਉਂਦੇ ਹਾਂ। ਜੇ ਅਵਤਾਰ ਸਿੰਘ ਦੀਆਂ ਇਹੋ ਜਿਹੀਆਂ ਸਲਾਹਾਂ ਮੰਨ ਲਈਆਂ ਜਾਣ ਤਾਂ ਫਿਰ ਨਾਗਾਸਾਕੀ ਤੇ ਹੀਰੋਸ਼ੀਮਾ ਉਤੇ ਐਟਮ ਬੰਬ ਸੁੱਟੇ ਜਾਣ ਦੇ ਨਤੀਜੇ ਵਜੋਂ ਪਿਛੇ ਰਹਿ ਗਈਆਂ ਦਰਦਨਾਕ ਯਾਦਾਂ ਤੇ ਨਿਸ਼ਾਨੀਆਂ ਦਾ ਵੀ ਖ਼ਾਤਮਾ ਕਿਉਂ ਨਾ ਕਰ ਦਿੱਤਾ ਜਾਵੇ? ਭਲਾ ਜੇ ਚਮਕੌਰ ਦੀ ਗੜ੍ਹੀ ਦਾ ਢੱਠਿਆ ਕੋਈ ਹਿੱਸਾ ਅੱਜ ਸਾਡੇ ਕੋਲ ਜਿਉਂ ਦਾ ਤਿਉਂ ਹੁੰਦਾ ਤਾਂ ਅਵਤਾਰ ਸਿੰਘ ਦੀ ਸਲਾਹ ਮੁਤਾਬਕ ਉਸ ਨੂੰ ਸੰਭਾਲ ਕੇ ਰੱਖਣਾ ਸਾਡੇ ਲਈ ਨਿਰਾਦਰ ਵਾਲੀ ਗੱਲ ਹੋਣੀ ਸੀ। ਕੋਈ ਜਣਾ ਅਵਤਾਰ ਸਿੰਘ ਨੂੰ ਜਾ ਕੇ ਦੱਸੇ ਕਿ ਢੱਠੇ ਅਕਾਲ ਤਖ਼ਤ ਨੂੰ ਵਿਖਾ ਕੇ ਸਿੱਖਾਂ ਦਾ ਨਿਰਾਦਰ ਨਹੀਂ ਹੁੰਦਾ ਸਗੋਂ ਸਰਕਾਰ ਦੀ ਕਾਲੀ ਕਰਤੂਤ ਦਾ ਸਬੂਤ ਮਿਲਦਾ ਹੈ। ਨਵੀਆਂ ਪੀੜ੍ਹੀਆਂ ਨੂੰ ਇਸ ਵਹਿਸ਼ੀਪੁਣੇ ਦੀ ਲਗਾਤਾਰ ਯਾਦ ਕਰਾਉਣੀ ਚਾਹੀਦੀ ਹੈ। ਐਡਵਰਡ ਸੈਦ ਨੇ ਠੀਕ ਹੀ ਕਿਹਾ ਹੈ ਕਿ ਸਿਰਫ਼ ਯਾਦ ਰੱਖਿਆਂ ਹੀ ਕੌੜੀਆਂ ਯਾਦਾਂ ਤੋਂ ਸੁਰਖ਼ਰੂ ਹੋਇਆ ਜਾ ਸਕਦਾ ਹੈ। ਵੈਸੇ ਕਿਸ ਚੰਦਰੇ ਮੋੜ ਤੇ ਸਰਕਾਰ ਅਤੇ ਸ. ਅਵਤਾਰ ਸਿੰਘ ਦੀ ਆਪਸੀ ਗਲਵਕੜੀ ਦਾ ਨਜ਼ਾਰਾ ਸਾਨੂੰ ਵੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਸਰਕਾਰ ਦਾ ਵੀ ਪੁਰਜ਼ੋਰ ਯਤਨ ਹੈ ਕਿ ਦਰਬਾਰ ਸਾਹਿਬ ਦੇ ਦਰਦਨਾਕ ਸਾਕੇ ਨੂੰ ਭੁਲਾ ਦਿੱਤਾ ਜਾਵੇ ਅਤੇ ਸ. ਅਵਤਾਰ ਸਿੰਘ ਹੋਰ ਦੋ ਕਦਮ ਅੱਗੇ ਜਾ ਕੇ ਇਹ ਹੋਕਾ ਦੇ ਰਹੇ ਹਨ ਕਿ ਢੱਠੇ ਅਕਾਲ ਤਖ਼ਤ ਦੀਆਂ ਛਪੀਆਂ ਤਸਵੀਰਾਂ ਚੰਗੀਆਂ ਨਹੀਂ ਲੱਗਦੀਆਂ ਕਿਉਂਕਿ ਇਨ੍ਹਾਂ ਨੂੰ ਯਾਦ ਕਰਕੇ ਸਾਡਾ ਨਿਰਾਦਰ ਹੁੰਦਾ ਹੈ ਅਤੇ ਸਾਡੀ ਇੱਜ਼ਤ ਆਬਰੂ ਨੂੰ ਠੇਸ ਪਹੁੰਚਦੀ ਹੈ।

ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਤੱਥਾਂ ਦੀ ਗਹੁ ਨਾਲ ਪੜਤਾਲ ਕਰਨ ਵਿਚ ਸ. ਅਵਤਾਰ ਸਿੰਘ ਨਾ ਸੰਜੀਦਾ ਹਨ, ਨਾ ਹੀ ਇਮਾਨਦਾਰ ਤੇ ਨਾ ਹੀ ਇਸ ਸੰਬੰਧ ਵਿਚ ਕਰੜੀ ਮਿਹਨਤ ਕਰਨ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਹੈ। ਉਨ੍ਹਾਂ ਦੀ ਸ਼ਿਕਾਇਤ ਹੈ ਕਿ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਸਮੇਂ ਧੀਆਂ ਭੈਣਾਂ ਨੂੰ ਬਾਹਰ ਸੁਰੱਖਿਅਤ ਭੇਜਣ ਦੀ ਜ਼ਿੰਮੇਵਾਰੀ ਅਦਾ ਨਹੀਂ ਕੀਤੀ ਗਈ। ਇਸ ਕੁਤਾਹੀ ਲਈ ਉਨ੍ਹਾਂ ਦੇ ਹਮਲੇ ਦਾ ਸਿੱਧਾ ਇਸ਼ਾਰਾ ਸੰਤ ਜਰਨੈਲ ਸਿੰਘ ਉਤੇ ਹੈ। ਆਪ ਲਿਖਦੇ ਹਨ 'ਸਿਆਣੇ ਬੰਦੇ ਝਗੜੇ ਸਮੇਂ ਆਪਣੀਆਂ ਧੀਆਂ ਭੈਣਾਂ ਨੂੰ ਪਾਸੇ ਕਰ ਦਿੰਦੇ ਹਨ ਤਾਂ ਜੋ ਇਮਾਨੋ ਇੱਜ਼ਤ ਵਿਚ ਖਿਆਨਤ ਨਾ ਹੋਏ।'

ਕੀ ਸ. ਅਵਤਾਰ ਸਿੰਘ ਨੂੰ ਪਤਾ ਹੈ ਕਿ ਫ਼ੌਜ ਪੰਚਮ ਪਾਤਸ਼ਾਹ ਦੇ ਸ਼ਹੀਦੀ ਦਿਵਸ ਤੇ ਦਰਬਾਰ ਸਾਹਿਬ ਵਿਚ ਦਾਖ਼ਲ ਹੋਈ? ਕੀ ਫ਼ੌਜ ਨੇ ਸ਼ਰਧਾਲੂਆਂ ਨੂੰ ਬਾਹਰ ਨਿਕਲਣ ਵਾਸਤੇ ਕੋਈ ਮੌਕਾ ਦਿੱਤਾ ਸੀ? ਉਹ ਮੌਕਾ ਦਿੱਤਾ ਹੀ ਨਹੀਂ ਗਿਆ, ਸਿਰਫ਼ ਮੌਕਾ ਦਿੱਤੇ ਜਾਣ ਦਾ ਝੂਠਾ ਪ੍ਰਾਪੇਗੰਡਾ ਜ਼ਰੂਰ ਕੀਤਾ ਗਿਆ ਜਿਸ ਨੂੰ ਸ. ਅਵਤਾਰ ਸਿੰਘ ਨੇ ਬੜੀ ਖੁਸ਼ੀ ਖੁਸ਼ੀ ਮੰਨ ਲਿਆ ਹੈ। ਸਵਾਲ ਹੈ ਕਿ ਜੇ ਇਹ ਮੌਕਾ ਦਿੱਤਾ ਵੀ ਗਿਆ ਤਾਂ ਕੀ ਸੰਤ ਜਰਨੈਲ ਸਿੰਘ ਨੇ ਧੀਆਂ ਭੈਣਾਂ ਦੇ ਬਾਹਰ ਜਾਣ ਵਿਚ ਕੋਈ ਰੁਕਾਵਟ ਪਾਈ?

ਉਹ ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਛੱਡਣ ਪਿੱਛੋਂ ਦਸਮ ਪਾਤਸ਼ਾਹ ਨੇ ਆਪਣੇ ਮਹਿਲਾਂ ਨੂੰ ਦਿੱਲੀ ਵਲ ਮਹਿਫੂਜ਼ ਭੇਜ ਦਿੱਤਾ ਸੀ। ਇਥੇ ਵੀ ਉਹ ਤੱਥਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਜੇ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਅਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਦਸਮ ਪਿਤਾ ਨੇ ਆਪਣੇ ਮਹਿਲਾਂ ਨੂੰ ਦਿੱਲੀ ਭੇਜ ਦਿੱਤਾ ਸੀ ਤਾਂ ਫਿਰ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਵੀ ਉਨ੍ਹਾਂ ਦੇ ਨਾਲ ਹੀ ਜਾਣੇ ਚਾਹੀਦੇ ਸਨ। ਸਾਫ਼ ਜ਼ਾਹਿਰ ਹੈ ਕਿ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਪਿਛੋਂ ਦਸਮ ਪਿਤਾ ਦਾ ਸਾਰਾ ਪਰਿਵਾਰ ਵੀ ਉਨ੍ਹਾਂ ਦੇ ਨਾਲ ਹੀ ਸੀ ਅਤੇ ਇਹ ਪਰਿਵਾਰ ਵਿਛੋੜਾ ਸਰਸਾ ਨਦੀ ਤੇ ਹੀ ਹੋਇਆ। 'ਮਹਿਫੂਜ਼' ਭੇਜਣ ਦੀ ਦਲੀਲ ਨੂੰ ਅੱਗੇ ਵਧਾਉਂਦਿਆਂ ਉਹ ਲਿਖਦੇ ਹਨ ਕਿ 'ਫੇਰ ਦਿੱਲੀ ਤੋਂ ਦੱਖਣ ਵੱਲ ਜਾਂਦੇ ਹੋਏ ਵੀ (ਦਸਮ ਪਿਤਾ) ਮਹਿਲਾਂ ਨੂੰ ਨਾਲ ਨਹੀਂ ਸਨ ਲੈ ਕੇ ਗਏ'। ਇਥੇ ਵੀ ਸ. ਅਵਤਾਰ ਸਿੰਘ ਤੱਥਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਮਹਾਨ ਕੋਸ਼ ਸਾਨੂੰ ਇਹ ਤੱਥ ਪ੍ਰਦਾਨ ਕਰਦਾ ਹੈ ਕਿ ਮਾਤਾ ਸਾਹਿਬ ਕੌਰ ਅਬਚਲਨਗਰ (ਹਜ਼ੂਰ ਸਾਹਿਬ) ਵਿਖੇ ਬਾਕਾਇਦਾ ਗੁਰੂ ਸਾਹਿਬ ਦੇ ਨਾਲ ਸਨ ਅਤੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਨੇ ਮਾਤਾ ਜੀ ਨੂੰ ਦਿੱਲੀ ਭੇਜ ਦਿੱਤਾ ਅਤੇ ਨਾਲ ਹੀ ਛੇਵੇਂ ਪਾਤਸ਼ਾਹ ਦੇ ਪੰਜ ਸ਼ਸਤਰ ਸਨਮਾਨ ਨਾਲ ਰੱਖਣ ਲਈ ਸਪੁਰਦ ਕੀਤੇ ਜੋ ਹੁਣ ਗੁਰਦੁਆਰਾ ਸਾਹਿਬ ਰਕਾਬਗੰਜ ਵਿਚ ਮੌਜੂਦ ਹਨ। ਹਰਿੰਦਰ ਸਿੰਘ ਮਹਿਬੂਬ 'ਸਹਿਜੇ ਰਚਿਓ ਖ਼ਾਲਸਾ' ਵਿਚ ਵੀ ਇਸੇ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਦੱਖਣ ਜਾਣ ਤੋਂ ਪਹਿਲਾਂ ਸਾਹਿਬ ਕੌਰ ਜੀ ਨੇ ਉਨ੍ਹਾਂ (ਦਸਮੇਸ਼ ਪਿਤਾ) ਦੇ ਨਾਲ ਚੱਲਣ ਲਈ ਵਾਸਤਾ ਪਾਇਆ ਅਤੇ ਦਸਮੇਸ਼ ਜੀ ਨੇ ਇਸ ਅਰਜ਼ ਨੂੰ ਮਨਜ਼ੂਰ ਕਰ ਲਿਆ। ਸਾਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਸ. ਅਵਤਾਰ ਸਿੰਘ ਆਪਣੇ ਤੱਥਾਂ ਦਾ ਸੋਮਾ ਕਿਥੋਂ ਹਾਸਲ ਕਰਦੇ ਹਨ?

ਉਹ ਇਕ ਹੋਰ ਥਾਂ ਲਿਖਦੇ ਹਨ ਕਿ ਛੇਵੇਂ ਪਾਤਸ਼ਾਹ ਨੇ ਹਕੂਮਤ ਨਾਲ ਟੱਕਰ ਤਾਂ ਲਈ 'ਪਰ ਅਕਾਲ ਤਖ਼ਤ ਸਾਹਿਬ ਨੂੰ ਜੰਗ ਦਾ ਅਖਾੜਾ ਬਣਨ ਤੋਂ ਬਚਾਉਣ ਦੇ ਇਰਾਦੇ ਨਾਲ ਛੱਡ ਕੇ ਰਵਾਨਾ ਹੋ ਗਏ ਸਨ'। ਇਹ ਜਾਗਦਾ ਹੋਇਆ ਵਿਅਕਤੀ ਅਸਿੱਧੇ ਤੌਰ 'ਤੇ ਸੰਤ ਜਰਨੈਲ ਸਿੰਘ ਉਤੇ ਹਮਲਾ ਕਰਦਿਆਂ ਸਰਕਾਰੀ ਪੁਜ਼ੀਸ਼ਨ ਨੂੰ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ ਜਿਵੇਂ ਸ਼ਾਹ ਜਹਾਨ ਦੀਆਂ ਫ਼ੌਜਾਂ ਅਕਾਲ ਤਖ਼ਤ ਵੱਲ ਵਧ ਰਹੀਆਂ ਸਨ ਤੇ ਗੁਰੂ ਸਾਹਿਬ ਅਕਾਲ ਤਖ਼ਤ ਨੂੰ ਜੰਗ ਦਾ ਅਖਾੜਾ ਨਹੀਂ ਸਨ ਬਣਾਉਣਾ ਚਾਹੁੰਦੇ, ਇਸ ਲਈ ਉਹ ਅਕਾਲ ਤਖ਼ਤ ਨੂੰ ਬਚਾਉਣ ਲਈ ਅਕਾਲ ਤਖ਼ਤ ਤੋਂ ਰਵਾਨਾ ਹੋ ਗਏ। ਪਰ ਤੱਥ ਇਸ ਦੇ ਉਲਟ ਹਨ। ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਤੇ ਮਹਾਨਕੋਸ਼ ਸਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਨਹੀਂ ਦਿੰਦੇ। ਛੇਵੇਂ ਪਾਤਸ਼ਾਹ ਦੀਆਂ ਜੰਗਾਂ ਵਿਚੋਂ ਕੇਵਲ ਇਕ ਜੰਗ ਅੰਮ੍ਰਿਤਸਰ ਵਿਚ ਹੋਈ ਜਦੋਂ ਉਹ ਬੀਬੀ ਵੀਰੋ ਦੇ ਵਿਆਹ ਮੌਕੇ ਬਾਰਾਤ ਦੀ ਉਡੀਕ ਕਰ ਰਹੇ ਸਨ, ਬਾਕੀ ਸਾਰੀਆਂ ਜੰਗਾਂ ਅੰਮ੍ਰਿਤਸਰ ਤੋਂ ਕਿਤੇ ਦੂਰੀ 'ਤੇ ਹੋਈਆਂ ਅਤੇ ਉਨ੍ਹਾਂ ਜੰਗਾਂ ਦਾ ਅਕਾਲ ਤਖ਼ਤ ਦੇ ਛੱਡਣ ਨਾਲ ਕੋਈ ਸੰਬੰਧ ਨਹੀਂ ਜੁੜਦਾ।

ਸ. ਅਵਤਾਰ ਸਿੰਘ ਦਾ ਗੁੱਸਾ ਉਨ੍ਹਾਂ ਦੀ ਕਮਜ਼ੋਰੀ ਬਣਦਾ ਜਾ ਰਿਹਾ ਹੈ। ਇਤਿਹਾਸਕ ਵਰਤਾਰਿਆਂ ਬਾਰੇ ਕੋਈ ਟਿੱਪਣੀ ਕਰਨ ਲੱਗਿਆਂ ਉਹ ਕੋਈ ਅੱਗਾ ਪਿੱਛਾ ਨਹੀਂ ਦੇਖਦੇ, ਤੱਥਾਂ ਨਾਲ ਵੈਰ ਕਮਾਉਂਦੇ ਹਨ ਤੇ ਲੋੜ ਪੈਣ ਉਤੇ ਦਾਨਿਸ਼ਵਰ ਬਿਰਤੀ ਨੂੰ ਲੋਰੀਆਂ ਦੇ ਕੇ ਸੁਲਾ ਦੇਂਦੇ ਹਨ ਅਤੇ ਫਿਰ ਐਲਾਨ ਕਰਦੇ ਹਨ ਕਿ ਕਿਸੇ ਇਕ ਪੱਤਰਕਾਰ ਦੇ ਬਿਆਨ ਉਤੇ ਹੀ ਜੁਝਾਰੂ ਲਹਿਰ ਨੇ ਵੋਟਾਂ ਦਾ ਬਾਈਕਾਟ ਕਰ ਦਿੱਤਾ ਅਤੇ ਕੌਮ ਨੂੰ 'ਬਲਦੀ ਦੇ ਬੁਥੇ' ਦੇ ਦਿੱਤਾ। ਭਲਾ ਇੰਨੀ ਵੱਡੀ ਲਹਿਰ ਜਿਸ ਨੇ ਦੱਖਣੀ ਏਸ਼ੀਆ ਦੇ ਖਿੱਤੇ ਵਿਚ ਇਕ ਵੱਡੀ ਹਿਲਜੁਲ ਪੈਦਾ ਕਰ ਦਿੱਤੀ ਸੀ, ਉਹ ਲਹਿਰ ਇਕ ਗਲਤ ਕਿਸਮ ਦੇ ਅਖ਼ਬਾਰੀ ਬਿਆਨ ਦੀ ਹੀ ਮੁਥਾਜ ਹੋ ਕੇ ਰਹਿ ਗਈ ਸੀ? ਫਿਰ ਅਗਲਾ ਸਵਾਲ ਇਹ ਹੈ ਕਿ ਇਹੋ ਜਿਹੀ ਲਹਿਰ ਦੇ ਆਗੂਆਂ ਨੂੰ ਇਕ ਤਰਦੀਦ ਨਾਲ ਹੀ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ ਵਿਚ ਭਲਾ ਕੀ ਰੁਕਾਵਟ ਸੀ? ਫਿਰ ਇਸ ਗੱਲ ਦਾ ਕੀ ਸਬੂਤ ਹੈ ਕਿ ਉਹ ਬਿਆਨ ਕਿਸੇ ਪੱਤਰਕਾਰ ਨੇ ਆਪਣੇ ਕੋਲੋਂ ਘੜ ਕੇ ਹੀ ਦੇ ਦਿੱਤਾ? ਸਾਫ਼ ਜ਼ਾਹਿਰ ਹੈ ਕਿ ਇਹੋ ਜਿਹੀਆਂ ਮਨਘੜਤ ਟਿੱਪਣੀਆਂ ਕਰਕੇ ਸ. ਅਵਤਾਰ ਸਿੰਘ ਜੁਝਾਰੂ ਲਹਿਰ ਦੇ ਪ੍ਰੋਗਰਾਮ, ਉਨ੍ਹਾਂ ਦੀਆਂ ਨੀਤੀਆਂ ਤੇ ਰਣਨੀਤੀਆਂ ਦਾ ਨਿਰਾਦਰ ਤਾਂ ਕਰ ਹੀ ਰਹੇ ਹਨ, ਨਾਲ ਹੀ ਇਤਿਹਾਸਕ ਲਹਿਰਾਂ ਬਾਰੇ ਆਪਣੀ ਸਮਝ ਤੇ ਸਿਆਣਪ ਦਾ ਦੀਵਾਲਾ ਵੀ ਕੱਢ ਰਹੇ ਹਨ। ਕੀ ਇਖ਼ਲਾਕ ਦੀ ਅਦਾਲਤ ਵਿਚ ਉਨ੍ਹਾਂ ਕੋਲ ਇਨ੍ਹਾਂ ਸਵਾਲਾਂ ਦੇ ਢੁੱਕਵੇਂ ਜਵਾਬ ਹਨ? ਵੈਸੇ ਇਕ ਦਿਲਚਸਪ ਗੱਲ ਇਹ ਹੈ ਕਿ ਜੇ ਜੁਝਾਰੂ ਬਾਈਕਾਟ ਨਾ ਕਰਦੇ ਤਾਂ ਇਸ ਬੁੱਧੀਜੀਵੀ ਨੇ ਇਹ ਮੇਹਣਾ ਦੇਣ ਵਿਚ ਦੇਰ ਨਹੀਂ ਸੀ ਲਾਉਣੀ ਕਿ ਦੇਖੋ, ਇਹ ਕਿਹੋ ਜਿਹੇ ਖ਼ਾਲਸਤਾਨੀ ਹਨ ਜਿਹੜੇ ਭਾਰਤੀ ਸੰਵਿਧਾਨ ਦੇ ਅਧੀਨ ਰਹਿ ਕੇ ਹੁਣ ਚੋਣਾਂ ਦੇ ਚਿੱਕੜ ਵਿਚ ਫਸ ਗਏ ਹਨ। ਅਵਤਾਰ ਸਿੰਘ ਦੀ ਦੋ-ਧਾਰੀ ਦਾਤਰੀ ਦਾ ਮੁਕਾਬਲਾ ਕਰਨਾ ਕਾਫ਼ੀ ਮੁਸ਼ਕਿਲ ਹੈ।

ਸ. ਅਵਤਾਰ ਸਿੰਘ ਨੂੰ ਲਗਦਾ ਹੈ ਕਿ 'ਕਈ ਲੋਕ ਨੌਜਵਾਨਾਂ ਦੀ ਹਠੀਲੀ, ਉਤੇਜਿਤ ਅਤੇ ਭਾਵਕ ਮਨੋਦਸ਼ਾ ਨੂੰ ਭੜਕਾ ਕੇ ਉਨ੍ਹਾਂ ਦੇ ਸਿਰਾਂ ਤੇ ਦਸਤਾਰ ਦੀ ਥਾਂ ਕਫ਼ਨ ਬੰਨ ਬੰਨ ਮੌਤ ਦੇ ਬੁੱਥੇ ਤਕ ਝੋਕ ਦੇਣ ਦੀ ਤਮੰਨਾ ਲੈ ਕੇ ਆਪਣੀਆਂ ਗਤੀਵਿਧੀਆਂ ਉਲੀਕਦੇ ਹਨ ਅਤੇ ਬਾਹਰਲੇ ਮੁਲਕਾਂ ਵਿਚ ਇਸ ਸੂਰਮਗਤੀ ਦੀ ਇਸ਼ਤਿਹਾਰਬਾਜ਼ੀ ਕਰਦੇ ਹਨ। ਸ. ਅਵਤਾਰ ਸਿੰਘ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਨ੍ਹਾਂ 'ਕਈ ਲੋਕਾਂ' ਦੀ ਅਗਵਾਈ ਸੰਤ ਜਰਨੈਲ ਸਿੰਘ ਹੀ ਕਰ ਰਹੇ ਸਨ ਜਿਨ੍ਹਾਂ ਨੇ ਅਕਾਲ ਤਖ਼ਤ 'ਤੇ ਮਰਜੀਵੜਿਆਂ ਨੂੰ ਅਕਾਲ ਤਖ਼ਤ ਦੀ ਰਾਖੀ ਕਰਨ ਲਈ ਸਹੁੰਆਂ ਖਵਾਈਆਂ ਸਨ। ਜੇ ਮੈਂ ਭੁੱਲਦਾ ਨਹੀਂ ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਉਨ੍ਹਾਂ ਦੇ ਨਾਲ ਹੀ ਸਨ। ਸ. ਅਵਤਾਰ ਸਿੰਘ ਨੂੰ ਇਹ ਦੱਸਣਾ ਪੈਣਾ ਹੈ ਕਿ ਉਨ੍ਹਾਂ ਨੇ ਸਿਰਾਂ ਤੋਂ ਦਸਤਾਰਾਂ ਨਹੀਂ ਸਨ ਲੁਹਾਈਆਂ ਜਿਵੇਂ ਕਿ ਉਹ ਅਪਮਾਨ ਭਰੀ ਸ਼ਬਦਾਵਲੀ ਵਰਤ ਕੇ ਟਿੱਪਣੀ ਕਰਦੇ ਹਨ, ਸਗੋਂ ਦਸਤਾਰਾਂ ਉਤੇ ਕਫ਼ਨ ਬੰਨ੍ਹੇ ਸਨ। ਉਨ੍ਹਾਂ ਵਿਚੋਂ ਕਈਆਂ ਨੇ ਸ਼ਹਾਦਤਾਂ ਦੇ ਜਾਮ ਪੀਤੇ। ਜੇ ਅੱਜ ਸਾਡੇ ਵਰਗੇ ਪੱਤਰਕਾਰਾਂ ਦੀਆਂ ਲਿਖ਼ਤਾਂ ਉਨ੍ਹਾਂ ਦੀ ਮਹਿਮਾ ਕਰਦੀਆਂ ਹਨ ਤਾਂ ਅਵਤਾਰ ਸਿੰਘ ਇਸ ਨੂੰ ਉਤੇਜਨਾ ਜਾਂ ਭੜਕਾਉਣ ਵਾਲੀ ਕਾਰਵਾਈ ਜਾਂ ਇਸ਼ਤਿਹਾਰਬਾਜ਼ੀ ਦਾ ਨਾਂ ਦਿੰਦੇ ਹਨ। ਉਹ ਆਪ ਹੀ ਦੱਸਣ ਕਿ ਸਾਡੀ ਕਿਹੜੀ ਲਿਖ਼ਤ ਨੇ ਸੰਜਮ ਤੋਂ ਬਾਹਰ ਜਾ ਕੇ ਉਤੇਜਨਾ ਪੈਦਾ ਕੀਤੀ ਹੈ? ਸ. ਅਵਤਾਰ ਸਿੰਘ ਕਹਿ ਰਹੇ ਹਨ ਕਿ ਅਕਾਲ ਤਖ਼ਤ ਦੇ ਢਹਿਣ ਉਤੇ ਉਹ 'ਅਸਹਿ ਤੇ ਅਕਹਿ ਪੀੜ੍ਹਾ ਦੇ ਰੁਦਨ' ਵਿਚੋਂ ਗੁਜ਼ਰੇ ਸਨ, ਪਰ ਇਸ ਪੀੜ ਨੂੰ ਪੇਸ਼ ਕਰਨ ਲਈ ਉਨ੍ਹਾਂ ਕਿੰਨੀਆਂ ਕੁ ਲਿਖਤਾਂ ਕੌਮ ਨੂੰ ਭੇਟਾ ਕੀਤੀਆਂ ਹਨ ਜਾਂ ਕਿਸੇ ਅਜਿਹੀ ਕਿਤਾਬ ਦੀ ਸਿਰਜਣਾ ਕੀਤੀ?

ਕਿਸੇ ਵੀ ਲੇਖਕ ਦਾ ਇਹ ਪਰਮ ਧਰਮ ਹੁੰਦਾ ਹੈ ਕਿ ਉਹ ਆਪਣੀ ਪੀੜ ਨੂੰ ਸ਼ਬਦਾਂ ਵਿਚ ਪ੍ਰਗਟ ਕਰੇ ਪਰ ਜੇ ਉਹ ਲੇਖਕ 1984 ਦੇ ਦਰਦਨਾਕ ਸਾਕੇ ਤੋਂ ਲੈ ਕੇ 2010 ਤੱਕ ਲੁਕਿਆ ਛਿਪਿਆ ਹੀ ਰਹਿੰਦਾ ਹੈ ਅਤੇ ਹੋਰ ਹੋਰ ਕਿਸਮ ਦੀਆਂ ਕਹਾਣੀਆਂ ਵਗੈਰਾ ਲਿਖ ਕੇ ਹੀ ਆਪਣਾ ਮਨ ਪਰਚਾਉਂਦਾ ਹੈ ਤਾਂ ਉਸ ਲੇਖਕ ਬਾਰੇ ਘੱਟੋ ਘੱਟ ਇਹ ਤਾਂ ਕਿਹਾ ਹੀ ਜਾਵੇਗਾ ਕਿ ਉਸ ਦੀ 'ਅਕਹਿ ਪੀੜ' ਵਿਚ ਹੋਰ ਪੀੜਾਂ ਭਾਵੇਂ ਕਿੰਨੀਆਂ ਹੀ ਹੋਣ ਪਰ ਦਰਬਾਰ ਸਾਹਿਬ ਦੇ ਦਰਦਨਾਕ ਸਾਕੇ ਦੀ ਪੀੜ੍ਹ ਉਸ ਦੀ ਅਕਹਿ ਪੀੜ ਵਿਚੋਂ ਪੂਰੀ ਤਰ੍ਹਾਂ ਗੈਰ-ਹਾਜ਼ਰ ਹੈ। ਉਹ ਸਾਡੀ ਪੀੜ ਨੂੰ ਤਾਂ ਕਿੰਨੀ ਮੌਜ ਨਾਲ ਕਿਸੇ ਪੱਤਰਕਾਰ ਦੀ ਉਤੇਜਨਾ ਕਹਿੰਦਾ ਹੈ ਤੇ ਆਪਣੀ ਪੀੜ ਨੂੰ ਸਲਾਹੁੰਦਾ ਹੈ, ਜਿਸ ਪੀੜ ਦੇ 'ਸ਼ਬਦੀ ਦਰਸ਼ਨਾਂ' ਲਈ ਅਸੀਂ ਅਜੇ ਵੀ ਤਰਸ ਰਹੇ ਹਾਂ। ਉਂਝ ਨਸੀਹਤਾਂ, ਉਪਦੇਸ਼ ਤੇ ਪ੍ਰਵਚਨ ਦੇਣ ਵਿਚ ਕਿਸੇ 'ਸਾਜ਼ਗਾਰ ਸਮੇਂ' ਦੀ ਭਾਲ ਕਰਨ ਦੀ ਜਾਚ ਵੀ ਉਨ੍ਹਾਂ ਕੋਲੋਂ ਹੀ ਸਿਖੀ ਜਾਣੀ ਚਾਹੀਦੀ ਹੈ।

ਕੌਣ ਕਹਿ ਸਕਦਾ ਹੈ ਕਿ ਜਿਸ ਨੂੰ ਸ. ਅਵਤਾਰ ਸਿੰਘ ਜੀ ਜਗਣਾ ਕਹਿੰਦੇ ਹਨ, ਉਹ ਜਗਣਾ ਦੀਵੇ ਥੱਲੇ ਹਨੇਰੇ ਵਾਲਾ ਜਗਣਾ ਹੀ ਹੋਵੇ ਜਾਂ ਉਹ ਵਿਅਕਤੀ ਜਿਹੜਾ ਦੀਵਾ ਫੜ ਕੇ ਜਗਾਉਣ ਲਈ ਤੁਰਿਆ ਹੈ, ਸ਼ਾਇਦ ਕੀ ਪਤਾ ਉਹ 'ਅੰਨ੍ਹੇ ਖੂਹ' ਵੱਲ ਹੀ ਜਾ ਰਿਹਾ ਹੋਵੇ। ਜਾਗਣ ਦੀ ਇਸ ਬਿਰਤੀ ਨੂੰ ਭਗਤ ਕਬੀਰ ਜੀ ਨੇ 'ਕਾਹੇ ਕੀ ਕੁਸਲਾਤ' ਕਿਹਾ ਹੈ। ਵੈਸੇ ਚੰਗੀ ਗੱਲ ਹੈ ਉਨ੍ਹਾਂ ਸਾਨੂੰ ਹਨੇਰੇ ਵਿਚ ਰੱਖਿਆ ਹੈ ਕਿਉਂਕਿ ਇਸ ਹਨੇਰੇ ਵਿਚ ਰਹਿ ਕੇ ਅਸੀਂ ਕਿਸੇ ਚਾਨਣ ਵਲ ਜਾਣ ਦੀ ਜਗਿਆਸਾ ਤਾਂ ਰਖਦੇ ਹੀ ਹਾਂ, ਪਰ ਉਨ੍ਹਾਂ ਦੇ ਚਾਨਣ ਵਾਲੇ ਪਾਸੇ ਨਹੀਂ। ਇਸ ਲਈ ਉਨ੍ਹਾਂ ਦੇ ਜਾਗਣ ਉਤੇ ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ?

#

# ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ-ਭਾਗ ਦੂਜਾ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਬਹਿਸ ਜਾਰੀ ਹੈ। ਇਸੇ ਬਹਿਸ ਦੇ ਸਿਲਸਿਲੇ ਵਿਚ ਉਘੇ ਚਿੰਤਕ ਕਰਮ ਬਰਸਟ ਦੇ ਦੋ ਲੇਖ ਅਸੀਂ ਪਹਿਲਾਂ ਛਾਪ ਚੁਕੇ ਹਾਂ। ਪੇਸ਼ ਹੈ ਉਨ੍ਹਾਂ ਲੇਖਾਂ ਦੀ ਨਿਰੰਤਰਤਾ ਵਿਚ ਉਨ੍ਹਾਂ ਦਾ ਇਕ ਹੋਰ ਲੇਖ। ਇਸ ਲੇਖ ਵਿਚਲੇ ਵਿਚਾਰਾਂ ਨਾਲ ਅਦਾਰਾ 'ਪੰਜਾਬ ਟਾਈਮਜ਼' ਦਾ ਸਹਿਮਤ ਜਾਂ ਅਸਿਹਮਤ ਹੋਣਾ ਜ਼ਰੂਰੀ ਨਹੀਂ ਹੈ। ਸਾਡਾ ਮਕਸਦ ਸਾਰਥਕ ਵਿਚਾਰ ਚਰਚਾ ਲਈ ਇਕ ਮੰਚ ਮੁਹੱਈਆ ਕਰਨਾ ਹੈ। ਇਸ ਦੀ ਪ੍ਰਤੀਕਿਰਿਆ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿਤੀ ਜਾਏਗੀ। -ਸੰਪਾਦਕ***

**ਕਰਮ ਬਰਸਟ**

'ਪੰਜਾਬ ਟਾਈਮਜ਼' ਵਿਚ ਮੇਰਾ ਲੇਖ "ਭਾਰਤ ਵਿਚ ਕੌਮੀ ਸਵਾਲ ਅਤੇ ਸਿੱਖ ਮਸਲੇ" ਅਤੇ ਫੇਰ ਅਜਮੇਰ ਸਿੰਘ ਦੀ ਕਿਤਾਬ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਅਤੇ ਬਾਕੀ ਕਿਤਾਬਾਂ ਉਪਰ ਚੱਲ ਰਹੀ ਚਰਚਾ ਦੇ ਹਿੱਸੇ ਵਜੋਂ "ਇਕੀਵੀਂ ਸਦੀ ਵਿਚ "ਸਿੱਖ ਸਟੇਟ' ਦਾ ਸੁਪਨਾ" ਦਾ ਪਹਿਲਾ ਭਾਗ ਅਤੇ ਨਾਲ ਹੀ ਡਾ. ਹਰਪਾਲ ਸਿੰਘ ਪੰਨੂੰ ਵਰਗੇ ਵਿਦਵਾਨ ਸਿੱਖ ਲੇਖਕ ਦਾ ਪ੍ਰਤੀਕਰਮ ਛਪ ਜਾਣ ਨਾਲ ਮੈਂ ਆਪਣੀ ਅਗਲੀ ਟਿੱਪਣੀ ਖ਼ਤਮ ਕਰਨ ਦਾ ਫੈਸਲਾ ਕਰ ਲਿਆ ਸੀ, ਲੇਕਿਨ ਫੇਰ ਪਤਾ ਲੱਗਿਆ ਕਿ ਕਰਮਜੀਤ ਭਾਅ ਜੀ ਹੁਣ ਤੱਕ ਦੀਆਂ ਸਾਰੀਆਂ ਟਿੱਪਣੀਆਂ ਉਪਰ ਬੜੀ ਮਿਹਨਤ ਨਾਲ ਲੰਮਾ ਲੇਖ ਲਿਖ ਰਹੇ ਹਨ। ਇਸੇ ਦੌਰਾਨ ਮੈਂ ਆਪਣੀ ਸੁਰਤ ਚਲੰਤ ਰਾਜਸੀ ਮਸਲਿਆਂ ਵੱਲ ਲਗਾ ਲਈ ਅਤੇ ਨਾਲ ਹੀ ਭਾਅ ਜੀ ਕਰਮਜੀਤ ਦੇ ਪ੍ਰਤੀਕਰਮ ਦੀ ਬੇਸਬਰੀ ਨਾਲ ਉਡੀਕ ਕਰਨ ਲੱਗ ਗਿਆ। ਸ਼ਬਦਾਂ ਦੀ ਜਾਦੂਗਰੀ, ਕੁਝ ਅੰਗਰੇਜ਼ੀ ਲੇਖਕਾਂ ਦੇ ਨਾਂਵਾਂ ਅਤੇ ਗੁਰਬਾਣੀ ਦੇ ਕੁਝ ਸ਼ਬਦਾਂ ਦੀ ਬਾਰੰਬਾਰ ਦੁਹਰਾਈ ਉਨ੍ਹਾਂ ਦੀ ਲਿਖਣ ਸ਼ੈਲੀ ਦਾ ਮੀਰੀ ਗੁਣ ਹੈ। ਇਸ ਲਈ ਭਾਅ ਜੀ ਕਰਮਜੀਤ ਕੋਲੋਂ ਬੌਧਿਕਤਾ ਦੀ ਕਿਸੇ ਵੱਡੀ ਬੁਲੰਦੀ ਦੀ ਆਸ ਨਹੀਂ ਸੀ। ਇਸੇ ਲਈ ਹੀ ਉਨ੍ਹਾਂ ਨੇ ਵਿਵਾਦ ਅਧੀਨ ਕਿਸੇ ਵੀ ਮੁੱਦੇ ਦਾ ਜਵਾਬ ਦੇਣ ਦੀ ਬਜਾਏ ਸਾਨੂੰ ਸਾਰਿਆਂ ਨੂੰ ਅਜਮੇਰ ਸਿੰਘ ਦੇ "ਜਮਾਂਦਰੂ" ਵਿਰੋਧੀ ਸਮਝ ਕੇ 'ਅਗਨ ਬਾਣ' ਦਾਗਣੇ ਸ਼ੁਰੂ ਕਰ ਦਿੱਤੇ।

ਲੱਗਦਾ ਹੈ ਕਿ ਉਨ੍ਹਾਂ ਦੀ ਮੌਲਿਕ ਉਡਾਰੀ ਨੂੰ ਜੂੜ ਲੱਗ ਗਿਆ ਹੈ ਅਤੇ ਹੁਣ ਉਹ ਸ਼ਬਦਾਂ ਦੀ ਦੁਹਰਾਈ ਕਰਨ ਜੋਗੇ ਰਹਿ ਗਏ ਹਨ। ਜੇਕਰ ਉਨ੍ਹਾਂ ਨੇ ਡਾ. ਪਰੇਮ ਸਿੰਘ, ਡਾ. ਬਲਕਾਰ ਸਿੰਘ, ਡਾ. ਹਰਪਾਲ ਸਿੰਘ ਪੰਨੂੰ, ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ ਵਰਗੇ ਵਿਦਵਾਨਾਂ ਅਤੇ ਮੇਰੇ ਵਰਗੇ ਸਾਧਾਰਨ ਪਾਠਕ ਵੱਲੋਂ ਉਠਾਏ ਇਕ ਵੀ ਨੁਕਤੇ ਦਾ ਜਵਾਬ ਦੇ ਦਿੱਤਾ ਹੁੰਦਾ ਤਾਂ ਇਹ ਬਹਿਸ ਮੁੱਕ ਜਾਣੀ ਸੀ। ਲੇਕਿਨ ਉਹ ਤਾਂ 'ਮੁਦੱਈ ਨਾਲੋਂ ਗਵਾਹ ਚੁਸਤ' ਦੀ ਭੂਮਿਕਾ ਤੱਕ ਸੁੰਗੜ ਕੇ ਰਹਿ ਗਏ ਹਨ। ਹੁਣ ਸ਼ੰਕਾ ਹੀ ਨਹੀਂ, ਯਕੀਨ ਵੀ ਹੋ ਗਿਆ ਹੈ ਕਿ ਉਹ 'ਇਲਾਹੀ ਨਦਰਿ' ਦੇ ਪੈਂਡੇ ਤੱਕ ਤਾਂ ਕਦੇ ਅਪੜੇ ਹੀ ਨਹੀਂ ਅਤੇ ਫਿਰ ਬਹਿਸ ਦੇ ਸੁੱਚੇ ਮੰਡਲਾਂ ਤੱਕ ਉਡਾਰੀ ਕੀਹਨੇ ਮਾਰਨੀ ਸੀ? ਭਾਅ ਜੀ ਕਰਮਜੀਤ ਮੇਰੇ ਵੱਡੇ ਵੀਰਾਂ ਦੇ ਸਮਾਨ ਹਨ ਅਤੇ ਉਨ੍ਹਾਂ ਨਾਲ ਮੇਰਾ ਦਹਾਕਿਆਂ ਤੋਂ ਦਿਲੀ ਮੋਹ ਬਣਿਆ ਆ ਰਿਹਾ ਹੈ। ਆਸ ਕਰਦਾ ਹਾਂ ਕਿ ਉਹ ਕਿਸੇ ਅਣਭੋਲ ਗੁਸਤਾਖੀ ਦਾ ਬੁਰਾ ਨਹੀਂ ਮਨਾਉਣਗੇ।

ਵੀਰ ਅਵਤਾਰ ਸਿੰਘ ਫਗਵਾੜਾ ਨੇ ਬੜੀ ਮਿਹਨਤ ਨਾਲ ਪੱਤਰਕਾਰੀ ਦੇ ਬੁਰਕੇ ਵਿਚ ਛੁਪੇ ਬਹੁਤ ਸਾਰੇ ਅਖੌਤੀ ਪੰਥ ਦਰਦੀਆਂ ਨੂੰ ਬੇਨਕਾਬ ਕੀਤਾ ਹੈ। ਵਿਚਾਰਾ ਡਾ. ਸੋਹਣ ਸਿੰਘ ਤਾਂ ਅੱਜ ਤੱਕ ਵੀ ਝੂਰ ਰਿਹਾ ਹੈ ਕਿ ਕਿਸੇ "ਬਾਜ਼ ਨਿਗ੍ਹਾ" ਵਾਲੇ ਪੱਤਰਕਾਰ ਨੇ ਉਸ ਦੀ ਅਗਵਾਈ ਹੇਠਲੀ ਪੰਥਕ ਕਮੇਟੀ ਦੇ ਨਾਂ ਹੇਠਾਂ ਚੋਣਾਂ ਦੇ ਬਾਈਕਾਟ ਦਾ ਬਿਆਨ ਘੜ ਕੇ ਅਤੇ ਪ੍ਰਕਾਸ਼ਤ ਕਰਵਾ ਕੇ, ਉਸ ਦੀ ਸਾਰੀ ਜ਼ਿੰਦਗੀ ਦੀ ਘਾਲ ਕਮਾਈ ਮਿੱਟੀ ਵਿਚ ਮਿਲਾ ਦਿੱਤੀ ਸੀ। ਦੇਵਨੇਤ ਨਾਲ ਮੈਂ ਵੀ ਅਵਤਾਰ ਸਿੰਘ ਦੀਆਂ ਕਈ ਦਲੀਲਾਂ ਵਰਤਣੀਆਂ ਸਨ। ਹੁਣ ਲੋੜ ਨਹੀ ਰਹੀ, ਇਸ ਲਈ ਮੇਰਾ ਭਾਰ ਹਲਕਾ ਕਰਨ ਲਈ ਮੈਂ ਉਨ੍ਹਾਂ ਦਾ ਰਿਣੀ ਰਹਾਂਗਾ।

ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ ਵਾਲੀ ਪਹਿਲੀ ਕਿਸ਼ਤ ਵਿਚ ਮੈਂ ਆਪਣੀ ਲਿਖਤ ਨੂੰ ਸਿੱਖ ਕੌਮ ਦੀ ਪਰਿਭਾਸ਼ਾ ਅਤੇ 20ਵੀਂ ਸਦੀ ਦੀ ਨਵੀਂ ਉਭਰੀ ਅਕਾਲੀ ਲੀਡਰਸ਼ਿਪ ਤੱਕ ਸੀਮਤ ਰੱਖਿਆ ਸੀ। ਅਜਮੇਰ ਸਿੰਘ ਦੀਆਂ ਕਿਤਾਬਾਂ ਵਿਚ 1947 ਦੀ ਸੱਤਾ ਬਦਲੀ ਤੋਂ ਲੈ ਕੇ 1978 ਦੀ ਵਿਸਾਖੀ ਤੱਕ ਦਾ ਵਖਿਆਨ ਪਹਿਲਾਂ ਹੀ ਸਾਹਮਣੇ ਆ ਚੁੱਕੇ ਤੱਥਾਂ ਅਤੇ ਘਟਨਾਵਾਂ ਦਾ ਵਿਗੜਿਆ ਹੋਇਆ ਦੁਹਰਾਓ ਮਾਤਰ ਹੈ। ਇਸ ਲਈ ਗੱਲ ਸਿੱਧੇ ਹੀ 13 ਅਪਰੈਲ 1978 ਦੀਆਂ ਘਟਨਾਵਾਂ ਤੋਂ ਸ਼ੁਰੂ ਕਰਨਾ ਵਧੇਰੇ ਠੀਕ ਰਹੇਗਾ। ਪਹਿਲੀ ਗੱਲ, ਕਰਮ ਬਰਸਟ ਦੀ ਵੀ ਸਮਝ ਹੈ ਕਿ ਉਸ ਦਿਨ ਨਿਰੰਕਾਰੀਆਂ ਅਤੇ ਸਟੇਟ ਦੀ ਮਿਲੀਭੁਗਤ ਨਾਲ ਵਰਤਾਇਆ ਗਿਆ ਖੂਨੀ ਕਾਂਡ ਅਤਿ ਦਾ ਨੀਚ ਅਤੇ ਘਿਨਾਉਣਾ ਕਾਰਨਾਮਾ ਸੀ। ਜੇ ਸਟੇਟ ਚਾਹੁੰਦੀ ਤਾਂ ਇਸ ਨੂੰ ਟਾਲਿਆ ਜਾ ਸਕਦਾ ਸੀ। ਇਸ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਜ਼ਖ਼ਮੀ ਸਿੱਖ ਮਾਨਸਿਕਤਾ 'ਤੇ ਮਲ੍ਹਮ ਲਾਈ ਜਾ ਸਕਦੀ ਸੀ ਪਰ ਇਹ ਕਹਿਣਾ ਸਿਰੇ ਦਾ ਭੋਲਾਪਣ ਹੋਵੇਗਾ ਕਿ ਇਹ ਸਾਰਾ ਕੁੱਝ ਕਥਿਤ ਹਿੰਦੂ ਸਟੇਟ ਨੇ ਗਿਣਮਿਥ ਕੇ ਕਰਵਾਇਆ ਸੀ ਅਤੇ ਇਹ ਸਿੱਖ-ਨਿਰੰਕਾਰੀ ਝਗੜਾ ਹੀ ਬਾਅਦ ਵਿਚ ਵਾਪਰੇ ਸਾਰੇ ਘਟਨਾਕ੍ਰਮਾਂ ਦਾ ਮੂਲ ਸੂਤਰ ਸੀ। ਇਹ ਝਗੜਾ ਨਾ ਵੀ ਹੋਇਆ ਹੁੰਦਾ, ਤਦ ਵੀ ਜੜ੍ਹਾਂ ਫੜ ਰਹੀ ਸਿੱਖ ਮੂਲਵਾਦੀ ਲਹਿਰ ਨੇ ਕੋਈ ਹੋਰ ਬਹਾਨਾ ਲੱਭ ਲੈਣਾ ਸੀ। ਲੇਕਿਨ ਆਰਥਿਕ ਅਤੇ ਰਾਜਨੀਤਕ ਸੰਕਟ ਵਿਚ ਫਸੀਆਂ ਹਕੂਮਤਾਂ ਅਜਿਹੇ ਮਸਲਿਆਂ ਨੂੰ ਰੋਕਣ ਦੀ ਬਜਾਏ, ਭੜਕਾਉਣ ਦਾ ਸਮਾਂ ਅਤੇ ਸਾਧਨ ਮੁਹੱਈਆ ਕਰਦੀਆਂ ਹੁੰਦੀਆਂ ਹਨ; ਭਾਵੇਂ ਇਹ ਸਿੱਖ-ਨਿਰੰਕਾਰੀ ਝਗੜਾ ਹੋਵੇ, ਦਿੱਲੀ ਦੇ ਸਿੱਖ ਵਿਰੋਧੀ ਦੰਗੇ ਹੋਣ, ਬਾਬਰੀ ਮਸਜਿਦ ਦਾ ਢਾਹਿਆ ਜਾਣਾ ਹੋਵੇ, ਚਰਾਰੇ ਸ਼ਰੀਫ਼ ਤੇ ਹਜ਼ਰਤਬਲ ਦੀ ਘਟਨਾ



*ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

ਹੋਵੇ, ਗੁਜਰਾਤ ਦੇ ਮੁਸਲਿਮ ਵਿਰੋਧੀ ਦੰਗੇ ਹੋਣ, ਉੜੀਸਾ ਵਿਚ ਇਸਾਈਆਂ ਉਪਰ ਹੁੰਦੇ ਆ ਰਹੇ ਲਗਾਤਾਰ ਹਮਲੇ ਹੋਣ, ਛਤੀਸਗੜ੍ਹ ਵਿਚ ਸਲਵਾ ਜੂਡਮ ਹੋਵੇ ਜਾਂ ਪਿਛੇ ਜਿਹੇ ਹੀ ਪੰਜਾਬ ਅੰਦਰ ਸੱਚੇ ਸੌਦੇ, ਨੂਰਮਹਿਲੀਏ, ਸੱਚਖੰਡ ਬੱਲਾਂ ਵਾਲੇ ਅਤੇ ਭਨਿਆਰੀਏ ਅਨਪੜ੍ਹ ਸਾਧ ਦੇ ਵਰਤਾਰੇ ਹੋਣ। ਦੇਖਣਾ ਇਹ ਹੁੰਦਾ ਹੈ ਕਿ ਵਿਰੋਧ-ਲਹਿਰ ਜਥੇਬੰਦ ਕਰਨ ਵਾਲੀ ਧਿਰ ਇਹੋ ਜਿਹੀਆਂ ਹਕੂਮਤੀ ਜਾਂ ਅਵਾਰਾਗਰਦ ਅਨਸਰਾਂ ਦੀਆਂ ਸਾਜ਼ਿਸ਼ਾਂ ਤੋਂ ਬਚਣ ਲਈ ਕਿਹੋ ਜਿਹੇ ਅਗਾਊਂ ਜਾਂ ਤੁਰੰਤਪੈਰੇ ਕਦਮ ਚੁੱਕਦੀ ਹੈ ਅਤੇ ਆਪਣੀ ਲਹਿਰ ਵਿਚ ਜ਼ਾਬਤਾ ਰੱਖਣ ਤੇ ਇਸ ਨੂੰ ਵਾਜਬ ਠਹਿਰਾਉਣ ਵਿਚ ਕਿੰਨੀ ਕੁ ਕਾਮਯਾਬ ਰਹਿੰਦੀ ਹੈ?

ਅਜਮੇਰ ਸਿੰਘ ਵਰਗੇ ਲੇਖਕ ਜਿਵੇਂ ਇਨ੍ਹਾਂ ਘਟਨਾਵਾਂ ਦਾ ਵਖਿਆਨ ਕਰਦੇ ਹਨ, ਉਹ ਅੱਧੇ ਤੋਂ ਵੀ ਅਧੂਰਾ ਸੱਚ ਹੁੰਦਾ ਹੈ। ਬਹੁਤੀ ਵਾਰੀ ਇਹ ਤੱਥਾਂ ਦੀ ਭੰਨਤੋੜ ਦਾ "ਖੂਬਸੂਰਤ" ਨਜ਼ਾਰਾ ਹੋ ਨਿਬੜਦਾ ਹੈ। ਮਿਸਾਲ ਵਜੋਂ 1978 ਦੀ ਵਿਸਾਖੀ ਵਾਲੀ ਘਟਨਾ ਨੂੰ ਹੀ ਲੈ ਲਈਏ। ਬਕੌਲ ਅਜਮੇਰ ਸਿੰਘ, "ਜਥੇ ਵਾਲੇ ਸਿੰਘਾਂ ਕੋਲ ਕੋਈ ਮਾਰੂ ਹਥਿਆਰ ਨਹੀਂ ਸੀ। ਜਥੇ ਦਾ ਉਦੇਸ਼ ਸਮਾਗਮ ਦੇ ਪ੍ਰਬੰਧਕਾਂ ਨੂੰ ਸਿੱਖ ਕੌਮ ਦੇ ਹੱਕੀ ਰੋਸ ਤੇ ਵਲੂੰਧਰੇ ਜਜ਼ਬਾਤ ਤੋਂ ਜਾਣੂ ਕਰਵਾਉਣਾ ਸੀ।"

ਸਿਆਸੀ ਵਰਤਾਰਿਆਂ ਉਪਰ ਬਾਜ਼ ਅੱਖ ਰੱਖਣ ਵਾਲਾ ਤਾਂ ਕੀ, ਕੋਈ ਸਿਰੇ ਦਾ ਬੂਝੜ ਬੰਦਾ ਵੀ ਅੰਦਾਜ਼ਾ ਲਗਾ ਸਕਦਾ ਹੈ ਕਿ ਕਿਸੇ ਵੀ ਧਿਰ ਵਲੋਂ ਲੱਖਾਂ ਦੀ ਗਿਣਤੀ ਵਿਚ ਇੱਕਠੇ ਕੀਤੇ ਸ਼ਰਧਾਲੂਆਂ ਦੇ ਪ੍ਰਬੰਧਕਾਂ ਨੂੰ ਚੱਲ ਰਹੇ ਸਮਾਗਮ ਵਿਚ ਕਦਾਚਿਤ ਵੀ ਨਹੀਂ ਸਮਝਾਇਆ ਜਾ ਸਕਦਾ ਹੁੰਦਾ। ਹਾਂ ਜੇਕਰ ਉਹ ਨਿਤਾਣੀ ਧਿਰ ਹੋਵੇ ਤਾਂ ਉਨ੍ਹਾਂ ਨੂੰ ਸਿਰਫ਼ ਡਾਂਗ ਦੇ ਜ਼ੋਰ ਨਾਲ ਖਦੇੜਿਆ ਅਵੱਸ਼ ਜਾ ਸਕਦਾ ਹੁੰਦਾ ਹੈ। ਸੰਤ ਜਰਨੈਲ ਸਿੰਘ ਅਤੇ ਅਖੰਡ ਕੀਰਤਨੀ ਜਥੇ ਦੇ ਕਾਰਕੁਨ ਵੀ ਬੇਹਥਿਆਰੇ ਨਹੀਂ ਸਨ ਅਤੇ ਟਕਸਾਲ ਦੇ ਸ਼ਰਧਾਲੂ ਕਦੇ ਬੇਹਥਿਆਰੇ ਰਹੇ ਵੀ ਨਹੀਂ। ਉਹ ਬਾਕਾਇਦਾ ਰਵਾਇਤੀ ਅਤੇ ਬਾਰੂਦੀ ਹਥਿਆਰਾਂ ਨਾਲ ਲੈਸ ਰਹਿੰਦੇ ਆ ਰਹੇ ਸਨ। ਇਸ ਲਈ ਉਨ੍ਹਾਂ ਦਾ ਮਤਲਬ ਪ੍ਰਬੰਧਕਾਂ ਨੂੰ "ਸਮਝਾਉਣਾ ਨਹੀਂ ਸੀਂ, ਸਗੋਂ ਕੁੱਟ ਕੇ ਦਬੱਲਣਾ ਸੀ", ਵੈਸੇ ਉਨ੍ਹਾਂ ਤੋਂ ਖਤਾ ਇਹ ਹੋ ਗਈ ਕਿ ਟਕਸਾਲ ਨੇ ਆਪਣੇ ਸਿੰਘਾਂ ਅੰਦਰ ਆਧੁਨਿਕ ਯੁੱਗ ਵਿਚ ਵੀ ਇਹ ਕੁੱਟ ਕੁੱਟ ਕੇ ਭਰਿਆ ਹੋਇਆ ਸੀ ਅਤੇ ਸਿੱਖ ਇਤਿਹਾਸ ਵਿਚੋਂ ਹਵਾਲੇ ਦੇ ਦੇ ਕੇ ਅੱਜ ਵੀ ਇਹ ਚੇਤੇ ਕਰਵਾਇਆ ਜਾਂਦਾ ਹੈ ਕਿ ਇਕ ਇਕੱਲਾ ਖਾਲਸਾ ਤਾਂ ਸਵਾ ਸਵਾ ਲੱਖ ਵੈਰੀ ਨਾਲ ਲੜਨ ਲਈ ਬਣਿਆ ਹੋਇਆ ਹੈ। ਦਸਮ ਪਿਤਾ ਦੀ ਬਾਣੀ ਦੀ ਇਹ ਟੂਕ 'ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ' ਉਨ੍ਹਾਂ ਦੇ ਰੂਪਕ ਤੇ ਅਲੰਕਾਰਕ ਬਿੰਬ ਵਿਧਾਨ ਦਾ ਅਨੂਠਾ ਤੇ ਕੌਤਕੀ ਲੱਛਣ ਹੈ। ਬਾਣੀ (ਕਿਸੇ ਵੀ ਕਵਿਤਾ) ਦੇ ਬਿੰਬ ਵਿਧਾਨ ਨੂੰ ਹੂਬਹੂ ਯਥਾਰਥ ਨਹੀਂ ਮੰਨਿਆ ਜਾਂਦਾ ਹੁੰਦਾ। ਇਕ ਸਿੰਘ ਦੇ ਹਿੱਸੇ 35-35 ਹਿੰਦੂ ਆਉਣ ਵਾਲੀ ਗੱਲ ਵੀ ਉਪਰੋਕਤ ਦਬੱਲਣ ਵਾਲੀ ਮਾਨਸਿਕਤਾ ਦਾ ਮੰਤਕੀ ਸਿੱਟਾ ਹੈ। ਸਵਾਲ ਸਿਰਫ਼ ਨਿਰੰਕਾਰੀਆਂ ਨੂੰ ਵਰਜਣ ਦਾ ਨਹੀਂ ਸੀ। ਸਵਾਲ ਤਾਂ ਉਸ ਜੱਟਵਾਦੀ ਫਤੂਰ/ਹੈਂਕੜ ਵਿਚ ਪਿਆ ਸੀ ਕਿ ਇਹ ਚੂੜ੍ਹੇ-ਚਮਾਰ, ਸਿਰਗੁੰਮ ਅਤੇ ਪਤਿਤ ਸਿੱਖ ਸਾਡੇ ਮੂਹਰੇ ਚੀਜ਼ ਕੀ ਹਨ? ਬਸ ਤਲਵਾਰ ਘੁੰਮਾਉਣ ਦੀ ਅਤੇ ਸਿੰਘਾਂ ਦੇ ਬੁੱਕਣ ਦੀ ਦੇਰ ਹੈ ਕਿ ਗਿੱਦੜਾਂ ਵਾਗੂੰ ਇਨ੍ਹਾਂ ਦੀਆਂ ਪਦੀੜਾਂ ਪੈ ਜਾਣਗੀਆਂ।

ਲੇਖਕ ਅੰਦਰਲੇ ਨਵੇਂ ਨਵੇਂ ਜਾਗੇ ਸ਼ਾਵਨਵਾਦੀ ਨਜ਼ਰੀਏ ਦੇ ਅਗਲੇ ਦਰਸ਼ਨ ਇਉਂ ਹੁੰਦੇ ਹਨ, "ਲੋਹੜੇ ਦੀ ਗੱਲ ਇਹ ਹੈ ਕਿ ਸਿੱਖਾਂ ਨਾਲ ਇਹ ਵਹਿਸ਼ੀ ਸਲੂਕ ਉਨ੍ਹਾਂ ਦੇ ਘਰ ਅੰਦਰ ਵੜ ਕੇ ਕੀਤਾ ਗਿਆ ਅਤੇ ਉਹ ਵੀ ਉਦੋਂ ਜਦੋਂ ਪੰਜਾਬ ਅੰਦਰ ਅਕਾਲੀਆਂ ਦੀ ਆਪਣੀ ਹਕੂਮਤ ਸੀ ਅਤੇ ਕੇਂਦਰ ਵਿਚ ਵੀ ਉਹ ਸੱਤਾ ਵਿਚ ਭਾਈਵਾਲ ਸਨ।" (ਸਫਾ-306) ਕੀ ਅੰਮ੍ਰਿਤਸਰ ਸਾਹਿਬ ਸਿਰਫ ਸਿੱਖਾਂ ਦਾ ਘਰ ਹੈ? ਕੀ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਨੂੰ ਸਿੱਖਾਂ ਲਈ ਰਾਖਵਾਂ ਰੱਖ ਕੇ ਵਸਾਇਆ ਸੀ? ਅਜਮੇਰ ਸਿੰਘ ਅਤੇ ਕਰਮਜੀਤ ਭਾਅ ਜੀ! ਕਿਉਂ ਇਤਿਹਾਸ ਨਾਲ ਖਿਲਵਾੜ ਕਰ ਰਹੇ ਹਨ? ਅੰਮ੍ਰਿਤਸਰ ਦੀ ਤਾਂ ਗੱਲ ਹੀ ਛੱਡੋ, ਸਾਡੇ ਮਹਾਨ ਗੁਰੂਆਂ ਨੇ ਤਾਂ ਹਰਿਮੰਦਰ ਸਾਹਿਬ ਨੂੰ ਵੀ ਸਿੱਖਾਂ ਲਈ ਰਾਖਵਾਂ ਨਹੀਂ ਸੀ ਬਣਨ ਦਿੱਤਾ। ਇਹ ਲੋਕ ਕਿਉਂ ਅੱਲੜ੍ਹ ਸਿੱਖ ਨੌਜਵਾਨਾਂ ਦੇ ਪੁੜਿਆਂ ਵਿਚ ਫਿਰਕੂ ਜ਼ਹਿਰ ਦੇ ਸੂਏ ਲਾ ਰਹੇ ਹਨ? ਕਿਉਂ ਉਨ੍ਹਾਂ ਦੇ ਹਲ੍ਕਾਂ ਵਿਚ ਨਾਲਾਂ ਰਾਹੀਂ ਮਹੁਰਾ ਧੱਕ ਰਹੇ ਹਨ?

ਕੀ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਭਾਈ-ਭਤੀਜਿਆਂ-ਪੋਤਿਆਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਅੰਮ੍ਰਿਤਸਰ ਦੀ ਜੂਹ ਵੀ ਨਹੀਂ ਸੀ ਵੜਨ ਦਿੱਤਾ। ਕੀ ਇਹ ਵੀ ਦੱਸਣਾ ਪਊ ਕਿ ਖਾਲਸੇ ਦੇ ਸਿਰਜਣਹਾਰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਆਪ ਕਦੀ ਅੰਮ੍ਰਿਤਸਰ ਨਹੀਂ ਗਏ। ਬੰਦਾ ਬਹਾਦਰ ਦੀ ਮਹਾਨ ਸ਼ਹੀਦੀ ਤੱਕ ਸਿੱਖਾਂ ਲਈ ਕੋਈ ਵੀ ਇਕ ਵਿਸ਼ੇਸ਼ ਥਾਂ ਉਵੇਂ ਪਵਿੱਤਰ ਨਹੀਂ ਮੰਨਿਆ ਗਿਆ, ਜਿਵੇਂ ਮੁਸਲਮਾਨਾਂ ਲਈ ਮੱਕਾ ਅਤੇ ਯਹੂਦੀਆਂ ਲਈ ਯੇਰੂਸਲਮ ਹੈ। ਭਾਈ ਗੁਰਦਾਸ ਜੀ ਤਾਂ ਸਿੱਖਾਂ ਲਈ " ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ" ਦੀ ਸੱਦ ਲਾਉਂਦੇ ਹਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਦਾ ਵਰਦਾਨ ਦਿੱਤਾ ਹੋਇਆ ਹੈ। ਫੇਰ ਅੰਮ੍ਰਿਤਸਰ ਸ਼ਹਿਰ ਇਕੱਲੇ ਸਿੱਖਾਂ ਦਾ ਘਰ ਕਿਵੇਂ ਹੋ ਗਿਆ? ਕੀ ਉਨ੍ਹਾਂ ਨੂੰ ਪਤਾ ਹੈ ਕਿ ਅੰਮ੍ਰਿਤਸਰ ਸ਼ਹਿਰ ਦੀ ਅਬਾਦੀ ਵਿਚ ਸਿੱਖਾਂ ਦੀ ਗਿਣਤੀ ਅੱਜ ਵੀ 40 ਫੀਸਦੀ ਤੋਂ ਵੱਧ ਨਹੀਂ ਹੈ। ਲੇਖਕ 1978 ਦੀ ਵਿਸਾਖੀ ਨੂੰ ਸਿੱਖ ਇਤਿਹਾਸ ਦਾ ਮੋੜ ਬਿੰਦੂ ਬਣਾਉਣ 'ਤੇ ਤੁਲਿਆ ਹੋਇਆ ਹੈ। ਲੇਕਿਨ ਬਾਜ਼ ਅੱਖ ਰੱਖਣ ਵਾਲੇ ਪਾਠਕ ਜਾਣਦੇ ਹਨ ਕਿ ਪੰਜਾਬੀਆਂ ਦੀ ਤਾਂ ਗੱਲ ਹੀ ਛੱਡ ਦੇਈਏ, ਇੱਕਲੇ ਸਿੱਖਾਂ ਨੇ ਵੀ ਉਦੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਪਰਵਾਨ ਨਹੀਂ ਸੀ ਕੀਤਾ। ਖ਼ੁਦ ਲੇਖਕ ਮੁਤਾਬਕ ਵੀ ਮਾਰਚ 1979 ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸੰਤ ਭਿੰਡਰਾਂਵਾਲੇ ਦੇ ਸਭ ਤੋਂ ਵੱਡੇ ਪੈਰੋਕਾਰ ਭਾਈ ਅਮਰੀਕ ਸਿੰਘ ਸਮੇਤ ਉਸ ਦੇ ਸਾਰੇ ਦੇ ਸਾਰੇ ਉਮੀਦਵਾਰ ਵੋਟਾਂ ਦੇ ਵੱਡੇ ਵੱਡੇ ਫਰਕ ਨਾਲ ਹਾਰ ਗਏ ਸਨ। (ਸਫ਼ਾ-314) ਮੂੰਹ ਲੁਕਾਉਣ ਲਈ ਉਹ ਇਸ ਹਾਰ ਦਾ ਭਾਂਡਾ ਨਿਰੰਕਾਰੀਆਂ ਸਿਰ ਭੰਨ੍ਹ ਕੇ ਸੁਰਖਰੂ ਹੋ ਕੇ ਬੈਠ ਜਾਂਦਾ ਹੈ। ਕੀ ਸ੍ਰੀ ਅਕਾਲ ਤਖ਼ਤ ਤੋਂ ਹੁਕਮਨਾਮਾ ਜ਼ਾਰੀ ਕਰ ਕੇ ਛੇਕੇ ਹੋਏ ਨਿਰੰਕਾਰੀਆਂ ਨੂੰ ਅਜੇ ਵੀ 'ਕਮੇਟੀ' ਲਈ ਵੋਟਾਂ ਪਾਉਣ ਦਾ ਹੱਕ ਦੇ ਰੱਖਿਆ ਸੀ? ਲੇਕਿਨ ਉਹ ਇਹ ਦੱਸਣ ਵਿਚ ਚੁੱਪ ਕਿਉਂ ਵੱਟ ਗਿਆ ਕਿ ਦਮਦਮੀ ਟਕਸਾਲ ਨੇ 1980 ਦੀਆਂ ਚੋਣਾਂ ਵਿਚ ਕਾਂਗਰਸੀ ਉਮੀਦਵਾਰਾਂ ਦੀ ਹਮਾਇਤ ਕਿਉਂ ਕੀਤੀ ਸੀ? ਜੂਨ 1984 ਦੇ ਖੂਨੀ ਕਾਰਨਾਮੇ ਵੇਲੇ ਦੇ ਪੁਲਿਸ ਮੁਖੀ ਪ੍ਰੀਤਮ ਸਿੰਘ ਭਿੰਡਰ ਦੀ ਪਤਨੀ ਸਵਰਗੀ ਸ੍ਰੀਮਤੀ ਸੁਖਬੰਸ ਕੌਰ ਭਿੰਡਰ ਨੂੰ ਗੱਜਵੱਜ ਕੇ ਜਿਤਾਉਣ ਵਿਚ 'ਦਮਦਮੀ ਟਕਸਾਲੀਆਂ' ਦੀ ਕੀ ਭੂਮਿਕਾ ਸੀ?

ਅਜਮੇਰ ਸਿੰਘ ਅਨੁਸਾਰ 1980ਵਿਆਂ ਦੇ ਚੜ੍ਹਾਅ ਨਾਲ ਭਾਰਤੀ ਸਟੇਟ ਵਿਸ਼ੇਸ਼ ਕਰਕੇ ਇੰਦਰਾ ਗਾਂਧੀ ਵਿਚ ਤਿੱਖੀ ਤਬਦੀਲੀ ਆਉਣੀ ਸ਼ੁਰੂ ਹੁੰਦੀ ਹੈ। ਉਹ ਕਹਿੰਦੇ ਹਨ, "ਇੰਦਰਾ ਗਾਂਧੀ ਨੇ ਕਾਂਗਰਸ ਪਾਰਟੀ ਦੀ ਰਵਾਇਤੀ ਵਿਚਾਰਧਾਰਾ ਤੇ ਵਿਰਾਸਤ ਨਾਲੋਂ ਤਿੱਖਾ ਤੋੜ-ਵਿਛੋੜਾ ਕਰਦਿਆਂ ਹਿੰਦੂ ਕੱਟੜਵਾਦ ਦਾ ਆਸਰਾ ਲੈਣ ਅਤੇ ਹਿੰਦੂ ਪੁਨਰਵਾਦ ਦੇ ਅਮਲ ਨੂੰ ਉਗਾਸਾ ਦੇਣ ਲਈ ਰਾਜਸੀ ਦਿਸ਼ਾ ਅਪਨਾ ਲਈ।"(ਸਫਾ-320)

ਇਸ ਦਾ ਭਾਵ ਇਹ ਹੋਇਆ ਕਿ ਕਾਂਗਰਸ ਪਾਰਟੀ ਦੀ 1980 ਤੋਂ ਪਹਿਲਾਂ ਵਾਲੀ ਨੀਤੀ ਹਿੰਦੂ ਕੱਟੜਵਾਦੀ ਨਹੀਂ ਸੀ ਅਤੇ ਹਿੰਦੂ ਪੁਨਰਵਾਦ ਨਾਲ ਇਸ ਦਾ ਕੋਈ ਸਰੋਕਾਰ ਨਹੀਂ ਸੀ। ਇਥੇ ਲੇਖਕ ਜੀ ਇਕ ਵਾਰ ਫੇਰ ਆਪਾ-ਵਿਰੋਧਾਂ ਵਿਚ ਫਸ ਗਏ ਹਨ। ਉਹ ਪਹਿਲਾਂ ਅਨੇਕਾਂ ਵਾਰ ਲਿਖ ਆਏ ਹਨ ਕਿ ਮਹਾਤਮਾ ਗਾਂਧੀ ਤੋਂ ਲੈ ਕੇ ਜਵਾਹਰ ਲਾਲ ਨਹਿਰੂ ਸਮੇਤ ਇੰਦਰਾ ਗਾਂਧੀ ਦੇ, ਸਾਰੇ ਹੀ ਸਿੱਖ ਕੌਮ ਦੀ ਨਿਆਰੀ ਹਸਤੀ ਨੂੰ ਖ਼ਤਮ ਕਰਕੇ ਹਿੰਦੂਵਾਦ ਦੇ ਖਾਰੇ ਸਮੁੰਦਰ ਵਿਚ ਜਜ਼ਬ ਕਰਨਾ ਚਾਹੁੰਦੇ ਸਨ, ਕਿ ਉਹ ਹਮੇਸ਼ਾਂ ਹੀ ਢਿੱਡੋਂ ਕੱਟੜ ਹਿੰਦੂ ਫਿਰਕਾਪ੍ਰਸਤ ਰਹੇ ਹਨ। ਹੋਰ ਸੁਣੋ, "ਇੰਦਰਾ ਗਾਂਧੀ ਆਪਣੀ ਯੁੱਧਨੀਤਿਕ ਵਿਉਂਤ ਤਹਿਤ ਸਿੱਖ ਪੰਥ ਅੰਦਰ ਗਰਮ ਖਿਆਲੀ ਧਾਰਾ ਨੂੰ ਇਕ ਹੱਦ ਤੱਕ ਖੁੱਲ੍ਹਾ ਵਗਣ ਦੇਣ ਦਾ ਸੁਚੇਤ ਪੈਂਤੜਾ ਅਪਣਾ ਕੇ ਚੱਲ ਰਹੀ ਸੀ।" (ਸਫਾ-364) ਇਸ ਧਾਰਾ ਨੂੰ ਤਕੜਾਈ ਹਾਸਲ ਕਰ ਲੈਣ ਦੀ ਛੋਟ ਦੇ ਰੱਖਣੀ ਇੰਦਰਾ ਗਾਂਧੀ ਦੇ ਫਿਰਕੂ ਮਨੋਰਥਾਂ ਦੇ ਪੂਰੀ ਤਰ੍ਹਾਂ ਸੂਤ ਬਹਿੰਦਾ ਸੀ। (ਸਫਾ 385) ਇੰਦਰਾ ਗਾਂਧੀ ਨੇ ਆਪਣੀਆਂ ਪੰਥ ਦੋਖੀ ਨੀਤੀਆਂ ਤੇ ਕਾਰਿਆਂ ਨਾਲ 'ਖੌਲਦੀ ਕੜਾਹੀ' ਹੇਠਾਂ ਬਲ ਰਹੀ ਅੱਗ ਦਾ ਸੇਕ ਮੱਠਾ ਨਹੀਂ ਪੈਣ ਦਿੱਤਾ (ਸਫਾ 386)

ਲੇਖਕ ਦੀਆਂ ਇਨ੍ਹਾਂ ਟੂਕਾਂ ਵਿਚੋਂ ਦੋ ਸਿੱਟੇ ਨਿਕਲਦੇ ਹਨ। ਪਹਿਲਾ, ਪੰਜਾਬ ਅੰਦਰ ਜੋ ਕੁਝ ਵੀ ਵਾਪਰਿਆ, ਉਹ ਸਾਰੀ ਇੰਦਰਾ ਗਾਂਧੀ ਦੀ ਕਾਰਸਤਾਨੀ ਸੀ, ਦੂਜਾ ਸੰਤ ਭਿੰਡਰਾਂਵਾਲੇ ਅਤੇ ਉਸ ਦੇ ਚੇਲੇ ਬੀਬੀ ਦੇ ਇਸ਼ਾਰਿਆਂ 'ਤੇ ਨੱਚਣ ਵਾਲੀਆਂ ਕਠਪੁਤਲੀਆਂ ਮਾਤਰ ਸਨ। ਇੰਦਰਾ ਗਾਂਧੀ ਦੇ ਇਕ ਖਾਸ ਸਿਪਾਹ-ਸਾਲਾਰ ਤਤਕਾਲੀ ਪੁਲਿਸ ਮੁਖੀ ਭਿੰਡਰ ਨੇ ਕਿਸੇ ਮੁਲਾਕਾਤ ਵਿਚ ਦੱਸਿਆ ਸੀ ਕਿ ਉਪਰੋਂ ਮਿਲੇ ਹੁਕਮਾਂ ਮੁਤਾਬਕ ਪੁਲਿਸ ਬਲਾਂ ਨੂੰ ਫਰਵਰੀ 1982 ਤੱਕ ਦਰਬਾਰ ਸਾਹਿਬ ਵਿਚ ਆਉਂਦੇ-ਜਾਂਦੇ ਕਾਰ ਸੇਵਾ ਵਾਲੇ ਟਰੱਕਾਂ ਤੇ 'ਧਰਮੀ ਯੋਧਿਆਂ' ਦੀ ਤਲਾਸ਼ੀ ਲੈਣ ਤੋਂ ਵਰਜਿਆ ਹੋਇਆ ਸੀ। (ਹਵਾਲਾ ਪਤਵੰਤ ਸਿੰਘ ਤੇ ਹਰਜੀ ਮਲਿਕ ਦੀ ਕਿਤਾਬ ਵਿਚੋਂ)

ਲੇਖਕ ਨੇ ਅਨੇਕਾਂ ਤਰ੍ਹਾਂ ਦੀਆਂ ਦਲੀਲਾਂ ਦੇ ਕੇ ਖਾੜਕੂ ਧਿਰਾਂ ਅਤੇ ਹਕੂਮਤ ਵਿਚਕਾਰਲੇ ਰਿਸ਼ਤੇ ਨੂੰ ਢਕਣ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਲੇਖਕ ਦੀਆਂ ਦਲੀਲਾਂ ਨੂੰ ਠੀਕ ਵੀ ਮੰਨ ਲਈਏ ਤਾਂ ਇਹ ਕਿਸੇ ਵੀ ਲੜਾਕੂ ਧਿਰ ਦੀ ਦਿਮਾਗੀ ਕੌਸ਼ਲਤਾ ਦੀ ਪਰਖ ਦੀਆਂ ਘੜੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੇ ਆਪਣੇ ਸੰਘਰਸ਼ ਨੂੰ ਕਿਸ ਦਿਸ਼ਾ ਵਿਚ, ਕਿਸ ਦੇ ਵਿਰੁਧ ਅਤੇ ਕਿਹੜੀ ਮੰਜ਼ਲ ਤੱਕ ਲੈ ਕੇ ਜਾਣਾ ਹੈ। ਲੜਨ ਦਾ ਮਤਲਬ ਕਦੇ ਵੀ ਖੁਦਕੁਸ਼ੀ ਕਰਨਾ ਨਹੀਂ ਹੁੰਦਾ। ਲੇਖਕ ਨੇ ਤਾਂ ਮਾਓ-ਜੇ-ਤੁੰਗ ਦੀ ਛਾਪਾਮਾਰ ਯੁੱਧ ਦੀ ਰਣਨੀਤੀ ਨੂੰ ਘੋਟ ਘੋਟ ਕੇ ਪੀਤਾ ਹੋਇਆ ਹੈ, ਫੇਰ ਉਹ ਸਿੱਖਾਂ ਦੇ "ਮਹਾਨ ਜਰਨੈਲ" ਦੀਆਂ ਜੰਗੀ ਨੀਤੀਆਂ ਦੀ ਕਿਸ ਆਧਾਰ 'ਤੇ ਜੈ ਜੈਕਾਰ ਕਰ ਰਿਹਾ ਹੈ?

ਅਜਮੇਰ ਸਿੰਘ ਸੰਤ ਜਰਨੈਲ ਸਿੰਘ ਅਤੇ ਉਸ ਦੇ ਪੈਰੋਕਾਰਾਂ ਦਾ ਜਿਹੋ ਜਿਹਾ ਵੀ ਜਸ ਗਾਇਨ ਕਰਨਾ ਚਾਹੁੰਦਾ ਹੈ, ਜੀ ਸਦਕੇ ਕਰੇ। ਇਹ ਉਸ ਦਾ ਜਮਹੂਰੀ ਹੱਕ ਹੈ ਅਤੇ ਮੈਂ ਉਸ ਦੇ ਇਸ ਹੱਕ ਦੀ ਸਵਾਈ ਹਮਾਇਤ ਕਰਦਾ ਹਾਂ ਪਰ ਜਦੋਂ ਉਹ ਇਹ ਦਾਅਵਾ ਕਰਦਾ ਹੈ ਕਿ "ਰਾਜਨੀਤਕ ਮੰਚ ਉਪਰ ਸੰਤ ਜਰਨੈਲ ਸਿੰਘ ਦੀ ਆਮਦ ਨੇ ਹਿੰਦੂ ਹਾਕਮਾਂ ਦੀ ਸਮੁੱਚੀ ਮੰਚਕਲਾ ਨੂੰ ਬਿਖੇਰ ਕੇ ਰੱਖ ਦਿੱਤਾ।" (ਸਫ਼ਾ 387) "ਇਹ ਅਜ਼ਾਦ ਭਾਰਤ ਦੇ ਇਤਿਹਾਸ ਅੰਦਰ ਕਿਸੇ ਘੱਟਗਿਣਤੀ ਵਰਗ ਦੇ ਆਗੂ ਵੱਲੋਂ ਏਨਾ ਖੁੱਲ੍ਹਮ-ਖੁੱਲ੍ਹਾ ਬਾਗ਼ੀਆਨਾ ਰੁਖ਼ ਅਖਤਿਆਰ ਕਰ ਲੈਣ ਦੀ ਇਹ ਆਪਣੀ ਕਿਸਮ ਦੀ ਪਹਿਲੀ ਤੇ ਨਿਵੇਕਲੀ ਘਟਨਾ ਸੀ। ਘੱਟਗਿਣਤੀ ਧਰਮ ਦੇ ਕਿਸੇ ਆਗੂ ਨੇ ਦੇਸ ਦੇ ਹਿੰਦੂ ਹਾਕਮਾਂ ਨੂੰ ਤੇ ਉਨ੍ਹਾਂ ਦੀ ਪਿੱਠ 'ਤੇ ਖਲੋਤੀਆਂ ਹਿੰਦੂ ਤਾਕਤਾਂ ਨੂੰ ਇਸ ਕਦਰ ਰੜੇ ਮੈਦਾਨ ਲਲਕਾਰਨ ਦੀ ਜੁਰਅਤ ਨਹੀਂ ਸੀ ਕੀਤੀ" (ਸਫ਼ਾ 388) ਤਾਂ ਰੋਣ ਨੂੰ ਦਿਲ ਕਰਦਾ ਹੈ। ਅਜਮੇਰ ਵੀਰੇ, ਸੰਤ ਜਰਨੈਲ ਸਿੰਘ ਨੇ ਹਾਕਮਾਂ ਨੂੰ ਰੜੇ ਮੈਦਾਨ ਨਹੀਂ ਸੀ ਲਲਕਾਰਿਆ। ਵੀਰ ਅਵਤਾਰ ਸਿੰਘ ਫਗਵਾੜਾ ਦੀ ਦਲੀਲ ਵੀ ਇਹੀ ਹੈ ਕਿ ਸ੍ਰੀ ਅਕਾਲ

ਤਖ਼ਤ ਸਾਹਿਬ ਵਰਗੇ ਮੁਕੱਦਸ ਸਥਾਨ ਦੀ ਓਟ ਲੈਣੀ ਰੜਾ ਮੈਦਾਨ ਨਹੀਂ ਸੀ। ਨਾ ਹੀ ਇਹ ਇਤਿਹਾਸ ਦੀ ਨਿਵੇਕਲੀ ਤੇ ਵਿਚਿੱਤਰ ਘਟਨਾ ਸੀ। ਨਾਗਾ ਆਗੂ ਜ਼ੈਡ.ਏ. ਫਿਜ਼ੋ ਅਤੇ ਮਿਜ਼ੋ ਆਗੂ ਲਾਲਡੇਂਗਾ ਇਹ ਕੰਮ ਦਹਾਕਿਆਂ ਬੱਧੀ ਕਰਦੇ ਰਹੇ ਹਨ। ਕਸ਼ਮੀਰੀਆਂ ਨੇ ਤਾਂ ਭਾਰਤੀ ਧਾੜਵੀਆਂ ਨੂੰ ਸੱਚੀਓਂ ਹੀ ਰੜੇ ਮੈਦਾਨ ਵੰਗਾਰਿਆ ਹੈ। ਮਾਓਵਾਦੀਆਂ ਨੇ ਕੋਰਾਪੁਟ, ਸੁਰੰਦਾ, ਜਹਾਨਾਬਾਦ, ਸੰਕਰੇਲ, ਈਰਾਬੋਰਾ, ਰਾਨੀਬੋਦਲੀ, ਸਿਲਦਾ, ਦਾਂਤੇਵਾੜਾ, ਨਿਆਏਗੜ੍ਹ ਆਦਿ ਸੈਂਕੜੇ ਥਾਂਵਾਂ 'ਤੇ ਹਕੂਮਤੀ ਧਾੜਾਂ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਹੈ। ਹਾਂ, ਉਨ੍ਹਾਂ (ਅਜਮੇਰ ਸਿੰਘ) ਦੀ ਆਪਣੀ ਗੱਲ ਅਲੱਗ ਹੈ ਕਿ ਉਹ ਫਰਵਰੀ 1992 ਦੀਆਂ ਚੋਣਾਂ ਦੇ ਬਾਈਕਾਟ ਦਾ ਨੀਤੀ ਬਿਆਨ ਲਿਖਣ ਤੋਂ ਅੱਗੇ ਨਹੀਂ ਜਾ ਸਕੇ ਅਤੇ 'ਰੰਗਰੇਟੇ ਵੀਰ' ਕਾਮਰੇਡ ਕੇਸਰ ਸਿੰਘ ਦੀ ਸ਼ਾਨਾਂਮੱਤੀ ਸ਼ਹਾਦਤ ਤੋਂ ਬਾਅਦ 'ਪੱਥਰਾਂ ਦੇ ਸ਼ਹਿਰ' ਜੋਗੇ ਹੀ ਰਹਿ ਗਏ।

ਜਦੋਂ ਉਨ੍ਹਾਂ 10 ਦਸੰਬਰ 2002 ਨੂੰ ਆਪਣੀ ਪਹਿਲੀ ਕਿਤਾਬ ਦੇ ਮੁਢਲੇ ਦੋ ਪੰਨੇ ਅਤਿ ਦੇ ਕਾਵਿਮਈ ਅੰਦਾਜ਼ ਵਿਚ ਆਪਣੀ ਮਾਤਾ ਜੀ ਦੇ ਨਾਮ ਸਮਰਪਿਤ ਕਰ ਕੇ ਮਾਂ ਦੇ ਦੁੱਧ ਦਾ ਕਰਜ਼ਾ ਲਾਹੁਣ ਦਾ ਦਾਅਵਾ ਕੀਤਾ ਸੀ ਤਾਂ ਮੇਰੇ ਵਰਗੇ ਸੱਭੇ ਪਾਠਕਾਂ ਨੂੰ ਅੰਤਾਂ ਦੀ ਖ਼ੁਸ਼ੀ ਹੋਈ ਸੀ। ਇਹ ਬਹੁਤ ਵੱਡੀ ਗੱਲ ਹੈ, ਕਿਉਂਕਿ ਇਸ ਕਾਇਨਾਤ ਵਿਚ ਮਾਂ ਤੋਂ ਵੱਡੀ ਹੋਰ ਕੋਈ ਸ਼ੈਅ ਨਹੀਂ ਹੁੰਦੀ। ਲੇਕਿਨ ਕੀ ਉਨ੍ਹਾਂ ਕਦੇ ਆਪਣੇ ਸ਼ਰਧਾਲੂ ਸ਼ਹੀਦ ਖੁਸ਼ਵਿੰਦਰ ਸਿੰਘ ਦੀ ਮਾਂ ਦੇ ਦਰਦ ਨੂੰ ਸਮਝਣ ਦੀ ਭੋਰਾ ਭਰ ਵੀ ਕੋਸ਼ਿਸ਼ ਕੀਤੀ ਸੀ, ਜਿਹੜੀ ਸੱਚੀਓਂ ਹੀ ਆਪਣੇ 'ਪੂਰਨ' ਪੁੱਤ ਦੇ ਵਿਯੋਗ ਵਿਚ ਮਾਂ ਇੱਛਰਾਂ ਵਾਂਗ ਅੰਨ੍ਹੀ ਹੋ ਕੇ ਅੰਬਰਾਂ ਤੋਂ ਉਚੇ ਵੈਣ ਪਾਉਂਦੀ, ਕੰਧਾਂ ਵਿਚ ਟੱਕਰਾਂ ਮਾਰਦੀ ਹੋਈ ਅਤੇ ਆਪਣੇ ਪਿਆਰੇ 'ਪੂਰਨ' ਦੀ ਭਾਲ ਵਿਚ ਰੱਬ ਨੂੰ ਪਿਆਰੀ ਹੋ ਗਈ ਸੀ। ਕੀ ਉਨ੍ਹਾਂ ਖੁਸ਼ਵਿੰਦਰ ਸਿੰਘ ਅਤੇ ਕੇਸਰ ਸਿੰਘ ਦੇ ਪਰਿਵਾਰਾਂ ਦੀ ਡੰਗੋਰੀ ਬਣਨ ਦਾ ਵੀ ਕੋਈ ਜਤਨ ਕੀਤਾ ਹੈ? ਕੀ ਇਕੱਲੀ ਆਪਣੀ ਸਕੀ ਮਾਂ ਦਾ ਕਰਜ਼ ਉਤਾਰਨ ਨਾਲ ਹੀ ਸੁਰਖ਼ਰੂ ਹੋ ਜਾਈਦਾ ਹੁੰਦਾ ਹੈ? ਕਿਸੇ ਵੇਲੇ ਮੇਰੇ ਗੁਆਂਢ ਵਿਚ ਵਸਦਾ ਰਿਹਾ ਸ਼ਹੀਦ ਕੇਸਰ ਸਿੰਘ ਦਾ ਭਣੋਈਆ ਸ਼ੇਰ ਸਿੰਘ ਜਦੋਂ ਅਜਮੇਰ ਸਿੰਘ ਬਾਰੇ ਗੱਲਾਂ ਕਰਦਿਆਂ ਉਸਨੂੰ ਸਰਾਪ ਦੇਣ ਦੀ ਮੁਦਰਾ ਵਿਚ ਆ ਜਾਂਦਾ ਸੀ ਤਾਂ ਮਰਮਰੀ ਪੱਥਰਾਂ ਵਿਚ ਨਾਂ ਉਕਰਵਾਉਣ ਦੇ ਚਾਹਵਾਨ ਲੇਖਕ ਉਪਰ ਤਰਸ ਆਉਣ ਲੱਗਦਾ ਹੈ!

## *ਹਿੰਦੂਆਂ ਦੇ ਕਤਲਾਂ ਦੀ ਪੈਰਵਾਈ*

ਲੇਖਕ ਦੀ ਪਹਿਲੀ ਕਿਤਾਬ ਦਾ ਉਚਤਮ ਬਿੰਦੂ ਸੰਤ ਜਰਨੈਲ ਸਿੰਘ ਵੱਲੋਂ ਸਾਧਾਰਨ ਹਿੰਦੂਆਂ ਦੇ ਕਤਲ ਦੀ ਵਕਾਲਤ ਦੀ ਪੈਰਵਾਈ ਕਰਨਾ ਹੈ। ਲੇਖਕ ਦਾ ਆਪਣਾ ਮੱਤ ਵੀ ਇਹੀ ਜਾਪਦਾ ਹੈ ਕਿ ਹਿੰਦੂਆਂ ਦੇ ਕਤਲ ਕਰਨ ਨਾਲ ਹੀ ਦਿੱਲੀ ਦੇ ਹਿੰਦੂ ਹਾਕਮਾਂ ਨੂੰ ਚੋਭ ਲਾਈ ਜਾ ਸਕਦੀ ਹੈ। ਅਜਮੇਰ ਸਿੰਘ ਸੰਤਾਂ ਦੇ ਇਕ ਭਾਸ਼ਣ ਵਿਚੋਂ ਹਵਾਲਾ ਦਿੰਦੇ ਹਨ, "ਇਕ ਇਕ ਸਿੱਖ ਨੂੰ ਸਿਰਫ਼ 35-35 ਹਿੰਦੂ ਆਉਂਦੇ ਹਨ, ਇਸ ਤੋਂ ਇਕ ਵੀ ਵੱਧ ਨਹੀਂ।" (ਸਫ਼ਾ-389) ਅਜਮੇਰ ਸਿੰਘ ਇਸ ਨਵੀਂ ਲੱਭੀ ਲੀਹ ਦੀ ਵਡਿਆਈ ਕਰਦੇ ਲਿਖਦੇ ਹਨ, "ਸੰਤ ਜਰਨੈਲ ਸਿੰਘ ਨੂੰ ਇਸ ਨਿਰਣੇ 'ਤੇ ਅਪੜਨ ਵਿਚ ਦੇਰ ਨਹੀਂ ਲੱਗੀ ਕਿ ਹਿੰਦੂ ਹਾਕਮ ਜੇ ਕਿਸੇ ਗੱਲ ਦੀ ਪੀੜ ਮੰਨ ਸਕਦੇ ਹਨ ਤਾਂ ਉਹ ਸਿਰਫ਼ ਹਿੰਦੂਆਂ ਦਾ ਮਾਰਿਆ ਜਾਣਾ ਹੀ ਹੈ। ਸਿੱਖਾਂ ਦੀਆਂ ਮੌਤਾਂ ਦੀ ਉਨ੍ਹਾਂ ਨੂੰ ਉਕਾ ਹੀ ਕੋਈ ਪਰਵਾਹ ਨਹੀਂ ਸੀ।" (ਸਫ਼ਾ 391)

ਅਜਮੇਰ ਸਿੰਘ ਜੀ ਜ਼ਰਾ ਦੱਸਣਗੇ ਕਿ ਕੋਈ ਮਨੁੱਖ ਭਾਵੇਂ ਕਿੰਨਾ ਹੀ ਬਲਵਾਨ ਕਿਉਂ ਨਾ ਹੋਵੇ, ਕੀ ਉਹ 35-35 ਬੰਦਿਆਂ ਦਾ ਮੁਕਾਬਲਾ ਕਰ ਸਕਦਾ ਹੈ? (ਹੁਣ ਆਪਾਂ ਹਿੰਦੂ ਮਿਥਿਹਾਸ ਅਤੇ ਹਿੰਦੀ ਫ਼ਿਲਮਾਂ ਦੇ ਸਟੰਟਾਂ ਦੀ ਗੱਲ ਨਹੀਂ ਕਰ ਰਹੇ) ਹਾਂ, ਨਿਰਦੋਸ਼ ਲੋਕਾਂ ਨੂੰ ਬੰਦੂਕਾਂ ਨਾਲ ਜ਼ਰੂਰ ਭੁੰਨਿਆ ਜਾ ਸਕਦਾ ਹੈ ਅਤੇ ਉਹ ਵੀ ਇਕੱਲੀ 'ਕਹਿਰੀ ਘਟਨਾ ਅੰਦਰ। ਦੂਜਾ, ਕੀ ਕਦੇ ਇਤਿਹਾਸ ਅੰਦਰ ਕਿਸੇ ਵੀ ਦੇਸ਼ ਦੇ ਹਾਕਮਾਂ ਨੇ ਆਮ ਲੋਕਾਂ ਦੇ ਕਤਲਾਂ ਦੀ ਪੀੜ ਮੰਨੀ ਹੈ? ਬੀਬੀ ਇੰਦਰਾ ਨੇ ਤਾਂ ਮੰਨੀ ਨਹੀਂ, ਨਾ ਹੀ ਉਸ ਦੇ ਕੋੜਮੇ ਦੇ ਕਿਸੇ ਹੋਰ ਜੀਅ ਨੇ ਮੰਨੀ ਹੈ। ਤੀਜਾ, ਕੀ ਕਿਸੇ ਕੌਮ ਦੇ 'ਰਹਿਬਰ' ਨੂੰ ਆਪਣੇ ਹਮਧਰਮੀਆਂ ਅਤੇ ਹਮਕੌਮੀਆਂ ਦੇ ਮਰਨ ਦੀ ਉਕਾ ਹੀ ਪਰਵਾਹ ਨਹੀਂ ਹੁੰਦੀ? ਜੇ ਨਹੀਂ ਹੁੰਦੀ, ਤਾਂ ਉਸਨੂੰ ਰਹਿਬਰ ਦਾ ਰੁਤਬਾ ਦੇਣ ਲਈ ਕੋਈ ਹੋਰ ਆਧਾਰ ਲੱਭਣੇ ਚਾਹੀਦੇ ਹਨ। ਜੇ ਸਾਰਿਆਂ ਨੂੰ ਮਰਵਾ ਕੇ ਹੀ ਰੂਹ ਨੂੰ ਚੈਨ ਮਿਲਣਾ ਹੈ, ਫੇਰ ਕੌਮੀ ਘਰ ਕਾਹਦੇ ਅਤੇ ਕੀਹਦੇ ਲਈ ਹਾਸਲ ਕਰਨਾ ਹੈ? ਅਜਿਹੇ ਸੰਘਰਸ਼ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ।

***ਇਸ ਕਾਇਨਾਤ ਵਿਚ ਮਾਂ ਤੋਂ ਵੱਡੀ ਹੋਰ ਕੋਈ ਸ਼ੈਅ ਨਹੀਂ ਹੁੰਦੀ। ਲੇਕਿਨ ਕੀ ਉਨ੍ਹਾਂ ਕਦੇ ਆਪਣੇ ਸ਼ਰਧਾਲੂ ਸ਼ਹੀਦ ਖੁਸ਼ਵਿੰਦਰ ਸਿੰਘ ਦੀ ਮਾਂ ਦੇ ਦਰਦ ਨੂੰ ਸਮਝਣ ਦੀ ਭੋਰਾ ਭਰ ਵੀ ਕੋਸ਼ਿਸ਼ ਕੀਤੀ ਸੀ, ਜਿਹੜੀ ਸੱਚੀਓਂ ਹੀ ਆਪਣੇ 'ਪੂਰਨ' ਪੁੱਤ ਦੇ ਵਿਯੋਗ ਵਿਚ ਮਾਂ ਇੱਛਰਾਂ ਵਾਂਗ ਅੰਨ੍ਹੀ ਹੋ ਕੇ ਅੰਬਰਾਂ ਤੋਂ ਉਚੇ ਵੈਣ ਪਾਉਂਦੀ, ਕੰਧਾਂ ਵਿਚ ਟੱਕਰਾਂ ਮਾਰਦੀ ਹੋਈ ਅਤੇ ਆਪਣੇ ਪਿਆਰੇ 'ਪੂਰਨ' ਦੀ ਭਾਲ ਵਿਚ ਰੱਬ ਨੂੰ ਪਿਆਰੀ ਹੋ ਗਈ ਸੀ? ਕੀ ਉਨ੍ਹਾਂ ਖੁਸ਼ਵਿੰਦਰ ਸਿੰਘ ਅਤੇ ਕੇਸਰ ਸਿੰਘ ਦੇ ਪਰਿਵਾਰਾਂ ਦੀ ਡੰਗੋਰੀ ਬਣਨ ਦਾ ਵੀ ਕੋਈ ਜਤਨ ਕੀਤਾ ਹੈ? ਕੀ ਇਕੱਲੀ ਆਪਣੀ ਸਕੀ ਮਾਂ ਦਾ ਕਰਜ਼ ਉਤਾਰਨ ਨਾਲ ਹੀ ਸੁਰਖ਼ਰੂ ਹੋ ਜਾਈਦਾ ਹੁੰਦਾ ਹੈ?***

ਸਿੱਖ ਗੁਰੂ ਸਾਹਿਬਾਨ ਨੇ ਤਾਂ ਕਦੇ ਵੀ ਅਜਿਹੀ ਲੀਹ ਫੜਨ ਦੀ ਸਿੱਖਿਆ ਨਹੀਂ ਦਿੱਤੀ ਸੀ।

ਲੱਗਦਾ ਹੈ ਕਿ ਅਜਮੇਰ ਸਿੰਘ ਗੱਲ ਨੂੰ ਤੋੜ ਚੜ੍ਹਾ ਕੇ ਹੀ ਦਮ ਲੈਣਗੇ। ਲਓ ਸੁਣੋ: "ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਆਪਾ-ਬਚਾਓ ਲਈ ਇਸ ਕਾਰਗਰ ਹਥਿਆਰ (ਭਾਵ ਬੇਗੁਨਾਹ ਹਿੰਦੂਆਂ ਦੇ ਕਤਲਾਂ) ਦੀ ਸੁਚੇਤ ਪੱਧਰ 'ਤੇ ਵਰਤੋਂ ਕਰਨ ਦੀ ਯੁੱਧਮਤ ਸੁਝਾਅ ਦਿੱਤੀ...ਯਕੀਨਨ ਹੀ ਇਹ ਸਿੱਖ ਸੰਘਰਸ਼ ਅੰਦਰ ਸ਼ਾਮਲ ਹੋਇਆ ਇਕ ਅਸਲੋਂ ਹੀ ਨਵਾਂ ਅੰਸ਼ ਸੀ, ਜਿਸ ਨੇ ਸਿੱਖ ਕੌਮ ਦੀ ਹਿੰਦੂ ਹਾਕਮਾਂ ਨਾਲ ਟੱਕਰ ਨੂੰ ਇਕ ਨਵਾਂ ਆਯਾਮ ਦੇ ਦਿੱਤਾ ਅਤੇ ਇਸ ਦੇ ਅਸਰ ਬਹੁਤ ਹੀ ਗਹਿਰੇ ਅਤੇ ਦੂਰਗਾਮੀ ਹੋ ਨਿਬੜੇ।" (ਸਫ਼ਾ 391)

ਇਸ ਨਵੇਂ ਸਜੇ ਖਾਲਸਾ ਜੀ ਦੀਆਂ ਜੰਗੀ ਨੀਤੀਆਂ ਦੇ ਬਲਿਹਾਰੇ ਜਾਣ ਨੂੰ ਦਿਲ ਕਰਦਾ ਹੈ!! ਹੁਣ ਜ਼ਰਾ ਉਸ ਦ੍ਰਿਸ਼ ਦੀ ਕਲਪਨਾ ਕਰੋ, ਜਦੋਂ ਭਾਈ ਕਨ੍ਹਈਆ ਜੀ, ਜ਼ਖ਼ਮੀ ਮੁਗ਼ਲ ਸਿਪਾਹੀਆਂ ਨੂੰ ਵੀ ਪਾਣੀ ਪਿਲਾ ਰਿਹਾ ਸੀ ਅਤੇ ਚੋਜੀ ਪ੍ਰੀਤਮ ਉਸ ਦੇ ਇਸ ਕਰਮ ਉਪਰ ਅਸ਼-ਅਸ਼ ਕਰ ਉਠੇ ਸਨ। ਇਹ 'ਇਲਾਹੀ ਨਦਰਿ' ਦੀ ਲਿਸ਼ਕੋਰ ਹੀ ਸੀ, ਜਿਸਨੇ ਸਰਹਿੰਦ ਦੇ ਨਵਾਬ ਦੇ ਮੁਲਾਜ਼ਮ ਭਾਈ ਮੋਤੀ ਰਾਮ ਮਹਿਰੇ ਨੂੰ ਇੰਨਾ ਵੱਡਾ ਖ਼ਤਰਾ ਸਹੇੜਨ ਅਤੇ ਸ਼ਹੀਦੀ ਜਾਮਾ ਪੀਣ ਦਾ ਬਲ ਬਖ਼ਸ਼ ਦਿੱਤਾ ਸੀ। ਇਹ ਵੀ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ ਕਿ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖ਼ਾਨ ਹਾਕਮਾਂ ਦੀ ਭਰੀ ਸਭਾ 'ਚੋਂ ਉਠ ਆਇਆ ਸੀ। ਵਹਿਸ਼ਤ ਦੇ ਉਸ ਕੁਲਿਹਣੇ ਦੌਰ ਵਿਚ ਵੀ ਦੀਵਾਨ ਟੋਡਰ ਮੱਲ ਵਰਗੀਆਂ ਰੂਹਾਂ ਮਰੀਆਂ ਨਹੀਂ ਸਨ ਜਿਨ੍ਹਾਂ ਨੇ ਆਪਣੀ ਸਾਰੀ ਦੌਲਤ ਛੋਟੇ ਸਾਹਿਬਜਾਦਿਆਂ ਦੇ ਸਸਕਾਰ ਲਈ ਦੋ ਗਜ਼ ਜਮੀਨ ਖਰੀਦਣ ਲਈ ਕੁਰਬਾਨ ਕਰ ਦਿੱਤੀ ਸੀ। ਇਹ ਉਹ ਲੋਕ ਸਨ, ਜਿਨ੍ਹਾਂ ਲਈ ਦਸਮ ਪਿਤਾ ਨੇ ਕਿਹਾ ਸੀ, "ਇਨ ਹੀ ਕੀ ਕਿਰਪਾ ਸੇ ਸਜੇ ਹਮ ਹੈਂ, ਨਹੀਂ ਮੋ ਸੇ ਗਰੀਬ ਕਰੋਰ ਪਰੇ।"

ਸਿੱਖੀ ਕਿਸੇ ਮਜ਼ਲੂਮ ਦੇ ਕਤਲ ਕਰਨੇ ਨਹੀਂ ਸਿਖਾਉਂਦੀ। ਇਹ ਤਾਂ ਘਰ ਆਏ ਵੈਰੀ ਨੂੰ ਵੀ ਗ਼ਲ ਲਾਉਣ ਦੀ ਪ੍ਰੇਰਨਾ ਦਿੰਦੀ ਹੈ। ਸਾਦੇ ਕੱਪੜਿਆਂ ਵਿਚਲੇ ਪੁਲਿਸ ਅਫ਼ਸਰ ਅਵਤਾਰ ਸਿੰਘ ਅਟਵਾਲ ਨੂੰ ਦਰਬਾਰ ਸਾਹਿਬ ਦੀ ਦਰਸ਼ਨੀ ਡਿਊੜੀ ਦੇ ਬਾਹਰ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ 'ਪ੍ਰਗਟ ਗੁਰਾਂ ਕੀ ਦੇਹ' ਅੱਗੇ ਨਤਮਸਤਕ ਹੋਏ ਨੂੰ ਕਤਲ ਕਰ ਸੁੱਟਣਾ ਕਿਹੜੇ ਗੁਰੂ ਦੀ "ਇਲਾਹੀ ਨਦਰਿ" ਦੇ ਝਲਕਾਰੇ ਹਨ? ਖਾਲਸਾਈ ਬਾਣੇ ਅੰਦਰਲੇ ਲੇਕਿਨ ਨਾਸਤਿਕਤਾ ਨਾਲ ਓਤਪੋਤ ਅਜਮੇਰ ਸਿੰਘ ਨੂੰ ਤਾਂ ਸ਼ਾਇਦ ਨਾ ਪਤਾ ਹੋਵੇ, ਹਾਂ ਕਰਮਜੀਤ ਭਾਅ ਜੀ ਜ਼ਰੂਰ ਹੀ ਰੋਸ਼ਨੀ ਪਾ ਸਕਦੇ ਹਨ।

ਤੱਥ ਇਸ ਗੱਲ ਦੀ ਗਵਾਹੀ ਨਹੀਂ ਭਰਦੇ ਕਿ ਸੰਤ ਜਰਨੈਲ ਸਿੰਘ ਨੇ ਬੇਗੁਨਾਹ ਹਿੰਦੂਆਂ ਦੇ ਕਤਲਾਂ ਦੀ ਯੁੱਧਨੀਤਕ ਲੀਹ ਦੇ ਕੇ ਸਿੱਖ ਸੰਘਰਸ਼ ਨੂੰ ਕਿਸੇ ਸੁੱਚੇ ਇਖ਼ਲਾਕ ਦੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਹੋਵੇ? ਅਜਮੇਰ ਸਿੰਘ ਜਦੋਂ ਇਸ ਲੀਹ ਦੇ ਦਰੁਸਤ ਹੋਣ ਦੇ ਕਸੀਦੇ ਪੜ੍ਹਦਾ ਹੈ ਤਾਂ ਉਹ ਆਪਣੀ "ਅਗੰਮੀ ਬੌਧਿਕਤਾ" ਦੀਆਂ ਕਿਰਨਾਂ ਬਖੇਰ ਰਿਹਾ ਮਾਲੂਮ ਹੁੰਦਾ ਹੈ। ਜੇ ਸਿੱਖਾਂ ਕੋਲੋਂ ਇਸੇ ਲੀਹ 'ਤੇ ਮੋਹਰ ਲਵਾਉਣ ਦੀ ਧੁੱਸ ਬਲਵਾਨ ਹੈ ਤਾਂ ਸਾਡੇ ਲਈ ਨਵੰਬਰ 1984 ਦੀ ਸਿੱਖ ਵਿਰੋਧੀ ਵਹਿਸ਼ੀ ਨਸਲਕੁਸ਼ੀ ਨੂੰ ਨਾਜਾਇਜ਼ ਠਹਿਰਾਉਣਾ ਅਤਿ ਮੁਸ਼ਕਲ ਹੋ ਜਾਵੇਗਾ। ਪੰਜਾਬ ਅੰਦਰਲੇ ਹਿੰਦੂਆਂ ਨੂੰ ਕਤਲ ਕਰਕੇ ਦਿੱਲੀ ਦੇ ਬਾਹਮਣਵਾਦੀ ਹਾਕਮਾਂ ਨੂੰ ਸੇਕ ਦੇਣ ਵਾਲੀ ਜਿਹੜੀ ਭੱਠੀ ਅਜੇ ਤਪਣ ਹੀ ਲੱਗੀ ਸੀ, ਉਸ ਤੋਂ ਪਹਿਲਾਂ ਹੀ ਹਾਕਮਾਂ ਨੇ ਸਿੱਖਾਂ ਸਮੇਤ ਸਮੁੱਚੇ ਪੰਜਾਬੀਆਂ ਨੂੰ ਅਜਿਹਾ ਸੇਕ ਪਹੁੰਚਾਇਆ ਕਿ ਸਾਡੀਆਂ ਆਉਣ ਵਾਲੀਆਂ ਅਨੇਕਾਂ ਪੁਸ਼ਤਾਂ ਕੰਬ-ਕੰਬ ਕੇ ਉਠਿਆ ਕਰਨਗੀਆਂ। ਸੰਤ ਜਰਨੈਲ ਸਿੰਘ ਅਤੇ ਅਜਮੇਰ ਸਿੰਘ ਦੀ ਲੀਹ ਦੇ ਜਵਾਬ ਵਿਚ ਦਿੱਲੀ ਦੇ ਹਾਕਮ ਚੰਗੇਜ਼ਖ਼ਾਨੀ ਦਰਿੰਦੇ ਹੁੰਦੇ ਹੋਏ ਵੀ ਗੁਨਾਹਗਾਰ ਬਣਨ ਦੇ ਇਲਜ਼ਾਮ ਤੋਂ ਬਚੇ ਰਹਿਣਗੇ। ਸੰਤ ਜੀ ਤਾਂ ਨਹੀਂ ਰਹੇ। ਲੇਖਕ ਜੀ ਨੂੰ ਆਪਣੀ ਲੀਹ ਬਾਰੇ ਮੁੜ ਵਿਚਾਰ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਹਮੇਸ਼ਾ ਹੀ ਘਰ ਘਰ ਵਿਚ ਸੱਥਰ ਵਿਛ ਜਾਣ ਦਾ ਖ਼ਤਰਾ ਬਣਿਆ ਰਹੇਗਾ। ਹਾਂ ਜੇ ਸਾਰੀ "ਕੌਮ" ਨੂੰ ਮਰਵਾ ਕੇ, ਮੁਰਦਿਆਂ ਦਾ ਕੌਮੀ ਘਰ ਬਣਵਾ ਕੇ ਹੀ ਰੂਹ ਨੂੰ ਸ਼ਾਂਤੀ ਮਿਲਣੀ ਹੈ, ਤਾਂ ਲੇਖਕ ਜੀ ਆਪਣੀ ਲੀਹ ਦੇ ਜੀ ਸਦਕੇ ਗਮੰਤਰੀ ਬਣਨ।

ਗੱਲ ਇਥੇ ਹੀ ਨਹੀਂ ਮੁੱਕਦੀ। ਅਜਮੇਰ ਸਿੰਘ ਇਸੇ ਲੀਹ ਨੂੰ ਸਿਰੇ ਲਾਉਣ ਲਈ ਬਜ਼ਿੱਦ ਹਨ। ਉਹ ਲਿਖਦੇ ਹਨ, "ਹਿੰਦੂ ਹਾਕਮ, ਹੋਰ ਕਿਸੇ ਵੀ ਗੱਲ ਨਾਲੋਂ ਵੱਧ, ਪੰਜਾਬ ਅੰਦਰ ਹਿੰਦੂ ਵਰਗਾਂ ਦੇ ਕਤਲਾਂ ਦੀ ਸਭ ਤੋਂ ਜ਼ਿਆਦਾ ਚੋਭ ਮੰਨਦੇ ਹਨ। ਇਸ ਕਰਕੇ ਹਿੰਦੂ ਵਰਗ ਦੇ ਕਤਲਾਂ ਦੀ ਨੀਤੀ ਵਰਜਣ ਦੇ ਰੂਪ ਵਿਚ ਇਸਤੇਮਾਲ ਕਰਨ ਦੀ ਧਾਰਨਾ ਉਨ੍ਹਾਂ ਦੇ ਮਨ ਨੂੰ ਜਚ ਗਈ ਹੋਈ ਸੀ...ਉਨ੍ਹਾਂ ਦਾ ਸਪਸ਼ਟ ਆਦੇਸ਼ ਸੀ ਕਿ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੀ ਖਬਰ ਸੁਣ ਕੇ ਅੰਮ੍ਰਿਤਸਰ ਵੱਲ ਵਹੀਰਾਂ ਘੱਤਣ ਦੀ ਲੋੜ ਨਹੀਂ, ਬਲਕਿ ਆਪੋ ਆਪਣੀਆਂ ਥਾਂਵਾਂ 'ਤੇ 'ਨਿਸ਼ਾਨੇ ਮਿੱਥ ਕੇ' ਹਮਲੇ ਕਰਨ ਤੋਂ ਨਹੀਂ ਉਕਣਾ।" (ਸਫ਼ਾ-447)

ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਖਾਸ ਪੈਰੋਕਾਰ ਤਾਂ ਨਹੀਂ ਰਹੇ। ਲੇਕਿਨ ਨਵੇਂ ਸਜੇ "ਸਿੰਘ" ਅਜਮੇਰ ਨੂੰ ਜ਼ਿੰਦਗੀ ਭਰ ਝੋਰਾ ਰਹੇਗਾ ਕਿ ਪੰਜਾਬ ਦੇ "ਕਮਲੇ" ਸਿੱਖਾਂ ਨੇ ਗੋਹਲਵੜ, ਰਾਜਾਸਾਂਸੀ, ਤਰਨਤਾਰਨ, ਅਜਨਾਲਾ, ਨਵਾਂ ਕੋਟ ਆਦਿ ਤੋਂ ਰੋਹ ਵਿਚ ਆ ਕੇ ਅੰਮ੍ਰਿਤਸਰ ਨੂੰ ਤਾਂ ਵਹੀਰਾਂ ਘੱਤ ਦਿੱਤੀਆਂ, ਲੇਕਿਨ ਰਾਹ ਵਿਚ ਆਉਂਦੇ-ਮਿਲਦੇ ਹਿੰਦੂਆਂ ਦੀਆਂ ਧੌਣਾਂ ਕਿਉਂ ਨਾ ਵੱਢ ਸੁੱਟੀਆਂ? ਇਹੀ ਦਿਆਲਤਾ ਬਾਗੀ ਹੋਏ ਸਿੱਖ ਫੌਜੀਆਂ ਨੇ ਦਿਖਾ ਕੇ ਪੱਟੀਮੇਸ ਕਰ ਦਿੱਤੀ। ਕਿੰਨਾ ਚੰਗਾ ਹੁੰਦਾ ਜੇਕਰ ਉਹ ਅੰਮ੍ਰਿਤਸਰ ਨੂੰ ਆਉਣ ਦੀ ਬਜਾਏ ਆਪਣੇ ਸਾਥੀ ਹਿੰਦੂ ਫੌਜੀਆਂ ਅਤੇ ਅਫਸਰਾਂ ਦੇ ਖੂਨ ਦੀ ਹੋਲੀ ਖੇਡਦੇ। ਜੂਨ ਦੇ ਮਹੀਨੇ ਵਿਚ ਹੋਲੀ ਖੇਡਣ ਦੀ ਕਿੰਨੀ ਸੁਹਣੀ ਨਵੀਂ ਰੀਤ ਪੈਣੀ ਸੀ!! "ਸਿੰਘਾਂ ਦੀ ਇਹ ਹਰਕਤ ਸੰਤਾਂ ਦੇ ਆਦੇਸ਼ ਦੇ ਅਨੁਸਾਰੀ ਨਹੀਂ ਸੀ।" (ਸਫਾ-447) ਲੇਖਕ ਦਾ ਮੰਨਣਾ ਹੈ ਕਿ ਇਹ ਭਾਣਾ ਇਸ ਕਰਕੇ ਵਾਪਰਿਆ ਕਿ "ਸਿੱਖ ਮਨ, ਆਮ ਰੂਪ ਵਿਚ ਹੀ ਹਿੰਦੂ ਵਰਗ ਨੂੰ ਦੁਸ਼ਮਣ ਮਿੱਥ ਲੈਣ ਲਈ ਤਿਆਰ ਨਹੀਂ ਸੀ ਹੋਇਆ। (ਸਫਾ-449) ਲੇਖਕ ਦੀਆਂ ਆਂਦਰਾ ਅੰਦਰ ਕੜਵੱਲ ਪੈ ਰਹੇ ਹਨ, "ਸਿੱਖ ਮਨ ਉਤੇ ਹਿੰਦੂ ਧਰਮ, ਸੰਸਕ੍ਰਿਤੀ ਤੇ ਸਮਾਜ ਨਾਲ 'ਅਟੁੱਟ' ਸਾਂਝ ਦਾ ਵਿਚਾਰ ਤੇ ਜਜ਼ਬਾ ਲਗਾਤਾਰ ਆਪਣਾ ਭਾਰੂ ਅਸਰ ਕਾਇਮ ਰੱਖ ਰਿਹਾ ਹੈ।" (ਸਫਾ-450) ਇਸੇ ਲਈ ਅਜਮੇਰ ਸਿੰਘ ਨੇ ਸਿੱਖਾਂ ਅਤੇ ਹਿੰਦੂਆਂ ਅੰਦਰਲੀ ਸਦੀਆਂ ਪੁਰਾਣੀ ਸਭਿਆਚਾਰਕ, ਆਰਥਿਕ, ਰੂਹਾਨੀ, ਇਲਾਕਾਈ ਅਤੇ ਬੋਲੀ ਦੀ ਸਾਂਝ ਨੂੰ ਲੀਰੋ-ਲੀਰ ਕਰਨ ਦਾ ਪ੍ਰਾਜੈਕਟ ਹੱਥ ਵਿਚ ਲੈ ਰੱਖਿਆ ਹੈ। ਉਹ ਪੰਜਾਬੀਆਂ ਦਾ ਮਾਓ ਤਾਂ ਨਹੀਂ ਬਣ ਸਕਿਆ, ਲੇਕਿਨ ਸਿੱਖਾਂ ਦਾ ਮੁਹੰਮਦ ਅਲੀ ਜਿਨਾਹ ਬਣਨ ਦੇ ਸੁਪਨੇ ਜ਼ਰੂਰ ਲੈ ਰਿਹਾ ਹੈ। ਦੇਖਦੇ ਹਾਂ, ਉਸ ਉਪਰ ਵਾਹਿਗੁਰੂ ਦੀ "ਇਲਾਹੀ ਨਦਰਿ" ਪੈਂਦੀ ਹੈ ਜਾਂ ਨਹੀਂ?

ਅਜਮੇਰ ਸਿੰਘ ਸੰਤ ਜਰਨੈਲ ਸਿੰਘ ਦੀ ਯੁੱਧਕਲਾ ਦਾ ਕਿੰਨਾ ਵੀ ਜਸ ਗਾਇਨ ਕਰੇ, ਲੇਕਿਨ ਇਹ ਯੁੱਧ ਕਲਾ ਕਿਸੇ ਪਾਸਿਉਂ ਵੀ ਆਧੁਨਿਕ ਜੰਗੀ ਪੈਂਤੜਿਆਂ ਦੇ ਅਨੁਕੂਲ ਨਹੀਂ ਸੀ, ਨਾ ਹੈ। ਭਾਰਤੀ ਸਟੇਟ ਨੂੰ ਸਮਝਣ ਵਿਚ ਸਭ ਤੋਂ ਵੱਡੀ ਖਤਾ ਤਾਂ ਇਥੋਂ ਹੀ ਸ਼ੁਰੂ ਹੋ ਗਈ ਕਿ ਉਨ੍ਹਾਂ ਨੇ ਪੱਕਾ ਵਿਸ਼ਵਾਸ ਕਰ ਲਿਆ ਕਿ ਫੌਜ ਸ੍ਰੀ ਹਰਿਮੰਦਰ ਸਾਹਿਬ ਵਰਗੇ ਮੁਕੱਦਸ ਸਥਾਨ ਵਿਚ ਦਾਖਲ ਨਹੀਂ ਹੋਵੇਗੀ। ਉਨ੍ਹਾਂ ਸੰਘਣੀ ਵਸੋਂ ਵਾਲੇ ਸਥਾਨਾਂ ਨੂੰ ਆਪਣਾ ਫੌਜੀ ਅੱਡਾ ਬਣਾ ਲਿਆ। ਵਿਚਾਰੇ 'ਭੋਲੇ' ਸੰਤ ਜੀ ਨੂੰ ਤਾਂ ਕੀ ਪਤਾ ਹੋਣਾ ਸੀ। ਕੀ ਸੁਬੇਗ ਸਿੰਘ ਵਰਗੇ ਜਰਨੈਲ ਵੀ ਟਪਲਾ ਖਾ ਗਏ ਕਿ ਧਾਰਮਿਕ ਅਸਥਾਨਾਂ ਵਿਚੋਂ ਬਹੁਤਾ ਲੰਮਾ ਸਮਾਂ ਜੰਗ ਨਹੀਂ ਲੜੀ ਜਾ ਸਕਦੀ ਹੁੰਦੀ। ਕੀ ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਹਾਕਮਾਂ ਲਈ ਜੰਗ ਵਿਚ ਧਾਰਮਿਕ ਅਸਥਾਨ ਕੋਈ ਮਹੱਤਤਾ ਨਹੀਂ ਰੱਖਦੇ ਹੁੰਦੇ। ਕੀ ਉਸ ਨੂੰ 20 ਨਵੰਬਰ 1979 ਵਾਲੀ ਮੱਕੇ ਦੀ ਮਹਾਨ ਮਸਜਿਦ ਵਾਲੀ ਘਟਨਾ ਚੇਤੇ ਨਹੀਂ ਸੀ, ਜਦੋਂ ਹਮਧਰਮੀ ਫੌਜੀਆਂ ਨੇ ਉਥੇ ਹਮਧਰਮੀ ਕਬਜ਼ਾਧਾਰੀਆਂ ਕੋਲੋਂ ਬਿਲਕੁਲ ਇਸੇ ਤਰ੍ਹਾਂ ਦਾ ਐਕਸ਼ਨ ਕਰਕੇ ਮਸਜਿਦ ਨੂੰ ਛੁਡਾਇਆ ਸੀ। ਇਵੇਂ ਹੀ ਟੈਂਕ ਅਤੇ ਬਖਤਰਬੰਦ ਗੱਡੀਆਂ ਮਸਜਿਦ ਵਿਚ ਵਾੜੀਆਂ ਗਈਆਂ ਸਨ। ਕੰਧਾਂ ਵਿਚ ਮਘੋਰੇ ਕਰਦੇ ਹੱਥਗੋਲੇ ਸੁੱਟੇ ਗਏ ਸਨ ਅਤੇ ਜ਼ਹਿਰੀਲੀਆਂ ਗੈਸਾਂ ਦਾ ਇਸਤੇਮਾਲ ਕੀਤਾ ਗਿਆ ਸੀ।

ਅਜਮੇਰ ਸਿੰਘ ਹੁਣ ਸਿੱਖ ਬੁੱਧੀਜੀਵੀ ਬਣ ਗਿਆ ਹੈ। ਇਹ ਰੁਤਬਾ ਅਤੇ ਪ੍ਰਸਿੱਧੀ ਉਸ ਨੂੰ ਮੁਬਾਰਕ ਹੋਵੇ। ਜਦੋਂ ਕੋਈ ਬੰਦਾ ਕਿਸੇ ਧਰਮ ਜਾ ਸਿਧਾਂਤ ਨਾਲੋਂ ਟੁੱਟ ਕੇ ਨਵੇਂ ਧਰਮ ਜਾਂ ਸਿਧਾਂਤ ਨੂੰ ਅਪਨਾਉਂਦਾ ਹੈ, ਤਾਂ ਪੁਰਾਣੇ ਨੂੰ ਕਿੱਲ੍ਹ-ਕਿੱਲ੍ਹ ਕੇ ਗਾਲਾਂ ਕੱਢਦਾ ਹੈ। ਪੰਜਾਬੀ ਮੁਹਾਵਰੇ ਵਿਚ ਇਸਨੂੰ "ਨਵਾਂ ਨਵਾਂ ਬਣਿਆ ਮੁਸਲਮਾਨ ਪੰਜ ਵਾਰੀ ਨਮਾਜ਼ ਪੜ੍ਹਦਾ ਹੈ" ਵੀ ਕਹਿ ਲੈਂਦੇ ਹਾਂ। ਲੇਖਕ ਨੇ ਆਪਣੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਵਿਚ ਕਮਿਊਨਿਸਟਾਂ ਦੀ ਰੱਜ ਕੇ ਭੰਡੀ ਕੀਤੀ ਹੈ, ਅਤੇ ਉਨ੍ਹਾਂ ਦਾ ਇਕ ਲਾਣਾ ਇਸਦੇ ਲਾਇਕ ਵੀ ਹੈ। ਹੀ ਹੈ। ਵਿਚਾਰ ਬਦਲ ਲੈਣੇ ਕੋਈ ਮਾੜੀ ਗੱਲ ਨਹੀਂ। ਇਹ ਉਸ ਦਾ ਜਮਹੂਰੀ ਅਧਿਕਾਰ ਹੈ। ਲੇਕਿਨ ਅਜਿਹਾ ਕਰਦਿਆਂ ਸੱਚ ਦਾ ਪੱਲਾ ਨਹੀਂ ਛੱਡਣਾ ਚਾਹੀਦਾ ਅਤੇ ਤੱਥਾਂ ਨੂੰ ਵਿਗਾੜਨਾ ਨਹੀਂ ਚਾਹੀਦਾ। ਲੇਖਕ ਕਮਿਊਨਿਸਟਾਂ ਬਾਰੇ ਅਨੇਕਾਂ ਵਾਰੀ ਭੜਾਸ ਕੱਢਦਾ ਹੈ। ਮਿਸਾਲ ਵਜੋਂ, "ਕਮਿਊਨਿਸਟ ਵਿਚਾਰਧਾਰਾ ਦੇ ਜਨੂੰਨੀ ਪ੍ਰਭਾਵ ਹੇਠ ਪੜ੍ਹੇ ਲਿਖੇ ਸਿੱਖ ਨੌਜਵਾਨਾਂ ਅੰਦਰ ਧਰਮ ਤੋਂ ਨਾਬਰ ਹੋਣ, ਖਾਸ ਕਰਕੇ ਸਿੱਖੀ ਦੇ ਬਾਹਰੀ ਚਿੰਨ੍ਹਾਂ ਦਾ ਮਿੱਥ ਕੇ ਤਿਆਗ ਕਰਨ ਦੀ ਕਰੁਚੀ ਇਸ ਕਦਰ ਜ਼ੋਰ ਫੜ ਗਈ ਸੀ ਕਿ ਧਰਮ ਨੂੰ ਭੰਡਣਾ ਇਕ ਆਮ ਫੈਸ਼ਨ ਬਣ ਗਿਆ ਸੀ...ਕਮਿਊਨਿਜ਼ਮ ਦੀ ਚੜ੍ਹਤ ਇਤਿਹਾਸ ਦਾ ਇਕ ਆਰਜ਼ੀ ਵਰਤਾਰਾ ਸੀ" ਵਗੈਰਾ ਵਗੈਰਾ (ਸਫਾ 279)

**ਲੇਕਿਨ ਆਰਥਿਕ ਅਤੇ ਰਾਜਨੀਤਕ ਸੰਕਟ ਵਿਚ ਫਸੀਆਂ ਹਕੂਮਤਾਂ ਅਜਿਹੇ ਮਸਲਿਆਂ ਨੂੰ ਰੋਕਣ ਦੀ ਬਜਾਏ, ਭੜਕਾਉਣ ਦਾ ਸਮਾਂ ਅਤੇ ਸਾਧਨ ਮੁਹੱਈਆ ਕਰਦੀਆਂ ਹੁੰਦੀਆਂ ਹਨ; ਭਾਵੇਂ ਇਹ ਸਿੱਖ-ਨਿਰੰਕਾਰੀ ਝਗੜਾ ਹੋਵੇ, ਦਿੱਲੀ ਦੇ ਸਿੱਖ ਵਿਰੋਧੀ ਦੰਗੇ ਹੋਣ, ਬਾਬਰੀ ਮਸਜਿਦ ਦਾ ਢਾਹਿਆ ਜਾਣਾ ਹੋਵੇ, ਚਰਾਰੇ ਸ਼ਰੀਫ਼ ਤੇ ਹਜ਼ਰਤਬਲ ਦੀ ਘਟਨਾ ਹੋਵੇ, ਗੁਜਰਾਤ ਦੇ ਮੁਸਲਿਮ ਵਿਰੋਧੀ ਦੰਗੇ ਹੋਣ, ਉੜੀਸਾ ਵਿਚ ਇਸਾਈਆਂ ਉਪਰ ਹੁੰਦੇ ਆ ਰਹੇ ਲਗਾਤਾਰ ਹਮਲੇ ਹੋਣ, ਛਤੀਸਗੜ੍ਹ ਵਿਚ ਸਲਵਾ ਜੂਡਮ ਹੋਵੇ ਜਾਂ ਪਿਛੇ ਜਿਹੇ ਹੀ ਪੰਜਾਬ ਅੰਦਰ ਸੱਚੇ ਸੌਦੇ, ਨੂਰਮਹਿਲੀਏ, ਸੱਚਖੰਡ ਬੱਲਾਂ ਵਾਲੇ ਅਤੇ ਭਨਿਆਰੀਏ ਅਨਪੜ੍ਹ ਸਾਧ ਦੇ ਵਰਤਾਰੇ ਹੋਣ।**

ਆਪਾਂ ਪਹਿਲਾਂ ਦੇਖ ਚੁੱਕੇ ਹਾਂ ਕਿ ਲੇਖਕ ਦੀਆਂ ਨਜ਼ਰਾਂ ਵਿਚ ਅਪਰੈਲ 1978, ਜੂਨ 1984 ਅਤੇ ਨਵੰਬਰ 1984 ਦੀਆਂ ਚੰਦਰੀਆਂ ਘਟਨਾਵਾਂ ਸਿੱਖ ਇਤਿਹਾਸ ਦੇ ਮੋੜ ਬਿੰਦੂ ਹਨ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਦੀ ਦਿਸ਼ਾ ਤੈਅ ਕਰ ਦਿੱਤੀ ਹੋਈ ਹੈ। ਸਿੱਖੀ ਵਿਚ ਅਨੇਕਾਂ ਹੋਰ ਸਲੋਕਾਂ ਤੋਂ ਇਲਾਵਾ ਹੇਠ ਲਿਖੀਆਂ ਤੁਕਾਂ ਦੀ ਬਹੁਤ ਮਹੱਤਤਾ ਹੈ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥ (ਸ੍ਰੀ ਆਦਿ ਗਰੰਥ, ਪੰਨਾ 1105)

ਜਬੈ ਬਾਣ ਲਾਗੈ ਤਬੈ ਰੋਸ ਜਾਗੇ॥
(ਦਸਮ ਗਰੰਥ)

ਜਦੋਂ ਪੰਜਾਬ, ਭਾਰਤ ਦੇ ਇਤਿਹਾਸ ਵਿਚ ਇਹ ਮੋੜ-ਬਿੰਦੂ ਕਹੀਆਂ ਜਾਂਦੀਆਂ ਘਟਨਾਵਾਂ ਵਾਪਰੀਆਂ ਤਾਂ ਅਜਮੇਰ ਸਿੰਘ ਨੂੰ ਨਾ ਤਾਂ ਦਮਾਮੇ ਦੀ ਧਮਕ ਸੁਣੀ, ਨਾ ਸੀਨੇ ਵਿਚ ਘਾਓ ਲੱਗਿਆ, ਨਾ ਉਹਦੇ ਬਾਣ ਲੱਗਿਆ, ਨਾ ਜੰਗ ਦੇ ਮੈਦਾਨ ਵਿਚ ਕੁੱਦਣ ਦਾ ਚਾਓ ਉਠਿਆ, ਨਾ ਉਸ ਤਰ੍ਹਾਂ ਦਾ ਰੋਸ ਪਰਗਟ ਹੋਇਆ, ਜਿਹੋ ਜਿਹੇ ਰੋਸ ਦੀ ਉਹ ਆਪਣੀਆਂ ਕਿਤਾਬਾਂ ਵਿਚ ਖਟ ਸਜਾਈ ਬੈਠਾ ਹੈ। ਉਪਰੋਕਤ ਤਿੰਨੇ ਘਟਨਾਵਾਂ ਦੇ ਵਾਪਰ ਜਾਣ ਉਪਰੰਤ 24 ਜੁਲਾਈ 1985 ਦਾ ਰਾਜੀਵ-ਲੌਂਗੋਵਾਲ ਸਮਝੌਤਾ ਸਾਹਮਣੇ ਆ ਚੁੱਕਿਆ ਸੀ। ਮਜਬੂਰੀ ਵੱਸ ਪਾਠਕਾਂ ਲਈ ਇਕ ਲੰਮੀ ਟੂਕ ਦੇਣੀ ਪੈ ਰਹੀ ਹੈ। ਉਸ ਸਮਝੌਤੇ ਦੀ ਚੀਰਫਾੜ ਕਰਦਾ ਹੋਇਆ ਅਜਮੇਰ ਸਿੰਘ ਲਿਖ ਰਿਹਾ ਸੀ, "ਮਸਲੇ ਦੇ ਲਮਕਾਅ ਅਤੇ ਲੋਕਾਂ ਸਾਹਮਣੇ ਲੜਾਈ ਲਈ ਕੋਈ ਸਪਸ਼ਟ ਭਵਿਖ ਨਕਸ਼ਾ ਤੇ ਉਦੇਸ਼ ਨਾ ਉਭਰਦਾ ਹੋਣ ਕਰਕੇ, ਲੋਕਾਂ ਅੰਦਰ ਜਦੋ ਜਹਿਦ ਜਾਰੀ ਰੱਖਣ ਤੇ ਹੋਰ ਉਚੇਰੇ ਪੜਾਅ 'ਤੇ ਲਿਜਾਣ ਦੇ ਰੌਂਅ ਦਾ ਸੰਚਾਰ ਨਹੀਂ ਸੀ ਹੋ ਰਿਹਾ। ਜਿਸ ਕਰਕੇ ਲੋਕਾਂ ਅੰਦਰ ਇਕ ਬੇਬਸੀ ਵਾਲੀ ਹਾਲਤ ਤੇ ਕਿਸੇ ਬਾਵੱਕਾਰ ਸਮਝੌਤੇ ਦਾ ਰੌਂਅ ਜ਼ੋਰ ਫੜਨ ਲੱਗ ਪਿਆ ਸੀ।"

ਹੁਣ ਜ਼ਰਾ ਇਸ ਨੂੰ ਲੇਖਕ ਦੀ ਪਹਿਲੀ ਕਿਤਾਬ ਦੀ ਸਭ ਤੋਂ ਆਖਰੀ ਲਾਈਨ ਕਿ "ਸਿੱਖ ਰਾਜਨੀਤਿਕ ਖੇਤਰ ਅੰਦਰ ਇਕ ਵੱਡੀ ਤੇ ਦੂਰ ਰਸ ਦੀਆਂ ਤਬਦੀਲੀ ਦੀਆਂ ਬੁਨਿਆਦਾਂ ਟਿੱਕ ਗਈਆਂ।" (ਸਫਾ 456) ਦੇ ਨਾਲ ਮਿਲਾ ਕੇ ਪੜ੍ਹਨ ਦੀ ਕੋਸ਼ਿਸ਼ ਕਰੋ, "ਜਦੋਂ ਸਪਸ਼ਟ ਭਵਿੱਖ ਨਕਸ਼ੇ ਦੀ ਅਤੇ ਉਦੇਸ਼ ਦੀ ਅਣਹੋਂਦ ਹੋਵੇ, ਲੜਾਈ ਦਾ ਰੌਂਅ ਨਾ ਰਿਹਾ ਹੋਵੇ ਅਤੇ ਬੇਬਸੀ ਦੀ ਹਾਲਤ ਛਾਈ ਹੋਵੇ ਤਾਂ ਭਲਾ ਕਿਸੇ ਵੱਡੀ ਤੇ ਦੂਰ ਰਸ ਤਬਦੀਲੀ ਦੀ ਆਸ ਰੱਖੀ ਜਾ ਸਕਦੀ ਹੈ?"

ਜ਼ਰਾ ਹੋਰ ਸੁਣੋ, "ਅਜੋਕੇ ਸਮੇਂ ਅੰਦਰ ਇਹ ਸਿਰਫ ਕਮਿਊਨਿਸਟ ਇਨਕਲਾਬੀ ਤਾਕਤਾਂ ਹੀ ਹਨ, ਜੋ ਪੰਜਾਬੀ ਕੌਮ ਦੀ ਉਠ ਰਹੀ ਇਸ ਉਠਾਣ ਨੂੰ ਹਥਿਆਰਬੰਦ ਘੋਲ ਰਾਹੀਂ ਸਾਮਰਾਜ ਅਤੇ ਉਸ ਦੇ ਦਲਾਲ ਭਾਰਤੀ ਹਾਕਮਾਂ ਤੋਂ ਮੁਕੰਮਲ ਮੁਕਤੀ ਭਾਵ ਨਵ-ਜਮਹੂਰੀ ਇਨਕਲਾਬ ਦੇ ਫੌਰੀ ਭਵਿੱਖ ਨਕਸ਼ੇ ਦੇ ਪ੍ਰਸੰਗ ਵਿਚ ਉਭਾਰ ਨੂੰ ਅੱਗੇ ਵਧਾ ਸਕਦੀਆਂ ਹਨ...ਪੰਜਾਬ ਦੀ ਹਾਲਤ ਇਨਕਲਾਬੀ ਰੁਖ ਵਧਾਰੇ ਤੇ ਇਨਕਲਾਬੀ ਸ਼ਕਤੀਆਂ ਦੇ ਤੇਜ਼ੀ ਨਾਲ ਵਿਕਾਸ ਦੀਆਂ ਬੇਹੱਦ ਸ਼ਾਨਦਾਰ ਸੰਭਾਵਨਾਵਾਂ ਅਤੇ ਸਾਜ਼ਗਾਰ ਆਧਾਰ ਸਮੋਈ ਬੈਠੀ ਹੈ।" (ਕਮਿਊਨਿਸਟ ਵਿਚਾਰ, ਅੰਕ ਚੌਥਾ, ਅਗਸਤ 1985)

ਇਹ ਕੋਈ ਹੋਰ ਨਹੀਂ ਸਿਰਫ ਅਜਮੇਰ ਸਿੰਘ ਲਿਖ ਰਿਹਾ ਸੀ ਅਤੇ ਉਹ ਵੀ ਉਦੋਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਢੱਠਿਆ ਪਿਆ ਸੀ ਤੇ ਇਹਦੇ ਅੰਦਰੋਂ ਮੱਚੇ ਹੋਏ ਮਨੁੱਖੀ ਮਾਸ ਦੀ ਅਤੇ ਬਾਰੂਦ ਦੀ ਗੰਦੀ ਹਵਾੜ ਆਉਣੀ ਬੰਦ ਨਹੀਂ ਸੀ ਹੋਈ, ਸ੍ਰੀ ਹਰਿਮੰਦਰ ਸਾਹਿਬ ਦੀਆਂ ਬਾਹਰੀ ਦੀਵਾਰਾਂ ਗੋਲੀਆਂ ਨਾਲ ਵਿੰਨੀਆਂ ਪਈਆਂ ਸਨ ਅਤੇ ਦਿੱਲੀ ਅੰਦਰ ਦੂਹ ਦੂਹ ਕਰਕੇ ਧੂੰਆਂ ਉਠ ਰਿਹਾ ਸੀ। ਅਜਮੇਰ ਸਿੰਘ ਦੇ ਨਵੇਂ ਸਜੇ ਚੇਲਿਆਂ ਨੂੰ ਨਸੀਹਤ ਨਹੀਂ, ਸਿਰਫ਼ ਬੇਨਤੀ ਹੀ ਕੀਤੀ ਜਾ ਸਕਦੀ ਹੈ ਕਿ ਉਹ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਇਨ੍ਹਾਂ ਚੇਤਾਵਨੀਆਂ ਨੂੰ ਇਕ ਵਾਰ ਜ਼ਰੂਰ ਹੀ ਵਿਚਾਰ ਲੈਣ:

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥ ਪੰਨਾ 474

ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ॥
ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ॥ ਪੰਨਾ 1384

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ਪੰਨਾ 1412

*(ਬਾਕੀ ਅਗਲੇ ਅੰਕ ਵਿਚ)*

# ਭਾਈ ਸੰਤੋਖ ਸਿੰਘ-ਰਚਨਾ ਅਤੇ ਇਤਿਹਾਸ ਚੇਤਨਾ


## ਖਾਲਸਾ ਪੰਥ

**ਅਵਤਾਰ ਸਿੰਘ***

ਵਿਦਿਆ ਦੇ ਪੁੰਜ ਕਵੀਰਾਜ ਭਾਈ ਸੰਤੋਖ ਸਿੰਘ ਨੂੰ ਚੂੜਾਮਣੀ ਇਤਿਹਾਸਕਾਰ ਕਿਹਾ ਜਾਂਦਾ ਹੈ। ਅਨੇਕ ਉਤਕ੍ਰਿਸ਼ਟ ਰਚਨਾਵਾਂ ਦੇ ਬਾਵਜੂਦ ਉਹ ਸੂਰਜ ਪ੍ਰਕਾਸ਼ ਗ੍ਰੰਥ ਦੇ ਰਚਨਾਕਾਰ ਵਜੋਂ ਹੀ ਜਾਣੇ ਜਾਂਦੇ ਹਨ। ਭਾਈ ਸਾਹਿਬ ਨੇ ਪਹਿਲਾਂ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਇਤਿਹਾਸ ਵਜੋਂ ਨਾਨਕ ਪ੍ਰਕਾਸ਼ ਦੀ ਰਚਨਾ ਕੀਤੀ ਜਿਸ ਉਪਰੰਤ ਲੋਕਪ੍ਰਿਅਤਾ ਅਤੇ ਮਕਬੂਲੀਅਤ ਤੋਂ ਉਤਸ਼ਾਹਿਤ ਹੋ ਕੇ ਦੂਜੀ ਤੋਂ ਦਸਵੀਂ ਪਾਤਸ਼ਾਹੀ ਤੱਕ ਮੁਕੰਮਲ ਇਤਿਹਾਸ ਲਿਖਿਆ ਜਿਸ ਨੂੰ "ਗੁਰਪ੍ਰਤਾਪਸੂਰਯੋਦੈ" ਦੀ ਸੰਗਿਆ ਦਿਤੀ, ਜੋ ਬਾਦ ਵਿਚ ਸੂਰਜ ਪ੍ਰਕਾਸ਼ ਦੇ ਨਾਂ ਨਾਲ਼ ਪ੍ਰਚਲਤ ਹੋਇਆ। ਭਾਈ ਸਾਹਿਬ ਦੇ ਇਸ ਕਾਰਜ ਦੀ ਮਹਾਨਤਾ ਅਤੇ ਵਡਿਆਈ ਇਸ ਗੱਲੋਂ ਵੀ ਹੈ ਕਿ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਤੋਂ ਬਾਦ ਉਨ੍ਹਾਂ ਦੀ ਰਚਨਾ ਗੁਰੂ ਘਰ ਦੇ ਅੰਦਰ ਪ੍ਰਵਾਨ ਹੋਈ। ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਹਜ਼ੂਰੀ ਵਿਚ "ਗੁਰਪ੍ਰਤਾਪਸੂਰਯੋਦੈ" ਗ੍ਰੰਥ ਨੂੰ ਸੁੰਦਰ ਰੁਮਾਲਿਆਂ ਵਿਚ ਪੀੜ੍ਹਾ ਸਾਹਿਬ 'ਤੇ ਪ੍ਰਕਾਸ਼ ਕਰਕੇ ਕਥਾ ਕਰਨ ਦੀ ਰਵਾਇਤ ਹੈ। ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀ ਯਾਦ ਵਿਚ ਕੋਈ ਇਮਾਰਤ ਨਹੀਂ ਉਸਾਰੀ ਗਈ ਪਰ ਭਾਈ ਸੰਤੋਖ ਸਿਘ ਦੇ ਜਨਮ ਅਸਥਾਨ ਵਿਖੇ ਕਿਲਾ ਸੰਤੋਖ ਸਿੰਘ ਵਜੋਂ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ। ਭਾਈ ਸਾਹਿਬ ਦੇ ਬੰਦਗੀ ਮੁਦਰਾ ਵਿਚ ਗੁਰੂ ਸਾਹਿਬਾਨ ਦੀ ਤਰਜ਼ 'ਤੇ ਮਨਮੋਹਕ ਅਤੇ ਪ੍ਰਭਾਵਸ਼ਾਲੀ ਚਿੱਤਰ ਵੀ ਪ੍ਰਚਲਤ ਹਨ। ਗੁਰੂ ਕਾਲ ਤੋਂ ਬਾਦ ਦੀਆਂ ਜਿਨ੍ਹਾਂ ਵੀ ਹਸਤੀਆਂ ਨੂੰ ਗੁਰੂ ਰੂਪ ਖਾਲਸਾ ਪੰਥ ਦੀ ਸਮੂਹਿਕ ਚੇਤਨਾ ਨੇ 'ਭਾਈ ਸਾਹਿਬ' ਦੇ ਲਕਬ ਨਾਲ ਨਿਵਾਜਿਆ ਹੈ, ਉਨ੍ਹਾਂ ਦੀ ਆਭਾ, ਪ੍ਰਤਿਭਾ ਅਤੇ ਕਰਨੀ ਗੁਰੂ ਦੀਆਂ ਨਜ਼ਰਾਂ ਵਿਚ ਪ੍ਰਵਾਨ ਮੰਨੀ ਜਾਂਦੀ ਹੈ।

ਸਿੱਖ ਪੰਥ ਅੰਦਰ ਗੁਰੂ ਦੀ ਅਜ਼ਮਤ ਅਤੇ ਮਹਿਮਾ ਦੀ ਛਵੀ ਅਤੇ ਭਾਈ ਸਾਹਿਬ ਦੀ ਨਿੱਘੀ ਯਾਦ ਵਿਚ ਘਣੀ ਸਮੀਪਤਾ ਦਾ ਰਾਜ਼ ਉਨ੍ਹਾਂ ਦੇ ਬੋਧਾਤਮਕ ਪੋਸ਼ਣ ਵਿਚ ਨਿਹਿਤ ਹੈ ਜਿਸ ਦਾ ਸਿਹਰਾ ਉਨ੍ਹਾਂ ਦੇ ਮਾਤਾ-ਪਿਤਾ ਸਿਰ ਬੱਝਦਾ ਹੈ। ਉਨ੍ਹਾਂ ਦੇ ਪਿਤਾ ਭਾਈ ਦੇਵਾ ਸਿੰਘ ਅੰਬਾਲਾ ਜ਼ਿਲੇ ਦੇ ਪਿੰਡ ਬੂੜੀਆ ਦੇ ਨਿਵਾਸੀ ਸਨ ਜਿਨ੍ਹਾਂ ਨੂੰ ਸੰਤ ਕਰਮ ਸਿੰਘ ਨਿਰਮਲੇ ਦੀ ਸੰਗਤ ਵਿਚ ਵੇਦਾਂਤ ਦਾ ਗਿਆਨ ਅਤੇ ਗੁਰਬਾਣੀ ਦਾ ਅਨੁਭਵ ਹਾਸਲ ਸੀ। ਆਪਣੇ ਇਸੇ ਰੁਝਾਨ ਨੂੰ ਹੋਰ ਪ੍ਰਚੰਡ ਕਰਨ ਹਿਤ ਉਹ ਸ੍ਰੀ ਤਰਨਤਾਰਨ ਦੇ ਨਜਦੀਕ ਸਰਾਇ ਨੂਰਦੀਨ ਤਸ਼ਰੀਫ਼ ਲੈ ਆਏ ਜਿੱਥੇ 8 ਅਕਤੂਬਰ 1787 ਨੂੰ ਮਾਤਾ ਰਾਜ ਦੇਵੀ ਦੀ ਕੁਖੋਂ ਭਾਈ ਸੰਤੋਖ ਸਿੰਘ ਦਾ ਜਨਮ ਹੋਇਆ। ਉਨ੍ਹਾਂ ਦੀ ਮੁਢਲੀ ਵਿਦਿਆ ਦਾ ਪ੍ਰਬੰਧ ਮਾਂ-ਬਾਪ ਨੇ ਆਪਣੀ ਮੁਕੰਮਲ ਦੇਖ ਰੇਖ ਅਧੀਨ ਘਰ ਵਿਚ ਹੀ ਕਰਨਾ ਜ਼ਰੂਰੀ ਸਮਝਿਆ ਪਰ ਜਲਦੀ ਹੀ ਉਨ੍ਹਾਂ ਨੂੰ ਸੱਚ ਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਭਾਈ ਸੰਤ ਸਿੰਘ ਪਾਸ ਪੜ੍ਹਨ ਖਾਤਰ ਭੇਜ ਦਿਤਾ ਗਿਆ ਜਿਥੇ ਉਨ੍ਹਾਂ ਗੁਰਮਤਿ ਗਿਆਨ, ਸਿੱਖ ਇਤਿਹਾਸ, ਕਾਵਿ ਵਿਦਿਆ, ਫਲਸਫ਼ੇ ਅਤੇ ਮਿਥਿਹਾਸ ਦਾ ਗੂੜ੍ਹ ਅਨੁਭਵ ਹਾਸਲ ਕੀਤਾ। ਸੰਸਕ੍ਰਿਤ ਭਾਸ਼ਾ, ਵੈਦਿਕ, ਮੱਤ-ਮਤਾਂਤਰ, ਸ਼ਾਸਤਰ, ਸਿਮ੍ਰਤੀਆਂ ਅਤੇ ਤਮਾਮ ਪੌਰਾਣਿਕ ਸਾਹਿਤ ਦੀ ਘੋਖਵੀਂ ਜਾਣਕਾਰੀ ਲਈ ਪ੍ਰਸਿੱਧ ਗਿਆਨ ਕੇਂਦਰ ਬਨਾਰਸ ਵੀ ਗਏ। ਵਾਪਸ ਆ ਕੇ ਯਮਨਾਨਗਰ ਕੋਲ ਇਕ ਪਿੰਡ ਚਲੇ ਗਏ ਜਿਥੇ ਉਨ੍ਹਾਂ ਆਪਣੇ ਪਿਤਾ ਦੇ ਵਾਕਿਫ਼ਕਾਰ ਅਤੇ ਪ੍ਰਸਿਧ ਕਵੀ ਲੇਖਕ ਤੇ ਪ੍ਰਚਾਰਕ ਸਰਦਾਰ ਦਿਆਲ ਸਿੰਘ ਦੀ ਪ੍ਰੇਰਨਾ ਵਿਚ ਸੰਸਕ੍ਰਿਤ ਦੇ ਪ੍ਰਾਚੀਨ ਗ੍ਰੰਥ ਅਮਰ ਕੋਸ਼ ਦਾ ਨਾਮ ਕੋਸ਼ ਵਜੋਂ ਗੁਰਮੁਖੀ ਵਿਚ ਤਰਜਮਾ ਕੀਤਾ ਜੋ ਪਟਿਆਲੇ ਕਿਸੇ ਪੁਸਤਕਾਲੇ ਵਿਚ ਅਜੇ ਤੱਕ ਸੁਰੱਖਿਅਤ ਪਿਆ ਹੈ। ਇਸ ਕੋਸ਼ ਦੀ ਸਹਾਇਤਾ ਲਏ ਬਗੈਰ ਪ੍ਰਾਚੀਨ ਸਾਹਿਤਕ ਲਿਖਤਾਂ ਦੇ ਅਰਥ ਭਾਵ ਸਮਝਣੇ ਸੁਖੈਨ ਨਹੀਂ ਹਨ।

'ਨਾਨਕ ਪ੍ਰਕਾਸ਼' ਦੀ ਰਚਨਾ ਨਾਲ ਭਾਈ ਸਾਹਿਬ ਦੀ ਲਾਸਾਨੀ ਇਤਿਹਾਸਕਾਰ ਵਜੋਂ ਪਹਿਚਾਣ ਬਣੀ ਜਿਸ ਕਰਕੇ ਕੈਥਲਪਤੀ ਭਾਈ ਉਦੈ ਸਿੰਘ ਨੇ ਉਨ੍ਹਾਂ ਨੂੰ ਆਪਣੇ ਦਰਬਾਰ ਵਿਚ ਬੁਲਾਇਆ। ਉਨ੍ਹਾਂ ਦਿਨਾਂ ਵਿਚ ਇਕ ਪੰਡਿਤ ਅਨੰਦਘਨ ਨੇ ਜਪੁਜੀ ਸਾਹਿਬ ਦਾ ਟੀਕਾ ਲਿਖਿਆ ਸੀ ਜਿਸ ਦੀ ਭਾਸ਼ਾ ਸ਼ੈਲੀ ਗਰਬਮਈ ਸੀ ਜਿਸ ਦੇ ਜਵਾਬ ਵਿਚ ਭਾਈ ਸਾਹਿਬ ਨੇ 'ਗਰਬ ਗੰਜਨੀ' ਟੀਕਾ ਲਿਖਿਆ। ਇਥੇ ਹੀ ਵਾਲਮੀਕੀ ਰਮਾਇਣ ਅਤੇ ਆਤਮ ਪੁਰਾਣ ਦਾ ਅਨੁਵਾਦ ਕੀਤਾ। ਫਿਰ ਸੰਪੂਰਨ ਗੁਰ ਇਤਿਹਾਸ ਦੀ ਰਚਨਾ ਕੀਤੀ। ਅਦੁੱਤੀ ਗ੍ਰੰਥ ਦੇ ਸੰਪੰਨ ਹੋਣ ਅਤੇ ਭਾਈ ਸਾਹਿਬ ਦੇ ਅਕਾਲ ਚਲਾਣੇ ਦਾ ਸਾਲ ਉਹੀ ਹੈ। ਭਾਈ ਸਾਹਿਬ ਕੈਥਲ ਵਿਖੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੀ ਬੌਧਿਕ ਪ੍ਰਤਿਭਾ, ਕਰਤਾਰੀ ਸਮਰੱਥਾ, ਸਾਧਕ ਅਤੇ ਸੰਤ ਬ੍ਰਿਤੀ, ਅਸੀਮ ਆਸਥਾ, ਸਬਰ-ਸੰਤੋਖ ਅਤੇ ਬੇਮਿਸਾਲ ਪ੍ਰਹੇਜ਼ਗਾਰ ਤਬੀਅਤ ਦੀਆਂ ਸੁਗੰਧੀਆਂ ਦੂਰ-ਦੂਰ ਤੱਕ ਇਸ ਕਦਰ ਫ਼ੈਲ ਗਈਆਂ ਸਨ ਕਿ ਰਾਜੇ ਮਹਾਰਾਜੇ ਆਪਣੀ ਧੰਨ ਸੰਪਤੀ ਉਨ੍ਹਾਂ ਦੀ



ਸੇਵਾ ਵਿਚ ਅਰਪਣ ਕਰਕੇ ਗੁਰੂ ਦੀਆਂ ਨਜ਼ਰਾਂ ਵਿਚ ਸੁਰਖਰੂ ਹੋਣ ਦੀ ਲਾਲਸਾ ਰੱਖਦੇ ਸਨ।

ਭਾਈ ਸੰਤੋਖ ਸਿੰਘ ਦੀ ਇਸ ਰਚਨਾ ਪਿਛੇ ਕਾਰਜਸ਼ੀਲ ਤੱਤ ਉਨ੍ਹਾਂ ਦੀ ਸਾਲਾਂ ਬੱਧੀ ਲਗਨ, ਖੋਜੀ ਬ੍ਰਿਤੀ, ਸਖ਼ਤ ਘਾਲਣਾ ਅਤੇ ਬੌਧਿਕ ਚਿੰਤਨ ਨਾਲੋਂ ਵੀ ਵਧੇਰੇ ਸਤਿਗੁਰਾਂ ਦੇ ਪਰਾਲੌਕਿਕ, ਦੈਵੀਤਵ ਵਿਚ ਅਟੱਲ ਵਿਸ਼ਵਾਸ, ਰੱਬੀ ਮਿਹਰ ਅਤੇ ਬੰਦਗੀ ਵਿਚ ਸੀ। ਗੁਰ ਇਤਿਹਾਸ ਅਰੰਭ ਕਰਨ ਤੋਂ ਪਹਿਲਾਂ ਭਾਈ ਸਾਹਿਬ ਨੇ ਦਿਆਲ ਗੜ੍ਹ ਕੋਲ ਜਮੁਨਾ ਕਿਨਾਰੇ ਨਿਰੰਤਰ ਬੰਦਗੀ ਦਾ ਅਭਿਆਸ ਕੀਤਾ।

ਗ੍ਰੰਥ ਦੀ ਰਚਨਾ ਦੌਰਾਨ ਕਈ ਵਾਰ ਇਤਿਹਾਸ ਦੇ ਪ੍ਰਾਪਤ ਤੱਥਾਂ ਨੂੰ ਜੋੜਨ ਵਿਚ ਦਿੱਕਤ ਆਉਂਦੀ ਤਾਂ ਉਹ ਗੁੰਝਲਦਾਰ ਤੱਥਾਂ ਦੀਆਂ ਮਹੀਨ ਪਰਤਾਂ ਵਿਚ ਡੂੰਘੇ ਉਤਰ ਜਾਂਦੇ ਅਤੇ ਬੰਦਗੀ ਦੀ ਅਵਸਥਾ ਵਿਚ ਲੀਨ ਹੋ ਜਾਂਦੇ ਸਨ। ਨੌਵੀਂ ਪਾਤਸ਼ਾਹੀ ਉਪਰੰਤ ਦਸਵੇਂ ਪਾਤਸ਼ਾਹ ਦਾ ਇਤਿਹਾਸ ਅਰੰਭ ਕਰਨ ਸਮੇਂ ਉਨ੍ਹਾਂ ਨੂੰ ਸਖ਼ਤ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਸਿਹਤ ਦੀ ਅਵਾਜ਼ਾਰੀ, ਮਾਨਸਿੱਕ ਖੜੋਤ ਅਤੇ ਇਤਿਹਾਸਕ ਸਮੱਗਰੀ ਦੀ ਤੋਟ ਉਨ੍ਹਾਂ ਦੀ ਰਚਨਾਤਮਕ ਪ੍ਰਕ੍ਰਿਆ ਅੱਗੇ ਪਰਬਤ ਦੀ ਤਰ੍ਹਾਂ ਆਣ ਖਲੋ ਗਈ। ਇਸ ਵੱਡੀ ਮੁਸ਼ਕਲ ਸਮੇਂ ਉਨ੍ਹਾਂ ਅਰਦਾਸ ਦਾ ਸਹਾਰਾ ਲਿਆ ਕਿ ਇਸ ਮਹਾਨ ਕਾਰਜ ਦੀ ਸੰਪੂਰਣਤਾ ਲਈ ਗੁਰੂ ਬਹੁੜੀ ਕਰੇ, ਤੰਦਰੁਸਤੀ ਬਖ਼ਸ਼ੇ ਅਤੇ ਉਮਰ ਦਰਾਜ਼ ਕਰੇ। ਕਿਹਾ ਜਾਂਦਾ ਹੈ ਕਿ ਚੰਦ ਦਿਨਾਂ ਵਿਚ ਭਾਈ ਸਾਹਿਬ ਦੀ ਸਿਹਤ ਮੁੜ ਸਾਜ਼ਗਾਰ ਹੋ ਗਈ ਅਤੇ ਇਕ ਅਦਭੁਤ ਘਟਨਾ ਵੀ ਵਾਪਰੀ। ਅਚਾਨਕ ਇਕ ਸਿੱਖ ਉਨ੍ਹਾਂ ਕੋਲ ਆਇਆ, ਰਾਤ ਰਿਹਾ ਅਤੇ ਸਵੇਰਸਾਰ ਛਪਨ ਹੋ ਗਿਆ। ਭਾਈ ਸਾਹਿਬ ਨੇ ਦੇਖਿਆ ਕਿ ਉਸ ਦਾ ਇਕ ਬਸਤਾ ਪਿਛੇ ਰਹਿ ਗਿਆ ਸੀ ਜਿਸ ਵਿਚ ਦਸਮ ਪਿਤਾ ਦੇ ਜੀਵਨ ਨਾਲ ਸਬੰਧਤ ਲਿਖਤੀ ਸਮੱਗਰੀ ਸਾਂਭੀ ਪਈ ਸੀ। ਸਿਰਦਾਰ ਕਪੂਰ ਸਿੰਘ ਦੇ ਕਥਨ ਮੁਜਬ ਬੇਸ਼ੱਕ "ਅਜਿਹੀ ਸਮਗਰੀ ਜਿਹੜਾ ਪੇਸ਼ ਕਰੇ ਜਾਂ ਉਸ ਦੀ ਟੋਹ ਦੱਸੇ, ਉਸ ਨੂੰ ਭਾਈ ਉਦੇ ਸਿੰਘ, ਮਹਾਰਾਜਾ ਕੈਥਲ, ਬਖ਼ਸ਼ਿਸ਼ਾਂ ਨਾਲ ਨਿਵਾਜਦੇ ਸਨ।" ਪਰ ਭਾਈ ਸਾਹਿਬ ਨੇ ਇਸ ਘਟਨਾ ਨੂੰ ਸਤਿਗੁਰਾਂ ਦੀ ਮਿਹਰ ਦਾ ਇਕ ਅਲੌਕਿਕ ਕ੍ਰਿਸ਼ਮਾ ਜਾਣ ਕੇ ਉਨ੍ਹਾਂ ਲਿਖਤਾਂ ਦੀ ਸਹਾਇਤਾ ਨਾਲ਼ ਦਸਮ ਪਿਤਾ ਦਾ ਜੀਵਨ ਇਤਿਹਾਸ ਲਿਖਣਾ ਅਰੰਭ ਕੀਤਾ। ਭਾਈ ਸਾਹਿਬ ਖ਼ੁਦ ਬਿਆਨ ਕਰਦੇ ਹਨ: "ਭਇਓ ਅਚਾਨਕ ਸੈਂਚੀ ਆਈ, ਸਰਬ ਗੁਰਾਂ ਕੋ ਜਸ ਸਮੁਦਾਈ।"

ਇਸ ਕਾਰਜ ਦੌਰਾਨ ਉਨ੍ਹਾਂ ਦੇ ਸਰਪ੍ਰਸਤ ਰਾਜਾ ਕੈਥਲਪਤੀ ਅਚਾਨਕ ਵਿਛੋੜਾ ਦੇ ਗਏ। ਹੋਰ ਸਰਪ੍ਰਸਤ ਦੀ ਭਾਲ ਕਰਨ ਲਈ ਤਜਵੀਜ਼ ਰੱਖੀ ਤਾਂ ਉਨ੍ਹਾਂ ਆਖਿਆ, "ਅਬ ਔਰ ਕੀ ਆਸ ਨਿਰਾਸ ਭਈ, ਕਲਗੀਧਰ ਬਾਸ ਕੀਓ ਮਨ ਮਾਹਿ।" ਦੈਵੀ ਮਿਹਰ ਸਦਕਾ ਉਨ੍ਹਾਂ ਦਾ ਅਦੁੱਤੀ ਕਾਰਜ ਨੇਪਰੇ ਚੜ੍ਹਿਆ ਤਾਂ ਉਹ ਇਸ ਵਡ-ਅਕਾਰੀ ਗ੍ਰੰਥ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਲੈ ਕੇ ਗਏ, ਅਰਦਾਸ ਕਰਵਾਈ ਅਤੇ ਵਿਲੱਖਣ ਕਿਰਤ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅਰਪਣ ਕਰਕੇ ਉਸੇ ਸਾਲ 1843 ਈਸਵੀ ਵਿਚ ਸਤਿਗੁਰਾਂ ਦੀ ਗੋਦ ਵਿਚ ਜਾ ਬਿਰਾਜੇ।

ਯੌਰਪ ਦੇ ਰੇਨੇਸਾਂ ਜਾਂ ਕਥਿਤ ਚਾਨਣ ਦੇ ਯੁਗ ਦੀ ਉਪਜ ਦੈਵੀਤਵ ਦੀ ਬਜਾਇ ਮਨੁਖ ਕੇਂਦਰਤ ਮਾਨਵਵਾਦ 'ਚੋਂ ਪਨਪੀਆਂ ਸਿਖਿਆ ਪ੍ਰਣਾਲੀਆਂ ਅਤੇ ਬੌਧਿਕ ਪੱਧਤੀਆਂ ਤੋਂ ਪ੍ਰੇਰਿਤ ਸੰਕਲਪਨਾਵਾਂ ਤਹਿਤ ਧਰਮ ਦੀ ਨਵੀਂ ਸਮਝ ਅਪਨਾ ਕੇ, ਕਈ ਸਿੱਖ ਵਿਦਵਾਨਾਂ ਨੇ ਭਾਈ ਸੰਤੋਖ ਸਿੰਘ ਦੇ ਇਸ ਪ੍ਰਾਕਰਮੀ 'ਸੂਰਜ ਪ੍ਰਕਾਸ਼ ਗ੍ਰੰਥ' ਦੀ ਅਹਿਮੀਅਤ ਨੂੰ ਘਟਾਉਣ ਦੀ ਮੁਹਿੰਮ ਵਿਢੀ ਹੋਈ ਹੈ। ਇਸ ਤਹਿਤ ਭਾਈ ਸਾਹਿਬ 'ਤੇ ਅਕਸਰ ਅਜਿਹੇ ਦੋਸ਼ ਲਗਾਏ ਜਾਂਦੇ ਹਨ ਕਿ ਉਨ੍ਹਾਂ ਦੀਆਂ ਤਰੀਕਾਂ ਦਰੁਸਤ ਨਹੀਂ ਹਨ, ਉਹ ਕਰਾਮਾਤਾਂ ਵਿਚ ਯਕੀਨ ਰਖਦੇ ਹਨ, ਉਹ ਆਪਣੇ ਮੱਤ ਦੀ ਪ੍ਰੋੜਤਾ ਵਿਚ ਪੌਰਾਣਿਕ ਮਿਥਿਹਾਸ ਦੀ ਵਰਤੋਂ, ਲਮੇਰੇ ਵੇਰਵੇ ਅਤੇ ਸਿੱਖੀ ਦੀ ਸਨਾਤਨੀ ਵਿਆਖਿਆ ਕਰਦੇ ਹਨ। ਇਤਿਹਾਸ ਅਚਾਰੀਆ ਡਾ. ਕਿਰਪਾਲ ਸਿੰਘ ਨੇ 'ਸੂਰਜ ਪ੍ਰਕਾਸ਼ ਗ੍ਰੰਥ' ਦਾ ਸੰਪਾਦਨ ਸ਼ੁਰੂ ਕੀਤਾ ਹੈ। ਨਘੋਚੀ ਵਿਦਵਾਨ ਨੂੰ ਜਿਥੋਂ ਰਤਾ ਭਰ ਵੀ ਸਨਾਤਨੀ ਮੱਤ ਦੀ ਮੁਸ਼ਕ ਆਈ ਉਸ ਅਧਿਆਇ ਨੂੰ ਨਿਜ ਅਸਥਾਨ 'ਚੋਂ ਕੱਢ ਕੇ ਅੰਤਿਕਾ ਵਿਚ ਸੁਟ ਦਿਤਾ। ਤਰੀਕਾਂ, ਤੱਥਾਂ ਅਤੇ ਨਾਂਵਾਂ ਥਾਂਵਾਂ ਨੂੰ ਹੀ ਨਿਰੋਲ ਇਤਿਹਾਸ ਮੰਨਣ ਵਾਲੇ ਵਿਦਵਾਨਾਂ ਲਈ ਅਰਸਤੂ ਦਾ ਕਥਨ ਹੈ, "There is nothing true in History except dates and names. But in literature everything is true, except dates and names." ਤੱਥ ਇਤਿਹਾਸ ਦਾ ਪਹਿਲਾ ਪੜਾਅ ਹੈ। ਦੂਸਰਾ ਪੜਾਅ ਤੱਥਾਂ ਦੀ ਛਾਣਬੀਣ ਦਾ ਹੈ। ਚੁਣੇ ਹੋਏ ਤੱਥਾਂ ਨੂੰ ਸਹਿਜ ਅਤੇ ਜੀਵੰਤ ਤਰਤੀਬ ਵਿਚ ਬੀੜਨਾ ਹੀ ਇਤਿਹਾਸ ਦਾ ਅਸਲ ਪ੍ਰਕਾਰਜ ਹੈ। ਇਸ ਪੜਾਅ ਵਿਚ ਕਰਤਾਰੀ ਪ੍ਰਤਿਭਾ ਦੀ ਜ਼ਰੂਰਤ ਹੁੰਦੀ ਹੈ। ਜੇ ਇਤਿਹਾਸਕਾਰ ਕਵੀ ਨਹੀਂ ਹੈ ਤਾਂ ਉਹ ਇਤਿਹਾਸ ਨਾਲ ਨਿਆਂ ਨਹੀਂ ਕਰ ਸਕਦਾ। ਪਰ ਅਜ਼ੀਮ ਹਸਤੀਆਂ ਦਾ ਇਤਿਹਾਸ ਲਿਖਣ ਲਈ ਇਤਿਹਾਸਕਾਰ ਨੂੰ ਲਾਜ਼ਮੀ ਤੌਰ 'ਤੇ ਇਕ ਸੰਤ ਹੋਣਾ ਚਾਹੀਦਾ ਹੈ। ਸਵੱਛ ਮਸਤਕ ਸੰਤ ਹੀ ਤੱਥਾਂ ਦੀ ਚੋਣ ਵਿਚ ਨਿਰਪੱਖ ਰਹਿ ਸਕਦਾ ਹੈ। ਮਹਾਨ ਹੀ ਮਹਾਨ ਦਾ ਅਨੁਮਾਨ ਲਗਾ ਸਕਦਾ ਹੈ: "ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥"

ਗੁਰੂ ਨਾਨਕ ਪਾਤਸ਼ਾਹ ਨੇ ਇਕ ਵੇਰ ਰਾਤ ਸਮੇਂ ਸਿੱਖਾਂ ਨੂੰ ਪੁਛਿਆ ਕਿ ਦੇਖੋ ਰਾਤ ਕਿਤਨੀ ਕੁ ਬੀਤੀ ਹੈ। ਜਵਾਬ ਵਿਚ ਕਿਸੇ ਨੇ ਦੋ, ਕਿਸੇ ਢਾਈ ਪਹਿਰ ਦੱਸਿਆ ਪਰ ਭਾਈ ਲਹਿਣਾ ਨੇ ਆਖਿਆ, "ਘਟ ਘਟ ਦੇ ਅੰਤਰਯਾਮੀ ਸੱਚੇ ਪਾਤਸ਼ਾਹ ਜੀਓ, ਜਿਤਨੀ ਕੁ ਰਾਤ ਨੂੰ ਹਜ਼ੂਰ ਨੇ ਬੀਤ ਜਾਣ ਦਾ ਹੁਕਮ ਕੀਤਾ ਹੈ, ਓਨੀ ਕੁ ਬੀਤ ਗਈ ਹੈ। ਜਿਤਨੀ ਨੂੰ ਅਜੇ ਬੀਤ ਜਾਣ ਦਾ ਹੁਕਮ ਨਹੀਂ ਹੋਇਆ, ਉਹੀ ਰਹਿੰਦੀ ਹੈ।" ਗੁਰੂ ਨਾਨਕ ਨੂੰ ਜਾਣਨ ਵਾਲੇ ਭਾਈ ਲਹਿਣਾ ਹੀ ਨਾਨਕ ਸਰੂਪ ਗੁਰੂ ਅੰਗਦ ਬਣੇ ਸਨ।

ਭਾਈ ਸੰਤੋਖ ਸਿੰਘ ਇਕ ਪੂਰਨ ਸਿੱਖ, ਸਿੰਘ ਸਰੂਪ, ਸੰਤ ਹੋਏ ਹਨ। ਉਹ ਕੇਵਲ ਸਵੱਛ ਵਸਤਰਾਂ ਦੇ ਧਾਰਣੀ ਨਿਰਮਲੇ ਨਹੀਂ ਸਨ, ਬਲਕਿ ਧੁਰ ਅੰਦਰੋਂ ਰੂਹ ਤੱਕ ਨਿਰਮਲ ਅਤੇ ਦੇਸ਼ ਕਾਲ ਦੇ ਦਵੈਤ ਭਾਵ ਤੋਂ ਨਿਰਲੇਪ ਸਨ। ਉਨ੍ਹਾਂ ਦੇ ਚਿੱਤਰ ਵਿਚ ਦਿਖਾਈ ਗਈ ਕਿਰਪਾਨ "ਗਿਆਨ ਕੀ ਬਢਨੀ" ਹੈ, ਜੋ ਉਨ੍ਹਾਂ ਦੇ ਮਸਤਕ ਦੇ ਦੀਦਾਰ ਕਰਾਉਂਦੀ ਹੈ। ਉਨ੍ਹਾਂ ਲਈ ਧਰਮ ਹਿੰਦੂ ਮੁਸਲਿਮ ਨਹੀਂ, "ਆਦਿ ਸਚੁ ਜੁਗਾਦਿ ਸਚੁ" ਸੀ। ਉਨ੍ਹਾਂ ਲਈ ਖ਼ਲਕਤ ਦਾ ਭੇਦ ਜਿਨਸ ਜਾਂ ਨਸਲ ਨਹੀਂ, ਕੇਵਲ ਗੁਰਮੁਖ ਤੇ ਮਨਮੁਖ ਵਜੋਂ ਸੀ। ਉਨ੍ਹਾਂ ਲਈ ਗੁਰੂ ਕੋਈ ਰਾਜਸੀ ਮੁਹਿੰਮ ਦਾ ਆਗੂ, ਸਮਾਜੀ ਜਾਂ ਖੇਤਰੀ ਸਭਿਆਚਾਰਕ ਚੇਤਨਾ ਦੀ ਗ੍ਰਿਫ਼ਤ ਵਿਚ ਘਿਰਿਆ, ਸ਼੍ਰੇਣੀ ਸੰਘਰਸ਼ ਦਾ ਉਤਸ਼ਾਹੀ ਨੇਤਾ ਨਹੀਂ ਸੀ ਅਤੇ ਨਾ ਹੀ ਕੋਈ ਪੰਡਤਾਊ ਗਿਆਨ ਦਾ ਧਾਰਣੀ, ਮਨੋਚਕਿਤਸਾ ਦਾ ਮਾਹਿਰ, ਵੈਦ, ਹਕੀਮ ਜਾਂ ਤਾਂਤ੍ਰਿਕ ਸੀ। ਉਨ੍ਹਾਂ ਲਈ ਗੁਰੂ ਹਰ ਪ੍ਰਕਾਰ ਦੀ ਦੂਈ-ਦਵੈਸ਼ ਨੂੰ ਖ਼ਤਮ ਕਰਕੇ ਮਾਨਵ ਨੂੰ ਇਕ ਧਰਾਤਲ 'ਤੇ ਲਿਆ ਖੜਾ ਕਰਨ ਵਾਲਾ, ਕਲਿਆਣਕਾਰੀ, ਸਰਬ ਹਿਤਕਾਰੀ, ਪਾਰਬ੍ਰਹਮ ਪ੍ਰਮੇਸ਼ਰ ਖ਼ੁਦ ਆਪ ਸੀ। ਉਹ ਮਿੱਥ ਨੂੰ ਝੂਠ ਦਾ ਪੁਲੰਦਾ ਨਹੀਂ ਸਗੋਂ ਅਜਿਹਾ ਨਿੱਗਰ ਸੱਚ ਸਮਝਦੇ ਸਨ ਜਿਸ ਨੂੰ ਜਾਣਨਾ ਬੁੱਧੀ ਦੇ ਵੱਸ ਨਹੀਂ। ਉਨ੍ਹਾਂ ਮੁਤਾਬਿਕ ਗੁਰੂ ਸਮਝ ਗੋਚਰਾ ਨਹੀਂ, ਸਗੋਂ ਸਮਰਪਣ ਦਾ ਅਧਿਕਾਰੀ ਸੀ। ਕਰਿਸ ਬਾਲਡਿਕ ਨੇ ਆਪਣੀ Oxford Concise Dictionary of literary Terms ਵਿਚ ਦੱਸਿਆ ਹੈ ਕਿ, "Myth is a superior intuitive mode of cosmic understanding." ਮਰਸ਼ੀਆ ਇਲਿਆਡੇ ਨੇ ਮਿੱਥ ਦੇ ਉਨ੍ਹੀਵੀਂ ਸਦੀ ਵਾਲੇ ਅਰਥ ਬਦਲ ਦਿਤੇ ਹਨ। ਉਸਨੇ ਪ੍ਰਸਿੱਧ ਪੁਸਤਕ Myth and Reality ਵਿਚ ਸਪਸ਼ਟ ਆਖਿਆ ਹੈ ਕਿ ਮਿੱਥ "Falsehood" ਨਹੀਂ ਬਲਕਿ "myth means a true story." ਜਗਤ ਪ੍ਰਸਿੱਧ ਮਨੋਵਿਗਿਆਨੀ ਕਾਰਲ ਜੁੰਗ ਲਈ ਮਿੱਥ ਊਲ ਜਲੂਲ ਨਹੀਂ ਸੀ। ਭਾਈ ਮਤੀਦਾਸ ਦੀ ਸੰਤਾਨ ਵਿਚੋਂ ਡਾ. ਗੋਕਲ ਚੰਦ ਨਾਰੰਗ ਦੇ ਪੂਰਵਜ ਇਤਿਹਾਸ ਦੀ ਤੀਖਣ ਸੂਝ ਅਤੇ ਝੁਕਾਅ ਰੱਖਣ ਵਾਲੇ ਭਾਈ ਪਰਮਾਨੰਦ ਨੇ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ "is a whole man and yet so great that without the aid of myth and poetry, I can not describe him." ਕੈਂਬ੍ਰਿਜ ਵਿਚ ਲੌਜਿਕ ਅਤੇ ਫਲਸਫ਼ੇ ਦੇ ਵਿਦਿਆਰਥੀ ਰਹੇ ਸਿਰਦਾਰ ਕਪੂਰ ਸਿੰਘ ਆਪਣੀਆਂ ਲਿਖਤਾਂ ਵਿਚ ਸਿੱਖ ਸੰਕਲਪਨਾਵਾਂ ਦੀ ਵਿਆਖਿਆ ਕਰਦਿਆਂ ਮਿਥਿਹਾਸਕ ਹਵਾਲਿਆਂ ਦੀ ਆਮ ਵਰਤੋਂ ਕਰਦੇ ਹਨ। Encyclopedia of Britannica ਵਿਚ ਜਗਤ ਉਤਪਤੀ ਦੇ ਤਿੰਨ ਸਿਧਾਂਤ ਲਿਖੇ ਹਨ। ਤਿੰਨੇ ਗ਼ਲਤ ਹੋ ਸਕਦੇ ਹਨ, ਸਹੀ ਨਹੀਂ। ਵਿਗਿਆਨ ਵੀ ਕਲਪਨਾ ਦਾ ਸਹਾਰਾ ਲੈਂਦੀ ਹੈ ਅਤੇ falsehood ਵਾਲੇ ਅਰਥਾਂ 'ਚ ਮਿੱਥ ਸਿਰਜਦੀ ਹੈ।

**ਭਾਈ ਸਾਹਿਬ ਜਦ ਇਤਿਹਾਸਕ ਤੱਥ ਜਾਂ ਘਟਨਾ ਪੇਸ਼ ਕਰਦੇ ਹਨ ਤਾਂ ਵੇਰਵਿਆਂ ਦੀਆਂ ਝੜੀਆਂ ਲਾ ਦਿੰਦੇ ਹਨ ਕਿਉਂਕਿ ਇਤਿਹਾਸਕ ਤੱਥ ਇਕਹਿਰੇ ਨਹੀਂ ਸਗੋਂ ਅਨਿਕ ਦਿਸ਼ਾਵੀ ਅਤੇ ਅਨੰਤ ਸੰਭਾਵਨਾਵਾਂ ਨਾਲ ਭਰਪੂਰ ਹੁੰਦੇ ਹਨ। ਕਿਸੇ ਦੌਰ ਵਿਚ ਵਾਪਰੀ ਘਟਨਾ ਜਾਂ ਵਾਕਿਆਤ ਦੀ ਅਹਿਮੀਅਤ ਇਤਿਹਾਸਕਾਰਾਂ ਲਈ ਵਿਸ਼ੇਸ਼ ਅਰਥ ਰੱਖਦੀ ਹੈ। ਘਟਨਾ ਦਾ ਮਨੋਰਥ, ਫ਼ੈਸਲੇ ਦਾ ਤਰਕ ਤੇ ਉਸ ਦੇ, ਪੂਰਬ ਅਤੇ ਅਗਰਗਾਮੀ, ਅਸਰ ਹਮੇਸ਼ਾ ਇਤਿਹਾਸਕਾਰਾਂ ਦੀ ਨਜ਼ਰ ਖਿੱਚਦੇ ਹਨ। ਵਾਕਿਆਤ ਇਕ ਦਰਿਸ਼ ਵੀ ਸਿਰਜਦੇ ਹਨ ਜਿਸ ਦੇ ਅੰਦਾਜ਼ ਵਿਚ ਕੋਈ ਚਿਹਨ, ਨੁਹਾਰ, ਅਕਾਰ, ਲਤਾਫ਼ਤ, ਨਜ਼ਾਕਤ ਅਤੇ ਲੱਜ਼ਤ ਵੀ ਹੁੰਦੀ ਹੈ। ਵਰਤੇ ਗਏ ਅਲਫ਼ਾਜ਼ ਦੀ ਧੁਨੀ, ਅਰਥ ਜਾਂ ਸੰਕੇਤ ਤੋਂ ਇਲਾਵਾ, ਇਕ ਪ੍ਰਭਾਵ ਮੰਡਲ ਦੀ ਸਿਰਜਣਾ ਵੀ ਹੁੰਦੀ ਹੈ। ਵਾਕਿਆਤ ਦੇ ਵਾਪਰਨ ਦਾ ਕੋਈ ਸਥਲ ਅਤੇ ਪਲ ਵੀ ਹੁੰਦਾ ਹੈ।**

ਭਾਈ ਸੰਤੋਖ ਸਿੰਘ ਨੇ ਗੁਰੂ ਕਾਲ ਵਿਚ ਵਾਪਰੀਆਂ ਕਰਾਮਾਤਾਂ ਦਾ ਭਰਪੂਰ ਵਰਨਣ ਕੀਤਾ ਹੈ। ਉਨ੍ਹਾਂ ਲਈ ਗੁਰੂ ਕਾਦਰ ਹੈ ਜੋ ਕੁਦਰਤ ਦੇ ਅਧੀਨ ਨਹੀਂ ਬਲਕਿ ਕੁਦਰਤ ਕਾਦਰ ਦੇ ਅਧੀਨ ਹੈ। ਕੁਦਰਤ ਕਾਦਰ ਦੀ ਦਾਸੀ ਹੈ, ਉਸ ਦੇ ਹੁਕਮ ਜਾਂ ਭੈ ਵਿਚ ਹੈ: "ਭੈ ਵਿਚਿ ਸੂਰਜੁ ਭੈ ਵਿਚਿ ਚੰਦ।" ਗੁਰੂ ਨਾਨਕ ਪਾਤਸ਼ਾਹ ਨੂੰ ਨਿਰੰਕਾਰ ਕਿਹਾ ਗਿਆ ਹੈ। ਬਹੁਤੇ ਵਿਦਵਾਨ ਭਾਈ ਸਾਹਿਬ 'ਤੇ ਕਰਾਮਾਤ ਵਰਨਣ ਦਾ ਦੋਸ਼ ਲਾਉਂਦੇ ਹਨ। ਉਹ ਕਰਾਮਾਤ ਨੂੰ ਸ਼ਰਧਾਵਸ ਘੜੀਆਂ ਫ਼ਜ਼ੂਲ ਕਥਾ ਕਹਾਣੀਆਂ ਅਨੁਮਾਨਦੇ ਹਨ। ਸਾਇਮਨ ਬਲੈਕਬਰਨ ਨੇ Oxford Dictionary of Philosophy ਵਿਚ ਲਿਖਿਆ ਹੈ: "It is only our habits of mind, therefore, that prevent us from seeing the entire cosmos as the miracle that it is, and that it would appear to be to someone who could see for the first time." Miracle ਦਾ ਧਾਤੂ miror ਹੈ। ਮਿਰਰ ਦਾ ਬੁਨਿਆਦੀ ਅਰਥ ਦੇਖਣਾ ਹੈ ਅਤੇ ਦੇਖਣਾ ਹੀ ਵਿਸਮਾਦ ਹੈ। ਜਿਸ ਵਸਤ ਜਾਂ ਵਰਤਾਰੇ ਨੂੰ ਪਹਿਲੀ ਵਾਰ ਦੇਖਦੇ ਹਾਂ ਤਾਂ ਵਿਸਮਾਦ ਉਪਜਦਾ ਹੈ, ਪਰ ਵਾਰ ਵਾਰ ਦੇਖਣ ਨਾਲ ਵਿਸਮਾਦ ਦੀ ਮਾਤਰਾ ਘਟ ਜਾਂਦੀ ਹੈ। ਸ੍ਰਿਸ਼ਟੀ ਰਚਨਾ ਇਕ ਕਰਾਮਾਤ ਹੈ। ਬੱਚੇ ਦਾ ਜਨਮ ਵੀ ਇਕ ਕਰਾਮਾਤ ਹੈ। ਬੱਚੇ ਰੋਜ਼ ਜਨਮਦੇ ਹਨ, ਇਸ ਲਈ ਜਨਮ ਸਾਨੂੰ ਕਰਾਮਾਤ ਨਹੀਂ ਜਾਪਦਾ। ਸ੍ਰਿਸ਼ਟੀ ਰਚਨਾ ਬੇਸ਼ੱਕ ਇਕੋ ਵਾਰੀ ਹੋਈ ਹੈ, ਪਰ ਸਾਨੂੰ ਤਾਂ ਇਹ ਵੀ ਹੁਣ ਕਰਾਮਾਤ ਨਹੀਂ ਜਾਪਦੀ।

ਕਰਾਮਾਤਾਂ ਦਾ ਨਿਰੂਪਣ ਕਰਨ ਵਾਲ਼ੇ ਵਿਦਵਾਨ ਲਿਖਾਰੀਆਂ ਬਾਬਤ ਸਿਰਦਾਰ ਕਪੂਰ ਸਿੰਘ ਲਿਖਦੇ ਹਨ, "ਪੂਰਵ ਕਲਪਨਾ ਇਨ੍ਹਾਂ ਲਿਖਾਰੀਆਂ ਦੀ ਇਹ ਹੈ ਕਿ ਗੁਰੂ ਪ੍ਰਾਭੌਤਿਕ ਅਗੰਮੀ ਪੁਰਖ ਹਨ ਜਿਨ੍ਹਾਂ ਦਾ ਸਹੀ ਆਤਮਕ ਕੱਦ ਕਾਠ ਸੰਸਾਰੀ ਮਨੁਖਾਂ ਨਾਲੋਂ ਬਹੁਤ ਵਡੇਰਾ ਤੇ ਕਿਤੇ ਉਚੇਰਾ ਹੈ...ਲਿਖਾਰੀਆਂ ਦਾ ਦ੍ਰਿੜ੍ਹ ਮੱਤ ਹੈ ਕਿ ਗੁਰੂ ਸਾਹਿਬ ਮ੍ਰਿਤੂ ਲੋਕ ਦੇ ਵਾਸੀ ਮਨੁਖ ਨਹੀਂ ਹਨ, ਕਾਲ ਰਹਿਤ, ਅਦ੍ਰਿਸ਼ਟ ਲੋਕ ਦੇ ਵਾਸੀ ਹਨ, ਮਰਦ ਅਗੰਮੜੇ (more than man) ਹਨ। ਉਨ੍ਹਾਂ ਦੀ ਇਤਿਹਾਸਕ ਗਾਥਾ ਬਗ਼ੈਰ ਉਨ੍ਹਾਂ ਅਗੰਮੀ ਚਮਤਕਾਰਾਂ ਦੇ ਨਿਰੂਪਣ ਤੋਂ ਠੀਕ ਨਹੀਂ ਕਹੀ ਤੇ ਸਮਝੀ ਜਾ ਸਕਦੀ।"

ਭਾਈ ਸਾਹਿਬ ਸਿੱਖੀ ਨੂੰ ਸਨਾਤਨ ਮੰਨਦੇ ਹਨ। ਸਨਾਤਨ ਦਾ ਅਰਥ ਪ੍ਰਾਚੀਨ ਨਹੀਂ, ਬਲਕਿ ਸਦੀਵੀ ਅਤੇ ਅਟੱਲ ਹੈ। ਪੰਚਮ ਪਾਤਸ਼ਾਹ ਗੁਰੂ ਨਾਨਕ ਬਾਬਤ ਆਖਦੇ ਹਨ ਕਿ, "ਦੂਸਰ ਆਨ ਨ ਅਵਰੁ ਪੁਰਖੁ ਪਉਰਾਤਨੁ ਸੁਣੀਐ" ਤਾਂ ਉਨ੍ਹਾਂ ਦਾ ਇਹ ਭਾਵ ਨਹੀਂ ਕਿ ਉਹ ਗੁਰੂ ਨਾਨਕ ਤੋਂ ਪਹਿਲਾਂ ਕਿਸੇ ਨੂੰ ਮੰਨਦੇ ਹੀ ਨਹੀਂ, ਬਲਕਿ ਇਹ ਹੈ ਕਿ ਕੋਈ ਵੀ ਅਵਤਾਰ, ਗੁਰੂ ਨਾਨਕ ਦਾ ਹੀ ਰੂਪ ਹੈ। ਭੱਟਾਂ ਨੇ ਕੁੱਲ ਅਵਤਾਰਾਂ ਨੂੰ ਆਦਿ ਪੁਰਖ ਗੁਰੂ ਨਾਨਕ ਸਰੂਪ ਮੰਨਿਆ ਹੈ। ਬਾਣੀ ਵਿਚ ਆਇਆ ਹੈ: "ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥ ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥"

ਭਾਈ ਸਾਹਿਬ ਧਰਮ ਨੂੰ ਹਿੰਦੂ ਮੁਸਲਿਮ ਵਿਚ ਵੀ ਨਹੀ ਵੰਡਦੇ। ਨਾਨਕ ਪ੍ਰਕਾਸ਼ ਦੇ ਸ਼ੁਰੂ ਵਿਚ ਉਨ੍ਹਾਂ ਅਜਿਹਾ ਇਸ਼ਾਰਾ ਕੀਤਾ ਹੈ ਕਿ ਜਦੋਂ ਸ਼ਿਸ਼ੂ ਗੁਰੂ ਸਾਹਿਬ ਦੇ ਨਾਮ ਸੰਸਕਾਰ ਸਮੇਂ ਪੰਡਤ ਨੇ "ਸਿਸ ਕੋ ਨਾਨਕ ਨਾਮ ਧਰੀਜੈ" ਦੀ ਸਿਫ਼ਾਰਿਸ਼ ਕੀਤੀ ਤਾਂ ਕਾਲੂ ਜੀ ਨੇ ਇਸ ਨਾਮ ਦੀ ਕਿਸਮ ਅਤੇ ਅਸਪਸ਼ਟਤਾ ਬਾਬਤ ਸ਼ੰਕਾ ਕੀਤਾ "ਰਲਮਿਲ ਨਾਮ ਸੁ ਤੁਰਕ ਨ ਹਿੰਦੂ।" ਉਨ੍ਹਾਂ ਆਖਿਆ ਕਿ ਖ਼ਤਰੀ ਕੁਲ ਰੀਤੀ ਅਨੁਸਾਰ ਢੁਕਵਾਂ "ਅਵਰ ਨਾਮ ਕੋ ਸੋਧ ਧਰੀਜੈ।" ਤਾਂ ਦੂਰਦਰਸ਼ੀ ਪੰਡਤ ਨੇ ਸਪਸ਼ਟ ਕੀਤਾ ਕਿ "ਰਾਮ ਕ੍ਰਿਸ਼ਨ ਅਵਤਾਰ ਜੋ ਹਰ ਕਾ। ਪੂਜਹਿ ਹਿੰਦੂ ਨ ਮਾਨਹਿ ਤੁਰਕਾ।" ਫਿਰ ਸ਼ਿਸ਼ੂ ਗੁਰੂ ਸਾਹਿਬ ਦੇ ਅਲੌਕਿਕ ਚਿਹਨ ਚੱਕਰ ਤੱਕਦਿਆਂ ਪੰਡਤ ਨੇ ਇਹ ਵੀ ਆਖਿਆ ਕਿ "ਇਹ ਸਿਸ ਕੋ ਮਾਨਹਿੰਗੇ ਦੋਊ। ਹਿੰਦੂ ਤੁਰਕ ਸਿੱਖ ਹੁਇ ਸਭਿ ਕੋਊ।" ਭਾਈ ਸਾਹਿਬ ਮੁਤਾਬਿਕ ਆਰੀਅਨ ਅਤੇ ਸਾਮੀ ਧਰਮਾਂ ਦੇ ਰੂਪ ਵਿਚ ਧਰਤੀ ਦੇ ਸਮੁੱਚੇ ਅਧਿਆਤਮਿਕ ਸਫ਼ਰ ਦੀ ਸਾਂਝੀਵਾਲਤਾ ਅਤੇ ਸੰਪੰਨਤਾ ਦੇ ਪ੍ਰੋਖ ਅਪ੍ਰੋਖ ਇਸ਼ਾਰੇ ਨਾਨਕ ਨਾਮ ਵਿਚ ਸਮੋਏ ਹੋਏ ਹਨ। ਨਾਨਕ ਕੇਵਲ ਇਕ ਨਾਂ ਨਹੀਂ ਸਗੋਂ ਕਾਇਨਾਤ ਦੇ ਸਾਂਝੇ ਧਰਮ ਵੱਲ ਖ਼ੂਬਸੂਰਤ ਰੱਬੀ ਇਸ਼ਾਰਾ

(ਬਾਕੀ ਅਗਲੇ ਸਫੇ 'ਤੇ)

# ਨੰਬਰਦਾਰ ਮੁੜਿਆ ਮਾਘੀ ਦੇ ਮੇਲੇ ਤੋਂ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਮੁਕਤਸਰ ਦੀ ਮਾਘੀ ਦਾ ਮੇਲਾ ਦੇਖ ਕੇ ਆਏ ਨੰਬਰਦਾਰ ਦੇ ਦੁਆਲੇ ਕਾਫ਼ੀ ਬੰਦੇ ਇਕੱਠੇ ਹੋਏ ਬੈਠੇ ਸਨ। ਸਭ ਨੰਬਰਦਾਰ ਕੋਲੋਂ ਅੱਖੀਂ ਡਿੱਠੇ ਮੇਲੇ ਦਾ ਹਾਲ ਸੁਣਨਾ ਚਾਹੁੰਦੇ ਸਨ। ਗੱਲ ਕੋਈ ਸ਼ੁਰੂ ਨਹੀਂ ਸੀ ਕਰ ਰਿਹਾ, ਨੰਬਰਦਾਰ ਨੂੰ ਵੀ ਜੀਟਰ ਟਰੈਕਟਰ ਵਾਂਗ ਸਟਾਰਟ ਕਰਨਾ ਔਖਾ ਸੀ ਪਰ ਉਹ ਜਦੋਂ ਇਕ ਵਾਰ ਸਟਾਰਟ ਹੋ ਜਾਂਦਾ, ਫਿਰ ਦਿਨ ਛਿਪਾ ਛੱਡਦਾ।

"ਲੈ ਬਈ, ਹੁਣ ਚੜ੍ਹ ਗਿਆ ਪੋਹ ਦਾ ਮਹੀਨਾ, ਹੁਣ ਪਊਗੀ ਪੂਰੀ ਠੰਢ!" ਜਾਗਰ ਅਮਲੀ ਨੰਬਰਦਾਰ ਨੂੰ ਬੁਲਾਉਣ ਦੇ ਲਹਿਜੇ ਨਾਲ ਬੋਲਿਆ।

"ਅਮਲੀਆ...ਐਵੇਂ ਬੋਲੀ ਜਾਨਾਂ। ਫੱਗਣ ਚੜ੍ਹਨ ਵਾਲਾ ਹੈ। ਦੋ ਫੱਗਣ ਦਾ ਆਪਣੇ ਸੰਤਾਂ ਦਾ 'ਕੱਠ ਹੁੰਦਾ।" ਮੱਲ ਬਾਬਾ ਵੀ ਜਾਗਰ ਵਾਲੀ ਬੋਲੀ ਬੋਲ ਗਿਆ।

"ਲੈ, ਜੇ ਭੁੱਲਦੇ ਓਂ ਤਾਂ ਆਪਣੇ ਨੰਬਰਦਾਰ ਸ੍ਹਾਬ ਨੂੰ ਪੁੱਛ ਲਓ", ਲੇਕਿਨ ਫ਼ੌਜੀ ਤਾਏ ਨੇ ਸਿੱਧਾ ਨੰਬਰਦਾਰ ਵੱਲ ਇਸ਼ਾਰਾ ਕਰ ਦਿੱਤਾ। ਫ਼ੌਜੀ ਤਾਇਆ 'ਲੇਕਿਨ' ਸ਼ਬਦ ਦੀ ਜ਼ਿਆਦਾ ਵਰਤੋਂ ਕਰਦਾ ਹੈ। ਇਸ ਲਈ ਉਸ ਨੂੰ ਸਾਰੇ 'ਲੇਕਿਨ ਤਾਇਆ' ਸੱਦਦੇ ਹਨ।

"ਫ਼ੌਜੀਆ ਤੇਰਾ ਵੀ ਦਿਮਾਗ਼ ਹਿਲਿਆ ਪਿਆ ਹੈ। ਮੈਂ ਕੱਲ੍ਹ ਮੁਕਤਸਰੋਂ ਮੁੜਿਆ ਹਾਂ, ਮਾਘ ਦਾ ਮਹੀਨਾ ਚੜ੍ਹ ਗਿਆ", ਨੰਬਰਦਾਰ ਨੇ ਆਪਣੇ ਘੁੱਟੇ ਹੋਏ ਬੁੱਲ੍ਹ ਖੋਲ੍ਹ ਦਿੱਤੇ ਅਤੇ ਜਾਗਰ ਤੇ ਮੱਲ ਵਾਲਾ ਗ਼ੁੱਸਾ 'ਲੇਕਿਨ ਫ਼ੌਜੀ' ਉਤੇ ਝਾੜ ਦਿੱਤਾ।

"ਨੰਬਰਦਾਰਾ...ਦੱਸਦੇ ਹਨ, ਐਤਕੀਂ ਤਾਂ ਬੜਾ 'ਕੱਠ ਸੀ", 'ਲੇਕਿਨ ਫ਼ੌਜੀ' ਨੇ ਨੰਬਰਦਾਰ ਦੀ ਰੇਸ 'ਤੇ ਪੈਰ ਧਰਦਿਆਂ ਕਿਹਾ।

"ਫ਼ੌਜੀਆਂ ਕਾਹਦੇ 'ਕੱਠ ਨੇ, ਸਭ ਮਸਲਾ ਵੋਟਾਂ ਦਾ ਹੈ। ਕੋਈ ਨ੍ਹੀਂ ਯਾਦ ਕਰਦਾ ਦਸਮੇਸ਼ ਪਿਤਾ ਨੂੰ! ਚਾਲੀ ਮੁਕਤਿਆਂ ਨੂੰ...ਮਾਈ ਭਾਗੋ ਨੂੰ। ਸਭ ਨੂੰ ਆਪੋ ਆਪਣੀ ਪਈ ਹੋਈ ਹੈ!! ਉਹ ਖਦਰਾਣੇ ਦੀ ਢਾਬ ਜਿਥੇ ਮੇਰੇ ਦਸ਼ਮੇਸ਼ ਪਿਤਾ ਨੇ ਚਾਲੀ ਸਿੰਘਾਂ ਨੂੰ ਉਨ੍ਹਾਂ ਦੇ ਉਸ ਬੇਦਾਅਵੇ ਤੋਂ ਮੁਕਤ ਕੀਤਾ ਸੀ ਜਿਸ ਵਿਚ ਲਿਖਿਆ ਸੀ, 'ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੰਘ ਨਹੀਂ।' ਮਹਾਂ ਸਿੰਘ ਦੀ ਆਖ਼ਰੀ ਤਮੰਨਾ ਪੂਰੀ ਕਰਦਿਆਂ ਦਸਮੇਸ਼ ਪਿਤਾ ਨੇ ਮਹਾਂ ਸਿੰਘ ਨੂੰ ਬੁੱਕਲ ਵਿਚ ਲੈ ਇਹ ਬੇਦਾਅਵਾ ਪੜ੍ਹਿਆ ਸੀ ਅਤੇ ਇਸ ਢਾਬ ਨੂੰ ਮੁਕਤਸਰ ਦਾ ਨਾਂ ਦਿੱਤਾ ਸੀ ਪਰ ਅੱਜ ਦੇ ਲੀਡਰਾਂ ਨੇ ਇਸ ਨੂੰ ਸਿਆਸਤ ਦਾ ਮੈਦਾਨ ਬਣਾ ਛੱਡਿਐ!" ਨੰਬਰਦਾਰ ਨੇ ਅੱਖਾਂ ਪਰਨੇ ਨਾਲ ਪੂੰਝਦਿਆਂ ਸਾਹ ਰੋਕਿਆ।

ਹੁਣ ਸਾਰੇ ਨੰਬਰਦਾਰ ਵੱਲੋਂ ਸੁਣਾਏ ਜਾ ਰਹੇ ਹਾਲ ਨੂੰ ਗਹੁ ਨਾਲ ਸੁਣਨ ਲੱਗੇ, "ਜਿਸ ਤਰ੍ਹਾਂ ਦੇ ਸਾਡੇ ਲੀਡਰ ਹਨ, ਉਸੇ ਤਰ੍ਹਾਂ ਉਨ੍ਹਾਂ ਨੇ ਲੋਕਾਂ ਨੂੰ ਬਣਾ ਛੱਡਿਆ। ਲੀਡਰ ਝੂਠੇ ਵਾਅਦੇ ਕਰੀ ਜਾਂਦੇ ਹਨ। ਲੋਕ ਸੁਣੀ ਜਾਂਦੇ ਹਨ। ਮੁਕਤਸਰ ਦਸਮੇਸ਼ ਪਿਤਾ ਦੇ ਹੰਢਾਏ ਦੁੱਖਾਂ ਜਾਂ ਸਰਬੰਸਦਾਨ ਕੀਤੇ ਨੂੰ ਕੋਈ ਯਾਦ ਕਰਨ ਨਹੀਂ ਜਾਂਦਾ। ਬਾਦਲ ਪਿਉ-ਪੁੱਤਾਂ ਨੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਕੇ ਪੂਰਾ ਇਕੱਠ ਕੀਤਾ ਹੋਇਆ ਸੀ। ਬਾਦਲ ਦੇ ਭਤੀਜੇ ਨੂੰ ਲੋਕ ਸੁਣਨ ਗਏ ਸਨ ਕਿ ਉਸ ਦਾ ਵੋਟਾਂ ਲੈਣ ਦਾ ਕੀ ਮੁੱਦਾ ਹੈ? ਕਿਹੜੀ ਸਿਆਸੀ ਪਾਰਟੀ ਦਾ ਐਲਾਨ ਕਰਦਾ ਹੈ।"

"ਨੰਬਰਦਾਰਾ...ਫਿਰ ਭਤੀਜੇ ਨੇ ਨਵੀਂ ਪਾਰਟੀ ਦਾ ਐਲਾਨ ਕੀਤਾ ਕਿ ਨਹੀਂ!" ਜਾਗਰ ਅਮਲੀ ਨੇ ਚਿਰ ਬਾਅਦ ਚੁੱਪ ਤੋੜੀ।

"ਜਾਗਰਾ, ਤੈਂ ਨਵੀਂ ਪਾਰਟੀ ਤੋਂ ਕੀ ਲੈਣਾ, ਪਹਿਲਾਂ ਥੋੜ੍ਹੀਆਂ ਪਾਰਟੀਆਂ ਨੇ!" ਨਾਜ਼ਰ ਪੰਚ ਨੇ ਬੈਠਣ ਲਈ ਥਾਂ ਬਣਾਉਂਦਿਆ ਜਾਗਰ ਨੂੰ ਘੂਰਿਆ।



"ਬਾਦਲ ਭਤੀਜਾ ਕਹਿੰਦਾ, ਜਿਨਾ ਚਿਰ ਪੰਜਾਬ ਦੇ ਸਿਰ ਤੋਂ ਕਰਜ਼ਾ ਨਹੀਂ ਲਹਿੰਦਾ...ਪੰਜਾਬ ਖ਼ੁਸ਼ਹਾਲ ਨਹੀਂ ਹੋ ਸਕਦਾ...", ਨੰਬਰਦਾਰ ਨੇ ਅਜੇ ਗੱਲ ਪੂਰੀ ਨਹੀਂ ਸੀ ਕੀਤੀ ਕਿ 'ਲੇਕਿਨ ਫ਼ੌਜੀ' ਬੋਲ ਪਿਆ, "ਬਈ ਕਹਿੰਦੇ ਨੇ ਸੱਚਾ-ਸੁੱਚਾ ਇਨਸਾਨ ਹੈ ਭਤੀਜਾ ਸ੍ਹਾਬ। ਜੇ ਇਕ ਵਾਰ ਕੁਰਸੀ ਮਿਲ ਗਈ...ਸ਼ਾਇਦ ਆਪਣੇ ਵੀ ਭਾਗ ਖੋਲ੍ਹ ਦੇਵੇਗਾ। ਕੁਝ ਕਰੂਗਾ ਜ਼ਰੂਰ ਜਿਹੜਾ ਕੁਰਸੀ ਛੱਡ ਕੇ ਮੈਦਾਨ ਵਿਚ ਨਿੱਤਰਿਆ ਹੈ।"

"ਫ਼ੌਜੀ ਸ੍ਹਾਬ, ਇਹ ਸਿਆਸਤ ਹੈ। ਇਸ ਨੂੰ ਅਸੀਂ ਨਹੀਂ ਸਮਝ ਸਕਦੇ, ਵਿਚੇ-ਵਿਚ ਕੀ ਖਿਚੜੀ ਪੱਕੀ ਜਾਂਦੀ ਹੈ! ਕੁਰਸੀ ਤਾਂ ਇਕ ਨੂੰ ਮਿਲਣੀ ਹੈ। ਕੁਰਸੀ ਦੀ ਲੜਾਈ ਵੀਹ ਪਾਰਟੀਆਂ ਲੜ ਰਹੀਆਂ ਹਨ", ਬਿੱਲੂ ਮਾਸਟਰ ਨੇ ਆਪਣੇ ਕੇਸਾਂ ਵਿਚ ਹੱਥ ਫੇਰਦਿਆਂ ਕਿਹਾ ਜਿਹੜੇ ਧੁੱਪ ਲਗਾਉਣ ਲਈ ਖੋਲ੍ਹੇ ਹੋਏ ਸਨ।

"ਜੇ ਪੰਜਾਬ ਦੇ ਸਿਰੋਂ ਕਰਜ਼ਾ ਲੁਹਾਉਣਾ ਹੈ ਤਾਂ ਸਾਨੂੰ ਸੱਚੇ-ਸੁੱਚੇ ਨੇਕ ਦਿਲ, ਇਨਸਾਨ ਨੂੰ ਵੋਟ ਪਾਉਣੀ ਚਾਹੀਦੀ ਹੈ ਜਿਹੜਾ ਸਾਡੀ ਕੌਮ ਦਾ ਅਤੇ ਰਾਜ ਦਾ ਭਲਾ ਕਰੇ", ਨਾਜ਼ਰ ਪੰਚ ਆਪਣੀ ਸਿਆਣਪ ਘੋਟਦਿਆਂ ਬੋਲਿਆ।

"ਜੇ ਲੀਡਰਾਂ ਵਿਚੋਂ ਸੱਚੇ-ਸੁੱਚੇ ਨੇਕ ਇਨਸਾਨ ਨੂੰ ਚੁਣਨ ਲੱਗ ਜਾਈਏ ਤਾਂ ਤੁਹਾਨੂੰ ਇਕ ਵੀ ਨਹੀਂ ਲੱਭਣਾ। ਆਹ ਦੇਖੋ! ਪਿਛਲੀ ਵਾਰੀ ਆਪਾਂ ਨੇਕ ਬੰਦਾ ਸਰਪੰਚ ਚੁਣ ਲਿਆ। ਵਰ੍ਹੇ ਪਿੱਛੋਂ ਸਾਰੇ ਕਹਿਣ ਲੱਗ ਗਏ, ਇਹ ਸਰਪੰਚ ਤਾਂ ਤੀਵੀਂ ਨਾਲੋਂ ਵੀ ਮਾੜਾ ਹੈ। ਸਰਪੰਚ ਦੀ ਸੱਚਾਈ ਨੇ ਪਿੰਡ ਦਾ ਭੋਰਾ ਵੀ ਭਲਾ ਨਹੀਂ ਕੀਤਾ", ਬਿੱਲੂ ਮਾਸਟਰ ਨੇ ਸਰਪੰਚ 'ਤੇ ਗੁੱਸਾ ਕੱਢਿਆ।

"ਮਾਸਟਰਾ...ਤੇਰੀ ਗੱਲ ਸੋਲ੍ਹਾਂ ਆਨੇ ਸੱਚੀ ਹੈ। ਜਿਹੜਾ ਆਦਮੀ ਰੱਬ ਦੇ ਭੈਅ ਵਿਚ ਰਹਿ ਕੇ ਸੱਚਾਈ ਨੂੰ ਮੁੱਖ ਰੱਖਦਾ ਹੈ, ਉਹ ਕਦੇ ਇਸ ਤਰ੍ਹਾਂ ਦਾ ਪੰਗਾ ਲੈਂਦਾ ਨਹੀਂ। ਜਿਸ ਨੂੰ ਚਾਰ ਖਾਣ ਦੀ ਅਤੇ ਦੋ ਖਵਾਉਣ ਦੀ ਆਦਤ ਪੈ ਜਾਵੇ, ਉਹ ਘਰੇ ਬਹਿੰਦਾ ਨਹੀਂ", ਨਾਜ਼ਰ ਪੰਚ ਨੇ ਵੀ ਸਰਪੰਚ ਦੀ ਲੋੜੋਂ ਵੱਧ ਸੱਚਾਈ 'ਤੇ ਗਿਲਾ ਕੀਤਾ ਜਿਸ ਨੇ ਗਰਾਂਟ ਦਾ ਇਕ ਰੁਪਿਆ ਵੀ ਖਾਣ ਨਹੀਂ ਦਿੱਤਾ।

"ਨੰਬਰਦਾਰਾ! ਫਿਰ ਕਿਤੇ ਮਾਨ ਨਹੀਂ ਰੜਕਿਆ!" ਮੱਲ ਬਾਬੇ ਨੇ ਫਿਰ ਗੱਲ ਮੇਲੇ ਵਿਚ ਲਿਆ ਵਾੜੀ।

"ਮਾਨ ਦੇ ਪੰਡਾਲ ਵਿਚ ਪਹਿਲਾਂ ਨਾਲੋਂ ਜ਼ਿਆਦਾ ਇਕੱਠ ਸੀ। ਲੋਕ ਫਿਰ ਤੋਂ ਮਾਨ ਨਾਲ ਜੁੜਨ ਲੱਗ ਪਏ ਨੇ। ਬੰਦਾ ਵਧੀਆ ਪਰ ਕਿਰਪਾਨ ਦੇ ਚੱਕਰ ਨੇ ਲੋਕ ਪਿੱਛੇ ਹਟਾ ਦਿੱਤੇ ਸਨ। ਸਿਆਸਤ ਵਿਚ ਨਵਾਂ ਕੁੱਦਿਆ ਹੋਣ ਕਰਕੇ ਪੁਰਾਣੇ ਖੁੰਡਾਂ ਦੇ ਚੱਕਰਾਂ ਵਿਚ ਆ ਗਿਆ ਸੀ। ਹੁਣ ਇਸ ਨੇ ਸਿਆਸਤ ਪੂਰੀ ਹੰਢਾ ਲਈ ਹੈ। ਹੁਣ ਜੇ ਲੋਕ ਇਸ ਦਾ ਸਾਥ ਦੇਣ ਤਾਂ ਸ਼ਾਇਦ ਆਪਣੀ ਪਹਿਲੀ ਗਲਤੀ ਸੁਧਾਰ ਲਵੇ ਅਤੇ ਕੌਮ ਦਾ ਕੁਝ ਸੰਵਾਰ ਸਕੇ!" ਨੰਬਰਦਾਰ ਨੇ ਮਾਨ ਦੇ ਪੱਖ ਵਿਚ ਵੋਟ ਪਾਉਂਦਿਆਂ ਗੱਲ ਮੁਕਾਈ।

"ਰਾਜਾ ਸ੍ਹਾਬ ਗੱਜਿਆ ਕਿ ਨਹੀਂ। ਜੱਟ ਦੀ ਬੜ੍ਹਕ ਹੀ ਪੂਰੀ ਸ਼ੇਰ ਵਾਲੀ ਹੈ", 'ਲੇਕਿਨ ਫ਼ੌਜੀ' ਨੇ ਕੈਪਟਨ ਨੂੰ ਤਾਜ਼ੀ ਮਿਲੀ ਪ੍ਰਧਾਨਗੀ ਦੇ ਹੱਕ ਵਿਚ ਖੜ੍ਹਦਿਆਂ ਪੁੱਛਿਆ।

"ਫ਼ੌਜੀਆ, ਮੈਂ ਨਹੀਂ ਗਿਆ ਓਸ ਪਾਸੇ। ਤੈਨੂੰ ਪਤੈ...ਮੇਰੀ ਪਹਿਲੇ ਦਿਨ ਤੋਂ ਇਨ੍ਹਾਂ ਨਾਲ ਨ੍ਹੀਂ ਬਣੀ। ਬਾਪੂ ਵੀ ਜਾਂਦਾ ਹੋਇਆ ਆਖ ਗਿਆ ਸੀ ਕਿ ਪੁੱਤਰਾ ਵੋਟ ਹਮੇਸ਼ਾ ਪੰਥ ਨੂੰ ਪਾਉਣੀ ਹੈ। ਮੈਂ ਵੋਟ ਪੰਥ ਨੂੰ ਪਾਉਂਦਾ ਹਾਂ। ਉਹ ਕੀ ਕਰਦੇ ਨੇ, ਉਨ੍ਹਾਂ ਦੀ ਮਰਜ਼ੀ!" ਨੰਬਰਦਾਰ ਨੇ ਦਰੀ ਦਾ ਲੜ ਸਿੱਧਾ ਕਰਦਿਆਂ ਕਿਹਾ।

"ਫ਼ੌਜੀਆਂ...ਸਾਨੂੰ ਤਾਂ ਵੋਟਾਂ ਵਿਚ ਦਾਰੂ ਤੇ ਭੁੱਕੀ ਮਿਲ ਜਾਂਦੀ ਐ, ਅਸੀਂ ਸਮਝ ਲੈਂਦੇ ਹਾਂ ਕਿ ਸਾਡੀ ਇਹੀ ਗਰਾਂਟ ਹੈ", ਜਾਗਰ ਅਮਲੀ ਨੇ ਵੋਟਾਂ ਵਿਚ ਲੱਗੇ 'ਜੱਗ' ਨੂੰ ਯਾਦ ਕਰਦਿਆਂ ਲੰਮੀ ਉਬਾਸੀ ਮਾਰੀ।

"ਅਮਲੀਓ, ਤੁਸੀਂ ਹੀ ਸਭ ਨੂੰ ਬਦਨਾਮ ਕੀਤੈ ਕਿ ਲੋਕ ਹੁਣ ਦਾਰੂ ਤੇ ਭੁੱਕੀ ਨਾਲ ਹੀ ਵੋਟਾਂ ਪਾਉਂਦੇ ਨੇ। ਥੋਨੂੰ ਦੇਖ ਕੇ ਨਵੀਂ ਮੁੰਡੀਹਰ ਨਸ਼ੇ ਲੱਗ ਗਈ ਹੈ।" ਨਾਜਰ ਪੰਚ ਨੇ ਜਾਗਰ ਅਮਲੀ 'ਤੇ ਰੋਹਬ ਝਾੜਿਆ।

"ਨਾ...ਤੇਰਾ ਮੁੰਡਾ ਵੀ ਅਸੀਂ ਲਾਇਆ ਹੋਊ ਡੋਡੇ ਪੀਣ", ਜਾਗਰ ਅਮਲੀ ਨਾਜਰ ਪੰਚ ਦੀ ਗੱਲ ਦਾ ਗ਼ੁੱਸਾ ਕਰਦਾ ਹੋਇਆ ਬੋਲਿਆ, "ਸਾਰੇ ਲੱਗ ਪਏ ਨੇ ਕੁਰਸੀ ਦੀਆਂ ਗੱਲਾਂ ਕਰਨ। ਕੋਈ ਲੁਧਿਆਣਾ ਟੱਪਿਆ ਨਹੀਂ!! ਗੱਲਾਂ ਕਰਦੇ ਨੇ...ਇੰਦਰਾ ਦੇ ਸ਼ਹਿਰ ਦੀਆਂ। ਅਸੀਂ ਤਾਂ ਕਹਿੰਦੇ ਹਾਂ ਰੋਜ਼ ਵੋਟਾਂ ਪੈਣ। ਸਾਡੀ ਕਦਰ ਤਾਂ ਵੋਟਾਂ ਵਾਲੇ ਦਿਨ ਹੀ ਹੁੰਦੀ ਹੈ। ਅਗਲੇ ਰੱਜ ਕੇ 'ਸੇਵਾ' ਕਰਦੇ ਐ। ਸਾਡਾ ਹਾਲ ਤਾਂ ਉਹੀ ਰਹਿਣਾ, ਜਿਹੜਾ ਮਰਜ਼ੀ ਬਣ ਜੇ ਮੁੱਖ ਮੰਤਰੀ!" ਲੱਗਦਾ ਸੀ ਜਾਗਰ ਦੀ 'ਖਾਧੀ ਹੋਈ' ਹੁਣ ਰੰਗ ਦਿਖਾਉਣ ਲੱਗੀ ਸੀ।

"ਜਾਗਰਾ! ਤੇਰੇ ਰੰਨ ਨਹੀਂ, ਕੰਨ ਨਹੀਂ। ਤੈਨੂੰ ਕੀ ਪਤਾ ਸਾਡੇ 'ਤੇ ਕਿਵੇਂ ਬੀਤਦੀ ਹੈ! ਕਬੀਲਦਾਰ ਬੰਦੇ ਨੂੰ ਜਿਉਣਾ ਔਖਾ ਹੋਇਆ ਪਿਐ, ਮਹਿੰਗਾਈ ਲੱਕ ਤੋੜੀ ਜਾਂਦੀ ਹੈ। ਕੋਈ ਨਵੀਂ ਪਾਰਟੀ ਆ ਕੇ ਰਾਜ ਸਾਂਭੇ ਅਤੇ ਪੰਜਾਬ ਦਾ ਭਲਾ ਸੋਚੇ। ਜੱਟ ਦੀ ਜੂਨ ਨੂੰ ਸੰਵਾਰੇ, ਖੇਤੀਬਾੜੀ ਦਾ ਬੁਰਾ ਹਾਲ ਹੋਇਆ ਪਿਐ", ਨਾਜਰ ਪੰਚ ਜਿਵੇਂ ਆਪਣੇ ਦਿਲ ਦੀ ਕਹਿ ਗਿਆ ਹੋਵੇ।

"...ਨਾਜਰਾ ਇਕ ਮਿੰਟ ਰੁਕੀਂ। ਜੱਟ ਦੀ ਜੂਨ ਬੁਰੀ ਕੀਹਨੇ ਕੀਤੀ ਹੈ! ਅੱਜ ਤੋਂ ਵੀਹ ਸਾਲ ਪਹਿਲਾਂ ਕਿਸੇ ਕਿਸੇ ਕੋਲ ਟਰੈਕਟਰ ਹੁੰਦਾ ਸੀ। ਗੱਡੀ ਤਾਂ ਕੋਈ ਅਮਰੀਕਾ-ਕਨੇਡਾ ਵਾਲੇ ਕੋਲ ਹੁੰਦੀ ਸੀ। ਹੁਣ ਸਾਰੇ ਜੱਟਾਂ ਨੇ ਮਸ਼ੀਨਰੀ ਨਾਲ ਘਰ ਭਰ ਲਏ ਹਨ। ਕਿੱਲੇ ਵਾਲਾ ਵੀ ਸੋਨਾਲੀਕਾ ਲਈ ਬੈਠਾ। ਮੁੰਡਿਆਂ ਨੂੰ ਮੋਟਰਸਾਈਕਲ ਲੈ ਕੇ ਦਿੱਤੇ ਨੇ। ਕੰਨਾਂ ਨੂੰ ਚੌਵੀ ਘੰਟੇ ਚਪੇੜ ਜਿਹੀ ਲਾਈ ਗਾਣੇ ਸੁਣੀ ਜਾਂਦੇ ਐ। ਜੇ ਕਬੀਲਦਾਰ ਓਂ ਤਾਂ ਰੋਟੀ ਵੀ ਤੁਸੀਂ ਚੋਪੜੀ ਖਾਂਨੇ ਓਂ। ਸਾਨੂੰ ਤਾਂ ਬੱਕਰੀ ਦੇ ਦੁੱਧ ਦੀ ਚਾਹ ਮਸਾਂ ਨਸੀਬ ਹੁੰਦੀ ਐ। ਆਹ ਵਿਆਹ ਪਹਿਲਾਂ ਇਥੇ ਪੱਕੇ ਦਰਵਾਜ਼ੇ ਵਿਚ ਹੁੰਦੇ ਸਨ। ਹੁਣ ਹਰੇਕ ਜਣਾ ਵਿਆਹ ਪੈਲਸ ਤੋਂ ਬਿਨਾਂ ਨਹੀਂ ਕਰਦਾ...।" ਜਾਗਰ ਦਾ ਨਸ਼ਾ ਜਿਵੇਂ ਪੂਰੇ ਜੋਬਨ 'ਤੇ ਚੜ੍ਹਦਿਆਂ ਬੋਲਿਆ।

"ਜਾਗਰ ਸਿਆਂ, ਜ਼ਮਾਨੇ ਮੁਤਾਬਕ ਬੰਦੇ ਨੂੰ ਵੀ ਬਦਲਣਾ ਪੈਂਦੈ। ਹੁਣ ਪਹਿਲਾਂ ਵਾਲੇ ਰਿਵਾਜ ਨਹੀਂ ਰਹੇ। ਜੇ ਅਸੀਂ ਤਰੱਕੀ ਕੀਤੀ ਐ ਤਾਂ ਆਪਣੇ ਰਿਵਾਜ ਵੀ ਗੁਆਏ ਐ। ਤੂੰ ਵੀ ਸੱਚਾ ਏ, ਤੇ ਨਾਜਰ ਸਿਉਂ ਵੀ ਝੂਠ ਨਹੀਂ ਬੋਲਦਾ। ਸਾਨੂੰ ਸਾਰਿਆਂ ਨੂੰ ਏਕਾ ਕਰ ਕੇ ਪਹਿਲਾਂ ਪਿੰਡ ਵਿਚੋਂ ਪਾਰਟੀਬਾਜ਼ੀ ਖ਼ਤਮ ਕਰਨੀ ਚਾਹੀਦੀ ਐ। ਪਿੰਡਾਂ ਦੇ ਏਕੇ ਬਿਨਾਂ ਕੁਝ ਨਹੀਂ ਬਣਨਾ। ਸਾਨੂੰ ਹੱਕ ਲਈ ਲੜਨਾ ਚਾਹੀਦੈ। ਆਪਸੀ ਲੜਾਈਆਂ, ਖ਼ਹਿਬਾਜ਼ੀਆਂ ਛੱਡ ਕੇ ਸਰਕਾਰਾਂ ਤੋਂ ਆਪਣੇ ਹੱਕ ਮੰਗੀਏ। ਇਸੇ ਵਿਚ ਹੀ ਸਾਡਾ ਸਾਰਿਆਂ ਦਾ ਭਲਾ ਹੈ", ਬਿੱਲੂ ਮਾਸਟਰ ਨੇ ਆਪਣਾ ਪਰਨਾ ਸਿਰ ਬੰਨ੍ਹਦਿਆਂ ਸੌ ਦੀ ਇਕ ਸੁਣਾ ਦਿੱਤੀ।

"ਮਾਸਟਰ ਸ੍ਹਾਬ, ਜੇ ਸਰਕਾਰਾਂ ਨੂੰ ਵੋਟਾਂ ਮੰਗਣ ਦਾ ਮੁੱਦਾ ਨਾ ਮਿਲੇ...ਉਹ ਇਕ-ਦੂਜੇ 'ਤੇ ਦੂਸ਼ਣਬਾਜ਼ੀ ਨਾ ਕਰਨ; ਫਿਰ ਸਾਡੇ ਪਿੰਡਾਂ ਵਿਚਲੇ 'ਖੁੰਡ ਚਰਚੇ' ਅੱਗੇ ਕਿਵੇਂ ਵਧਣਗੇ...ਗੱਲ ਤਾਂ ਸ਼ੁਰੂ ਕੀਤੀ ਸੀ ਕਿ ਨੰਬਰਦਾਰ ਤੋਂ ਮਾਘੀ ਦਾ ਹਾਲ ਸੁਣਦੇ ਆਂ...ਜਾਗਰ ਹੁਰੀਂ ਹੋਰ ਪਾਸੇ ਨੂੰ ਤੁਰ ਪਏ...", 'ਲੇਕਿਨ ਫ਼ੌਜੀ' ਨੇ ਗੱਲ ਨੂੰ ਬਦਲਣ ਦੇ ਰੁਖ਼ ਨਾਲ ਕਿਹਾ।

"ਨਾਜਰਾ, ਤੈਨੂੰ ਵੀਹ ਵਾਰ ਕਿਹੈ, ਅਮਲੀ ਬੰਦੇ ਨੂੰ ਨਹੀਂ ਛੇੜੀਦਾ। ਅਮਲੀ ਨਸ਼ੇ ਵਿਚ ਫੁੱਲ ਹੋਵੇ ਤਾਂ ਫਨੀਅਰ ਨਾਗ ਜਿੰਨਾ ਡੰਗ ਮਾਰਦੈ। ਚੱਲੋ ਚੱਲੀਏ ਵੱਡੇ ਗੁਰਦੁਆਰੇ, ਮਹਾਂਪੁਰਸ਼ਾਂ ਦੀ ਬਰਸੀ ਦੀ ਸੇਵਾ ਚੱਲ ਰਹੀ ਹੈ। ਆਪਣੇ ਹੱਥ ਸਫ਼ਲੇ ਕਰੀਏ। ਨਾਲੇ ਦੇਸੀ ਘਿਉ ਦਾ ਪ੍ਰਸ਼ਾਦ ਬਣਾਈਏ", ਮੱਲ ਬਾਬਾ ਉਠ ਕੇ ਖੜ੍ਹਾ ਹੋ ਗਿਆ।

ਇਕ ਵਾਰ ਫਿਰ ਸਾਰੀ ਢਾਣੀ ਖਿੰਡ ਗਈ। ਨਾਜਰ ਪੰਚ ਅਤੇ 'ਲੇਕਿਨ ਫ਼ੌਜੀ' ਥੋੜ੍ਹੀ ਦੂਰ ਜਾ ਕੇ ਫਿਰ ਗੱਲੀਂ ਲੱਗ ਗਏ। ਨੰਬਰਦਾਰ ਦੇ ਅੰਦਰੋਂ ਮਾਘੀ ਦੇ ਮੇਲੇ ਦਾ ਚਾਅ ਮੱਠਾ ਹੋਇਆ ਲੱਗਣ ਲੱਗਾ।

---

## ਭਾਈ ਸੰਤੋਖ ਸਿੰਘ-ਰਚਨਾ ਅਤੇ ਇਤਿਹਾਸ ਚੇਤਨਾ

ਹੈ। ਬ੍ਰਜ ਭਾਸ਼ਾ ਕਾਵਿ ਰਚਨਾ ਲਈ ਢੁਕਵੀਂ ਅਤੇ ਫ਼ੱਬਵੀਂ ਤਾਂ ਹੈ ਹੀ ਪਰ ਇਸਦੀ ਵਰਤੋਂ ਭਾਈ ਸਾਹਿਬ ਦੇ ਉਕਤ ਪ੍ਰਯੋਜਨ ਦੀ ਭਲੀ ਭਾਂਤ ਪ੍ਰੋੜਤਾ ਵੀ ਕਰਦੀ ਹੈ।

ਭਾਈ ਸਾਹਿਬ ਜਦ ਇਤਿਹਾਸਕ ਤੱਥ ਜਾਂ ਘਟਨਾ ਪੇਸ਼ ਕਰਦੇ ਹਨ ਤਾਂ ਵੇਰਵਿਆਂ ਦੀਆਂ ਝੜੀਆਂ ਲਾ ਦਿੰਦੇ ਹਨ ਕਿਉਂਕਿ ਇਤਿਹਾਸਕ ਤੱਥ ਇਕਹਿਰੇ ਨਹੀਂ ਸਗੋਂ ਅਨਿਕ ਦਿਸ਼ਾਵੀ ਅਤੇ ਅਨੰਤ ਸੰਭਾਵਨਾਵਾਂ ਨਾ.ਲ ਭਰਪੂਰ ਹੁੰਦੇ ਹਨ। ਕਿਸੇ ਦੌਰ ਵਿਚ ਵਾਪਰੀ ਘਟਨਾ ਜਾਂ ਵਾਕਿਆਤ ਦੀ ਅਹਿਮੀਅਤ ਇਤਿਹਾਸਕਾਰਾਂ ਲਈ ਵਿਸ਼ੇਸ਼ ਅਰਥ ਰੱਖਦੀ ਹੈ। ਘਟਨਾ ਦਾ ਮਨੋਰਥ, ਫ਼ੈਸਲੇ ਦਾ ਤਰਕ ਤੇ ਉਸ ਦੇ, ਪੂਰਬ ਅਤੇ ਅਗਰਗਾਮੀ, ਅਸਰ ਹਮੇਸ਼ਾ ਇਤਿਹਾਸਕਾਰਾਂ ਦੀ ਨਜ਼ਰ ਖਿੱਚਦੇ ਹਨ। ਵਾਕਿਆਤ ਇਕ ਦਰਿਸ਼ ਵੀ ਸਿਰਜਦੇ ਹਨ ਜਿਸ ਦੇ ਅੰਦਾਜ਼ ਵਿਚ ਕੋਈ ਚਿਹਨ, ਨੁਹਾਰ, ਅਕਾਰ, ਲਤਾਫ਼ਤ, ਨਜ਼ਾਕਤ ਅਤੇ ਲੱਜ਼ਤ ਵੀ ਹੁੰਦੀ ਹੈ। ਵਰਤੇ ਗਏ ਅਲਫ਼ਾਜ਼ ਦੀ ਧੁਨੀ, ਅਰਥ ਜਾਂ ਸੰਕੇਤ ਤੋਂ ਇਲਾਵਾ, ਇਕ ਪ੍ਰਭਾਵ ਮੰਡਲ ਦੀ ਸਿਰਜਣਾ ਵੀ ਹੁੰਦੀ ਹੈ। ਵਾਕਿਆਤ ਦੇ ਵਾਪਰਨ ਦਾ ਕੋਈ ਸਥਲ ਅਤੇ ਪਲ ਵੀ ਹੁੰਦਾ ਹੈ। ਸਥਾਨ ਨਿਰਾ-ਪੁਰਾ ਧਰਤੀ ਦਾ ਇਕ ਟੁਕੜਾ ਨਹੀਂ ਹੁੰਦਾ। ਵਾਕਿਆਤ ਦੇ ਸਥਾਨ ਦਾ ਚੌਗਿਰਦਾ, ਆਬੋ ਹਵਾ, ਲੋਕ, ਉਨ੍ਹਾਂ ਦੀ ਮਾਨਸਿਕਤਾ, ਪਿਛੋਕੜ, ਰਹਿਣ-ਸਹਿਣ, ਪਹਿਰਾਵਾ, ਲਬੋ-ਲਹਿਜਾ ਅਤੇ ਨਿਸਬਤ ਵਿਸ਼ੇਸ਼ ਅਰਥ ਰੱਖਦੇ ਹਨ। ਭਾਈ ਸਾਹਿਬ ਦੀ ਦ੍ਰਿਸ਼ਟੀ ਵਿਚ ਅਜਿਹੇ ਅਦ੍ਰਿਸ਼ਟ ਪ੍ਰਭਾਵ ਮੰਡਲ, ਲੱਜਤ, ਮਹਾਤਮ ਅਤੇ ਦੌਰਾਨੀਅਤ ਦੇ ਭੇਦ ਵਧੇਰੇ ਅਹਿਮੀਅਤ ਰਖਦੇ ਹਨ।

ਭਾਈ ਸਾਹਿਬ ਨੇ ਛੇਵੇਂ ਪਾਤਸ਼ਾਹ ਦੇ ਕਸ਼ਮੀਰੀ ਸਫ਼ਰ ਦਾ ਵਰਣਨ ਇਵੇਂ ਕੀਤਾ ਹੈ ਕਿ ਪੜ੍ਹਨ ਵਾ.ਲਾ ਰਮਣੀਕ ਪਹਾੜੀ ਸਫ਼ਰ ਦਾ ਅਨੰਦ ਮਾਣ ਲੈਂਦਾ ਹੈ। ਅਜਿਹੇ ਦ੍ਰਿਸ਼ ਖਿੱਚੇ ਹਨ ਕਿ ਨੈਣਾਂ ਨੂੰ ਗੁਰਾਂ ਦੇ ਦਰਸ਼ਣ ਦਿਦਾਰਿਆਂ ਦੇ ਤਿਖੇ ਦਿਲਕਸ਼ ਝਾਉ.ਲੇ ਪੈਂਦੇ ਹਨ:

"ਜਾਇ ਪਹਾਰਨ ਬਿਖੈ ਪ੍ਰਵੇਸੇ,
ਅਨਕਿ ਭਾਂਤ ਜਹਿ ਬ੍ਰਿਛਨ ਬਿਸੇਸੇ।
ਦਾਰਮ, ਜ਼ਰਦਾਲੂ ਤਹਿ ਖਰੇ,
ਫਲ ਬਹੁ ਮਧੁਰ ਤੁਰਸ਼ ਰਸ ਭਰੇ।
ਖਰੇ ਖਰੋਟ ਸ ਦਲ ਗਨ ਹਰੇ,
ਕਦਲੀ ਬਦਰੀ ਫਲ ਝਰ ਪਰੇ।
ਜਹਿ ਕਹਿ ਦਿਖਤਿ ਪਹੀਰਹ ਭੀੜ,
ਸਰਲੀ ਉਠੇ ਬਹੁ ਥਲ ਚੀੜ।
ਸਲਿਤਾ ਵਹੈ ਬੇਗ ਸਰਿ ਬ੍ਰਿੰਦਾ,
ਸੁੰਦਰ ਜਲ ਮਲੀਨ ਬਿਲੰਦਾ।
ਸੇਉ, ਬਟੰਕ, ਬੇਲ ਅੰਗੂਰ,
ਫਲ ਸੁੰਦਰ ਗਨ ਸਵਾਦਤਿ ਭੂਰ।
ਇਮ ਸੈਲਨਿ ਕੀ ਸੈਲ ਬਿਸਾਲੇ,
ਕਰਤਿ ਸੁ ਮੰਦ ਮੰਦ ਪਗ ਚਾਲੇ।"

ਸਿੱਖੀ ਤਾਰੀਖ਼ੀ ਵਿਕਾਸ ਨਹੀਂ ਹੈ। ਵਿਕਾਸ ਵਿਚ ਅਸੀਂ ਇਕ ਬਿੰਦੂ ਤੋਂ ਦੂਸਰੇ ਬਿੰਦੂ ਵੱਲ ਵਧਦੇ ਹੋਏ ਇਕ ਵੱਲ ਪਿਠ ਅਤੇ ਦੂਸਰੇ ਵੱਲ ਮੂੰਹ ਕਰਦੇ ਹਾਂ। ਗੁਰੂ ਦੇ ਪ੍ਰਕਾਸ਼ ਜਾਂ ਪ੍ਰਤਾਪ ਨੂੰ ਕਿਸੇ ਗ਼ਲਤ ਪ੍ਰਭਾਵ ਵਿਚ ਇਤਿਹਾਸ ਕਿਹਾ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਭਾਈ ਗੁਰਦਾਸ ਨੇ ਚੰਦਰਮਾ ਅਤੇ ਭਾਈ ਨੰਦ ਲਾਲ ਨੇ ਦਸਮ ਪਿਤਾ ਨੂੰ ਸੂਰਜ ਕਿਹਾ ਹੈ। ਚੰਦਰਮਾ 'ਤੇ ਜਾਣਾ ਜੀਵਨ ਦਾ ਲੁਤਫ਼ ਹੈ। ਸੂਰਜ ਵੱਲ ਵਧਣਾ ਜੀਵਨ ਦਾ ਫ਼ਨਾ ਹੋਣਾ ਹੈ। ਸਿੱਖ ਫ਼ਨਾ ਵੀ ਹੁੰਦਾ ਹੈ ਤੇ ਜੀਵਨ ਦਾ ਲੁਤਫ਼ ਵੀ ਲੈਂਦਾ ਹੈ। ਫ਼ਨਾ ਤੇ ਲੁਤਫ਼ ਇਕੱਠੇ ਵਾਪਰਦੇ ਹਨ। ਇਹ ਵਿਕਾਸ ਨਹੀਂ ਵਿਗਾਸ ਹੈ। ਗੁਰੂ ਨਾਨਕ ਅਤੇ ਦਸਮ ਪਾਤਸ਼ਾਹ ਦੋ ਨਹੀਂ ਹਨ। ਸਿੱਖ ਦਾ ਸਫ਼ਰ ਗੁਰੂ ਵੱਲ ਪਿਠ ਕਰਕੇ, ਅੰਧਕਾਰ ਵੱ.ਲ ਭਟਕਣਾ ਨਹੀਂ ਹੈ। ਮਨੁਖ ਕਿਸੇ ਅਨੰਤ ਸਫ਼ਰ ਤੋਂ ਆਇਆ ਹੈ ਅਤੇ ਗੁਰੂ ਦੇ ਉਕਤ ਬਿੰਬ ਦੀ ਸ਼ਰਣ ਵਿਚ ਸਮਾਉਣਾ ਉਸ ਦਾ ਲਕਸ਼ ਹੈ-"ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਅ।" ਮਿੱਥ ਮਨੁਖ ਨੂੰ ਅਨੰਤ ਵਿਚ ਲੈ ਜਾਂਦੀ ਹੈ ਜਿਥੋਂ ਗੁਰੂ ਦੇ ਦੀਦਾਰ ਵਧੇਰੇ ਸਪਸ਼ਟ ਹੁੰਦੇ ਹਨ। ਜਿਵੇਂ ਹਨੇਰੇ ਵਿਚ ਖਲੋ ਕੇ ਰੌਸ਼ਨ ਚੀਜ਼ਾਂ ਜ਼ਿਆਦਾ ਸਪਸ਼ਟ ਹੁੰਦੀਆਂ ਹਨ। ਗੁਰੂ ਅਨੰਤਤਾ ਵਿਚੋਂ ਸਿੱਖ ਨੂੰ ਆਪਣੇ ਵੱਲ ਖਿਚ ਲੈਂਦਾ ਹੈ। ਇਹ ਸਫ਼ਰ ਬਿੰਦੂ ਤੋਂ ਬਿੰਦੂ ਵੱਲ ਦਾ ਨਹੀਂ, ਹਨੇਰੇ ਤੋਂ ਚਾਨਣ ਦਾ ਸਫ਼ਰ ਹੈ-"ਨਾਮੁ ਮਿਲੈ ਚਾਨਣ ਅੰਧਿਆਰਿ।" ਇਸ ਸਫ਼ਰ 'ਚ ਅਕੇਵਾਂ ਨਹੀਂ ਖੇੜਾ ਹੈ। ਜਿਸ ਨੂੰ ਵਿਗਿਆਨਿਕ ਇਤਿਹਾਸ ਪ੍ਰਚਾਰਿਆ ਜਾ ਰਿਹਾ ਹੈ, ਸਿਰਦਾਰ ਕਪੂਰ ਸਿੰਘ ਉਸ ਨੂੰ ਸਤਹੀ ਅਤੇ ਬਚਗਾਨਾ ਆਖਦੇ ਹੋਏ ਲਿਖਦੇ ਹਨ, "a hundered histories of this kind are not worth a page of what Mahakavi Santokh Singh wrote in his happy and divine blend."

ਗੁਰੂ ਕਾਲ ਇਤਿਹਾਸ ਦੀ ਕੋਈ ਰੇਖਾ ਨਹੀਂ, ਜਿਸ ਨੂੰ ਸਿੱਖ ਅੱਗੇ ਵੱਲ ਲੈ ਜਾ ਰਹੇ ਹੋਣ। ਜਿਸ ਰੱਥ ਨੂੰ ਘੋੜੇ ਖਿਚ ਰਹੇ ਹੋਣ, ਉਨ੍ਹਾਂ ਦੀ ਪਿੱਠ ਰੱਥ ਵੱਲ ਹੋਣੀ ਲਾਜ਼ਮੀ ਹੁੰਦੀ ਹੈ। ਇਵੇਂ ਹੀ ਗੱਡੇ ਨੂੰ ਖਿਚਣ ਵਾ.ਲੇ ਢੱਗੇ ਵੀ ਪਿੱਠ ਕਰਕੇ ਹੀ ਉਸ ਨੂੰ ਖਿੱਚਦੇ ਹਨ। ਸਿੱਖਾਂ ਨੇ ਨਾ ਹੀ ਕੋਈ ਇਤਿਹਾਸ ਦਾ ਰੱਥ ਖਿੱਚਣਾ ਹੈ ਤੇ ਨਾ ਹੀ ਕੋਈ ਗੱਡਾ। ਮਹਾਂ ਕਰਣੀ ਦੇ ਮੁਕੰਮਲ ਛਿਣ ਦਾ ਧਿਆਨ ਧਰ ਸਿਮਰਣ ਦੀ ਬਰਕਤ ਨਾ.ਲ ਸ਼ੁੱਭ ਕਰਮ ਕਰਦੇ ਹੋਏ ਸਿੱਖ ਆਪਣਾ ਜੀਵਨ ਸਫਲ ਕਰਦੇ ਹਨ। ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਜੀਵਨ ਸੂਤਰ ਸਿੱਖੀ ਦਾ ਤੱਤ ਸਾਰ ਹੈ। ਇਸੇ ਸੂਤਰ ਵਿਚ ਕਵੀ ਰਾਜ, ਚੂੜਾਮਣੀ ਇਤਿਹਾਸਕਾਰ, ਭਾਈ ਸਾਹਿਬ ਭਾਈ ਸੰਤੋਖ ਸਿੰਘ ਨੇ ਸਿੱਖ ਇਤਿਹਾਸ ਨੂੰ ਗੁਰੂ ਸਾਹਿਬਾਂ ਦੇ ਪ੍ਰਤਾਪ ਦੇ ਸੂਰਜ ਦਾ ਪ੍ਰਕਾਸ਼ 'ਗੁਰਪ੍ਰਤਾਪਸੂਰਯੋਦੈ' ਵਿਚ ਬਿਆਨ ਕੀਤਾ ਹੈ। ਗੁਰੂ ਕਰੇ, ਇਸ ਅਦੁਤੀ ਕ੍ਰਿਤ ਦੇ ਅਸੀਂ ਸਨਮੁਖ ਹੋਈਏ ਅਤੇ ਭਾਈ ਸੰਤੋਖ ਸਿੰਘ ਦੀ ਮਹਾਨ ਪ੍ਰਤਿਭਾ ਨੂੰ ਨਮਸ਼ਕਾਰ ਕਰੀਏ।

*64 ਨਿਊ ਅਦਰਸ਼ ਨਗਰ,
ਕੋਟ ਰਾਣੀ ਰੋਡ, ਫਗਵਾੜਾ।
ਫੋਨ:91-1824 278048
ਸੈਲ:91-94175-18384

ਸਫਰ ਜ਼ਿੰਦਗੀ ਦਾ

# ਮੇਰਾ ਉਮਰ ਖ਼ੱਯਾਮ ਸੁਰਜਨ ਜ਼ੀਰਵੀ

**ਗੁਲਜ਼ਾਰ ਸਿੰਘ ਸੰਧੂ**

ਮੇਰੇ ਲਈ ਸੁਰਜਨ ਜ਼ੀਰਵੀ ਨੂੰ ਚੇਤੇ ਕਰਨਾ ਉਮਰ ਖ਼ੱਯਾਮ ਨੂੰ ਚੇਤੇ ਕਰਨ ਵਾਂਗ ਹੈ। ਇਸ ਲਈ ਨਹੀਂ ਕਿ ਉਹ ਕਵੀ ਹੈ ਜਾਂ ਉਸ ਦਾ ਉਮਰ ਖ਼ੱਯਾਮ ਦੇ ਦੇਸ਼ ਈਰਾਨ ਨਾਲ ਕੋਈ ਰਿਸ਼ਤਾ-ਨਾਤਾ ਹੈ, ਕੇਵਲ ਇਸ ਲਈ ਕਿ ਉਸ ਦੇ ਸੁਭਾਅ ਅਤੇ ਜੀਵਨ ਸ਼ੈਲੀ ਵਿਚ ਉਮਰ ਖ਼ੱਯਾਮ ਦੀਆਂ ਰੁਬਾਈਆਂ ਵਰਗਾ ਰਸ ਹੈ। ਮੇਰੇ ਕੋਲ ਇਸ ਰਸ ਦੀ ਖੁਸ਼ਬੋਈ ਉਹਦੇ ਬਾਰੇ ਸੁਣੀਆਂ-ਸੁਣਾਈਆਂ ਗੱਲਾਂ ਰਾਹੀਂ ਆਈ ਹੈ। ਨਿਸ਼ਚੇ ਹੀ ਮੇਰੀਆਂ ਗੱਲਾਂ ਵਿਚ ਕਿਸੇ ਫੁੱਲ ਵਰਗੀ ਚੀਜ਼ ਨੂੰ ਛੂਹ ਕੇ ਦੇਖਣ ਨਾਲੋਂ ਸੁੰਘ ਕੇ ਮਾਨਣ ਦਾ ਅਹਿਸਾਸ ਮਿਲੇਗਾ। ਉਹਦੇ ਬਾਰੇ ਲਿਖਣਾ ਖੁਸ਼ਬੋਈ ਨੂੰ ਫੜਨ ਵਾਂਗ ਹੈ। ਜਿਹੜਾ ਬੰਦਾ ਜ਼ਿੰਦਗੀ ਦੇ ਕਿਸੇ ਵੀ ਪੜਾਅ ਉਤੇ ਤੁਹਾਡਾ ਦੋਸਤ ਨਾ ਰਿਹਾ ਹੋਵੇ, ਦੁੱਖ ਦੇ ਸੁੱਖ ਦਾ ਭਾਈਵਾਲ ਵੀ ਨਹੀਂ। ਬਹੁਤ ਵੱਡੀ ਭੀੜ ਵਿਚ ਅੰਗ-ਸੰਗ ਨਹੀਂ ਤੁਰਿਆ, ਉਸ ਦੇ ਵਜੂਦ ਨੂੰ ਫੜਨਾ ਤਾਂ ਇਕ ਪਾਸੇ ਰਿਹਾ, ਉਸ ਦਾ ਆਕਾਰ ਪਛਾਣਨਾ ਵੀ ਸੌਖਾ ਨਹੀਂ। ਮੇਰੀ ਹਾਲਤ ਈਸ਼ਵਰ ਚਿੱਤਰਕਾਰ ਦੇ ਇਸ ਸ਼ਿਅਰ ਵਰਗੀ ਹੈ:

ਤੇਰੇ ਪਿਆਰ ਸਾਹਮਣੇ ਮੇਰੀ
ਨਿਗਾਹ ਕੀ ਟਿਕੇ
ਫੁੱਲਾਂ ਦੀ ਮਹਿਕ ਹੈ ਸਦਾ
ਫੁੱਲਾਂ ਤੋਂ ਦੌੜਦੀ ਰਹੀ।

ਬੀਤੇ ਦੇ ਝਰੋਖੇ ਵਿਚੋਂ ਕੁਝ ਗੱਲਾਂ ਫੜਨ ਲਈ ਆਪਣੇ ਮਿੱਤਰ ਹਰਦਿਆਲ (ਨੇਤਾ ਜੀ) ਦੀ ਜਵਾਨੀ ਵੱਲ ਪਰਤਦਾ ਹਾਂ।

ਆਸਮਾਂ ਕੇ ਨੀਚੇ
ਹਮ ਆਜ ਅਪਨੇ ਪੀਛੇ
ਪਿਆਰ ਕਾ ਜਹਾਂ ਬਸਾ ਕੇ ਚਲੇ।

ਜੇ ਮੈਂ ਭੁੱਲਦਾ ਨਹੀਂ ਤਾਂ ਜ਼ੀਰਵੀ ਨਾਲ ਮੇਰੀ ਪਹਿਲੀ ਮੁਲਾਕਾਤ ਜਲੰਧਰ ਨੇੜੇ ਗੜ੍ਹੇ ਪਿੰਡ ਵਿਚ ਹੋਈ ਸੀ। ਚਾਰ ਦਹਾਕੇ ਪਹਿਲਾਂ ਹਰਦਿਆਲ ਦੇ ਘਰ। ਛੱਤ ਵਾਲੀ ਮਹਿਫ਼ਲ ਵਿਚ ਕਾਮਰੇਡ ਨੌਨਿਹਾਲ, ਪਰੇਮ ਸਿੰਘ, ਮਾਰਸ਼ਲ (ਊਧਮ ਸਿੰਘ, ਸਾਧੂ ਸਿੰਘ ਭਾਅ ਜੀ) ਤੇ ਸੁਰਿੰਦਰਪਾਲ ਦੀ ਸੰਗਤ ਵਿਚ। ਸ਼ਾਇਦ ਬਿਕਰਮ ਗਰਚਾ ਵੀ ਹਾਜ਼ਰ ਸੀ ਪਰ ਉਹ ਮਹਿਫਲ ਵਿਚ ਰੜਕਣ ਵਾਲਾ ਬੰਦਾ ਨਹੀਂ। ਉਂਜ ਵੀ ਉਹ ਮਹਿਫ਼ਲਾਂ ਮਾਨਣ ਦੇ ਦਿਨ ਸਨ। ਬੰਦੇ ਜਾਂ ਗੱਲਾਂ ਚੇਤੇ ਰੱਖਣ ਦੇ ਨਹੀਂ। ਮਹਿਫ਼ਲਾਂ ਲਾਉਣ ਲਈ ਬਹਾਨਾ ਲੱਭਣ ਦੀ ਲੋੜ ਨਹੀਂ ਸੀ ਹੁੰਦੀ। ਖੁਸ਼ੀ ਨਾਲੋਂ ਗ਼ਮੀ ਦਾ ਜਸ਼ਨ ਵਧੇਰੇ ਜੰਮਦਾ ਸੀ। ਯੋਗ ਬਹਾਨਾ ਨਾ ਮਿਲਣ ਦੀ ਸੂਰਤ ਵਿਚ ਬਹਾਨਾ ਲੱਭਣ ਵਿਚ ਆਈਆਂ ਔਕੜਾਂ ਹੀ ਮਾਣੀਆਂ ਜਾਂਦੀਆਂ। ਨਿੱਕ-ਮੋਟੇ ਪਾੜੇ ਗਾਇਕੀ ਨਾਲ ਭਰੇ ਜਾਂਦੇ ਸਨ। ਹਰਦਿਆਲ ਅਤੇ ਜ਼ੀਰਵੀ ਦੇ ਬੋਲ ਧੁਰ ਆਕਾਸ਼ ਤੱਕ ਚਲੇ ਜਾਂਦੇ। ਕਦੇ-ਕਦਾਈਂ ਕੰਵਲ (ਮਿਸਿਜ਼ ਹਰਦਿਆਲ) ਦੀਆਂ ਸੁਰਾਂ ਵੀ ਆ ਰਲਦੀਆਂ। ਰੰਗ ਬੰਨ੍ਹਿਆ ਜਾਂਦਾ ਸੀ। ਨੌਨਿਹਾਲ ਦਾ ਹਾਸਾ, ਮਾਰਸ਼ਲ ਦਾ ਰੋਸਾ, ਹਰਦਿਆਲ ਦੇ ਦਬਕੇ ਅਤੇ ਜ਼ੀਰਵੀ ਦਾ ਸਲੀਕਾ ਮਹਿਫ਼ਲ ਵਿਚ ਰਸ ਭਰਦੇ ਸਨ। ਲੁੱਚੇ ਤੇ ਸੁੱਚੇ ਲਤੀਫ਼ੇ। ਸਭ ਕੁਝ ਹੀ।

ਇੰਨੇ ਵੱਡੇ ਜਮਘਟੇ ਅਤੇ ਧੁੰਦਲਕੇ ਵਿਚੋਂ ਜ਼ੀਰਵੀ ਦੇ ਸਲੀਕੇ ਤੇ ਅਦਬ-ਆਦਾਬ ਨੂੰ ਫੜਨਾ ਕਿੰਨਾ ਔਖਾ ਹੈ, ਤੁਸੀਂ ਜਾਣਦੇ ਹੀ ਹੋ। ਆਪਾਂ ਹਰਦਿਆਲ ਦੇ ਘਰ ਦੀ ਛੱਤ ਤੋਂ ਉਤਰ ਕੇ 'ਨਵਾਂ ਜ਼ਮਾਨਾ' ਦੇ ਦਫ਼ਤਰ ਚਲੀਏ, ਜਿਥੇ ਅੰਮ੍ਰਿਤ (ਜ਼ੀਰਵੀ ਦੀ ਬੀਵੀ) ਜ਼ੀਰਵੀ ਤੋਂ ਉਰਦੂ ਸਿੱਖਣ ਆਉਂਦੀ ਸੀ। ਅੰਮ੍ਰਿਤ ਨੂੰ ਉਰਦੂ ਪੜ੍ਹਨ ਦਾ ਸ਼ੌਕ ਕਿਵੇਂ ਜਾਗਿਆ, ਇਹ ਤਾਂ ਕਿਸੇ ਨੂੰ ਪਤਾ ਨਹੀਂ ਪਰ ਉਸ ਨੂੰ ਉਰਦੂ ਪੜ੍ਹਾਉਣ ਵਾਲੇ ਦਾ ਹਰ ਕੋਈ ਜਾਣੂੰ ਸੀ। ਇਹ ਸੀ 'ਨਵਾਂ ਜ਼ਮਾਨਾ' ਦੇ ਸੰਪਾਦਕੀ ਅਮਲੇ ਦੀ ਰੌਣਕ, ਬਣ-ਠਣ ਕੇ ਰਹਿਣ ਵਾਲਾ ਹਲਕਾ-ਫੁਲਕਾ ਬੰਦਾ ਸੁਰਜਨ ਜ਼ੀਰਵੀ। ਆਵਾਜ਼ ਦੀ ਬੁਲੰਦੀ ਵਿਚ ਹਰਦਿਆਲ ਤੋਂ ਮਾਰ ਖਾਣ ਵਾਲਾ ਪਰ ਲਿਸ਼ਕ-ਪੁਸ਼ਕ ਕੇ ਰਹਿਣ ਵਿਚ ਉਸ ਨੂੰ ਮਾਤ ਪਾਉਣ ਵਾਲਾ, ਸੁਹਣਾ ਸੁਬਕ ਤੇ ਪਤਲਾ ਪਤੰਗ ਇਨਸਾਨ। ਸਿਰ ਤੋਂ ਪੈਰਾਂ ਤਕ ਆਸ਼ਿਕ ਮਿਜ਼ਾਜ ਕਾਮਰੇਡ। ਉਸ ਦੀ ਪੈਂਟ ਦੀ ਕਰੀਜ਼ ਸਦਾ ਤਿੱਖੀ ਅਤੇ ਪੈਰ ਦੀ ਗੁਰਗਾਬੀ ਸੱਜਰੀ ਪਾਲਿਸ਼ ਨਾਲ ਲਿਸ਼ਕਾਂ ਮਾਰਦੀ ਹੁੰਦੀ। ਉਸ ਦੀ ਸਜ-ਧਜ ਅਤੇ ਸਲੀਕੇ ਵਿਚ ਰਲੇ ਹੋਏ ਅਦਬ-ਆਦਾਬ ਨੇ ਹੀ ਸੇਠੀ ਖੱਤਰੀਆਂ ਦੀ ਧੀ ਅੰਮ੍ਰਿਤ ਦਾ ਦਿਲ ਮੋਹ ਲਿਆ ਸੀ। ਵਰਨਾ ਕੌਣ ਨਹੀਂ ਸੀ ਜਾਣਦਾ ਕਿ ਜ਼ੀਰਵੀ ਖੁਦ ਰਾਮਗੜ੍ਹੀਆ ਬਰਾਦਰੀ 'ਚੋਂ ਸੀ ਜਿਸ ਨੂੰ ਖੱਤਰੀ ਲੋਕ ਆਪਣੇ ਤੋਂ ਨੀਵੀਂ ਜਾਤੀ ਸਮਝਦੇ ਹਨ, ਪੜ੍ਹੇ-ਲਿਖੇ ਅਤੇ ਖ਼ਾਨਦਾਨੀ ਖੱਤਰੀ ਖਾਸ ਕਰਕੇ। ਜ਼ੀਰਵੀ ਦੇ ਭਰਾ ਜਗਜੀਤ ਦਾ ਗਾਇਕ ਬਣਨਾ ਜਾਂ ਉਸ ਦੇ ਚਾਚੇ-ਤਾਇਆਂ ਵਿਚੋਂ ਕਿਰਪਾਲ ਸਿੰਘ ਤੇ ਜਰਨੈਲ ਸਿੰਘ ਦਾ ਚਿੱਤਰਕਾਰੀ ਦੇ ਖੇਤਰ ਵਿਚ ਨਾਂ ਬਣਾਉਣ ਦਾ ਅੰਮ੍ਰਿਤ-ਜ਼ੀਰਵੀ ਦੋਸਤੀ ਨਾਲ ਕੋਈ ਸਬੰਧ ਨਹੀਂ। ਸੁਰਜਨ ਅਤੇ ਅੰਮ੍ਰਿਤ ਦੇ ਪ੍ਰੇਮ ਸਬੰਧਾਂ ਵਿਚ ਇਸ ਪਿਛੋਕੜ ਦਾ ਯੋਗਦਾਨ ਲੱਭਣਾ ਹਵਾ ਵਿਚ ਤਲਵਾਰਾਂ ਮਾਰਨ ਵਾਂਗ ਹੋਵੇਗਾ।

ਸੁਰਜਨ ਅਤੇ ਅੰਮ੍ਰਿਤ ਵਿਚ ਪਾਇਦਾਰ ਪੁਲ ਬਣਨ ਵਾਲੀ ਤਾਂ ਉਰਦੂ ਜ਼ਬਾਨ ਹੀ ਸੀ। ਇਸ ਭਾਸ਼ਾ ਦੇ ਚੋਣਵੇਂ ਸ਼ਬਦ ਆਸ਼ਕੀ-ਮਾਸ਼ੂਕੀ ਨੂੰ ਉਭਾਰਨ ਲਈ ਤਾਂ ਬੜੇ ਢੁਕਵੇਂ ਹਨ ਪਰ ਹਰ ਕਿਸੇ ਦੇ ਸਮਝ ਆਉਣ ਵਾਲੇ ਨਹੀਂ। ਖੱਬੀ ਲਹਿਰ ਦੀ ਚੜ੍ਹਤ ਦੇ ਉਨ੍ਹਾਂ ਦਿਨਾਂ ਵਿਚ ਜਦੋਂ ਵੀ ਕਿਸੇ ਨੌਜਵਾਨ ਜੋੜੇ ਦੇ ਪ੍ਰੇਮ ਸਬੰਧਾਂ ਦੀ ਗੱਲ ਤੁਰਦੀ ਸੀ ਤਾਂ ਇਸ ਨੂੰ ਉਰਦੂ ਪੜ੍ਹਨਾ ਕਿਹਾ ਜਾਂਦਾ ਸੀ। ਆਸ਼ਕੀ ਦੀ ਸ਼ਬਦਾਵਲੀ ਵਿਚ ਅਜਿਹਾ ਵਾਧਾ ਕਰਨ ਵਾਲੀ ਅੰਮ੍ਰਿਤ-ਸੁਰਜਨ ਜੋੜੀ ਹੀ ਸੀ। ਇਹ ਗੱਲ ਮੈਨੂੰ ਰਘਬੀਰ ਸਿੰਘ (ਸਿਰਜਣਾ) ਨੇ ਦੱਸੀ ਜਿਹੜਾ ਖੁਦ ਵੀ ਉਨ੍ਹਾਂ ਦਿਨਾਂ ਵਿਚ ਖੱਤਰੀ ਬਰਾਦਰੀ (ਚੱਢਾ) ਦੀ ਸੁਲੇਖਾ ਨਾਲ ਪੱਕੇ ਸਬੰਧ ਪੈਦਾ ਕਰਨ ਲਈ ਤਰਲੋ-ਮੱਛੀ ਹੋ ਰਿਹਾ ਸੀ। ਰਘਬੀਰ ਦੀ ਓਸ ਵੇਲੇ ਦੀ ਬਿਹਬਲਤਾ ਬਾਰੇ ਅੰਮ੍ਰਿਤ ਦੀ ਟਿੱਪਣੀ ਵੀ ਬਹੁਤ ਕੁਝ ਕਹਿੰਦੀ ਸੀ, "ਮੈਂ ਕੁੜੀਆਂ ਤਾਂ ਮੁੰਡਿਆਂ 'ਤੇ ਫ਼ਿਦਾ ਹੁੰਦੀਆਂ ਤੱਕੀਆਂ ਸਨ, ਮੁੰਡੇ ਵੀ ਕੁੜੀਆਂ ਲਈ ਤੜਫ਼ਦੇ ਹਨ, ਕਦੀ ਨਹੀਂ ਸੀ ਸੁਣਿਆ!"

ਅਸੀਂ ਉਨ੍ਹਾਂ ਸਮਿਆਂ ਨੂੰ ਉਰਦੂ ਪੜ੍ਹਨ-ਪੜ੍ਹਾਉਣ ਦੇ ਸੁਨਹਿਰੀ ਕਾਲ ਦਾ ਨਾਂ ਦੇ ਸਕਦੇ ਹਾਂ। ਉਰਦੂ ਦੀ ਚੜ੍ਹਤ ਦਾ। ਬਾਅਦਬ ਤੇ ਬਾਸਲੀਕਾ ਸ਼ਬਦਾਵਲੀ ਦਾ।

ਇਹ ਉਹ ਦਿਨ ਸਨ ਜਦ ਆਪਣੇ ਆਪ ਨੂੰ ਪੱਕਾ ਕਾਮਰੇਡ ਦਰਸਾਉਣ ਲਈ ਬਹੁਤੇ ਨੇਤਾ ਅਤੇ ਕਾਮੇ ਆਪਣੀ ਨਵੀਂ ਤੋਂ ਨਵੀਂ ਜੁੱਤੀ ਨੂੰ ਵੀ ਪਹਿਨਣ ਤੋਂ ਪਹਿਲਾਂ ਠਿੱਬੀ ਕਰ ਕੇ ਆਪਣਾ ਪ੍ਰਭਾਵ ਜਮਾਉਂਦੇ ਸਨ। ਇਸ ਇੰਨੀ ਵੱਡੀ ਭੀੜ ਵਿਚ ਕੇਵਲ ਹਰਦਿਆਲ ਅਤੇ ਜ਼ੀਰਵੀ ਹੀ ਸਨ ਜਿਹੜੇ ਬਣ-ਠਣ ਕੇ ਰਹਿਣ ਵਿਚ ਉਚੇਚਾ ਧਿਆਨ ਦਿੰਦੇ ਸਨ। ਉਦੋਂ ਉਰਦੂ ਜਾਨਣ ਵਾਲੇ ਵੀ ਇੱਟ ਚੁੱਕਿਆਂ ਨਿਕਲ ਆਉਂਦੇ ਸਨ। ਇਸ ਲਈ ਪੜ੍ਹੇ-ਲਿਖੇ ਤੇ ਖਾਂਦੇ-ਪੀਂਦੇ ਪਰਿਵਾਰ ਦੀ ਜੰਮੀ ਜਾਈ ਅੰਮ੍ਰਿਤ ਦਾ ਜ਼ੀਰਵੀ ਨੂੰ ਆਪਣਾ ਉਸਤਾਦ ਚੁਣਨਾ ਨਿਰਾ ਸਬੱਬ ਨਹੀਂ ਸੀ। ਜ਼ੀਰਵੀ ਦੀ ਹਾਜ਼ਰ ਜਵਾਬੀ, ਜ਼ਿੰਦਗੀ ਪ੍ਰਤੀ ਪਹੁੰਚ ਅਤੇ ਸਜ-ਧਜ ਕੇ ਰਹਿਣ ਦੇ ਨੰਬਰ ਲੋਗਣ ਨਾਲ ਉਸ ਦਾ ਸਥਾਨ ਕਾਫ਼ੀ ਉਚਾ ਹੋ ਜਾਂਦਾ ਸੀ। ਮੇਰੇ ਮਿੱਤਰ ਹਰਦਿਆਲ ਵਰਗਾ।

ਮੈਂ ਕਿਸੇ ਵੀ ਨੌਜਵਾਨ ਜਾਂ ਮੁਟਿਆਰ ਦੀ ਸ਼ਖ਼ਸੀਅਤ ਦਾ ਮੁੱਲ ਪਾਉਣ ਲੱਗਿਆਂ ਇਹ ਵੇਖਦਾ ਹਾਂ ਕਿ ਸਮਾਂ ਪਾ ਕੇ ਉਸ ਨੂੰ ਉਸ ਦੇ ਸਹੁਰਿਆਂ ਵੱਲੋਂ ਕਿੰਨਾ ਕੁ ਮਾਣ ਤੇ ਸਤਿਕਾਰ ਮਿਲਿਆ। ਜੇ ਪੰਜਾਬੀ ਕਵੀ ਜਸਵੰਤ ਸਿੰਘ ਨੇਕੀ ਅਤੇ ਉਸ ਦੇ ਭਰਾ ਐਸ.ਐਸ. ਜੋਗੀ, ਜਿਹੜੇ ਦੋਵੇਂ ਅੰਮ੍ਰਿਤ ਦੇ ਭਰਾ ਸਭ ਤੋਂ ਪਹਿਲਾਂ ਹਨ, ਨੂੰ 'ਖ਼ੱਯਾਮ ਉਡਾਰੀ' ਨੂੰ ਪੁਸਤਕ ਰੂਪ ਵਿਚ ਦੇਣ ਸਮੇਂ 'ਪਰਵੇਸ਼ਕਾ' ਲਿਖਣ ਲਈ ਸੁਰਜਨ ਜ਼ੀਰਵੀ ਹੀ ਚੁਣਨਾ ਪਿਆ ਤਾਂ ਇਕ ਸ਼ਖ਼ਸ ਵਜੋਂ ਸੁਰਜਨ ਜ਼ੀਰਵੀ ਅਤਿਅੰਤ ਪ੍ਰਵਾਣਤ ਜੀਊੜਾ ਹੈ।

ਜੇ ਸੱਚ ਪੁੱਛੋਂ ਤਾਂ ਇਸ ਲੇਖ ਵਿਚ ਆਈਆਂ ਅਜਿਹੀਆਂ ਘਟਨਾਵਾਂ ਜਿਹੜੀਆਂ ਜ਼ੀਰਵੀ ਦੀ ਸ਼ਖ਼ਸੀਅਤ ਨੂੰ ਨਿਖਾਰਦੀਆਂ ਹਨ, ਉਨ੍ਹਾਂ ਦਾ ਮੂਲ ਲੇਖਕ ਮੈਂ ਨਹੀਂ, ਅੰਮ੍ਰਿਤ ਦਾ ਵੀਰ ਐਸ.ਐਸ. ਜੋਗੀ ਹੈ। ਮੇਰਾ ਯੋਗਦਾਨ ਤਾਂ ਕੇਵਲ ਇੰਨਾ ਹੀ ਹੈ ਕਿ ਮੈਂ ਉਹ ਸ਼ਬਦ ਆਪਣੇ ਕੋਲ ਰੱਖ ਲਏ ਹਨ ਜਿਹੜੇ ਗੱਲਾਂ ਲਿਖ ਕੇ ਭੇਜਣ ਸਮੇਂ ਜੋਗੀ ਨੇ ਜ਼ੀਰਵੀ ਦੀ ਉਸਤਤ ਵਿਚ ਲਿਖੇ ਸਨ। ਉਨ੍ਹਾਂ ਵਜ਼ਨਦਾਰ ਅਤੇ ਵਿਅੰਗਮਈ ਟਿੱਪਣੀਆਂ ਦੀ ਗੱਲ ਛੇੜਨ ਤੋਂ ਪਹਿਲਾਂ ਮੈਂ ਦੇਹਰਾਦੂਨ ਵਾਲੇ ਗੁਰਦੀਪ ਦੀ ਦੱਸੀ ਉਸ ਘਟਨਾ ਦਾ ਜ਼ਿਕਰ ਕਰ ਲਵਾਂ ਜਿਹੜੀ ਉਸ ਨੇ ਖੁਦ ਮੈਨੂੰ ਦੱਸੀ ਹੈ।

ਗੁਰਦੀਪ ਕਪੂਰਥਲਾ ਗਿਆ ਸੀ। ਜ਼ੀਰਵੀ ਦੇ ਸੱਦੇ 'ਤੇ ਜਾਣ ਦਾ ਮਕਸਦ ਕੇਵਲ ਮਿਲ ਕੇ ਪਰਤ ਆਉਣਾ ਸੀ। ਉਸ ਨੇ ਦਿਨ ਦੇ ਦਿਨ ਨਹੀਂ, ਤਾਂ ਇਕ ਰਾਤ ਰਹਿ ਕੇ ਅਗਲੇ ਦਿਨ ਆ ਜਾਣਾ ਸੀ ਪਰ ਉਰਦੂ ਸ਼ਾਇਰੀ ਨੇ ਉਨ੍ਹਾਂ ਨੂੰ ਦੇਰ ਰਾਤ ਤਕ ਜਗਾਈ ਰੱਖਿਆ। ਸਵੇਰੇ ਉਠਣ ਵਿਚ ਦੇਰੀ ਹੋ ਗਈ। ਨਹਾ-ਧੋ ਕੇ ਅਤੇ ਈਮਾਨਦਾਰੀ ਨਾਲ ਤਿਆਰ ਹੋ ਕੇ ਬੱਸ ਅੱਡੇ ਉਤੇ ਪਹੁੰਚੇ ਤਾਂ ਉਥੇ ਜਾ ਕੇ ਜ਼ੀਰਵੀ ਦੀ ਨੀਅਤ ਬਦਲ ਗਈ। ਗੁਰਦੀਪ ਨੂੰ ਉਨ੍ਹੀਂ ਪੈਰੀਂ ਵਾਪਸ ਲੈ ਆਇਆ। ਦੂਜੇ ਦਿਨ ਵੀ ਇਸੇ ਤਰ੍ਹਾਂ ਹੋਇਆ। ਤੀਜੇ ਤੇ ਚੌਥੇ ਦਿਨ ਵੀ। ਜ਼ੀਰਵੀ ਨੇ ਗੁਰਦੀਪ ਨੂੰ ਪੂਰੇ ਚਾਰ ਦਿਨ ਆਪਣੇ ਕੋਲ ਰੱਖ ਕੇ ਪੰਜਵੇਂ ਦਿਨ ਬੱਸ ਚੜ੍ਹਾਇਆ।

ਉਰਦੂ ਸ਼ਾਇਰੀ ਨੂੰ ਪਿਆਰ ਕਰਨ ਵਾਲੇ ਇਨ੍ਹਾਂ ਮਿੱਤਰਾਂ ਦੀ ਪਹਿਲੀ ਮੁਲਾਕਾਤ ਵੀ 'ਨਵਾਂ ਜ਼ਮਾਨਾ' ਦੇ ਦਫ਼ਤਰ ਹੀ ਹੋਈ ਸੀ। ਜਿਹੜਾ ਉਦੋਂ ਤਕ 'ਉਰਦੂ ਪੜ੍ਹਨ' ਲਈ ਜਾਣਿਆ ਜਾਂਦਾ ਸੀ। ਗੁਰਦੀਪ ਨੂੰ ਦੇਖਦੇ ਸਾਰ ਜ਼ੀਰਵੀ ਦੀ ਆਪ ਮੁਹਾਰੀ ਟਿੱਪਣੀ ਇਹ ਸੀ ਕਿ ਉਸ ਨੂੰ ਨਵਾਂ ਪ੍ਰਾਹੁਣਾ ਦੇਖ



ਸੁਰਜਨ ਜ਼ੀਰਵੀ

ਕੇ ਅੰਤਾਂ ਦੀ ਖੁਸ਼ੀ ਹੋਈ ਹੈ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਗੁਰਦੀਪ ਦੀ ਸ਼ਖ਼ਸੀਅਤ ਦੇ ਕਿਹੜੇ ਪੱਖ ਨੇ ਉਸ ਨੂੰ ਉਚੇਰੀ ਖੁਸ਼ੀ ਦਿੱਤੀ ਹੈ ਤਾਂ ਉਸ ਦਾ ਚਾਰ ਸ਼ਬਦਾਂ ਦਾ ਸੰਖੇਪ ਜਿਹਾ ਉਤਰ ਸੀ, "ਇਹੀਓ ਕਿ ਮੇਰੇ ਜਿੰਨੇ ਪਤਲੇ ਸਰੀਰ ਦਾ ਮਾਲਕ ਦੁਨੀਆਂ ਵਿਚ ਹੋਰ ਵੀ ਕੋਈ ਹੈ!" ਜ਼ੀਰਵੀ ਦੀ ਹਾਜ਼ਰ ਜਵਾਬੀ ਨੇ ਗੁਰਦੀਪ ਨੂੰ ਅਜਿਹਾ ਕੀਲਿਆ ਕਿ ਉਨ੍ਹਾਂ ਦੀ ਮਿੱਤਰਤਾ ਹਾਲੇ ਤਕ ਕਾਇਮ ਹੈ।

ਜਦੋਂ ਅਸੀਂ ਸੁਰਜਨ ਜ਼ੀਰਵੀ ਦੀ ਹਾਜ਼ਰ ਜਵਾਬੀ ਦੀ ਗੱਲ ਕਰਦੇ ਹਾਂ ਤਾਂ ਉਸ ਦੇ ਨਾਂ ਨਾਲ 'ਸਾਹਿਬ' ਲਾਉਣਾ ਜ਼ਰੂਰੀ ਹੋ ਜਾਂਦਾ ਹੈ। ਇਸ ਲਈ ਨਹੀਂ ਕਿ ਉਸ ਵਿਚ 'ਸਾਹਿਬ' ਲੋਕਾਂ ਵਾਲੀ ਬੂ ਹੈ ਸਗੋਂ ਇਸ ਲਈ ਕਿ ਇਸ ਮੈਦਾਨ ਵਿਚ ਉਹ ਸਾਬ੍ਹਾਂ ਦਾ ਸਾਬ੍ਹ ਹੈ। ਹਰਦਿਆਲ ਦੇ ਨੇਤਾਵਾਂ ਦਾ ਨੇਤਾ ਹੋਣ ਯਾਨਿ ਨੇਤਾ ਜੀ ਹੋਣ ਵਾਂਗ।

ਇਕ ਵਾਰੀ ਪਾਰਟੀ ਦੀ ਮੀਟਿੰਗ ਵਿਚ ਜ਼ੀਰਵੀ ਸਾਹਬ ਚੌਕੜੀ ਮਾਰ ਕੇ ਬੈਠੇ ਹੋਏ ਸਨ। ਉਨ੍ਹਾਂ ਨੂੰ ਪੈਂਟ ਦੀ ਪੇਟੀ ਤੰਗ ਕਰ ਰਹੀ ਸੀ। ਕੁਝ ਬਹੁਤ ਹੀ ਟਾਈਟ ਸੀ। ਜਨਾਬ ਨੇ ਪੈਂਟ ਦੀ ਹੁੱਕ ਖੋਲ੍ਹ ਦਿੱਤੀ। ਪੈਂਟ ਦੇ ਦਬਾਓ ਨਾਲ ਜ਼ਿਪ ਵੀ ਖੁੱਲ੍ਹ ਗਈ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਅਹਿਸਾਸ ਨਹੀਂ। ਜਦੋਂ ਸਟੇਜ ਸਕੱਤਰ ਦੇ ਸੱਦੇ ਲਈ ਬੋਲਣ ਲਈ ਉਠੇ ਤਾਂ ਪੈਰ ਪੁੱਟਦੇ ਸਾਰ ਪੂਰੀ ਦੀ ਪੂਰੀ ਪੈਂਟ ਪੈਰਾਂ ਵਿਚ ਢੇਰੀ ਹੋ ਗਈ। ਸਰੋਤੇ ਠਹਾਕਾ ਮਾਰ ਕੇ ਹੱਸਣ ਲੱਗੇ। ਜ਼ੀਰਵੀ ਸਾਹਿਬ ਨੇ ਬਿਨਾਂ ਕਿਸੇ ਪ੍ਰਕਾਰ ਦੀ ਝਿਜਕ ਦੇ ਪੈਂਟ ਖਿੱਚ ਕੇ ਥਾਂ ਸਿਰ ਕੀਤੀ ਅਤੇ ਸਹਿਜ ਸੁਭਾਅ ਹੀ ਬੋਲੇ, "ਕੋਈ ਨੀਂ ਕਾਮਰੇਡੋ, ਆਪਣੀ ਪਾਰਟੀ ਦਾ ਵੀ ਇਹੀਓ ਹਾਲ ਹੈ।" ਸਰੋਤਿਆਂ ਵਿਚ ਆਉਣ ਵਾਲਾ ਇਸ ਵਾਰੀ ਦਾ ਠਹਾਕਾ ਪਹਿਲਾਂ ਨਾਲੋਂ ਉਚਾ ਸੀ ਜਿਸ ਦੀ ਗੂੰਜ ਕਾਫ਼ੀ ਦੇਰ ਤਕ ਛਾਈ ਰਹੀ।

ਇਸੇ ਤਰ੍ਹਾਂ ਜ਼ੀਰਵੀ ਦੇ ਘਰ ਇਕ ਮਹਿਲਾ ਦਾ ਆਉਣਾ-ਜਾਣਾ ਆਮ ਸੀ। ਘਰ ਵਿਚ ਆਈ ਹਰ ਨਵੀਂ ਵਸਤ ਨੂੰ ਸਰ੍ਹਾਉਣਾ ਉਸ ਦਾ ਸੁਭਾਅ ਸੀ। ਵਰਤਣ ਵਾਲੀ ਵਸਤ ਹੁੰਦੀ ਜਾਂ ਕੇਵਲ ਸ਼ਿੰਗਾਰ ਵਾਲੀ, ਉਹ ਹੱਥ ਵਿਚ ਲੈਂਦੀ ਅਤੇ ਚੁੱਕ-ਚੁਕਾ ਕੇ ਜਾਂ ਹੱਥਾਂ ਵਿਚ ਪਲੋਸ ਕੇ ਸਦਾ ਇਹੀਓ ਕਹਿੰਦੀ, "ਕਦੋਂ ਲਿਆਂਦੀ ਏ, ਬੜੀ ਗ਼ਜ਼ਬ ਦੀ ਚੀਜ਼ ਏ!" ਇਕ ਵਾਰੀ ਜ਼ੀਰਵੀ ਸਾਬ੍ਹ ਨਵੀਂ ਲਿਆਂਦੀ ਬੈਡ ਸ਼ੀਟ ਉਤੇ ਆਰਾਮ ਫ਼ਰਮਾ ਰਹੇ ਸਨ ਤਾਂ ਗੁਆਂਢਣ ਨੇ ਚੱਦਰ ਦੀ ਨੁੱਕਰ ਕਾਫ਼ੀ ਉਪਰ ਤਕ ਚੁੱਕ ਕੇ ਕਿਹਾ, "ਭੈਣ ਜੀ, ਅਹਿ ਤੇ ਕਮਾਲ ਹੋ ਗਈ, ਕਿੰਨੇ ਦੀ ਆਈ ਏ?" ਉਸ ਦੇ ਖਲੋਤਿਆਂ ਜ਼ੀਰਵੀ ਜੀ ਚੁੱਪ ਰਹੇ ਪਰ ਜਦੋਂ ਉਹ ਤੁਰ ਗਈ ਤਾਂ ਅੰਮ੍ਰਿਤ ਨੂੰ ਕਹਿਣ ਲੱਗੇ ਕਿ ਮੈਂ ਅੱਜ ਤੋਂ ਲੁੰਗੀ ਪਹਿਨਣੀ ਛੱਡ ਦੇਣੀ ਏ। ਇਹਦਾ ਕੀ ਪਤਾ, ਨਵੀਂ ਲੁੰਗੀ ਨੂੰ ਚੁੱਕ ਕੇ ਬੋਲ ਪਵੇ, ਬੜੀ ਗ਼ਜ਼ਬ ਦੀ ਚੀਜ਼ ਏ।" ਵਾਕ ਪੂਰਾ ਹੋਣ ਦੀ ਦੇਰ ਸੀ ਕਿ ਜ਼ੀਰਵੀ ਅਤੇ ਅੰਮ੍ਰਿਤ ਕਹਿਕਹਾ ਮਾਰ ਕੇ ਹੱਸ ਪਏ। ਕਿਸੇ ਨੂੰ ਕੀ ਦੱਸਣ ਕਿ ਕਿਹੜੀ ਗੱਲ ਤੋਂ ਹੱਸੇ ਸਨ।

ਸੁਣਨ ਵਿਚ ਆਇਆ ਹੈ ਕਿ ਪਿਛਲੇ ਦਿਨੀਂ ਫ਼ਿਲਮੀ ਦੁਨੀਆਂ ਦਾ ਇਕ ਨਿਰਦੇਸ਼ਕ ਪੰਜਾਬੀ ਪਿਕਚਰ ਦੀ ਸ਼ੂਟਿੰਗ ਲਈ ਟੋਰਾਂਟੋ (ਕੈਨੇਡਾ) ਗਿਆ। ਉਹ ਹੀਰੋ ਦੇ ਪਿਤਾ ਦਾ ਰੋਲ ਕਰਨ ਲਈ ਕਿਸੇ ਸ਼ਖ਼ਸ ਦੀ ਭਾਲ ਵਿਚ ਸੀ। ਦੱਸਣ ਵਾਲਿਆਂ ਨੇ ਜ਼ੀਰਵੀ ਸਾਬ੍ਹ ਦੀ ਦੱਸ ਪਾ ਦਿੱਤੀ। ਜਦੋਂ ਨਿਰਦੇਸ਼ਕ ਜੀ ਨੇ ਇਹ ਗੱਲ ਜ਼ੀਰਵੀ ਨਾਲ ਤੋਰਨੀ ਚਾਹੀ ਤਾਂ ਜ਼ੀਰਵੀ ਸਾਬ੍ਹ ਦੀ ਸਹਿਜ ਸੁਭਾਅ ਟਿੱਪਣੀ ਸੀ, "ਪਹਿਲਾਂ ਮੈਨੂੰ ਹੀਰੋ ਦੀ ਮਾਂ ਤਾਂ ਦਿਖਾ ਦਿਓ।"

ਜ਼ੀਰਵੀ ਦੇ ਅੰਦਾਜ਼-ਇ-ਬਿਆਂ ਦੇ ਹੋਰ ਵੀ ਬੜੇ ਕਿੱਸੇ ਹਨ। ਜਦੋਂ ਉਸ ਦੇ ਗੂੜ੍ਹੇ ਮਿੱਤਰ ਨਰਿੰਦਰ ਜੋਸ਼ੀ ਦਾ ਬਲਵਿੰਦਰ ਨਾਲ ਵਿਆਹ ਹੋਇਆ ਤਾਂ ਉਨ੍ਹਾਂ ਦੇ ਹੁਸਨ ਅਤੇ ਜਵਾਨੀ ਦੀ ਦਾਦ ਦੇਣ ਲਈ ਵਰਤਿਆ ਵਾਕ ਚੇਤੇ ਰੱਖਣ ਵਾਲਾ ਹੈ, "ਭਾਰਤ ਮਾਤਾ ਦੀਆਂ ਅੱਖਾਂ ਤਾਂ ਕੇਵਲ ਦੋ ਹੀ ਹਨ। ਬਾਕੀ ਤਾਂ ਸਾਡੇ ਵਰਗੇ ਕੁੱਕਰੇ ਹੀ ਹਨ।" ਇਹ ਟਿੱਪਣੀ ਸੱਜ-ਵਿਆਹੀ ਜੋੜੀ ਬਾਰੇ ਸੀ।

ਇਕ ਵਾਰੀ ਇਕ ਬੀਬੀ ਆਪਣੇ ਪਤੀ ਦੀਆਂ ਆਦਤਾਂ ਦਾ ਕਿੱਸਾ ਛੇੜ ਕੇ ਬਹਿ ਗਈ: "ਕਦੇ ਉਸ ਔਰਤ ਪਿੱਛੇ ਤੁਰ ਜਾਂਦਾ ਹੈ ਤੇ ਕਦੇ ਉਸ ਪਿੱਛੇ।" ਜਦੋਂ ਉਹ ਸ਼ਿਕਾਇਤਾਂ ਲਾਉਂਦੀ ਰੋਣਹਾਕੀ ਹੋ ਗਈ ਤਾਂ ਜ਼ੀਰਵੀ ਨੇ ਉਸ ਨੂੰ ਦਿਲਾਸਾ ਦਿੱਤਾ ਕਿ ਫ਼ਿਕਰ ਨਾ ਕਰੇ, ਉਹ ਸਭ ਕੁਝ ਸਾਂਭ ਲਵੇਗਾ। ਉਸ ਦੀ ਗੱਲ ਹਾਲੇ ਖ਼ਤਮ ਨਹੀਂ ਸੀ ਹੋਈ ਕਿ ਪਤੀ ਵੀ ਆ ਟਪਕਿਆ। ਜ਼ੀਰਵੀ ਨੇ ਸਭ ਦੇ ਸਾਹਮਣੇ ਉਸ ਨੂੰ ਡਾਂਟਿਆ, "ਓਇ ਭਲਿਆਮਾਣਸਾ, ਇੱਕਲਾ ਹੀ ਜੰਗਲੀ ਫੁੱਲਾਂ ਦਾ ਰਸ ਚੂਸਦਾ ਰਹਿੰਦੈਂ, ਸਾਡੇ ਵਰਗਿਆਂ ਨੂੰ ਵੀ ਨਾਲ ਲੈ ਜਾਇਆ ਕਰ।" ਸ਼ਿਕਾਇਤਕਰਤਾ ਨੂੰ ਸਮਝ ਨਾ ਆਵੇ ਕਿ ਕਹੇ ਤਾਂ ਕੀ ਕਹੇ।

ਜ਼ੀਰਵੀ ਦੀਆਂ ਗੱਲਾਂ ਤੁਰ ਪੈਣ ਤਾਂ ਮੁੱਕਣ ਵਾਲੀਆਂ ਨਹੀਂ। ਆਪਾਂ ਜ਼ੀਰਵੀ ਦੀ ਉਹ ਗੱਲ ਵੀ ਕਰ ਲਈਏ ਜਿਹੜੀ ਸਾਡੇ ਵਰਗਿਆਂ ਨਾਲ ਸਦਾ ਹੀ ਜੁੜਦੀ ਆਈ ਹੈ, ਭਾਵੇਂ ਵਾਪਰੀ ਹੋਵੇ ਜਾਂ ਨਾ। ਇਹੋ ਜਿਹੀ ਗੱਲ ਵਿਚ ਅਤਿਕਥਨੀ ਦਾ ਅੰਸ਼ ਧਾਰਮਿਕ ਸਾਖੀਆਂ ਨਾਲੋਂ ਘੱਟ ਨਹੀਂ ਹੁੰਦਾ ਅਤੇ ਮਜ਼ਾ ਵੀ ਸਾਖੀਆਂ ਵਰਗਾ ਹੀ ਹੁੰਦਾ ਹੈ। ਸਵਾਦ ਲੈਣ ਲਈ ਮਾੜੀ ਨਹੀਂ।

ਰਾਤ ਦਾ ਵਕਤ ਸੀ। ਜ਼ੀਰਵੀ ਪ੍ਰੈਸ ਇਨਫ਼ਰਮੇਸ਼ਨ ਬਿਊਰੋ ਦੇ ਜਲੰਧਰ ਵਾਲੇ ਦਫ਼ਤਰ ਦੇ ਨੇੜੇ ਗਰੀਨ ਹੋਟਲ ਦੇ ਬਾਹਰ ਖੜ੍ਹਾ ਸੀ। ਦਾਰੂ ਦਾ ਅਸਰ ਪ੍ਰਤੱਖ ਸੀ। ਦੇਖਣ ਵਾਲੇ ਤਾਂ ਜਾਣਦੇ ਸਨ ਪਰ ਜ਼ੀਰਵੀ ਉਕਾ ਹੀ ਨਹੀਂ। ਹਰ ਕਿਸੇ ਨੂੰ ਹੱਥ ਦੇ ਕੇ ਕਹਿ ਰਿਹਾ ਸੀ ਕਿ ਉਸ ਨੇ ਬੱਸ ਅੱਡੇ ਤੱਕ ਜਾਣਾ ਹੈ। ਬੱਸਾਂ ਦੇ ਤੁਰਨ ਦਾ ਟਾਈਮ ਲੰਘ ਚੁੱਕਾ ਸੀ। ਲਿਫ਼ਟ ਦੇਣ ਦਾ ਸਵਾਲ ਹੀ ਨਹੀਂ ਸੀ। ਚੰਗੇ ਭਾਗਾਂ ਨੂੰ ਕਪੂਰਥਲਾ ਦੇ ਕਿਸੇ ਹੋਟਲ ਦੇ ਮਾਲਕ (ਸੁਰਿੰਦਰ) ਨੇ ਜ਼ੀਰਵੀ ਨੂੰ ਪਛਾਣ ਲਿਆ। ਕਾਰ ਰੋਕੀ ਅਤੇ ਬਿਠਾ ਲਿਆ। ਕਪੂਰਥਲਾ ਪਹੁੰਚਣ ਤਕ ਜ਼ੀਰਵੀ ਨੂੰ ਆਪਣੇ ਘਰ ਦਾ ਰਾਹ ਵੀ ਭੁੱਲ ਚੁੱਕਿਆ ਸੀ। ਕੋਈ ਵੀ ਪੇਸ਼ ਨਾ ਜਾਂਦੀ ਵੇਖ ਉਸ ਭਲੇਮਾਣਸ ਨੇ ਜ਼ੀਰਵੀ ਨੂੰ ਕਪੂਰਥਲਾ ਦੇ ਵੱਡੇ ਚੌਕ 'ਤੇ ਲਾਹ ਦਿੱਤਾ ਅਤੇ ਆਪਣੇ ਘਰ ਨੂੰ ਤੁਰ ਪਿਆ।

ਜ਼ੀਰਵੀ ਨੂੰ ਜਲੰਧਰ ਵਾਲੀ ਕਵਾਇਦ ਫੇਰ ਦੁਹਰਾਉਣੀ ਪਈ। ਹਰ ਕਿਸੇ ਨੂੰ ਆਖੇ ਕਿ ਉਸ ਨੇ ਆਪਣੇ ਘਰ ਜਾਣਾ ਹੈ ਪਰ ਘਰ ਦਾ ਰਾਹ ਕਿਸੇ ਨੂੰ ਨਾ ਦੱਸੇ। ਉਹ ਕੀ ਜਾਣਨ ਕਿ ਦੱਸਣਾ ਨਹੀਂ ਸੀ ਚਾਹੁੰਦਾ, ਕਿ ਦੱਸਣ ਦੇ ਯੋਗ ਹੀ ਨਹੀਂ ਸੀ। ਕਪੂਰਥਲਾ ਉਸ ਦਾ ਆਪਣਾ ਸ਼ਹਿਰ ਸੀ। ਇਥੇ ਜਾਣਨ ਵਾਲੇ ਜਲੰਧਰ ਤੋਂ ਵੱਧ ਸਨ। ਕਿਸੇ ਭਲੇਮਾਣਸ ਨੇ ਜ਼ੀਰਵੀ ਨੂੰ ਚੁੱਕਿਆ ਅਤੇ ਉਸ ਦੇ ਘਰ ਬਾਹਰ ਲਾਹ ਆਇਆ। ਜ਼ੀਰਵੀ ਸਾਹਿਬ ਨੂੰ ਵਰਾਂਡੇ ਵਿਚ ਪਿਆ ਮੂਹੜਾ ਦਿਖਾਈ ਦੇ ਗਿਆ ਅਤੇ ਇਕ-ਅੱਧ ਦਸਤਕ ਦੇਣ ਪਿੱਛੋਂ ਵਰਾਂਡੇ ਵਾਲੇ ਮੂਹੜੇ ਉਤੇ ਹੀ ਬਿਰਾਜਮਾਨ ਹੋ ਗਿਆ। ਅੰਮ੍ਰਿਤ ਪਤਾ ਨਹੀਂ, ਕਿੰਨੀ ਵਾਰ ਬਾਹਰ ਦੇ ਚੱਕਰ ਲਾ ਕੇ ਅੰਦਰੋਂ ਕੁੰਡੀ ਲਾ ਕੇ ਸੌਂ ਚੁੱਕੀ ਸੀ। ਨੀਂਦ ਤਾਂ ਕਹਿੰਦੇ ਹਨ, ਸੂਲੀ ਉਤੇ ਵੀ ਆ ਜਾਂਦੀ ਹੈ। ਹੁਣ ਤਕ ਅੰਮ੍ਰਿਤ ਨੂੰ ਸੂਲੀ ਉਤੇ ਸੌਣ ਦੀ ਪੂਰੀ ਮੁਹਾਰਤ ਹੋ ਚੁੱਕੀ ਸੀ ਪਰ ਮਨ ਨੂੰ ਚੈਨ ਕਿੱਥੇ। ਤੜਕਸਾਰ ਇਕ ਵਾਰੀ ਫੇਰ ਬਾਹਰ ਆਈ ਤਾਂ ਜ਼ੀਰਵੀ ਸਾਹਿਬ ਗੋਡਿਆਂ ਵਿਚ ਸਿਰ ਦੇ ਕੇ ਘੂਕ ਸੁੱਤੇ ਪਏ ਸਨ। ਉਸ ਨਸ਼ੇ ਦੀ ਲੋਰ ਵਿਚ ਜਿਸ ਨੂੰ ਗੋਡਿਆਂ ਦੇ ਗੰਡੇ ਕਿਹਾ ਜਾਂਦਾ ਹੈ।

ਉਂਜ ਜ਼ੀਰਵੀ ਸਾਡੇ ਵਾਂਗ ਡੀਕ ਲਾ ਕੇ ਪੀਣ ਵਾਲਾ ਬੰਦਾ ਨਹੀਂ। ਉਹ ਪੀਣ-ਪਿਲਾਉਣ ਵਿਚ ਵੀ ਅਦਬ-ਆਦਾਬ ਦਾ ਪੱਲਾ ਨਹੀਂ ਛੱਡਦਾ। ਪੀਣ ਤੋਂ ਪਹਿਲਾਂ ਹਰ ਤਰ੍ਹਾਂ ਦੇ ਲੁਆਜ਼ਮਾਤ ਇਕੱਠੇ ਕਰ ਕੇ ਮਹਿਫ਼ਲ ਵਿਚ ਸ਼ਰੀਕ ਸਾਰੇ ਬੰਦਿਆਂ ਨੂੰ ਬਿਠਾਉਂਦੇ ਸਮੇਂ ਵੀ ਸਲੀਕੇ ਤੋਂ ਕੰਮ ਲੈਂਦਾ ਹੈ। ਮੁਰਗਾ, ਮੱਛੀ, ਖੱਟਾ-ਮਿੱਠਾ ਤੇ ਸੋਡਾ ਪਾਣੀ ਸਮੇਂ ਦੀ ਨਜ਼ਾਕਤ ਦੇ ਅਨੁਕੂਲ। ਮੈਂ ਉਸ ਦਾ ਇਹ ਸਲੀਕਾ ਜਲੰਧਰ ਦੇ ਗੰਨਾ ਫ਼ਾਰਮ ਵਿਖੇ ਹੀ ਨਹੀਂ, ਟੋਰਾਂਟੋ ਵਾਲੇ ਘਰ ਵੀ ਵੇਖ ਚੁੱਕਿਆ ਹਾਂ। ਇਕ-ਦੋ ਪ੍ਰਮਾਣ ਹਾਜ਼ਰ ਹਨ। ਇਕ ਵਾਰੀ ਅਸੀਂ ਟੋਰਾਂਟੋ ਵਿਚ ਹੀ ਸਾਂਝੇ ਮਿੱਤਰ ਬਲਰਾਜ ਚੀਮਾ ਦੇ 13ਵੀਂ ਮੰਜ਼ਿਲੇ ਵਾਲੇ ਘਰ ਇਕੱਠੇ ਹੋ ਗਏ। ਮੌਸਮ ਖੁਸ਼ਗਵਾਰ ਸੀ। ਹਰ ਪਾਸੇ ਤੋਂ ਠੰਢੀ ਹਵਾ ਦੇ ਬੁੱਲ੍ਹੇ ਆ ਰਹੇ ਸਨ। ਸ਼ਿਵਾਸ ਰੀਗਲ ਦੀ ਬੋਤਲ ਸੈਂਟਰ ਟੇਬਲ 'ਤੇ ਪਈ ਸੀ। ਮੂੰਗਫਲੀ, ਕਾਜੂ ਤੇ ਨਮਕੀਨ ਦਾਲਾਂ ਸਜਾਈਆਂ ਜਾ ਚੁੱਕੀਆਂ ਸਨ ਪਰ ਸੋਢਾ ਨਹੀਂ ਸੀ ਲੱਭ ਰਿਹਾ। ਬਲਰਾਜ ਚੀਮਾ ਆਪਣੇ ਨੌਜਵਾਨ ਸਹਾਇਕ ਨੂੰ ਕੋਸ ਰਿਹਾ ਸੀ। ਪੀਣ ਲਈ ਤਿਆਰ ਬੈਠਾ ਇਕ ਸੱਜਣ ਪੀਣ ਦੀ ਕਾਹਲ ਜਤਾ ਰਿਹਾ ਸੀ, "ਸੋਢਾ ਕਿੱਥੇ ਗੁੰਮ ਗਿਆ!" ਉਸ ਦੇ

(ਅਗਲੇ ਸਫ਼ੇ 'ਤੇ ਜਾਰੀ)

# ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ

## ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਸ਼੍ਰੇਣੀਬਧ ਸਮਾਜ ਵਿਚ ਦਲਿਤ ਸ਼੍ਰੇਣੀ ਦੇ ਲੋਕਾਂ ਲਈ ਆਪਣੀ ਹੈਸੀਅਤ ਤੋਂ ਉਪਰ ਉਠ ਸਕਣਾ ਬੇਹੱਦ ਮੁਸ਼ਕਿਲ ਹੁੰਦਾ ਹੈ। ਪੂੰਜੀਵਾਦ ਨੇ ਭਾਵੇਂ ਵਿਅਕਤੀਗਤ ਪਧਰ ਤੇ ਅਜਿਹੀ ਜਕੜ ਨੂੰ ਕੁਝ ਹੱਦ ਤੱਕ ਤੋੜਿਆ ਹੈ ਪਰ ਸਮੁੱਚੇ ਤੌਰ ਤੇ ਆਰਥਕ ਸਮਾਜਕ ਬਰਾਬਰੀ ਇਹ ਪ੍ਰਬੰਧ ਵੀ ਨਹੀਂ ਦੇ ਸਕਿਆ ਭਾਵੇਂ ਇਸ ਦਾ ਨਾਹਰਾ ਏਹੀ ਸੀ। ਭੂਪਵਾਦੀ ਪ੍ਰਬੰਧ ਅਧੀਨ ਤਾਂ ਇਹ ਜਕੜ ਹੋਰ ਵੀ ਕਠੋਰ ਸੀ। ਧਰਮ ਨੇ ਵੀ ਕਈ ਹਾਲਤਾਂ ਵਿਚ ਅਜਿਹੀ ਸਥਿਤੀ ਨੂੰ ਸਬਰ ਸਬੂਰ ਕਰਕੇ ਸਵੀਕਾਰ ਕਰਨ ਦੀ ਸਿਖਿਆ ਦਿੱਤੀ ਹੈ ਜਿਵੇਂ 'ਦੇਖਿ ਪਰਾਈ ਚੋਪੜੀ ਨਾ ਤਰਸਾਇ ਜੀਉ' ਤੁਕ ਵਿਚ ਫਰੀਦ ਨੇ ਫਰਮਾਇਆ ਹੈ। ਕੀ ਲੈਣਾ ਵੱਡਿਆਂ ਬਣ ਕੇ ਗਰੀਬੀ ਚੰਗੀ ਹੁੰਦੀ ਹੈ, ਜਿਹੀਆਂ ਅਖੌਤਾਂ ਵਿਚ ਨਾ ਸਿਰਫ ਗਰੀਬੀ ਨੂੰ ਵਡਿਆਇਆ ਹੀ ਗਿਆ ਹੈ ਬਲਕਿ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ। ਭਾਰਤ ਦੀ ਜਾਤੀ ਵਿਵਸਥਾ ਨੇ ਤਾਂ ਮਨੁਖ ਦੀ ਹੋਣੀ ਨੂੰ ਇਕ ਤਰ੍ਹਾਂ ਜੂੜ ਕੇ ਹੀ ਰੱਖ ਦਿੱਤਾ ਭਾਵੇਂ ਕਿ ਭਾਰਤੀ ਸਮਾਜ ਵਿਚ ਵੀ ਜਾਤਾਂ ਤੋਂ ਉਪਰ ਉਠਣ ਦੀਆਂ ਮਿਸਾਲਾਂ ਵੀ ਮਿਲਦੀਆਂ ਹਨ। ਅਜਿਹੇ ਸਮਾਜ ਵਿਚ ਆਮ ਮਨੁਖ ਦੀ ਲਾਚਾਰੀ ਪ੍ਰਗਟਾਉਂਦੇ ਕਈ ਮੁਹਾਵਰੇ/ਕਹਾਵਤਾਂ ਹੋਂਦ ਵਿਚ ਆਈਆਂ। ਅੱਜ ਕੱਲ੍ਹ ਵੀ, ਘਾਹੀਆਂ ਨੇ ਘਾਹ ਹੀ ਖੋਤਣਾ, ਜਿਹੀ ਅਖੌਤ ਆਮ ਹੀ ਸੁਣਨ ਨੂੰ ਮਿਲਦੀ ਹੈ। ਅਜਿਹੇ ਸਮਾਜ ਵਿਚ ਜੇ ਮਾੜਾ ਮੋਟਾ ਕੁਝ ਹਾਸਿਲ ਹੋ ਵੀ ਜਾਵੇ ਤਾਂ ਇਸ ਦੀ ਸੀਮਾ ਜਾਣਦੇ ਹੋਏ ਕਹਿ ਦਿੱਤਾ ਜਾਂਦਾ ਹੈ ਕਿ ਜਵਾਲੇ ਨੇ ਕਿਹੜਾ ਸ਼ਾਹ ਹੋ ਜਾਣਾ ਹੈ। ਕੋਈ ਆਪਣੀ ਔਕਾਤ ਤੋਂ ਉਪਰ ਉਠਣ ਦਾ ਹੌਸਲਾ ਵੀ ਕਰੇ ਤਾਂ ਸਾਥੀਆਂ ਵਲੋਂ 'ਜਾਤ ਦੀ ਕੋਹੜਕਿਰਲੀ ਤੇ ਸ਼ਤੀਰਾਂ ਨੂੰ ਜੱਫੇ' ਜਿਹੀ ਕਹਾਵਤ ਸੁਣਾ ਕੇ ਉਸ ਦੀ ਪਹਿਲਕਦਮੀ ਨੂੰ ਠਿਠ ਕਰ ਦਿੱਤਾ ਜਾਂਦਾ ਹੈ। ਗੱਲ ਕੀ, ਓੜਕ ਬੱਚਾ ਮੂਲਿਆ ਤੂੰ ਹੱਟੀ ਬਹਿਣਾ ਅਨੁਸਾਰ ਮਨੁਖ ਲਈ ਸਮਾਜ ਵਿਚ ਉਚਾ ਉਠਣ ਲਈ ਬਹੁਤੇ ਮੌਕੇ ਨਸੀਬ ਨਹੀਂ ਹਨ।



ਰਾਜਾ ਭੋਜ

ਅਜਿਹੇ ਨਸੀਬਾਂ ਨੂੰ ਹੀ ਸੈਂਕੜੇ ਵਰ੍ਹਿਆਂ ਤੋਂ ਜ਼ਾਹਰ ਕਰਦਾ ਆ ਰਿਹਾ ਇਕ ਅਖਾਣ ਹੈ, 'ਕਿਥੇ ਰਾਜਾ ਭੋਜ ਤੇ ਕਿਥੇ ਗੰਗੂ ਤੇਲੀ।' 'ਕਿਸਮਤ ਦੇ ਬਲੀਏ' ਰਾਜਾ ਭੋਜ ਦੇ ਟਾਕਰੇ ਤੇ ਆਮ ਆਦਮੀ ਗੰਗੂ ਇਕ ਅਣਹੋਇਆ ਸੁਪਨਸਾਜ਼ ਬਣ ਕੇ ਰਹਿ ਜਾਂਦਾ ਹੈ। ਭੁਖੇ ਲੋਕਾਂ ਦੀਆਂ ਨਜ਼ਰਾਂ ਵਿਚ ਭੋਜ ਇਕ ਐਸੇ ਖੁਸ਼ਕਿਸਮਤ ਆਦਮੀ ਦਾ ਨਾਂ ਹੈ ਜੋ ਢਿਡ ਭਰਕੇ ਭੋਜਨ ਕਰਦਾ ਜ਼ਿੰਦਗੀ ਦੇ 'ਬੁੱਲੇ ਲੁੱਟਦਾ' ਹੈ। ਪੰਜਾਬੀ ਸ਼ਬਦ-ਨਿਰਮਾਣ ਦੀ ਜੁਗਤ ਅਨੁਸਾਰ ਕਿਸੇ ਨਾਂ ਦੇ ਪਿਛੇ ਜੇ 'ਊ' ਦੀ ਮਾਤਰਾ ਲਾ ਦੇਈਏ ਤਾਂ ਉਹ ਇਕ ਅਦਨੇ ਜਿਹੇ ਆਦਮੀ ਜਾਂ ਬੱਚੇ ਦਾ ਨਾਂ ਬਣ ਜਾਂਦਾ ਹੈ ਜਿਵੇਂ ਭੋਲੂ, ਤੇਲੂ, ਲਭੂ ਆਦਿ। ਗੰਗੂ ਵੀ ਅਜਿਹੇ ਨਾਂਵਾਂ ਵਿਚੋਂ ਹੀ ਇਕ ਹੈ। 'ਪਰਸੂ ਪਰਸਾ ਪਰਸ ਰਾਮ' ਵਿਚ ਇਸ 'ਮਾਇਆ ਦੇ ਤਿੰਨ ਨਾਮਾਂ' ਦਾ ਭੇਤ ਖੁਲ੍ਹ ਜਾਂਦਾ ਹੈ। ਕਈ ਹੋਰ ਪਰ ਖਾਸ ਤੌਰ 'ਤੇ ਦਲਿਤ ਚੇਤਨਾ ਨੂੰ ਪਰਨਾਏ ਸਾਹਿਤਕਾਰਾਂ ਨੇ ਏਕਲਵਿਆ ਦੇ ਪ੍ਰਸੰਗ ਨੂੰ ਇਸ ਕਹਾਵਤ ਦੇ ਨਾਲ ਰਲਾ ਕੇ ਅਜਿਹੀ ਸਥਿਤੀ ਨੂੰ ਬਦਲਣ ਦਾ ਹੋਕਾ ਦਿੱਤਾ ਹੈ। ਪੰਜਾਬੀ ਕਵੀ ਸੰਤ ਰਾਮ ਉਦਾਸੀ ਨੇ ਗੰਗੂ ਤੇਲੀ ਦੀ ਵਾਰ ਲਿਖ ਮਾਰੀ ਜਿਸ ਵਿਚ ਰਾਜਾ ਭੋਜ ਦੀ ਥਾਂ ਗੰਗੂ ਤੇਲੀ ਨੂੰ ਨਾਇਕ ਬਣਾਇਆ ਗਿਆ ਹੈ। ਪ੍ਰਸਿਧ ਭਾਰਤੀ ਅੰਗਰੇਜ਼ੀ ਕਵੀ ਇੰਦਰ ਕੁਮਾਰ ਸ਼ਰਮਾ ਨੇ ਵੀ ਗੰਗੂ ਤੇਲੀ ਦੀ ਸਿਥਲ ਹੋਈ ਜ਼ਿੰਦਗੀ ਦੇ ਰੋਣੇ ਰੋਏ ਹਨ:

ਗੰਗੂ ਤੇਲੀ ਮਰਿਆ ਨਹੀਂ
ਉਹ ਜਿਉਂਦਾ ਵੀ ਨਹੀਂ ਹੈ
ਯੁਗਾਂ ਯੁਗਾਂ ਤੋਂ ਉਹ
ਕੋਹਲੂ ਦੇ ਵਿਚ ਬੀਜ ਪੀੜਦਾ
ਕਢ ਰਿਹਾ ਏ ਘਾਣੀ
ਮਨ 'ਚ ਵਸਾ ਕੇ ਸੁਪਨਾ
ਇਕ ਦਿਨ ਆਏਗਾ
ਉਹ ਆਪਣੇ ਖੁਥੜ ਵਾਲਾਂ 'ਤੇ ਵੀ
ਤੇਲ ਲਗਾਏਗਾ
ਪੰਡਿਤ ਹਮੇਸ਼ਾ ਉਸ ਨੂੰ
ਢਾਰਸ ਦੇਂਦਾ:
'ਤੇਰੇ ਹੱਥ ਦੀ ਰੇਖਾ ਤਾਂ ਟੇਢੀ ਮੇਢੀ
ਸਨਿਚਰ ਤੇਰੇ 'ਤੇ ਹੈ ਭਾਰੀ
ਖੁਲ੍ਹਣਗੇ ਐਪਰ ਤੇਰੇ ਵੀ ਭਾਗ
ਬੱਸ ਕੁਝ ਸਾਲਾਂ ਦਾ ਹੈ ਇੰਤਜ਼ਾਰ'

1998 'ਚ ਬਣੀ ਹਿੰਦੀ ਕਾਮੇਡੀ ਫਿਲਮ 'ਦੁਲਹੇ ਰਾਜਾ' ਵਿਚ ਇਕ ਗਾਣਾ ਮਸ਼ਹੂਰ ਹੋਇਆ ਸੀ, ਜਿਸ ਦੇ ਬੋਲ ਹਨ:

ਛਛੂੰਦਰ ਕੇ ਸਿਰ ਪੇ ਨਾ ਭਾਏ ਚਮੇਲੀ,
ਕਹਾਂ ਰਾਜਾ ਭੋਜ ਔਰ ਕਹਾਂ ਗੰਗੂ ਤੇਲੀ।

ਇਹ ਕਹਾਵਤ ਲਗਭਗ ਸਾਰੇ ਉਤਰ ਭਾਰਤ ਦੀਆਂ ਬੋਲੀਆਂ ਵਿਚ ਪ੍ਰਚਲਤ ਹੈ। ਪਰ ਮਜ਼ੇ ਦੀ ਗੱਲ ਹੈ ਕਿ ਕਹਾਵਤ ਬਣਨ ਸਮੇਂ ਅਜਿਹੀ ਊਚ ਨੀਚ ਦੀ ਟਕਰਾਵੀਂ ਸਥਿਤੀ ਨਹੀਂ ਸੀ ਜਿੰਨੀ ਇਸ ਦੇ ਅਰਥਾਂ 'ਚੋਂ ਨਿਕਲਦੀ ਹੈ। ਇਸ ਦੇ ਪਿਛੇ ਜੋ ਇਤਿਹਾਸਕ ਵਾਕਿਆ ਖੜਾ ਹੈ ਉਸ ਨੂੰ ਜਾਣ ਕੇ ਤੁਸੀਂ ਸਮਝ ਜਾਵੋਗੇ ਕਿ ਸ਼ਬਦਾਂ ਦੀ ਤਰ੍ਹਾਂ ਹੀ ਮੁਹਾਵਰੇ ਅਖਾਣ ਵੀ ਗਿਰਗਿਟ ਦੀ ਤਰ੍ਹਾਂ ਕਈ ਰੂਪ ਬਦਲਦੇ ਹਨ ਤੇ ਅੰਤਮ ਤੌਰ 'ਤੇ ਜਿਸ ਹਾਲਤ ਵਿਚ ਸਾਨੂੰ ਉਪਲਭਦ ਹੁੰਦੇ ਹਨ, ਉਨ੍ਹਾਂ ਦਾ ਮੂਲ ਰੂਪ ਨਾਲ ਕਈ ਵਾਰੀ ਮੇਲ ਬਿਠਾਉਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਕਹਾਵਤ ਪਿਛੇ ਦਰਸਾਈ ਜਾਂਦੀ ਦੰਦ ਕਥਾ ਤੋਂ ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਲੋਕ ਕਿਵੇਂ ਕਿਸੇ ਸ਼ਾਬਦਿਕ ਉਕਤੀ ਦੀ ਵਿਆਖਿਆ ਕਰਦੇ ਹਨ। ਇਹ ਕਹਾਵਤ ਕੁਝ ਇਕ ਉਨ੍ਹਾਂ ਲੋਕੋਕਤੀਆਂ ਵਿਚੋਂ ਹੈ ਜਿਨ੍ਹਾਂ ਦੇ ਉਦਭਵ ਦੀ ਨਿਸ਼ਾਨਦੇਹੀ ਹੋ ਸਕੀ ਹੈ। ਆਓ ਜ਼ਰਾ ਇਸ ਦੀ ਪੈੜ ਨੱਪੀਏ।

ਇਹ ਕਹਾਵਤ ਉਸ ਰਾਜੇ ਨਾਲ ਸਬੰਧਤ ਹੈ ਜਿਸ ਦੇ ਰਾਜ ਦੀ ਅੱਜ ਕਲ੍ਹ ਹਜ਼ਾਰਵੀਂ ਸ਼ਤਾਬਦੀ ਚੱਲ ਰਹੀ ਹੈ। ਰਾਜਾ ਭੋਜ ਨੇ ਅੱਜ ਤੋਂ ਕੋਈ ਇਕ ਹਜ਼ਾਰ ਸਾਲ ਪਹਿਲਾਂ ਇਸ ਕਹਾਵਤ ਨੂੰ ਜਨਮ ਦੇਣ ਲਈ ਆਪਣਾ ਜਨਮ ਧਾਰਿਆ।



ਡਾ. ਮਿਸ਼ਰਾ ਜਿਸ ਨੇ ਕਹਾਵਤ ਵਿਚਲੇ ਗੰਗੂ ਤੇਲੀ ਦਾ ਪਿਛੋਕੜ ਦੱਸਿਆ

ਅਜਿਹਾ ਕਰਦਿਆਂ ਉਸ ਨੂੰ ਅਨੇਕਾਂ ਪ੍ਰਾਕਰਮਾਂ ਦੀ ਪ੍ਰਸੂਤ ਪੀੜਾ ਸਹਿਣੀ ਪਈ। ਥੋੜਾ ਇਤਿਹਾਸ ਜਾਨਣ ਵਾਲੇ ਲੋਕ ਸਮਝਦੇ ਹੋਣਗੇ ਕਿ ਉਸ ਦੇ ਰਾਜ ਵਿਚ ਕੋਈ ਗੰਗੂ ਨਾਂ ਦਾ ਤੇਲੀ ਹੋਵੇਗਾ ਜਿਸ ਦੀ ਹੈਸੀਅਤ ਦੀ ਰਾਜੇ ਭੋਜ ਨਾਲ ਤੁਲਨਾ ਕਰਨਾ ਹਾਸੋਹੀਣੀ ਗੱਲ ਹੀ ਹੋਵੇਗੀ। ਪਰ ਡਾ. ਵਿਦਿਆਨਿਵਾਸ ਮਿਸ਼ਰਾ ਇਕ ਮਹਾਨ ਭਾਰਤੀ ਲੇਖਕ, ਭਾਸ਼ਾ ਵਿਗਿਆਨੀ ਤੇ ਕੋਸ਼ਕਾਰ ਹੋਏ ਹਨ ਜਿਨ੍ਹਾਂ ਮਧਕਾਲੀ ਇਤਿਹਾਸ ਦੀ ਫੋਲਾ-ਫਾਲੀ ਕਰਦਿਆਂ ਇਕ ਇਤਿਹਾਸਕ ਤੱਥ ਵੱਲ ਧਿਆਨ ਦੁਆਇਆ ਜਿਸ ਤੋਂ ਇਸ ਕਹਾਵਤ ਦੇ ਮੁਢ ਦਾ ਸੰਕੇਤ ਮਿਲਦਾ ਹੈ। ਇਹ ਸੰਕੇਤ ਧਾਰਾਨਗਰੀ ਦੇ ਰਾਜਾ ਭੋਜ ਦੀ ਵੀਰਤਾ ਵੱਲ ਹੈ। ਭੋਜਦੇਵ ਪਰਮਾਰ ਵੰਸ਼ੀ ਰਾਜਾ ਸੀ। ਇਸ ਵੰਸ਼ ਦਾ ਸਬੰਧ ਰਾਜਸਥਾਨ ਦੀਆਂ ਅਰਾਵਲੀ ਪਹਾੜੀਆਂ ਦੀ ਗੋਦ ਵਿਚ ਵਸੀ ਸਿਰੋਹੀ ਦੇ ਅਗਨੀਕੁਲ ਰਾਜਪੂਤਾਂ ਨਾਲ ਦੱਸਿਆ ਜਾਂਦਾ ਹੈ। ਪਰਮਾਰ ਵੰਸ਼ ਨੇ 1000 ਤੋਂ 1285 ਤੱਕ ਮਾਲਵਾ ਵਿਚ ਰਾਜ ਕੀਤਾ। ਭੋਜਦੇਵ ਇਸ ਮਹਾਪ੍ਰਤਾਪੀ ਵੰਸ਼ ਦੀ ਪੰਜਵੀਂ ਪੀੜੀ ਵਿਚੋਂ ਸੀ। ਉਸ ਦੀ ਰਾਜਧਾਨੀ ਧਾਰ ਸੀ। ਰਾਜ ਸੰਭਾਲਣ ਪਿਛੋਂ ਉਹ ਚਾਰੇ ਪਾਸੇ ਦੁਸ਼ਮਣਾਂ ਨਾਲ ਘਿਰਿਆ ਹੋਇਆ ਸੀ ਪਰ ਉਸ ਨੇ ਸਾਰਿਆਂ ਨੂੰ ਹਰਾ ਦਿੱਤਾ। ਰਾਜਾ ਭੋਜ ਸ਼ੈਵ ਮਤ ਨਾਲ ਸਬੰਧ ਰਖਦਾ ਸੀ। ਮਹਿਮੂਦ ਗਜ਼ਨਵੀ ਦੇ ਸੋਮਨਾਥ ਦੀ ਲੁਟਮਾਰ ਤੇ ਮਿਸਮਾਰ ਤੋਂ ਉਹ ਬਹੁਤ ਕ੍ਰੋਧਿਤ ਹੋਇਆ। ਉਸ ਨੇ ਹੋਰ ਹਿੰਦੂ ਰਾਜਿਆਂ ਨੂੰ ਇਕੱਠੇ ਕਰਕੇ ਗਜ਼ਨਵੀ ਦੇ ਪੁਤਰ ਸਾਲਾਰ ਮਸੂਦ ਨੂੰ ਇਕ ਮਹੀਨੇ ਦੇ ਭੀਸ਼ਮ ਯੁਧ ਪਿਛੋਂ ਮਾਰ ਮੁਕਾ ਕੇ ਸੋਮਨਾਥ ਦਾ ਬਦਲਾ ਲਿਆ। ਉਸ ਨੇ ਭੋਪਾਲ ਤੋਂ 32 ਕਿਲੋਮੀਟਰ ਦੂਰ ਭੋਜਪੁਰ ਦੀ ਜਗ੍ਹਾ 'ਤੇ ਸ਼ਿਵ ਮੰਦਿਰ ਦਾ ਨਿਰਮਾਣ ਕਰਕੇ ਮਾਲਵੇ ਵਿਚ ਸੋਮਨਾਥ ਦੀ ਸਥਾਪਨਾ ਕਰ ਦਿੱਤੀ।

ਰਾਜਾ ਭੋਜ ਦੇ ਦੋ ਹੋਰ ਸਮਕਾਲੀ ਰਾਜੇ ਸਨ ਜੋ ਧਾਰਾਨਗਰੀ ਤੇ ਈਰਖਾਲੂ ਅੱਖ ਰਖਦੇ ਸਨ। ਇਹ ਸਨ ਤਿਰਹੁਤ ਦੇ ਰਾਜਾ ਗਾਂਗੇਯ ਦੇਵ ਅਤੇ ਤਿਲੰਗਾਨਾ ਦੇ ਰਾਜਾ ਤੈਲਪ। ਦੋਨੋਂ ਰਾਜਿਆਂ ਨੇ ਮਿਲ ਕੇ ਰਾਜਾ ਭੋਜ 'ਤੇ ਚੜ੍ਹਾਈ ਕਰ ਦਿੱਤੀ ਪਰ ਉਸ ਨੂੰ ਹਰਾ ਨਾ ਸਕੇ। ਅਸਲ ਵਿਚ ਇਹ ਦੋਨੋਂ ਰਾਜੇ ਗਾਂਗੇਯ ਅਤੇ ਤੈਲਪ ਹੀ ਸਨ ਜੋ ਪਿਛੋਂ ਕਹਾਵਤ ਵਿਚ ਗੰਗੂ ਅਤੇ ਤੇਲੀ ਦਾ ਰੂਪ ਧਾਰ ਗਏ।

ਸਪਸ਼ਟ ਹੈ ਕਿ ਦੋਨਾਂ ਰਾਜਿਆਂ ਦੀ ਹਾਰ ਦੇਖ ਕੇ ਪਹਿਲਾਂ ਪਹਿਲਾਂ ਲੋਕਾਂ ਨੇ ਪ੍ਰਤਿਕਿਰਿਆ ਦਿੱਤੀ ਹੋਵੇਗੀ, ਕਿਥੇ ਰਾਜਾ ਭੋਜ ਤੇ ਕਿਥੇ ਗਾਂਗੇਯ ਤੈਲਪ। ਅਰਥਾਤ ਦੋ ਰਾਜਿਆਂ ਦਾ ਇਕੱਠ ਵੀ ਇਕੱਲੇ ਰਾਜਾ ਭੋਜ ਦੇ ਟਾਕਰੇ ਕੁਝ ਨਹੀਂ ਸੀ। ਪਰ ਕਹਾਵਤ ਵਿਚ ਗੰਗੂ ਤੇਲੀ ਦੇ ਰੂਪ ਵਿਚ ਪਲਟ ਗਏ ਗਾਂਗੇਯ ਤੈਲਪ ਦੀ ਪ੍ਰਮਾਣਿਕਤਾ ਸਿਧ ਕਰਨ ਲਈ ਭੌਤਿਕ ਗਵਾਹੀਆਂ ਵੀ ਦਰਸਾਈਆਂ ਜਾ ਰਹੀਆਂ ਹਨ। ਮਹਾਰਾਸ਼ਟਰ ਦੇ ਕੋਹਲਾਪੁਰ ਸ਼ਹਿਰ ਵਿਚ ਇਕ ਕਿਲਾ ਹੈ ਜੋ ਰਾਜਾ ਭੋਜ ਨੇ ਬਣਵਾਇਆ। ਇਸ ਕਿਲੇ ਦੇ ਇਕ ਖੂੰਜੇ ਵਿਚ ਇਕ ਨਿਮਾਣੀ ਜਿਹੀ ਕਬਰ ਸਥਿਤ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਤਥਾਕਥਿਤ ਗੰਗੂ ਤੇਲੀ ਦੀ ਪਤਨੀ ਅਤੇ ਬੱਚੇ ਦੀ ਹੈ। ਦੱਸਿਆ ਜਾਂਦਾ ਹੈ ਕਿ ਜਦ ਇਸ ਕਿਲੇ ਦੀ ਦੀਵਾਰ ਉਸਾਰੀ ਜਾ ਰਹੀ ਸੀ ਤਾਂ ਇਹ ਵਾਰ ਵਾਰ ਢਹਿ ਜਾਂਦੀ ਸੀ। ਕਿਸੇ ਸਿਆਣੇ ਪੰਡਿਤ ਨੇ ਸਲਾਹ ਦਿੱਤੀ ਕਿ ਕਿਸੇ ਨਵੇਂ ਜੰਮੇ ਬੱਚੇ ਦੀ ਬਲੀ ਦੇਣ ਨਾਲ ਕੰਧ ਡਿਗਣੋਂ ਹਟ ਸਕਦੀ ਹੈ। ਰਾਜੇ ਨੇ ਡੌਂਡੀ ਪਿਟਾ ਦਿਤੀ। ਗੰਗੂ ਨਾਂ ਦੇ ਤੇਲੀ ਨੇ ਆਪਣੀ ਪਤਨੀ ਜੱਕੂਹਾਈ ਨੂੰ ਆਪਣੇ ਨਵੇਂ ਜੰਮੇ ਬੱਚੇ ਦੀ ਆਹੂਤੀ ਦੇਣ ਲਈ ਮਨਾ ਲਿਆ। ਇਸ ਬਲੀ ਤੋਂ ਬਾਅਦ ਇਹ ਕਬਰ ਬਣਾਈ ਗਈ ਜੋ ਅੱਜ ਵੀ ਤੇਲੀ ਜਾਤ ਦੇ ਲੋਕਾਂ ਲਈ ਤੀਰਥ ਸਮਾਨ ਸਮਝੀ ਜਾਂਦੀ ਹੈ। ਇਤਿਹਾਸ ਵਿਚ ਭੋਜ ਨਾਂ ਦੇ ਹੋਰ ਰਾਜਿਆਂ ਦਾ ਵੀ ਵਰਣਨ ਹੈ ਜਿਨ੍ਹਾਂ ਵਿਚੋਂ ਇਕ ਹੈ ਅੱਠਵੀਂ ਨੌਵੀਂ ਸਦੀ ਦਾ ਕਨੌਜ ਦਾ ਰਾਜਾ ਮਿਹਿਰ ਭੋਜ ਜੋ ਕਿ ਗੁੱਜਰ ਜਾਤੀ ਵਿਚੋਂ ਸੀ। ਇਸ ਦਾ ਰਾਜ ਖੇਤਰ ਦੱਖਣ ਵਿਚ ਨਰਮਦਾ, ਉਤਰ-ਪੱਛਮ ਵਿਚ ਸਤਲੁਜ ਅਤੇ ਪੂਰਬ ਵਿਚ ਬੰਗਾਲ ਤੱਕ ਫੈਲਿਆ ਹੋਇਆ ਸੀ। ਇਹ ਕਹਾਵਤ ਇਸ ਰਾਜੇ ਨਾਲ ਵੀ ਸਬੰਧਤ ਦੱਸੀ ਜਾਂਦੀ ਹੈ। ਗਵਾਲੀਅਰ ਦੇ ਨੇੜੇ ਤੇਲੀ ਕਾ ਮੰਦਿਰ ਨਾਂ ਨਾਲ ਜਾਣਿਆ ਜਾਂਦਾ ਇਕ ਮੰਦਿਰ ਹੈ। ਕਿਹਾ ਜਾਂਦਾ ਹੈ ਮੰਦਿਰ ਦੇ ਨਿਰਮਾਣ ਸਮੇ ਗੰਗੂ ਨਾਂ ਦਾ ਤੇਲੀ ਏਥੇ ਕੰਮ ਕਰਿਆ ਕਰਦਾ ਸੀ।

ਐਪਰ ਇਸ ਕਹਾਵਤ ਦੀ ਗਾਂਗੇਯ ਤੈਲਪ ਸਬੰਧੀ ਵਿਆਖਿਆ ਹੀ ਸਭ ਤੋਂ ਵਧ ਮੰਨਣਯੋਗ ਪ੍ਰਤੀਤ ਹੁੰਦੀ ਹੈ। ਧਾਰ ਦਾ ਰਾਜਾ ਭੋਜ ਸੂਰਬੀਰ ਤਾਂ ਸੀ ਹੀ, ਉਸ ਦਾ ਨਾਂ ਸਾਹਿਤ, ਕਲਾ, ਸੰਗੀਤ, ਜੋਤਿਸ਼, ਵਾਸਤੂ ਕਲਾ, ਸੂਹਜ, ਧਰਮ ਅਤੇ ਦਰਸ਼ਨ ਦੇ ਖੇਤਰ ਵਿਚ ਵੀ ਚਮਕ ਰਿਹਾ ਹੈ।



ਗਵਾਲੀਅਰ 'ਚ ਤੇਲੀ ਕਾ ਮੰਦਿਰ

ਉਸ ਨੇ ਕੋਈ 84 ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ 'ਭੋਜ ਪ੍ਰਬੰਧਨਮ' ਨਾਂ ਦੀ ਉਸ ਦੀ ਆਤਮਕਥਾ ਵੀ ਸ਼ਾਮਿਲ ਹੈ। ਉਹ ਬਹੁਤ ਮਹਾਨ ਨਿਰਮਾਤਾ ਵੀ ਸੀ। ਉਸ ਦੇ ਨਾਂ ਨਾਲ ਪ੍ਰਚਲਤ ਸ਼ਹਿਰ ਭੋਜਪੁਰ ਦਾ ਸ਼ਿਵ ਮੰਦਿਰ ਉਤਮ ਕਲਾ ਦਾ ਨਮੂਨਾ ਹੈ। ਮਧ ਪ੍ਰਦੇਸ਼ ਦੀ ਰਾਜਧਾਨੀ ਵਾਲੇ ਸ਼ਹਿਰ ਭੁਪਾਲ ਦੀ ਬੁਨਿਆਦ ਵੀ ਉਸੇ ਨੇ ਰੱਖੀ। ਇਸ ਦਾ ਪੁਰਾਤਨ ਨਾਂ ਇਸੇ ਦੇ ਨਾਂ ਪਿਛੇ ਹੀ ਭੋਜਪਾਲ ਸੀ। ਪਾਲ ਦਾ ਅਰਥ ਬੰਨ੍ਹ ਜਾਂ ਡੈਮ ਹੁੰਦਾ ਹੈ। ਇਸ ਸ਼ਹਿਰ ਦੇ ਆਸ-ਪਾਸ ਝੀਲਾਂ ਤੇ ਤਾਲ ਬਣਾਉਣ ਲਈ ਕਈ ਬੰਨ੍ਹ ਲਾਏ ਗਏ ਸਨ। ਭੋਪਾਲ ਦੀ ਇਕ ਵੱਡੀ ਝੀਲ ਏਸ਼ੀਆ ਦੀਆਂ ਸਭ ਤੋਂ ਵੱਡੀਆਂ ਝੀਲਾਂ ਵਿਚ ਸ਼ੁਮਾਰ ਹੁੰਦੀ ਹੈ। ਏਥੇ ਇਕ ਕਹਾਵਤ ਮਸ਼ਹੂਰ ਹੈ, 'ਤਾਲੋਂ ਮੇਂ ਤਾਲ ਭੋਪਾਲ ਕਾ ਤਾਲ, ਬਾਕੀ ਸਭ ਤਲਈਆ।' ਏਥੋਂ ਦੇ ਹਵਾਈ ਅੱਡੇ ਦਾ ਨਾਂ ਵੀ ਰਾਜਾ ਭੋਜ ਦੇ ਨਾਂ 'ਤੇ ਰੱਖਿਆ ਗਿਆ ਹੈ।

---

# ਸੁਰਜਨ ਜ਼ੀਰਵੀ

ਮੂੰਹ ਵਿਚੋਂ ਨਿਕਲੇ ਵਾਕ ਤੋਂ ਪ੍ਰਤੱਖ ਸੀ ਕਿ ਮਹਿਮਾਨ ਤੋਂ ਹੋਰ ਦੇਰ ਸਹਿਣ ਨਹੀਂ ਸੀ ਹੋ ਰਹੀ। ਉਤਰ ਤਾਂ ਚੀਮਾ ਨੂੰ ਦੇਣਾ ਚਾਹੀਦਾ ਸੀ ਪਰ ਬੋਲਿਆ ਸੁਰਜਨ ਜ਼ੀਰਵੀ। ਉਸ ਦੇ ਵਾਕ ਵਿਚ ਮਸ਼ਕਰੀ ਵੀ ਸੀ, ਗੁੱਝੀ ਚੋਟ ਵੀ ਅਤੇ ਮਾਹੌਲ ਵਿਚ ਪੈਦਾ ਹੋਏ ਤਣਾਓ ਨੂੰ ਤੋੜਨ ਦਾ ਸਲੀਕਾ ਵੀ।

"ਚੀਮਾ ਨੇ ਸੋਚਿਆ ਹੋਵੇਗਾ ਕਿ ਇਹੋ ਜਿਹੇ ਵਿਚ ਵ੍ਹਿਸਕੀ ਲੁਕੋਣੀ ਤਾਂ ਮੁਸ਼ਕਲ ਹੈ, ਚੁਆਨੀ ਦਾ ਸੋਢਾ ਹੀ ਬਚਾ ਲਵਾਂ।"

ਸੋਢੇ ਦੀ ਬੋਤਲ ਦਾ ਮੁੱਲ ਇੰਡੀਅਨ ਸਿੱਕਿਆਂ ਵਿਚ ਦਰਸਾ ਕੇ ਜ਼ੀਰਵੀ ਨੇ ਪੂਰੇ ਦੇ ਪੂਰੇ ਮਾਹੌਲ ਨੂੰ ਹਲਕਾ-ਫੁਲਕਾ ਹੀ ਨਹੀਂ, ਪਿੱਛੋਂ ਪੂਰਨ ਤੌਰ 'ਤੇ ਪੰਜਾਬੀ ਬਣਾ ਦਿੱਤਾ ਸੀ। ਇਸ ਤੋਂ ਪਿੱਛੋਂ ਬਾਹਰੋਂ ਆਏ ਤਾਜ਼ਾ ਹਵਾ ਦੇ ਬੁੱਲ੍ਹੇ ਦੀ ਹਵਾ ਏਦਾਂ ਸੀ ਜਿਵੇਂ ਸਿੱਧੀ ਅੰਮ੍ਰਿਤਸਰ ਤੇ ਲਾਹੌਰ ਦੇ ਤੂਤਾਂ ਵਿਚੋਂ ਹੋ ਕੇ ਆਈ ਹੋਵੇ।

ਜ਼ੀਰਵੀ ਦੀ ਟਿੱਪਣੀ ਨੇ ਇਸ ਤਰ੍ਹਾਂ ਦਾ ਮਾਹੌਲ ਟੋਰਾਂਟੋ ਦੇ ਉਸ ਸਮਾਗਮ ਵਿਚ ਵੀ ਪੈਦਾ ਕੀਤਾ ਜਿਹੜਾ ਉਥੋਂ ਦੇ ਪੰਜਾਬੀ ਪਿਆਰਿਆਂ ਨੇ ਮੇਰੇ ਅਤੇ ਦਿੱਲੀ ਦੀ ਸਾਹਿਤ ਅਕਾਦਮੀ ਦੇ ਪ੍ਰਧਾਨ ਗੋਪੀ ਚੰਦ ਨਾਰੰਗ ਦੇ ਸਵਾਗਤ ਵਿਚ ਰਚਾਇਆ ਸੀ। ਇਹ ਗੱਲ ਵੀ 2000 ਦੀਆਂ ਗਰਮੀਆਂ ਦੀ ਹੈ। ਇਕ-ਦੋ ਦਿਨ ਪਿੱਛੋਂ ਦੀ।

ਸਮਾਗਮ ਵਿਚ ਮੈਂ ਕੈਨੇਡਾ ਦੇ ਪੰਜਾਬੀਆਂ ਨੂੰ ਆਪਣੀ ਜ਼ਬਾਨ ਰੋਮਨ ਲਿਪੀ ਵਿਚ ਲਿਖਣ ਅਤੇ ਪ੍ਰਚਾਰਨ ਦੀ ਗੱਲ ਕੀਤੀ ਸੀ। ਇਸ ਲਈ ਕਿ ਗੁਰਮੁਖੀ ਲਿਪੀ ਨੂੰ ਜੱਫ਼ਾ ਮਾਰਨ ਨੇ ਭਾਸ਼ਾ ਦਾ ਸਾਹ ਘੁੱਟ ਛੱਡਿਆ ਹੈ। ਗੋਪੀ ਚੰਦ ਨਾਰੰਗ ਸਰੋਤਿਆਂ ਵਿਚਲੇ ਕੱਟੜਪੰਥੀਆਂ ਦੀ ਵਾਹਵਾ ਖੱਟਣ ਲਈ ਮੇਰੀ ਦਲੀਲ ਨੂੰ ਕੱਟ ਕੇ ਪੰਜਾਬੀ ਲਈ ਕੇਵਲ ਤੇ ਕੇਵਲ ਗੁਰਮੁਖੀ ਲਿਪੀ ਢੁੱਕਵੀਂ ਹੋਣ ਦੀਆਂ ਦਲੀਲਾਂ ਦੇ ਰਿਹਾ ਸੀ। ਮੈਂ ਲਿਪੀ ਦੀ ਲਚਕ ਦੇ ਹੱਕ ਵਿਚ ਸ਼ਾਹ ਮੁਹੰਮਦ, ਪੀਲੂ, ਵਾਰਿਸ ਅਤੇ ਸੂਫ਼ੀ ਕਵੀਆਂ ਦੀ ਫ਼ਾਰਸੀ ਅੱਖਰਾਂ ਵਿਚ ਲਿਖੀ ਵਧੀਆ ਪੰਜਾਬੀ ਅਤੇ ਸੁਤੰਤਰ ਭਾਰਤ ਵਿਚ ਗ਼ਾਲਿਬ, ਜ਼ੌਕ, ਮੀਰ ਦਾ ਅਤੇ ਫ਼ੈਜ਼ ਦੇ ਦੇਵਨਾਗਰੀ ਜਾਂ ਗੁਰਮੁਖੀ ਵਿਚ ਛਪੇ ਕਲਾਮ ਦੀ ਮਿਸਾਲ ਵੀ ਦਿੱਤੀ ਪਰ ਨਾਰੰਗ ਪਰਾਂ ਉਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ। ਜ਼ੀਰਵੀ ਨੇ ਮੇਰੇ ਹੱਕ ਵਿਚ ਇਕ ਹੀ ਵਾਕ ਬੋਲ ਕੇ ਉਸ ਨੂੰ ਸ਼ਾਂਤ ਕਰ ਦਿੱਤਾ:

"ਤੁਸੀਂ ਤਾਂ ਤੈਰਨ ਦਾ ਸਬਕ ਲੈਣ ਆਏ ਨੂੰ ਇਹ ਕਹਿ ਕੇ ਵਾਪਸ ਭੇਜੀ ਜਾ ਰਹੇ ਹੋਂ ਕਿ ਤੈਰਨ ਦੀ ਜਾਚ ਨਹੀਂ, ਤਾਂ ਪਾਣੀ ਵਿਚ ਪੈਰ ਹੀ ਨਹੀਂ ਧਰ ਸਕਦੇ।"

ਪਲਾਂ-ਛਿਣਾਂ ਵਿਚ ਵੱਡੇ ਹਾਲ ਕਮਰੇ ਦੇ ਹੁੰਮਸ ਵਿਚ ਉਹੀਓ ਹਵਾ ਦਾ ਬੁੱਲ੍ਹਾ ਆ ਵੜਿਆ ਜਿਸ ਵਿਚ ਅੰਮ੍ਰਿਤਸਰ ਅਤੇ ਲਾਹੌਰ ਦੇ ਤੂਤਾਂ ਦੀ ਸੁਗੰਧ ਰਲੀ ਹੋਈ ਸੀ।

ਮੈਂ ਆਪਣੀ ਗੱਲ ਦਾ ਭੋਗ ਪਾਉਣ ਤੋਂ ਪਹਿਲਾਂ ਇਕ ਹੋਰ ਗੱਲ ਵੀ ਦੱਸ ਦਿਆਂ। ਜਦੋਂ 1995 ਵਿਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਮੈਨੂੰ 'ਦੇਸ ਸੇਵਕ' ਦੀ ਕਮਾਂਡ ਸੰਭਾਲੀ ਤਾਂ ਮੈਂ ਪਰਚੇ ਨੂੰ ਵਧੀਆ ਬਣਾਉਣ ਲਈ ਕਿਸੇ ਯੋਗ ਸਮਾਚਾਰ ਸੰਪਾਦਕ ਦੀ ਭਾਲ ਵਿਚ ਸਾਂ। ਮੈਨੂੰ ਸੱਜੇ-ਖੱਬੇ ਅਤੇ ਅੱਗੇ-ਪਿੱਛੇ ਤੋਂ ਜਿਹੜੀਆਂ ਸਲਾਹਾਂ ਮਿਲੀਆਂ, ਉਨ੍ਹਾਂ ਦਾ ਤੋੜਾ ਤਾਂ ਇਕ ਹੀ ਵਾਕ 'ਤੇ ਟੁੱਟਦਾ ਸੀ, "ਕੈਨੇਡਾ ਤੋਂ ਸੁਰਜਨ ਜ਼ੀਰਵੀ ਨੂੰ ਸੱਦ ਲਓ, ਜੇ ਪਰਚੇ ਵਿਚ ਜਾਨ ਪਾਉਣੀ ਹੈ ਤਾਂ।" ਉਨ੍ਹਾਂ ਦਾ ਖ਼ਿਆਲ ਸੀ ਕਿ ਕਾਮਰੇਡ ਸੁਰਜੀਤ ਅਖ਼ਬਾਰ ਕੱਢਣ ਵਾਸਤੇ ਵਿਦੇਸ਼ੀ ਸਿੱਕਿਆਂ ਦੇ ਜਹਾਜ਼ ਭਰ ਕੇ ਲਿਆਇਆ ਹੈ ਜਿਹੜੇ ਸਮੁੰਦਰ ਪਾਰ ਦੀਆਂ ਅਕਲਾਂ ਨੂੰ ਵਾਪਸ ਲਿਆ ਸਕਦੇ ਸਨ। ਸਾਡੇ ਸਾਰਿਆਂ ਦੇ ਸੁਪਨਿਆਂ ਵਿਚ ਛੇਤੀ ਹੀ ਤ੍ਰੇੜਾਂ ਆ ਗਈਆਂ ਜਦੋਂ ਉਪ ਸੰਪਾਦਕ ਭਰਤੀ ਕਰਨ ਸਮੇਂ ਕਿਸੇ ਵੀ ਵਿਅਕਤੀ ਨੂੰ ਦੋ ਹਜ਼ਾਰ ਰੁਪਏ ਮਹੀਨਾ ਤੋਂ ਵੱਧ ਪੈਸੇ ਦੇਣ ਦੀ ਮਨਾਹੀ ਦੇ ਹੁਕਮ ਆ ਗਏ। ਮੈਨੂੰ ਉਹ ਪਰਚਾ ਪੱਤਰਕਾਰੀ ਅਤੇ ਜਨਸੰਚਾਰ ਵਿਭਾਗ ਦੇ ਵਿਦਿਆਰਥੀਆਂ ਨੂੰ ਸੱਦ ਕੇ ਕੱਢਣਾ ਪਿਆ। ਉਹ ਮੇਰੇ ਵਿਦਿਆਰਥੀ ਰਹੇ ਹੋਣ ਸਦਕਾ ਮੇਰੇ ਵਿਹੜੇ ਆ ਵੜੇ ਸਨ। ਉਨ੍ਹਾਂ ਵਿਚੋਂ ਕੁਝ ਇਕ ਨੇ ਮੇਰੇ ਘਰ ਰਹਿ ਕੇ ਅਤੇ ਰੁੱਖੀ-ਮਿੱਸੀ ਖਾ ਕੇ ਮੇਰਾ ਹੱਥ ਵਟਾਇਆ। ਸ਼ਿਵਾਸ ਰੀਗਲ 'ਤੇ ਟਿਕ ਚੁੱਕੇ ਜ਼ੀਰਵੀ ਲਈ ਤਾਂ ਸਾਡੇ ਕੋਲ ਠੱਰ੍ਹਾ ਵੀ ਨਹੀਂ ਸੀ।

'ਦੇਸ ਸੇਵਕ' ਵਾਲੀ ਘਟਨਾ ਨੂੰ ਪੰਦਰਾਂ ਸਾਲ ਤੋਂ ਉਤੇ ਹੋ ਗਏ ਹਨ। ਜ਼ੀਰਵੀ ਅਤੇ ਅੰਮ੍ਰਿਤ ਦੇ ਵਾਪਸ ਪਰਤਣ ਦੀ ਕੋਈ ਸੰਭਾਵਨਾ ਨਹੀਂ। ਕਹਿੰਦੇ ਹਨ ਕਿ ਬਹੁਤੀ ਵਾਰੀ ਚੰਗੇ ਬੰਦਿਆਂ ਨੂੰ ਉਪਰ ਵਾਲਾ ਚੁੱਕ ਲੈਂਦਾ ਹੈ। ਸਾਡੇ ਲਈ ਤਾਂ ਬਾਹਰ ਦੀ ਦੁਨੀਆਂ ਹੀ ਉਪਰ ਵਾਲੇ ਦਾ ਰੂਪ ਧਾਰੀ ਬੈਠੀ ਹੈ। ਜ਼ੀਰਵੀ ਜੋੜੀ ਦਾ ਸਾਡੇ ਹੱਥੋਂ ਗੁਆਚਣਾ ਇਸ ਦੀ ਪੁਸ਼ਟੀ ਕਰਦਾ ਹੈ। ਸਾਡੇ ਫੁੱਲ ਆਪਣੀ ਮਹਿਕ ਕਿਸੇ ਦੂਜੀ ਧਰਤੀ ਨੂੰ ਵੰਡੀ ਜਾਣ, ਚੰਗੀ ਗੱਲ ਤਾਂ ਨਹੀਂ ਪਰ ਮਾਨਵਤਾ ਦੇ ਵਿਕਾਸ ਹਿਤ ਸਭ ਕੁਝ ਪ੍ਰਵਾਨ ਕਰਨਾ ਪੈਂਦਾ ਹੈ। ਵਿਕਾਸ, ਵਗਦੀ ਨਦੀ ਦੀ ਨਿਆਈਂ ਹੁੰਦਾ ਹੈ। ਇਸ ਨੇ ਆਪਣਾ ਰਾਹ ਆਪ ਹੀ ਲੱਭਣਾ ਹੁੰਦਾ ਹੈ। ਸਾਨੂੰ ਆਪਣੇ ਸਵਾਰਥ ਨੂੰ ਛੱਡ ਕੇ ਇਸ ਦਾ ਸਵਾਗਤ ਕਰਨਾ ਚਾਹੀਦਾ ਹੈ।

ਜਾਂਦੇ-ਜਾਂਦੇ ਬਹੁਤ ਹੀ ਕੰਮ ਦੀ ਗੱਲ ਚੇਤੇ ਆ ਗਈ ਹੈ। ਮੈਂ ਜ਼ੀਰਵੀ ਨੂੰ ਨੇਤਾ ਜੀ ਹਰਦਿਆਲ ਚੱਢਾ ਦੀ ਸੰਗਤ ਵਿਚ ਗਾਉਂਦੇ ਸੁਣਿਆ ਹੈ। ਦੋਵਾਂ ਦੀ ਆਵਾਜ਼ ਬੱਦਲਾਂ ਨੂੰ ਚੀਰਨ ਵਾਲੀ ਸੀ। ਅੰਦਾਜ਼ ਕਹਿਰਾਂ ਦਾ। ਉਹ 'ਪਿਆਰ ਕਾ ਜਹਾਂ ਬਸਾ ਕੇ ਚਲੇ' ਦੀ ਗੱਲ ਕਰਦਾ ਸੀ ਤਾਂ ਜ਼ੀਰਵੀ ਮੰਜ਼ਿਲ 'ਤੇ ਪਹੁੰਚਣ ਵਾਲੇ ਕਾਫ਼ਲਿਆਂ ਦੀ। ਜ਼ੀਰਵੀ ਦੇ ਬੋਲ ਸਨ:

ਕਾਫ਼ਿਲੇ ਮੰਜ਼ਿਲ 'ਤੇ ਪਹੁੰਚੇ ਕਿ ਪਹੁੰਚੇ,
ਵਕਤ ਨੂੰ ਕਹੀਏ ਕਿ ਜ਼ੁਲਫ਼ਾਂ ਸ਼ਿੰਗਾਰੇ।

ਇਹ ਸ਼ਿਅਰ ਉਸ ਦੀ ਆਪਣੀ ਲਿਖੀ ਗ਼ਜ਼ਲ ਵਿਚੋਂ ਸੀ। ਉਸ ਦੀ ਅੰਮ੍ਰਿਤ ਨਾਲ ਪਿਆਰ ਕਹਾਣੀ ਦਾ ਸਾਰ। ਨੇਤਾ ਜੀ ਪਿਆਰ ਦਾ ਜਹਾਨ ਵਸਾ ਕੇ ਤੁਰ ਗਿਆ ਹੈ। ਜ਼ੀਰਵੀ ਦਾ ਕਾਫ਼ਿਲਾ ਵੀ ਮੰਜ਼ਿਲ ਤੋਂ ਪਿੱਛੇ ਨਹੀਂ ਰਿਹਾ। ਅੰਮ੍ਰਿਤ ਨੂੰ ਪਾ ਲੈਣਾ ਵੀ ਮੰਜ਼ਿਲ 'ਤੇ ਪਹੁੰਚਣ ਤੋਂ ਘੱਟ ਨਹੀਂ। ਅਗਲੀ ਵਾਰੀ ਮਿਲੇ ਤਾਂ ਅਸੀਂ ਚਾਰ ਆਨੇ ਦਾ ਸੋਢਾ ਪੈਦਾ ਕਰਨ ਵਿਚ ਦੇਰੀ ਨਹੀਂ ਕਰਾਂਗੇ, ਤੁਸੀਂ ਵੀ ਵਕਤ ਦੀਆਂ ਜ਼ੁਲਫ਼ਾਂ ਵਿਚ ਉਲਝੇ ਬਿਨਾਂ ਬੇਬਾਕ ਹੋ ਕੇ ਗਾਉਣਾ। ਜੇ ਇਹ ਮਿਲਣੀ ਟੋਰਾਂਟੋ ਵਿਖੇ ਹੋਈ ਤਾਂ ਅਸੀਂ ਆਪਣੀ ਅੰਮ੍ਰਿਤ ਦੀ ਹਾਜ਼ਰੀ ਦੀ ਮੰਗ ਕਰਾਂਗੇ, ਜੇ ਚੰਡੀਗੜ੍ਹ ਜਾਂ ਮੁਹਾਲੀ ਮਿਲੇ ਤਾਂ ਅਸੀਂ ਕੰਵਲ (ਸ੍ਰੀਮਤੀ ਹਰਦਿਆਲ) ਪੈਦਾ ਕਰ ਦਿਆਂਗੇ। ਹੋ ਸਕਿਆ ਤਾਂ ਰਘਬੀਰ ਅਤੇ ਸੁਲੇਖਾ ਵੀ। ਹੁਣ ਤਾਂ ਗੁਰਦੀਪ ਹੁਰੀਂ ਅਤੇ ਉਮਰ ਖ਼ੱਯਾਮੀਏ ਵੀ ਇੰਨੇ ਅਪਹੁੰਚ ਨਹੀਂ ਰਹਿ ਗਏ। ਸਾਰੇ ਰਲ ਕੇ ਗਾ ਸਕਦੇ ਹਾਂ:

ਕਬ ਹਾਥ ਮੇਂ ਤੇਰਾ ਹਾਥ ਨਹੀਂ,
ਕਬ ਸਾਥ ਮੇਂ ਤੇਰਾ ਸਾਥ ਨਹੀਂ।
ਸਦ ਸ਼ੁਕਰ ਕਿ ਅਪਨੀ ਰਾਤੋਂ ਮੇਂ,
ਅਬ ਹਿਜ਼ਰ ਕੀ ਕੋਈ ਰਾਤ ਨਹੀਂ।

ਜੇ ਚਾਹੀਏ, ਹੁਣ ਤਕ ਪਾਈਆਂ ਮੰਜ਼ਿਲਾਂ ਨੂੰ ਰਲ ਕੇ ਅਲਵਿਦਾ ਵੀ ਕਹਿ ਸਕਦੇ ਹਾਂ।

ਮਨ ਤਾਂ ਬਣਾਓ ਕਾਮਰੇਡੋ!



## ਕੁਇੰਟਲ ਤੋਂ 57 ਦੀ ਹੋਈ

# ਜ਼ਰੀਨ ਖ਼ਾਨ

ਜੇ ਤੁਸੀਂ 2005 ਵਿਚ ਜ਼ਰੀਨ ਖ਼ਾਨ ਨੂੰ ਵੇਖਦੇ ਤਾਂ ਸ਼ਾਇਦ ਕਦੇ ਸੋਚਦੇ ਵੀ ਨਾ ਕਿ ਉਹ ਕਦੇ ਹੀਰੋਇਨ ਵੀ ਬਣ ਸਕਦੀ ਹੈ ਕਿਉਂਕਿ ਉਦੋਂ ਉਸ ਦਾ ਭਾਰ ਪੂਰਾ 100 ਕਿਲੋ ਸੀ ਪਰ ਸਾਲ 2010 ਆਉਂਦੇ-ਆਉਂਦੇ ਉਹ ਆਪਣਾ ਭਾਰ 30 ਕਿਲੋ ਘੱਟ ਕਰ ਕੇ ਸਲਮਾਨ ਖ਼ਾਨ ਦੀ ਫਿਲਮ 'ਵੀਰ' ਵਿਚ ਲੀਡ ਰੋਲ ਪ੍ਰਾਪਤ ਕਰਨ ਵਿਚ ਕਾਮਯਾਬ ਰਹੀ ਸੀ। ਵਧੇਰੇ ਭਾਰ ਤੋਂ ਦੁਖੀ ਹੋ ਕੇ ਉਸ ਨੇ ਇਸ ਨੂੰ ਘੱਟ ਕਰਨ ਦਾ ਇਰਾਦਾ ਕੀਤਾ ਸੀ ਤੇ ਇਸੇ ਦ੍ਰਿੜ੍ਹ ਇਰਾਦੇ ਦਾ ਨਤੀਜਾ ਸੀ ਕਿ ਉਸ ਦਾ ਭਾਰ ਘੱਟ ਹੋ ਸਕਿਆ।

'ਵੀਰ' ਪਿੱਛੋਂ ਜ਼ਰੀਨ ਨੇ ਆਪਣਾ ਵਜ਼ਨ ਹੋਰ ਵੀ ਘੱਟ ਕਰ ਕੇ 57 ਕਿਲੋ ਕਰ ਲਿਆ ਹੈ। ਜ਼ਰੀਨ ਕਹਿੰਦੀ ਹੈ ਕਿ ਉਸ ਦਾ ਕੱਦ-ਕਾਠ ਕਾਫੀ ਉੱਚਾ-ਲੰਬਾ ਹੈ, ਉਸ ਲਈ ਇਸੇ ਹਿਸਾਬ ਨਾਲ ਭਾਰ ਕਾਇਮ ਰੱਖਣਾ ਵੀ ਜ਼ਰੂਰੀ ਹੈ। ਇਸ ਲਈ ਉਹ ਆਪਣਾ ਵਜ਼ਨ 57 ਕਿਲੋ ਮੇਨਟੇਨ ਰੱਖਣਾ ਚਾਹੁੰਦੀ ਹੈ। ਉਸ ਨੂੰ ਸਾਈਜ਼ ਜ਼ੀਰੋ ਦੀ ਕੋਈ ਖਾਹਿਸ਼ ਨਹੀਂ ਹੈ ਕਿਉਂਕਿ ਉਸ ਦਾ ਕਹਿਣਾ ਹੈ ਕਿ ਭਾਰਤੀ ਔਰਤਾਂ ਨੂੰ ਵਧੇਰੇ ਸੁਡੌਲ ਲੱਗਣਾ ਚਾਹੀਦਾ ਹੈ। ਕੈਟਰੀਨਾ ਵਰਗੀ ਲੱਗਣ ਵਾਲੀ ਜ਼ਰੀਨ ਨੇ ਆਪਣਾ ਵਜ਼ਨ ਘੱਟ ਕਰਨ ਲਈ ਕੈਟਰੀਨਾ ਦੇ ਫਿਟਨੈਸ ਟਰੇਨਰ ਯਾਸਮੀਨ ਕਰਾਚੀ ਵਾਲਾ ਦੀਆਂ ਹੀ ਸੇਵਾਵਾਂ ਲਈਆਂ। ਕੋਈ ਹੈਰਾਨੀ ਨਹੀਂ ਕਿ ਖ਼ੁਦ ਨੂੰ ਪਤਲਾ ਕਰਨ ਲਈ ਜ਼ਰੀਨ ਦਾ ਪ੍ਰੇਰਨਾ-ਸਰੋਤ ਕੋਈ ਹੋਰ ਨਹੀਂ ਸਗੋਂ ਸਲਮਾਨ ਖ਼ਾਨ ਹੈ ਜਿਸ ਨਾਲ ਇਸ ਸਾਲ ਉਹ ਇਕ ਹੋਰ ਫ਼ਿਲਮ ਕਰਨ ਵਾਲੀ ਹੈ।

# ਹੁਣ ਦਰਸ਼ਕਾਂ ਨੂੰ ਹਸਾਏਗਾ ਮਧੁਰ ਭੰਡਾਰਕਰ

'ਤ੍ਰਿਸ਼ਕਤੀ', 'ਚਾਂਦਨੀ ਬਾਰ', 'ਸੱਤਾ', 'ਆਨ-ਮੈਨ ਐਟ ਵਰਕ', 'ਫੈਸ਼ਨ', 'ਪੇਜ ਥ੍ਰੀ', 'ਕਾਰਪੋਰੇਟ', 'ਟ੍ਰੈਫਿਕ ਸਿਗਨਲ' ਤੇ 'ਜੇਲ੍ਹ' ਵਰਗੀਆਂ ਗੰਭੀਰ ਫ਼ਿਲਮਾਂ ਨਿਰਦੇਸ਼ਤ ਕਰਨ ਵਾਲੇ ਮਧੁਰ ਭੰਡਾਰਕਰ ਨੇ ਹੁਣ ਕਾਮੇਡੀ ਵਿਸ਼ੇ 'ਤੇ ਹੱਥ ਅਜ਼ਮਾਉਂਦਿਆਂ 'ਦਿਲ ਤੋ ਬੱਚਾ ਹੈ ਜੀ' ਫ਼ਿਲਮ ਬਣਾਈ ਹੈ। ਫ਼ਿਲਮ 'ਇਸ਼ਕੀਆ' ਦੇ ਇਕ ਗੀਤ ਦੇ ਮੁਖੜੇ ਤੋਂ ਇਸ ਫ਼ਿਲਮ ਦਾ ਟਾਈਟਲ ਰੱਖਿਆ ਗਿਆ ਹੈ ਤੇ ਆਪਣੇ ਨਾਂ ਅਨੁਸਾਰ ਇਸ ਵਿਚ ਦਿਲ ਤੋਂ ਮਜਬੂਰ ਤਿੰਨ ਆਦਮੀਆਂ ਦੀ ਕਹਾਣੀ ਪੇਸ਼ ਕੀਤੀ ਗਈ ਹੈ। ਫਿਲਮ 'ਚ ਨਰੇਨ ਆਹੂਜਾ (ਅਜੈ ਦੇਵਗਨ) ਆਪਣੀ ਉਮਰ ਦੇ ਚਾਲੀਵੇਂ ਸਾਲ ਦੇ ਪੜਾਅ ਪ੍ਰਤੀ ਅਗਰਸਰ ਹੈ। ਉਸ ਦਾ ਵਿਆਹ ਟੁੱਟ ਚੁੱਕਿਆ ਹੈ ਤੇ ਤਲਾਕ ਦੀ ਕਾਰਵਾਈ ਜਾਰੀ ਹੈ। ਨਰੇਨ ਦੀ ਮੁਲਾਕਾਤ ਜੂਨ ਪਿੰਟੋ (ਸ਼ਹਿਜਾਨ ਪਦਮਸ਼ੀ) ਨਾਲ ਹੁੰਦੀ ਹੈ ਜੋ ਅੱਲ੍ਹੜ ਉਮਰ ਦੀ ਹੈ ਤੇ ਬਹੁਤ ਚੁਲਬੁਲੀ ਤੇ ਆਕਰਸ਼ਕ ਹੈ। ਨਰੇਨ ਦਾ ਦਿਲ ਜੂਨ 'ਤੇ ਆ ਜਾਂਦਾ ਹੈ ਪਰ ਦੋਵਾਂ ਦੀ ਉਮਰ ਦੇ ਫਾਸਲੇ ਨੂੰ ਦੇਖਦੇ ਹੋਏ ਨਰੇਨ ਉਸ ਨੂੰ ਆਪਣੇ ਦਿਲ ਦੀ ਗੱਲ ਕਹਿਣ ਤੋਂ ਹਿਚਕਿਚਾਉਂਦੇ ਹਨ। ਮਿਲਿੰਦ ਕੇਲਕਰ (ਓਮੀ ਵੈਦਿਆ) ਨੂੰ ਕਵਿਤਾਵਾਂ ਲਿਖਣ ਦਾ ਸ਼ੌਕ ਹੈ ਅਤੇ ਦਿਲ ਤੋਂ ਉਹ ਆਸ਼ਕ ਮਿਜਾਜ਼ ਕਿਸਮ ਦਾ ਹੈ। ਮਿਲਿੰਦ ਦੀ ਪਹਿਚਾਣ ਗੁਨਗੁਨ ਸਰਕਾਰ (ਸ਼ਰਧਾ ਦਾਸ) ਨਾਲ ਹੁੰਦੀ ਹੈ ਤੇ ਉਹ ਗੁਨਗੁਨ ਨਾਲ ਆਸ਼ਕੀ ਕਰਨ ਦੇ ਸੁਪਨੇ ਦੇਖਣ ਲੱਗਦਾ ਹੈ ਤੇ ਦੂਜੇ ਪਾਸੇ ਗੁਨਗੁਨ ਦੇ ਆਪਣੇ ਸੁਪਨੇ ਹਨ ਤੇ ਉਸ ਦੀ ਇੱਛਾ ਜ਼ਿੰਦਗੀ ਵਿਚ ਕੁਝ ਹਾਸਲ ਕਰਨ ਦੀ ਹੈ। ਅਭੈ (ਇਮਰਾਨ ਹਾਸ਼ਮੀ) ਦਿਲਫੈਂਕ ਕਿਸਮ ਦਾ ਹੈ ਤੇ ਉਸ ਨੂੰ ਨਵੀਆਂ ਨਵੀਆਂ ਕੁੜੀਆਂ ਨਾਲ ਦੋਸਤੀ ਕਰਨਾ ਪਸੰਦ ਹੈ। ਅਭੈ ਦੀ ਜ਼ਿੰਦਗੀ ਵਿਚ ਨਿੱਕੀ (ਸ਼ਰੁਤੀ ਹਾਸਨ) ਆਉਂਦੀ ਹੈ ਤੇ ਅਭੈ ਉਸ ਨੂੰ ਪਾਉਣ ਦੀਆਂ ਕੋਸ਼ਿਸ਼ ਸ਼ੁਰੂ ਕਰ ਦਿੰਦਾ ਹੈ। ਆਪਣੇ ਦਿਲ ਦੇ ਹਾਲਾਤ ਦੇ ਚਲਦਿਆਂ ਇਨ੍ਹਾਂ ਤਿੰਨਾਂ ਦੀ ਜ਼ਿੰਦਗੀ ਵਿਚ ਕੀ ਕੁਝ ਹੋ ਜਾਂਦਾ ਹੈ, ਇਹ ਇਸ ਫ਼ਿਲਮ ਦੀ ਕਹਾਣੀ ਹੈ।

ਕਈ ਗੰਭੀਰ ਫ਼ਿਲਮਾਂ ਬਣਾਉਣ ਤੋਂ ਬਾਅਦ ਹੁਣ ਕਾਮੇਡੀ ਫ਼ਿਲਮ ਬਣਾਉਣ ਬਾਰੇ ਮਧੁਰ ਕਹਿੰਦੇ ਹਨ, 'ਮੇਰੀ ਪਿਛਲੀ ਫ਼ਿਲਮ 'ਜੇਲ੍ਹ' ਨੂੰ ਡਾਰਕ ਫ਼ਿਲਮ ਕਰਾਰ



ਦਿੱਤਾ ਗਿਆ ਸੀ। ਇਸ ਫ਼ਿਲਮ ਬਾਰੇ ਕਈਆਂ ਨੇ ਮੈਨੂੰ ਸ਼ਿਕਾਇਤ ਕੀਤੀ ਕਿ ਇਸ ਵਿਚ ਨਾ ਤਾਂ ਗਲੈਮਰ ਹੈ ਨਾ ਹੀ ਮਨੋਰੰਜਨ। ਮੈਂ ਵੀ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਦੀ ਡਾਰਕ ਫ਼ਿਲਮ ਦੇਖਣ ਲਈ ਕੌਣ ਦੋ ਸੌ ਰੁਪਏ ਦਾ ਟਿਕਟ ਖਰੀਦੇਗਾ। ਮੈਂ ਖ਼ੁਦ 'ਜੇਲ੍ਹ' ਦੇ ਸਦਮੇ ਤੋਂ ਬਾਹਰ ਆਉਣਾ ਚਾਹੁੰਦਾ ਸੀ। ਸੋ ਮੈਨੂੰ ਹੁਣ ਦੀ ਵਾਰ ਹਲਕੀ ਫੁਲਕੀ ਫ਼ਿਲਮ ਬਣਾਉਣਾ ਚੰਗਾ ਲੱਗਿਆ।' ਮਧੁਰ ਦੀ ਇਹ ਕਾਮੇਡੀ ਫ਼ਿਲਮ 26 ਜਨਵਰੀ ਨੂੰ ਪ੍ਰਦਰਸ਼ਿਤ ਹੋ ਰਹੀ ਹੈ।



# ਸ਼ਿਲਪਾ ਸ਼ੈਟੀ ਦਾ ਕਾਰੋਬਾਰ ਠੱਪ

ਸ਼ਿਲਪਾ ਸ਼ੈਟੀ ਦਾ ਸਪਾ ਬਿਜ਼ਨਸ ਇਨ੍ਹੀਂ ਦਿਨੀਂ ਮੰਦੀ ਵਿਚ ਚੱਲ ਰਿਹਾ ਹੈ। ਉਸ ਦੇ ਸਪਾ ਦੀ ਮੁੰਬਈ ਦੇ ਲੋਖੰਡਵਾਲਾ ਸਥਿਤ ਬ੍ਰਾਂਚ ਬੰਦ ਹੋ ਚੁੱਕੀ ਹੈ ਤੇ ਖਾਰ ਵਾਲੀ ਇਸ ਦੀ ਮੇਨ ਬ੍ਰਾਂਚ ਵੀ ਬੰਦ ਕਰ ਦਿੱਤੀ ਜਾਵੇਗੀ।

ਸ਼ਿਲਪਾ ਨੇ ਆਪਣਾ ਸਪਾ ਬਿਜ਼ਨਸ 2009 ਵਿਚ ਸ਼ੁਰੂ ਕੀਤਾ ਸੀ ਜਿਸ ਦੀਆਂ ਤਿੰਨ ਬ੍ਰਾਂਚਾਂ ਉਸ ਨੇ ਮੁੰਬਈ ਵਿਚ ਖੋਲ੍ਹੀਆਂ ਸਨ। ਹੁਣ ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਬ੍ਰਿਟੇਨ ਦੇ ਵਪਾਰੀ ਉਸ ਦੇ ਬਹੁਤ ਅਮੀਰ ਪਤੀ ਰਾਜ ਕੁੰਦਰਾ ਨੇ ਸ਼ਿਲਪਾ ਦੇ ਸਪਾ ਬਿਜ਼ਨਸ ਦੇ ਸੁਪਨੇ ਨੂੰ ਪੂਰਾ ਕਰਨ ਲਈ ਕਾਫੀ ਪੈਸਾ ਇਸ ਵਿਚ ਲਗਾ ਦਿੱਤਾ ਸੀ। ਹੁਣ ਸ਼ਿਲਪਾ ਦੇ ਸਪਾ ਬਿਜ਼ਨਸ ਦੇ ਬੰਦ ਹੋਣ ਦਾ ਕਾਰਨ ਸ਼ਿਲਪਾ ਵੱਲੋਂ ਇਸ 'ਤੇ ਬਹੁਤਾ ਧਿਆਨ ਨਾ ਦੇ ਸਕਣਾ ਦੱਸਿਆ ਜਾ ਰਿਹਾ ਹੈ ਕਿਉਂਕਿ ਉਹ ਆਈ.ਪੀ.ਐਲ. ਦੀ ਆਪਣੀ ਟੀਮ ਰਾਜਸਥਾਨ ਰਾਇਲਜ਼ ਵਿਚ ਕਾਫੀ ਰੁੱਝੀ ਰਹਿੰਦੀ ਹੈ। ਉਂਜ ਸ਼ਿਲਪਾ ਇਨ੍ਹਾਂ ਕਾਰਨਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਹਿੰਦੀ ਹੈ ਕਿ ਲੋਖੰਡਵਾਲਾ ਬ੍ਰਾਂਚ ਨੂੰ ਕਿਰਾਏ ਦੀ ਰਕਮ 'ਤੇ ਬਣੇ ਮਤਭੇਦ ਕਰ ਕੇ ਬੰਦ ਕੀਤਾ ਗਿਆ ਹੈ ਜਿਸ ਨੂੰ ਛੇਤੀ ਹੀ ਕਿਸੇ ਹੋਰ ਜਗ੍ਹਾ 'ਤੇ ਖੋਲ੍ਹ ਦਿੱਤਾ ਜਾਵੇਗਾ।

## ਸਦਾਬਹਾਰ ਅਦਾਕਾਰਾ

# ਤਨੂਜਾ



ਭਾਰਤੀ ਸਿਨੇਮੇ 'ਚ ਅਨੇਕਾਂ ਕਮਾਲ ਦੀਆਂ ਅਭਿਨੇਤਰੀਆਂ ਨੇ ਆਪਣੀ ਛਾਪ ਛੱਡੀ ਹੈ। ਸਿਨੇਮਾ ਦੇ ਇਤਿਹਾਸ 'ਚ ਇਨ੍ਹਾਂ ਦਾ ਜ਼ਿਕਰ ਕੀਤੇ ਬਿਨਾਂ ਇਸ ਦੀ ਕਹਾਣੀ ਪੂਰੀ ਨਹੀਂ ਹੋ ਸਕਦੀ। ਇੰਡਸਟਰੀ ਦੀ ਨੈਚੁਰਲ ਬੋਰਨ ਐਕਟ੍ਰੈਸੇਜ਼ 'ਚ ਸ਼ਾਮਲ ਕੀਤੀਆਂ ਜਾਣ ਵਾਲੀਆਂ ਬਾਲੀਵੁੱਡ ਦੀਆਂ ਅਜਿਹੀਆਂ ਚੋਣਵੀਆਂ ਅਭਿਨੇਤਰੀਆਂ 'ਚੋਂ ਇਕ ਹੈ ਤਨੂਜਾ। ਮਾਸੂਮ ਚਿਹਰੇ-ਮੋਹਰੇ ਵਾਲੀ ਇਹ ਖ਼ੂਬਸੂਰਤ ਅਭਿਨੇਤਰੀ ਆਪਣੀਆਂ ਫ਼ਿਲਮਾਂ 'ਚ ਸਹਿਜ ਅਦਾਕਾਰੀ ਲਈ ਪ੍ਰਸਿੱਧ ਰਹੀ। ਬਚਪਨ 'ਚ ਬਾਲ ਕਲਾਕਾਰ ਵਜੋਂ ਸ਼ੁਰੂ ਹੋਇਆ ਉਨ੍ਹਾਂ ਦਾ ਅਭਿਨੈ ਦਾ ਸਫ਼ਰ ਹੁਣ ਤਕ ਕਰੈਕਟਰ ਰੋਲਜ਼ ਦੇ ਰੂਪ 'ਚ ਲਗਾਤਾਰ ਜਾਰੀ ਹੈ।

ਮੁੰਬਈ ਦੇ ਮਰਾਠੀ ਸਮਰੱਥ ਪਰਿਵਾਰ 'ਚ 23 ਸਤੰਬਰ 1943 ਨੂੰ ਤਨੂਜਾ ਸਮਰੱਥ ਦਾ ਜਨਮ ਹੋਇਆ। ਮਰਾਠੀ ਤੇ ਬਾਲੀਵੁੱਡ ਸਿਨੇਮਾ ਦੇ ਪ੍ਰਸਿੱਧ ਫ਼ਿਲਮੀ ਪਰਿਵਾਰ 'ਚ ਪੈਦਾ ਹੋਈ ਤਨੂਜਾ ਪਿੱਛੋਂ ਵਿਆਹ ਕਰਕੇ ਫਿਲਮ ਇੰਡਸਟਰੀ ਦੇ ਇਕ ਹੋਰ ਪ੍ਰਸਿੱਧ ਫ਼ਿਲਮੀ ਮੁਖਰਜੀ ਪਰਿਵਾਰ ਨਾਲ ਜੁੜ ਗਈ। ਤਨੂਜਾ ਦਾ ਸਾਰਾ ਪਰਿਵਾਰ ਹੀ ਫ਼ਿਲਮਾਂ ਨਾਲ ਡੂੰਘਾ ਜੁੜਿਆ ਹੋਇਆ ਸੀ। ਉਨ੍ਹਾਂ ਦੀ ਮਾਂ ਸ਼ੋਭਨਾ ਸਮਰੱਥ 1930-40 ਦੇ ਦਹਾਕੇ ਦੀ ਪ੍ਰਸਿੱਧ ਅਭਿਨੇਤਰੀ ਸੀ। ਪਿਤਾ ਕੁਮਾਰਸੇਨ ਸਮਰੱਥ ਉਸੇ ਦੌਰ ਦੇ ਲੋਕਪ੍ਰਿਯ ਨਿਰਦੇਸ਼ਕ ਤੇ ਸਿਨਮੈਟੋਗ੍ਰਾਫ਼ਰ ਸਨ। ਤਨੂਜਾ ਕਾਫੀ ਛੋਟੀ ਜਿਹੀ ਸੀ ਜਦੋਂ ਉਨ੍ਹਾਂ ਦੇ ਮਾਪੇ ਜੁਦਾ ਹੋ ਗਏ। ਫ਼ਿਲਮ ਇੰਡਸਟਰੀ ਨਾਲ ਗਹਿਰਾ ਸਬੰਧ ਰੱਖਣ ਵਾਲੇ ਪਰਿਵਾਰ 'ਚੋਂ ਹੋਣ ਕਰਕੇ ਤਨੂਜਾ ਨੇ ਇੰਡਸਟਰੀ ਦੀ ਇਕ ਹੋਰ ਪ੍ਰਸਿੱਧ ਅਭਿਨੇਤਰੀ ਤੇ ਆਪਣੀ ਵੱਡੀ ਭੈਣ ਨੂਤਨ ਦੇ ਨਾਲ ਬਾਲ ਕਲਾਕਾਰ ਵਜੋਂ ਅਭਿਨੈ ਦੀ ਸ਼ੁਰੂਆਤ ਕੀਤੀ ਸੀ।

ਤਨੂਜਾ ਨੇ ਸਭ ਤੋਂ ਪਹਿਲਾਂ 1950 'ਚ 'ਹਮਾਰੀ ਬੇਟੀ' ਨਾਂ ਦੀ ਫ਼ਿਲਮ 'ਚ ਬਾਲ ਅਭਿਨੇਤਰੀ ਦੇ ਤੌਰ 'ਤੇ ਕੈਮਰੇ ਦਾ ਸਾਹਮਣਾ ਕੀਤਾ ਜਦੋਂਕਿ ਇਕ ਬਾਲਗ ਅਭਿਨੇਤਰੀ ਵਜੋਂ ਉਨ੍ਹਾਂ ਦੀ ਸ਼ੁਰੂਆਤ 1960 'ਚ 'ਛਬੀਲੀ' ਨਾਂ ਦੀ ਫ਼ਿਲਮ ਨਾਲ ਹੋਈ। ਇਸ ਫ਼ਿਲਮ ਨੂੰ ਉਨ੍ਹਾਂ ਦੀ ਮਾਂ ਨੇ ਹੀ ਨਿਰਦੇਸ਼ਿਤ ਕੀਤਾ ਸੀ ਜਦੋਂਕਿ ਉਨ੍ਹਾਂ ਦੀ ਵੱਡੀ ਭੈਣ ਨੂਤਨ ਨੇ ਇਸ ਵਿਚ ਲੀਡ ਭੂਮਿਕਾ ਨਿਭਾਈ।

ਇਸ ਤੋਂ ਅਗਲੇ ਹੀ ਸਾਲ ਰਿਲੀਜ਼ ਹੋਈ ਫ਼ਿਲਮ 'ਹਮਾਰੀ ਯਾਦ ਆਏਗੀ' 'ਚ ਉਨ੍ਹਾਂ ਨੂੰ ਕੇਦਾਰ ਸ਼ਰਮਾ ਨੇ ਡਾਇਰੈਕਟ ਕੀਤਾ ਜਿਨ੍ਹਾਂ ਨੂੰ ਰਾਜ ਕਪੂਰ, ਮਧੂਬਾਲਾ ਤੇ ਗੀਤਾ ਬਾਲੀ ਵਰਗੇ ਕਲਾਕਾਰਾਂ ਨੂੰ ਪਰਦੇ 'ਤੇ ਲਿਆਉਣ ਦਾ ਮਾਣ ਪ੍ਰਾਪਤ ਹੈ। ਇਸ ਫ਼ਿਲਮ ਪਿੱਛੋਂ ਬਾਲੀਵੁੱਡ 'ਚ ਤਨੂਜਾ ਨੂੰ ਲਗਾਤਾਰ ਫ਼ਿਲਮਾਂ ਮਿਲਣ ਲੱਗੀਆਂ। ਉਨ੍ਹਾਂ ਦੀਆਂ ਸ਼ੁਰੂ ਦੀਆਂ ਕੁਝ ਫ਼ਿਲਮਾਂ 'ਚ 1966 'ਚ ਰਿਲੀਜ਼ ਹੋਈ 'ਬਹਾਰੇਂ ਫਿਰ ਭੀ ਆਏਂਗੀ' ਦਾ ਨਾਂ ਪ੍ਰਮੁੱਖਤਾ ਨਾਲ ਲਿਆ ਜਾ ਸਕਦਾ ਹੈ। ਗੁਰੂਦੱਤ ਦੀ ਟੀਮ ਦੀ ਇਸ ਅੰਤਿਮ ਫ਼ਿਲਮ 'ਚ ਗੁਰੂਦੱਤ ਨੇ ਤਨੂਜਾ ਦੇ ਅਭਿਨੈ ਨੂੰ ਨਿਖਾਰ ਕੇ ਪੇਸ਼ ਕੀਤਾ ਜਿਸ ਦਾ ਲਾਭ ਉਨ੍ਹਾਂ ਨੂੰ ਆਪਣੇ ਕੈਰੀਅਰ 'ਚ ਅਗਾਂਹ ਵੀ ਮਿਲਦਾ ਰਿਹਾ। 1969 'ਚ ਜਤਿੰਦਰ ਨਾਲ ਉਨ੍ਹਾਂ ਦੀ ਫ਼ਿਲਮ 'ਜੀਨੇ ਕੀ ਰਾਹ' ਅੰਦਾਜ਼ੇ ਨਾਲੋਂ ਵੀ ਹਿੱਟ ਰਹੀ ਤੇ ਇਸੇ ਸਾਲ ਉਨ੍ਹਾਂ ਨੂੰ 'ਪੈਸਾ ਜਾਂ ਪਿਆਰ' ਲਈ ਫ਼ਿਲਮ ਫੇਅਰ ਦਾ ਬੈਸਟ ਸੁਪੋਰਟਿੰਗ ਐਕਟ੍ਰੈਸ ਐਵਾਰਡ ਦਿੱਤਾ ਗਿਆ। ਇਸ ਪਿੱਛੋਂ ਆਈਆਂ ਉਨ੍ਹਾਂ ਦੀਆਂ ਹਿੱਟ ਫ਼ਿਲਮਾਂ 'ਚ 'ਹਾਥੀ ਮੇਰੇ ਸਾਥੀ' (1971), 'ਮੇਰੇ ਜੀਵਨ ਸਾਥੀ', 'ਦੋ ਚੋਰ', 'ਏਕ ਬਾਰ ਮੁਸਕਰਾ ਦੋ' (1972) ਸ਼ਾਮਲ ਹਨ।

'ਏਕ ਬਾਰ ਮੁਸਕਰਾ ਦੋ' ਦੇ ਸੈੱਟ 'ਤੇ ਹੀ ਤਨੂਜਾ ਦੀ ਮੁਲਾਕਾਤ ਨਿਰਦੇਸ਼ਕ ਸ਼ੋਮੂ ਮੁਖਰਜੀ ਨਾਲ ਹੋਈ ਤੇ ਦੋਵਾਂ 'ਚ ਪਿਆਰ ਹੋ ਗਿਆ ਜਿਸ ਦਾ ਨਤੀਜਾ ਅਗਲੇ ਹੀ ਸਾਲ ਉਨ੍ਹਾਂ ਦੋਵਾਂ ਦੇ ਵਿਆਹ ਦੇ ਰੂਪ 'ਚ ਨਿਕਲਿਆ। ਦੋਵਾਂ ਦੀਆਂ ਦੋ ਬੇਟੀਆਂ ਕਾਜਲ ਤੇ ਤਨਿਸ਼ਾ ਹਨ। ਜਿਥੇ ਕਾਜਲ ਨੇ ਬਾਲੀਵੁੱਡ 'ਚ ਆਪਣੀ ਮਾਂ ਨਾਲੋਂ ਵੀ ਵੱਧ ਸਫਲਤਾ ਪ੍ਰਾਪਤ ਕੀਤੀ ਉਥੇ ਤਨਿਸ਼ਾ ਹਿੰਦੀ ਦੇ ਨਾਲ-ਨਾਲ ਤਮਿਲ ਫ਼ਿਲਮਾਂ 'ਚ ਵੀ ਸਰਗਰਮ ਹੈ। ਸ਼ੋਮੂ ਮੁਖਰਜੀ ਨਾਲੋਂ ਤਨੂਜਾ ਵੱਖ ਹੋ ਗਈ ਤੇ ਉਹ ਅੱਡ-ਅੱਡ ਰਹਿਣ ਲੱਗੇ ਹਨ ਪਰ ਉਨ੍ਹਾਂ 'ਚ ਤਲਾਕ ਨਹੀਂ ਹੋਇਆ। 2008 'ਚ ਹਾਰਟ ਅਟੈਕ ਨਾਲ ਸ਼ੋਮੂ ਦੀ ਮੌਤ ਹੋ ਗਈ।

ਤਨੂਜਾ ਨੇ ਵਿਆਹ ਪਿੱਛੋਂ ਆਪਣੇ ਫ਼ਿਲਮੀ ਕੈਰੀਅਰ 'ਤੇ ਬਹੁਤਾ ਧਿਆਨ ਦੇਣਾ ਛੱਡ ਦਿੱਤਾ ਪਰ ਉਹ ਲਗਾਤਾਰ ਫ਼ਿਲਮਾਂ 'ਚ ਵੱਖ-ਵੱਖ ਕਰੈਟਰ ਰੋਲਜ਼ 'ਚ ਦਿਖਾਈ ਦਿੰਦੀ ਰਹੀ। ਹੁਣੇ ਜਿਹੇ ਰਿਲੀਜ਼ ਹੋਈ ਆਪਣੀ ਬੇਟੀ ਕਾਜਲ ਦੀ ਫ਼ਿਲਮ 'ਟੂਨਪੁਰ ਕਾ ਸੁਪਰ ਹੀਰੋ' 'ਚ ਵੀ ਤਨੂਜਾ ਦਿਖਾਈ ਦਿੱਤੀ।



HOT OFFER!
BEST DEAL
$99
@540TVL
built-in 4-9mm vari-focal lens & 42pcs IR LED
1/3" SONY Super HAD CCD
Model SA-1838HS
VT-100
Dome Camera
Price: $49.00
VT-1565
IR Camera
Price: $199.00
VT-1566
Bullet Camera
Price: $99.00
NOW BUY ONLINE
www.EzChase.com
$599
4 Cameras + 4CH DVR
PRO PACKAGE
CCTV
BEST PRICE GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
• We sell less price but make your security priceless.
• We only provide high quality at economy price.
• Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service : 1-800-235-1391




Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on
iPhone
with our new technology
QuikStop
Shell
ELEVEN
76
Holiday Inn
Denny's
Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566
www.dvrunlimited.com




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਖੁਸ਼ਪ੍ਰੀਤ ਕਤਲ ਕੇਸ ‘ਚ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨੂੰ ਨੋਟਿਸ

**ਚੰਡੀਗੜ੍ਹ:** ਪਿੰਡ ਬੁੜੈਲ ‘ਚੋਂ 5 ਸਾਲਾ ਬੱਚੇ ਖੁਸ਼ਪ੍ਰੀਤ ਸਿੰਘ ਖੁਸ਼ੀ ਨੂੰ ਅਗਵਾ ਕਰਕੇ ਕਤਲ ਕਰ ਦੇਣ ਦੇ ਮਾਮਲੇ ਵਿਚ ਚੰਡੀਗੜ੍ਹ ਪੁਲਿਸ ਦੀ ਨਾਕਾਮੀ ਨੂੰ ਦੇਖਦੇ ਹੋਏ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਲਈ ਜਨ ਹਿਤ ਪਟੀਸ਼ਨ ਦਾਖ਼ਲ ਕੀਤੀ ਗਈ ਹੈ, ਜਿਸ ‘ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕੀਤਾ ਹੈ।

ਹਾਈ ਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਏ.ਜੀ. ਮਸੀਹ ‘ਤੇ ਆਧਾਰਤ ਬੈਂਚ ਨੇ ਸੁਣਵਾਈ ਕਰਦਿਆਂ ਤਿੰਨਾਂ ਨੂੰ 9 ਮਾਰਚ ਤਕ ਜਵਾਬ ਦੇਣ ਲਈ ਕਿਹਾ ਹੈ। ਇਹ ਪਟੀਸ਼ਨ ਹਾਈ ਕੋਰਟ ਦੇ ਸੀਨੀਅਰ ਵਕੀਲ ਰੰਜਨ ਲਖਨਪਾਲ ਵੱਲੋਂ ਦਾਇਰ ਕੀਤੀ ਗਈ ਹੈ।

ਪਟੀਸ਼ਨਰ ਨੇ ਮੰਗ ਕੀਤੀ ਹੈ ਕਿ ਖੁਸ਼ੀ ਅਗਵਾ ਤੇ ਕਤਲ ਕਾਂਡ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਜਾਂ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਕਰਵਾਈ ਜਾਵੇ। ਪਟੀਸ਼ਨ ਵਿਚ ਅਦਾਲਤ ਦਾ ਜਿਨ੍ਹਾਂ ਹੋਰ ਮਹੱਤਵਪੂਰਨ ਨੁਕਤਿਆਂ ਵੱਲ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਨ੍ਹਾਂ ਵਿਚ ਦੋਹਾਂ ਰਾਜਾਂ (ਪੰਜਾਬ ਤੇ ਹਰਿਆਣਾ) ਦੀ ਰਾਜਧਾਨੀ ਚੰਡੀਗੜ੍ਹ ਤੇ ਇਸ ਦੇ ਨਾਲ ਲਗਦੇ ਦੋ ਵੱਡੇ ਸ਼ਹਿਰਾਂ ਮੁਹਾਲੀ ਤੇ ਪੰਚਕੂਲਾ ਵਿਚ ਕਾਨੂੰਨ ਵਿਵਸਥਾ ਦੀ ਕਮਾਨ ਇਕੋ ਅਥਾਰਟੀ ਦੇ ਹੱਥ ਸੌਂਪਣ ਦੀ ਮੰਗ ਕੀਤੀ ਗਈ ਹੈ।

ਪਟੀਸ਼ਨਰ ਨੇ ਦੋਸ਼ ਲਾਇਆ ਹੈ ਕਿ ਚੰਡੀਗੜ੍ਹ ਪੁਲਿਸ ਨੇ ਮਾਸੂਮ ਨੂੰ ਅਗਵਾ ਕਰਨ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਿਸ ਕਾਰਨ ਬੱਚੇ ਦਾ ਕਤਲ ਹੋ ਗਿਆ। ਉਨ੍ਹਾਂ ਮੰਗ ਕੀਤੀ ਹੈ ਕਿ ਇਸ ਕਾਂਡ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਵਿਰੁਧ ਮਾਮਲਾ ਦਰਜ ਕੀਤਾ ਜਾਵੇ। ਪਟੀਸ਼ਨਰ ਨੇ ਅਦਾਲਤ ਨੂੰ ਕਿਹਾ ਹੈ ਕਿ ਅਜਿਹੇ ਅਪਰਾਧਿਕ ਮਾਮਲਿਆਂ ਨਾਲ ਨਜਿੱਠਣ ਲਈ ਸਿਖਲਾਈ ਯਾਫ਼ਤਾ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਇਕ ਵਿਸ਼ੇਸ਼ ਸੈਲ ਬਣਨਾ ਚਾਹੀਦਾ ਹੈ। ਪਟੀਸ਼ਨਰ ਨੇ ਖੁਸ਼ਪ੍ਰੀਤ ਦੇ ਮਾਪਿਆਂ ਨੂੰ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਵੀ ਕੀਤੀ ਹੈ।

ਦੱਸਣਯੋਗ ਹੈ ਕਿ ਚੰਡੀਗੜ੍ਹ ਦੇ ਬੁੜੈਲ ਇਲਾਕੇ ‘ਚੋਂ 5 ਸਾਲਾ ਬੱਚੇ ਖੁਸ਼ਪ੍ਰੀਤ ਸਿੰਘ ਖੁਸ਼ੀ ਪਿਛਲੇ ਸਾਲ 21 ਦਸੰਬਰ ਨੂੰ ਆਪਣੇ ਘਰ ਦੇ ਨੇੜਿਓਂ ਹੀ ਅਣਪਛਾਤੇ ਵਿਅਕਤੀਆਂ ਨੇ ਅਗਵਾ ਕਰ ਲਿਆ ਸੀ ਤੇ ਕੁਝ ਦਿਨਾਂ ਬਾਅਦ ਹੀ ਖੁਸ਼ੀ ਦੇ ਮਾਪਿਆਂ ਨੇ ਅਗਵਾਕਾਰਾਂ ਨੂੰ ਫਿਰੌਤੀ ਵੀ ਦੇ ਦਿੱਤੀ ਸੀ ਪਰ ਬੱਚਾ ਅਗਵਾਕਾਰਾਂ ਦੇ ਚੁੰਗਲ ਵਿਚ ਹੀ ਰਿਹਾ। ਅਖੀਰ 6 ਜਨਵਰੀ ਨੂੰ ਮੁਹਾਲੀ-ਚੰਡੀਗੜ੍ਹ ਦੀ ਹੱਦ ਤੋਂ ਇਸ ਅਗਵਾ ਬੱਚੇ ਦੀ ਲਾਸ਼ ਮਿਲੀ। ਚੰਡੀਗੜ੍ਹ ਪੁਲਿਸ ਬੱਚੇ ਨੂੰ ਅਗਵਾ ਕਰਕੇ ਫਿਰੌਤੀ ਲੈਣ ਤੇ ਉਸ ਤੋਂ ਬਾਅਦ ਕਤਲ ਕਰਨ ਦੇ ਮਾਮਲੇ ਦਾ ਅਜੇ ਤਕ ਕੋਈ ਸੁਰਾਗ ਨਹੀਂ ਲਗਾ ਸਕੀ।

**ਸ੍ਰੀ ਜਤਿੰਦਰ ਸ਼ਰਮਾ, ਜਿਨ੍ਹਾਂ ਨੂੰ ਨੇਵਾਡਾ ਸਟੇਟ ਲਈ ਪੰਜਾਬ ਟਾਈਮਜ਼ ਦਾ ਖਬਰਾਂ ਤੇ ਇਸ਼ਤਿਹਾਰਾਂ ਵਾਸਤੇ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨਾਲ ਸੰਪਰਕ ਫੋਨ 702-610-2169 ‘ਤੇ ਕੀਤਾ ਜਾ ਸਕਦਾ ਹੈ।**













